BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

Regal Jewels
LEARN ABOUT GOLD & SILVER INVESTMENT
CALL: JAYESH
Store: 773-262-4377
Cell: 773-983-6877
WWW.RJBULLION.COM

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 141
734-751-4455 (Cell)
Rajsshergill@Yahoo.com

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 38, September 17, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਪੰਜਾਬ ਦੇ ਗੈਂਗਸਟਰ ਕੌਮੀ ਰਡਾਰ 'ਤੇ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰਾਲੇ ਤੋਂ ਮਿਲੇ ਹੁਕਮਾਂ ਪਿੱਛੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਪੰਜਾਬ ਸਣੇ ਕੁਝ ਹੋਰ ਸੂਬਿਆਂ ਵਿਚ ਧੜਾਧੜ ਮਾਰੇ ਛਾਪਿਆਂ ਨੇ ਵੱਡੇ ਪੱਧਰ ਉਤੇ ਚਰਚਾ ਛੇੜ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਗੈਂਗਸਟਰਾਂ ਦੇ ਵਧ ਰਹੇ ਖ਼ੌਫ ਤੇ ਉਨ੍ਹਾਂ ਦੀ ਅਤਿਵਾਦੀਆਂ ਨਾਲ ਗੰਢਤੁੱਪ 'ਤੇ ਨਕੇਲ ਕੱਸਣ ਲਈ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ, ਹਾਲਾਂਕਿ ਪੰਜਾਬ ਵਿਚ ਐਨ.ਆਈ.ਏ. ਨੇ ਜ਼ਿਆਦਾਤਰ ਉਨ੍ਹਾਂ ਗੈਂਗਸਟਰਾਂ ਦੇ ਘਰਾਂ ਵਿਚ ਛਾਪੇ ਮਾਰੇ ਜੋ ਜਾਂ ਤਾਂ ਜੇਲ੍ਹ ਵਿਚ ਬੰਦ ਹਨ, ਜਾਂ ਵਿਦੇਸ਼ ਭੱਜੇ ਹੋਏ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਛਾਪਿਆਂ ਦੌਰਾਨ ਹਥਿਆਰ, ਗੋਲੀ-ਸਿੱਕਾ ਤੇ ਨਸ਼ਾ ਬਰਾਮਦ ਹੋਇਆ ਹੈ। ਉਧਰ, ਗੈਂਗਸਟਰਾਂ ਵਜੋਂ ਛੋਟੀਆਂ-ਮੋਟੀਆਂ ਵਾਰਦਾਤਾਂ ਕਰਨ ਵਾਲੇ ਨੌਜਵਾਨਾਂ ਵਿਚ ਸਹਿਮ ਹੈ ਕਿ ਉਨ੍ਹਾਂ ਨੂੰ ਪੁਲਿਸ ਮੁਕਾਬਲੇ ਵਿਚ ਮਰਵਾਇਆ ਜਾ ਸਕਦਾ ਹੈ।

ਇਹ ਪਹਿਲੀ ਵਾਰ ਹੈ ਜਦੋਂ ਕਿਸੇ ਕੇਂਦਰੀ ਏਜੰਸੀ ਨੇ ਗੈਂਗਸਟਰਾਂ ਖਿਲਾਫ ਇੰਨੇ ਵੱਡੇ ਪੱਧਰ ਉਤੇ ਕਾਰਵਾਈ ਕੀਤੀ ਹੋਵੇ। ਯਾਦ ਰਹੇ ਕਿ ਪਿਛਲੇ ਕੁਝ ਸਮੇਂ ਵਿਚ ਹੋਈਆਂ ਵਾਰਦਾਤਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਵਿਦੇਸ਼ਾਂ ਵਿਚ ਬੈਠ ਕੇ ਅਤਿਵਾਦੀ ਕਾਰਵਾਈਆਂ ਚਲਾ ਰਹੇ ਕੁਝ ਲੋਕਾਂ ਵੱਲੋਂ ਅਜਿਹੇ ਗੈਂਗਸਟਰਾਂ ਨੂੰ ਅੱਗੇ ਲਾਇਆ ਹੋਇਆ ਹੈ। ਇਨ੍ਹਾਂ ਨੂੰ ਪੈਸਾ ਤੇ ਵੱਡੇ ਪੱਧਰ ਉਤੇ ਹਥਿਆਰ ਮੁਹੱਈਆ ਕਰਵਾਏ ਜਾ ਰਹੇ ਹਨ।

ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਵੇਲੇ ਇਨ੍ਹਾਂ ਗੈਂਗਸਟਰਾਂ ਦੀ ਪੂਰੀ ਤਰ੍ਹਾਂ ਤੂਤੀ ਬੋਲਦੀ ਰਹੀ ਹੈ। ਇਹ ਚਰਚਾ ਹਮੇਸ਼ਾ ਰਹੀ ਹੈ ਕਿ ਚੋਣਾਂ ਸਮੇਂ ਸਿਆਸੀ ਆਗੂਆਂ ਵੱਲੋਂ ਗੈਂਗਸਟਰਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਅਕਾਲੀ ਸਰਕਾਰ ਵੇਲੇ ਇਹ ਗਰੁੱਪ ਖੂਬ ਵਧੇ-ਫੁੱਲੇ ਜੋ ਬਾਅਦ ਵਿਚ ਚੋਣ ਮੁੱਦਾ ਵੀ ਬਣੇ। ਕਾਂਗਰਸ ਸਰਕਾਰ ਵੇਲੇ ਇਨ੍ਹਾਂ ਦੀਆਂ ਕਾਰਵਾਈ ਇੰਨੀਆਂ ਵਧ ਗਈਆਂ ਕਿ ਕੈਪਟਨ ਸਰਕਾਰ ਨੂੰ ਇਨ੍ਹਾਂ ਦਾ ਨੈਟਵਰਕ ਤੋੜਨ ਲਈ ਮਜਬੂਰ ਹੋਣਾ ਪਿਆ। ਉਸ ਤੋਂ ਬਾਅਦ ਕਈ ਗੈਂਗਸਟਰ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਤੇ ਬਚੇ ਵਿਦੇਸ਼ ਭੱਜ ਗਏ। ਇਸ ਤੋਂ ਬਾਅਦ ਪਿਛਲੇ ਕੁਝ ਸਮੇਂ ਵਿਚ ਅਜਿਹੇ ਗੈਂਗਸਟਰਾਂ ਦੇ ਵਿਦੇਸ਼ ਬੈਠੇ ਅਤਿਵਾਦੀਆਂ ਨਾਲ ਸਬੰਧਾਂ ਦੀਆਂ ਖਬਰਾਂ ਆਈਆਂ ਸਨ ਜਿਸ ਪਿੱਛੋਂ ਕੇਂਦਰੀ ਏਜੰਸੀਆਂ ਚੌਕਸ ਹੋ ਗਈਆਂ। ਦੱਸਿਆ ਜਾ ਰਿਹਾ ਹੈ ਕਿ ਤਾਜ਼ਾ ਕਾਰਵਾਈ ਇਸੇ ਦਾ ਹੀ ਹਿੱਸਾ ਹੈ।

ਜਾਣਕਾਰੀ ਅਨੁਸਾਰ ਪੰਜਾਬ, ਹਰਿਆਣਾ, ਰਾਜਸਥਾਨ, ਦਿੱਲੀ ਤੇ ਉੱਤਰ ਪ੍ਰਦੇਸ਼ 'ਚ ਕਰੀਬ 60 ਥਾਵਾਂ 'ਤੇ ਛਾਪੇ ਮਾਰੇ ਗਏ। ਗੈਂਗਸਟਰਾਂ ਦੇ ਪੂਰੇ ਨੈੱਟਵਰਕ ਨੂੰ ਜੜ੍ਹੋਂ ਉਖਾੜਨ ਲਈ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਮਿਲੇ ਨਿਰਦੇਸ਼ਾਂ ਮਗਰੋਂ ਐਨ.ਆਈ.ਏ. ਨੇ ਇਹ ਕਾਰਵਾਈ ਕੀਤੀ ਹੈ। ਕਿਹਾ ਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਗੈਂਗਸਟਰਾਂ ਦੇ ਫੈਲ ਰਹੇ ਜਾਲ ਤੋਂ ਖਫ਼ਾ ਸਨ ਤੇ ਉਨ੍ਹਾਂ ਗੈਂਗਸਟਰਾਂ ਦੇ ਜਾਲ ਨੂੰ ਖਤਮ ਕਰਨ ਦੇ ਹੁਕਮ ਦਿੱਤੇ ਸਨ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਨ੍ਹਾਂ ਗੈਂਗਸਟਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਰਹੀ ਸੀ ਜਿਸ ਮਗਰੋਂ ਦਿੱਲੀ 'ਚ ਵਿਸ਼ੇਸ਼ ਸੈੱਲ, ਐਨ.ਆਈ.ਏ. ਅਤੇ ਆਈ.ਬੀ. ਅਧਿਕਾਰੀਆਂ ਵਿਚਕਾਰ ਮੀਟਿੰਗਾਂ ਹੋਈਆਂ ਤੇ ਗੈਂਗਸਟਰਾਂ ਖਿਲਾਫ ਕਾਰਵਾਈ ਦਾ ਫੈਸਲਾ ਲਿਆ ਗਿਆ। ਪੰਜਾਬ 'ਚ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਤੇ ਜੱਗੂ ਭਗਵਾਨਪੁਰੀਆ ਦੀਆਂ ਰਿਹਾਇਸ਼ਾਂ ਸਮੇਤ ਹੋਰ ਗੈਂਗਸਟਰਾਂ ਦੇ ਟਿਕਾਣਿਆਂ 'ਤੇ ਵੀ ਛਾਪੇ ਮਾਰੇ ਗਏ ਹਨ।

ਇਹ ਗੈਂਗਸਟਰ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ 'ਚ ਵੀ ਮੁਲਜ਼ਮ ਹਨ। ਪੰਜਾਬ 'ਚ ਨਸ਼ਿਆਂ ਦੀ ਤਸਕਰੀ 'ਚ ਗੈਂਗਸਟਰਾਂ ਦੀ ਸ਼ਮੂਲੀਅਤ ਤੇ ਫਿਰ ਉਸ ਪੈਸੇ ਦੀ ਵਰਤੋਂ ਦਹਿਸ਼ਤੀ ਸਰਗਰਮੀਆਂ 'ਚ ਵਰਤਣ ਦੇ ਮਾਮਲੇ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਗੈਂਗਸਟਰਾਂ ਵੱਲੋਂ ਮਿੱਥ ਕੇ ਕੀਤੇ ਜਾਂਦੇ ਕਤਲਾਂ ਅਤੇ ਅਤਿਵਾਦੀਆਂ ਨਾਲ ਸਬੰਧਾਂ ਕਾਰਨ ਉਹ ਪਿਛਲੇ ਕੁਝ ਸਮੇਂ ਤੋਂ ਐਨ.ਆਈ.ਏ. ਦੇ ਰਡਾਰ 'ਤੇ ਸਨ। ਐਨ.ਆਈ.ਏ. ਦੀ ਸੂਚੀ 'ਚ 10 ਤੋਂ 12 ਗੈਂਗਸਟਰ ਹਨ ਜਿਨ੍ਹਾਂ ਖਿਲਾਫ ਕਾਰਵਾਈ ਦਾ ਫੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾਂ ਸਪੈਸ਼ਲ ਸੈੱਲ ਅਤੇ ਸੂਬਾ ਪੁਲਿਸ ਹੀ ਇਨ੍ਹਾਂ ਕੇਸਾਂ ਨੂੰ ਦੇਖ ਰਹੀ ਸੀ।

ਦੱਸ ਦਈਏ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਪਿੱਛੋਂ ਗੈਂਗਸਟਰਾਂ ਦੀਆਂ ਇਕਦਮ ਵਧੀਆਂ ਸਰਗਰਮੀਆਂ ਪਿੱਛੋਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀ ਪੰਜਾਬ ਸਰਕਾਰ ਤੇ ਪੁਲਿਸ

(ਬਾਕੀ ਸਫਾ 6 'ਤੇ)



### ਅਤਿਵਾਦੀਆਂ, ਗੈਂਗਸਟਰਾਂ ਤੇ ਨਸ਼ਾ ਤਸਕਰਾਂ ਦਾ ਨੈੱਟਵਰਕ

**ਚੰਡੀਗੜ੍ਹ:** ਐਨ.ਆਈ.ਏ. ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਅਜਿਹੀਆਂ ਅਪਰਾਧਿਕ ਕਾਰਵਾਈਆਂ ਵੱਖ-ਵੱਖ ਸਥਾਨਕ ਘਟਨਾਵਾਂ ਨਹੀਂ ਸਨ, ਸਗੋਂ ਦੇਸ਼ ਦੇ ਅੰਦਰ ਤੇ ਬਾਹਰੋਂ ਕੰਮ ਕਰ ਰਹੇ ਅਤਿਵਾਦੀਆਂ, ਗੈਂਗਸਟਰਾਂ, ਨਸ਼ਾ ਤਸਕਰਾਂ ਤੇ ਨੈੱਟਵਰਕਾਂ ਵਿਚਕਾਰ ਇਕ ਡੂੰਘੀ ਸਾਜ਼ਿਸ਼ ਸੀ। ਕਈ ਗੈਂਗ ਲੀਡਰ ਤੇ ਮੈਂਬਰ ਭਾਰਤ ਤੋਂ ਭੱਜ ਗਏ ਹਨ ਅਤੇ ਹੁਣ ਪਾਕਿਸਤਾਨ, ਕੈਨੇਡਾ, ਮਲੇਸ਼ੀਆ, ਆਸਟਰੇਲੀਆ ਸਮੇਤ ਵਿਦੇਸ਼ਾਂ ਤੋਂ ਕੰਮ ਕਰ ਰਹੇ ਹਨ। ਪੰਜਾਬ ਵਿਚ ਸ਼ੌਰਿਆ ਚੱਕਰ ਜੇਤੂ ਬਲਵਿੰਦਰ ਸਿੰਘ ਦੀ ਹੱਤਿਆ ਸਮੇਤ ਏਜੰਸੀ ਵੱਲੋਂ ਕੀਤੇ ਜਾ ਰਹੇ ਮਾਮਲਿਆਂ ਦੀ ਜਾਂਚ ਨੇ ਵੀ ਇਹ ਖੁਲਾਸਾ ਕੀਤਾ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਸਾਜ਼ਿਸ਼ਾਂ ਵੱਖ-ਵੱਖ ਸੂਬਿਆਂ ਦੀਆਂ ਜੇਲ੍ਹਾਂ ਵਿਚੋਂ ਰਚੀਆਂ ਗਈਆਂ ਸਨ ਤੇ ਵਿਦੇਸ਼ਾਂ ਵਿਚ ਬੈਠੇ ਗੁਰਗਿਆਂ ਦੇ ਇਕ ਸੰਗਠਿਤ ਨੈੱਟਵਰਕ ਦੀ ਮਦਦ ਨਾਲ ਇਨ੍ਹਾਂ ਨੂੰ ਅੰਜਾਮ ਦਿੱਤਾ ਗਿਆ।

## ਸਿੱਖ ਕਤਲੇਆਮ ਦੇ ਜ਼ਖਮ ਅਜੇ ਵੀ ਅੱਲ੍ਹੇ: ਹਾਈ ਕੋਰਟ



**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕੇਸ ਵਿਚ ਸਬੰਧਤ ਸਮਰੱਥ ਅਥਾਰਿਟੀ ਨੂੰ ਸੇਵਾਮੁਕਤ ਸਿਟੀ ਪੁਲਿਸ ਅਧਿਕਾਰੀ ਖਿਲਾਫ 'ਸਜ਼ਾ ਲਈ ਢੁਕਵੇਂ ਹੁਕਮ' ਜਾਰੀ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਇਹ ਸਾਬਕਾ ਪੁਲਿਸ ਅਧਿਕਾਰੀ ਹਿੰਸਾ ਦੌਰਾਨ ਲੋੜੀਂਦੇ ਸੁਰੱਖਿਆ ਬਲਾਂ ਦੀ ਤਾਇਨਾਤੀ ਦੇ ਨਾਲ ਸ਼ਰਾਰਤੀ ਅਨਸਰਾਂ ਨੂੰ ਖਿੰਡਾਉਣ ਤੇ ਉਨ੍ਹਾਂ ਨੂੰ ਇਹਤਿਆਤੀ ਹਿਰਾਸਤ ਵਿਚ ਲੈਣ 'ਚ ਨਾਕਾਮ ਰਿਹਾ ਸੀ।ਹਾਈ ਕੋਰਟ ਨੇ ਕਿਹਾ ਕਿ 'ਦੇਸ਼ ਅਜੇ ਵੀ ਇਨ੍ਹਾਂ ਦੰਗਿਆਂ ਦਾ ਸੰਤਾਪ ਝੱਲ ਰਿਹਾ ਹੈ ਤੇ ਜ਼ਖਮ ਅਜੇ ਵੀ ਅੱਲ੍ਹੇ ਹਨ।' ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਅਗਵਾਈ ਵਾਲੇ ਬੈਂਚ ਨੇ ਅਨੁਸ਼ਾਸਨੀ ਅਥਾਰਿਟੀ ਤੇ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਵੱਲੋਂ ਕਿੰਗਜਵੇਅ ਕੈਂਪ ਪੁਲਿਸ ਸਟੇਸ਼ਨ ਦੇ ਤਤਕਾਲੀਨ ਐਸ.ਐਚ.ਓ. ਖਿਲਾਫ ਹੁਕਮਾਂ ਨੂੰ ਲਾਂਭੇ ਰੱਖਦਿਆਂ ਕਿਹਾ ਕਿ ਇਨ੍ਹਾਂ ਦੰਗਿਆਂ ਵਿਚ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ ਤੇ ਪੁਲਿਸ ਅਧਿਕਾਰੀ ਨਾਲ ਮਹਿਜ਼ ਉਸ ਦੀ ਵਡੇਰੀ ਉਮਰ (79 ਸਾਲ) ਕਰਕੇ ਲਿਹਾਜ਼ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ, "ਉਹ ਸੌ ਸਾਲ ਦੀ ਉਮਰ ਦਾ ਵੀ ਹੋ ਸਕਦਾ ਹੈ। ਕ੍ਰਿਪਾ ਕਰਕੇ ਉਸ ਦੀ ਬਦਇੰਤਜ਼ਾਮੀ ਨੂੰ ਦੇਖਿਆ ਜਾਵੇ। ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ। ਦੇਸ਼ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ। ਤੁਸੀਂ ਇਸ ਆਧਾਰ 'ਤੇ ਬਚ ਨਹੀਂ ਸਕਦੇ। ਉਮਰ ਮਦਦਗਾਰ ਨਹੀਂ ਹੋਣੀ।"

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
- Brand new Hall, 600+ people gathering
- Fresh In-house catering (from Mela Indian Restaurant)
- 2-Built in Bars (Beer, Wine, Liquor)
- High Ceilings
- Big Dance Floor, Big Parking lot
- DJ with LED screens, cold sparklers, wall up lights, moving heads & dry ice fog machine
- Photo, Video, Dholi, MC
- TV screen + Projector screen
- Live Streaming, Decoration
- 360 Video Booth
- Much more stuff
5425 E Thompson Road, Indianapolis-46237
CALL to book us today : 317 604 9924

OPEN 7 DAYS A WEEK
Regal Jewels
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
22KT GOLD
Diamonds
JEWELRY
Wedding Jewelry
Store Hours
11 am to 8 pm
Call: 773-262-4377


RS Foundation
DETROIT MELA
EXHIBITION & EVENT COMPANY
501 (c)3 Non profit organization
reshamsinghfoundation.org
Gujarati Samaj of Detroit AND Maharastra Mandal of Detroit
presents
Diwali Mela/Bazaar & Navratri Garba
SEPTEMBER 25th, 2022
12 pm to 9 pm
BURTON MANOR
27777 Schoolcraft, Livonia, MI 48150
SPECIAL GUESTS
Priya Mann
Anchor, ClickOnDetroit
Local 4 News
Dana Nessel
Michigan
Attorney General
Shri Thanedar
Michigan State
Representative,
3rd District
Sunita Doddamani
Michigan Dept. of
Attorney General,
Head of Hate Crimes and
Domestic Terrorism Unit
FOOD
ENTERTAINMENT
PARADE
SHOPPING
FREE ADMISSION FREE PARKING
For more information:
Visit: www.Reshamsinghfoundation.org
Whatsapp: (470) 900-8885
miindia.com
Media Sponsor

# Matrimonials

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891 38-41

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456 37-40

Jatt Sikh family looking for a USA citizen equal qualification boy for their smart and beautiful girl, October 1990 born, 5' 4''. B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India 34-37

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166. 29-32

## ਲੜਕੀ ਦੀ ਲੋੜ ਹੈ

Looking for a Suitable match for a Khatri sikh boy 1992 born 6'1", Masters in SCM from UTD and working in IT with Deloitte on H1-B visa. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com 38-41

ਜੱਟ ਸਿੱਖ ਪਰਿਵਾਰ ਨਾਲ ਸੰਬੰਧਤ 40 ਸਾਲਾ, 5'8" ਗ੍ਰੀਨ ਕਾਰਡ ਹੋਲਡਰ, ਤਲਾਕਸ਼ੁਦਾ, ਆਪਣਾ ਰੈਸਟੋਰੈਂਟ ਚਲਾਉਂਦੇ ਲੜਕੇ ਲਈ ਚੰਗੇ ਪਰਿਵਾਰ ਨਾਲ ਸੰਬੰਧਤ ਲੜਕੀ ਦੀ ਲੋੜ ਹੈ। (ਜਾਤੀ ਬੰਧਨ ਨਹੀਂ) ਬੱਚਿਆਂ ਤੋਂ ਰਹਿਤ ਤਲਾਕਸ਼ੁਦਾ ਲੜਕੀ ਵੀ ਵਿਚਾਰਨਯੋਗ। ਲੜਕਾ ਆਪਣੇ ਪਰਿਵਾਰ ਨਾਲ ਕੋਲੰਬਸ ਜਾਰਜੀਆ (ਅਮਰੀਕਾ) ਰਹਿੰਦਾ ਹੈ ਤੇ ਉਸ ਲੜਕੇ ਦਾ ਆਪਣੀ ਪਹਿਲੀ ਪਤਨੀ ਅਤੇ ਬੱਚਿਆਂ ਨਾਲ ਹੁਣ ਕੋਈ ਸਬੰਧ ਨਹੀਂ ਹੈ।
ਚਾਹਵਾਨ ਸੰਪਰਕ ਕਰਨ: 205-799-2350 ਜਾਂ 762-332-2936 37-40

Ravidasia Sikh family looking for a well educated, USA citizen or permanent resident girl for their turbaned son, 1993 born, 5'10", Canadian permanent resident. Younger sister is in Canada and older sister is US citizen and living in Wisconsin. Please send biodata at: knavm1993@gmail.com 37-40

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 35----

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com 33-36

# ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਆਰ-ਪਾਰ ਦੀ ਲੜਾਈ ਦੇ ਰੌਂਅ ਵਿਚ



### ਦਸਤਖਤੀ ਮੁਹਿੰਮ ਛੇੜੀ ਜਾਵੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਛੇਤੀ ਹੀ ਇਸ ਮੰਗ ਤਹਿਤ ਦਸਤਖ਼ਤੀ ਮੁਹਿੰਮ ਆਰੰਭੀ ਜਾਵੇਗੀ। ਇਸ ਮੌਕੇ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਕਾਰਜ ਕਰ ਰਹੇ ਪੰਥ ਦਰਦੀਆਂ ਨੂੰ ਇਕੱਠੇ ਹੋ ਕੇ ਸੰਘਰਸ਼ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਰੋਸ ਧਰਨੇ ਵਿਚ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਅਪਣਾਈ ਜਾ ਰਹੀ ਪੱਖਪਾਤ ਵਾਲੀ ਨੀਤੀ ਦੀ ਆਲੋਚਨਾ ਕੀਤੀ ਅਤੇ ਪੰਥਕ ਆਵਾਜ਼ ਨਾ ਸੁਣਨ 'ਤੇ ਕਰੜਾ ਸੰਘਰਸ਼ ਆਰੰਭਣ ਦਾ ਸੁਨੇਹਾ ਦਿੱਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ, ਮੈਂਬਰ, ਕਰਮਚਾਰੀ ਤੇ ਹੋਰ ਇੱਥੇ ਗੁਰਦੁਆਰਾ ਸਾਰਾਗੜ੍ਹੀ ਨੇੜੇ ਇਕੱਠੇ ਹੋਏ ਤੇ ਇੱਥੋਂ ਮੋਟਰਸਾਈਕਲਾਂ ਅਤੇ ਸਕੂਟਰਾਂ 'ਤੇ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦਫਤਰ ਪੁੱਜੇ।

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸੱਦੇ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜਾਬ ਵਿਚ ਜਿਲ੍ਹਾ ਹੈੱਡਕੁਆਰਟਰਾਂ 'ਤੇ ਸ਼੍ਰੋਮਣੀ ਕਮੇਟੀ ਮੈਂਬਰਾਂ, ਕਰਮਚਾਰੀਆਂ ਤੇ ਅਧਿਕਾਰੀਆਂ ਵੱਲੋਂ ਧਰਨੇ ਦਿੱਤੇ ਗਏ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਕਾਲੇ ਚੋਲੇ, ਕਾਲੀਆਂ ਦਸਤਾਰਾਂ ਤੇ ਲੋਹੇ ਦੀਆਂ ਜ਼ੰਜੀਰਾਂ ਪਹਿਨ ਕੇ ਸਰਕਾਰਾਂ ਖਿਲਾਫ ਰੋਸ ਪ੍ਰਗਟਾਉਂਦਿਆਂ ਨਾਅਰੇਬਾਜ਼ੀ ਕੀਤੀ। ਧਰਨਾਕਾਰੀਆਂ ਨੇ ਹੱਥਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵਾਲੀਆਂ ਤਖਤੀਆਂ ਚੁੱਕੀਆਂ ਹੋਈਆਂ ਸਨ।

ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਮੰਗ ਕਰਦਿਆਂ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਸ੍ਰੀ ਧਾਮੀ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਵੱਲੋਂ ਲੰਬੇ ਸਮੇਂ ਤੋਂ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਕਾਨੂੰਨ ਸਭ ਲਈ ਇਕਸਾਰ ਹੈ ਤੇ ਸੰਵਿਧਾਨ ਵੀ ਹਰੇਕ ਨੂੰ ਬਰਾਬਰ ਹੱਕ ਦਿੰਦਾ ਹੈ, ਪਰ ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰਾਂ ਨਿਆਂ ਨਹੀਂ ਕਰ ਰਹੀਆਂ।

ਉਨ੍ਹਾਂ ਕਿਹਾ ਕਿ ਕਿਸੇ ਵੀ ਜ਼ੁਲਮ ਦੀ ਨਿਰਧਾਰਤ ਸਜ਼ਾ ਹੁੰਦੀ ਹੈ, ਜੋ ਬੰਦੀ ਸਿੰਘ ਪੂਰੀ ਕਰ ਚੁੱਕੇ ਹਨ, ਪਰ ਸਰਕਾਰਾਂ ਸਿੱਖ ਬੰਦੀਆਂ ਨੂੰ ਜਾਣਬੁਝ ਕੇ ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆਂ ਰੱਖ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਸਿੱਖ ਪੰਥ ਦਾ ਅਹਿਮ ਮੁੱਦਾ ਹੈ ਤੇ ਇਸ ਲਈ ਹਰ ਪੱਧਰ 'ਤੇ ਸੰਘਰਸ਼ ਲੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਤਿੱਖੀ ਰੋਸ ਲਹਿਰ ਜਾਰੀ ਰੱਖਣ ਦੇ ਨਾਲ-ਨਾਲ ਕਾਨੂੰਨੀ ਪੱਖ ਵਿਚਾਰਨ ਲਈ 17 ਸਤੰਬਰ ਨੂੰ ਚੰਡੀਗੜ੍ਹ ਵਿਚ ਸੇਵਾਮੁਕਤ ਸਿੱਖ ਜੱਜਾਂ ਤੇ ਸੀਨੀਅਰ ਵਕੀਲਾਂ ਦੀ ਇਕ ਮੀਟਿੰਗ ਬੁਲਾਈ ਗਈ ਹੈ।

# ਹਿਜਾਬ ਤੇ ਕਕਾਰਾਂ ਦੀ ਤੁਲਨਾ ਠੀਕ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਰਨਾਟਕ ਵਿਚ ਹਿਜਾਬ 'ਤੇ ਪਾਬੰਦੀ ਮਾਮਲੇ ਦੀ ਸੁਣਵਾਈ ਕਰਦਿਆਂ ਪਟੀਸ਼ਨਰਾਂ ਨੂੰ ਕਿਹਾ ਕਿ ਉਹ ਮੁਸਲਿਮ ਤੇ ਸਿੱਖ ਧਰਮ ਦੀਆਂ ਰਵਾਇਤਾਂ ਨੂੰ ਆਪਸ ਵਿਚ ਨਾ ਮੇਲਣ। ਕੋਰਟ ਨੇ ਕਿਹਾ ਕਿ ਮੁਸਲਿਮ ਰਵਾਇਤਾਂ ਨੂੰ ਸਿੱਖੀ ਨਾਲ ਮੇਲਣਾ ਗ਼ੈਰਵਾਜ਼ਬ ਹੈ ਕਿਉਂਕਿ ਸਿੱਖ ਧਰਮ ਵੀ ਦੇਸ਼ ਦੇ ਸਭਿਆਚਾਰ ਵਿਚ ਉਕਰਿਆ ਹੋਇਆ ਹੈ। ਸੁਪਰੀਮ ਕੋਰਟ, ਸਿੱਖਿਆ ਸੰਸਥਾਨਾਂ ਵਿਚ ਹਿਜਾਬ 'ਤੇ ਪਾਬੰਦੀ ਬਾਰੇ ਸੂਬਾ ਸਰਕਾਰ ਦੇ ਫੈਸਲੇ 'ਤੇ ਰੋਕ ਲਾਉਣ ਤੋਂ ਇਨਕਾਰ ਕਰਦੇ ਕਰਨਾਟਕ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਸਿੱਖੀ ਵਿਚ ਪੰਜ ਕਕਾਰ- ਕੇਸ, ਕੜਾ, ਕੰਘਾ, ਕਛਹਿਰਾ ਤੇ ਕਿਰਪਾਨ ਪੂਰੀ ਤਰ੍ਹਾਂ ਸਥਾਪਿਤ ਹਨ ਤੇ ਇਨ੍ਹਾਂ ਦੀ ਵਿਲੱਖਣ ਪਛਾਣ ਹੈ। ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਸੁਧਾਂਸ਼ੂ ਧੂਲੀਆ ਨੇ ਇਹ ਟਿੱਪਣੀਆਂ ਉਦੋਂ ਕੀਤੀਆਂ ਜਦੋਂ ਪਟੀਸ਼ਨਰਾਂ ਵੱਲੋਂ ਪੇਸ਼ ਵਕੀਲ ਨੇ ਆਪਣੀ ਦਲੀਲ ਵਿਚ ਸਿੱਖੀ ਤੇ ਪੱਗ ਦੀ ਮਿਸਾਲ ਦਿੱਤੀ। ਬੈਂਚ ਨੇ ਕਿਹਾ, ''ਸਿੱਖ ਧਰਮ ਦੀਆਂ ਰਵਾਇਤਾਂ ਜਾਂ ਹੱਕਾਂ ਨੂੰ ਮੇਲਣਾ ਗ਼ੈਰਵਾਜ਼ਬ ਹੈ। ਪੰਜ 'ਕਕਾਰ' ਪੂਰੀ ਤਰ੍ਹਾਂ ਸਥਾਪਿਤ ਹਨ।'' ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 25 ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਸਿੱਖਾਂ ਨੂੰ ਕਿਰਪਾਨ ਧਾਰਨ ਕਰਨ ਦੀ ਖੁੱਲ੍ਹ ਦਿੰਦੀ ਹੈ। ਇਹ ਧਾਰਾ ਜ਼ਮੀਰ ਦੀ ਆਜ਼ਾਦੀ ਦੇ ਨਾਲ ਕਾਰੋਬਾਰ, ਰਵਾਇਤ ਤੇ ਕਿਸੇ ਵੀ ਧਰਮ ਨੂੰ ਮੰਨਣ ਦੀ ਖੁੱਲ੍ਹ ਦਿੰਦੀ ਹੈ।

ਬੈਂਚ ਨੇ ਕਿਹਾ, ''ਇਨ੍ਹਾਂ ਰਵਾਇਤਾਂ ਨੂੰ ਨਾ ਮੇਲੋ ਕਿਉਂਕਿ ਇਹ ਪਿਛਲੇ 100 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਪ੍ਰਵਾਨਿਤ ਹਨ।'' ਇਕ ਪਟੀਸ਼ਨਰ ਵੱਲੋਂ ਪੇਸ਼ ਵਕੀਲ ਨਿਜ਼ਾਮ ਪਾਸ਼ਾ ਨੇ ਦਲੀਲ ਦਿੱਤੀ ਕਿ ਧਾਰਾ 25 ਵਿਚ ਪੂਰੇ ਪੰਜ ਕਕਾਰਾਂ ਦਾ ਨਹੀਂ ਬਲਕਿ ਸਿਰਫ ਕਿਰਪਾਨ ਦਾ ਜ਼ਿਕਰ ਹੈ। ਇਸ 'ਤੇ ਬੈਂਚ ਨੇ ਕਿਹਾ, ''ਅਸੀਂ ਕੀ ਕਹਿ ਰਹੇ ਹਾਂ, ਕ੍ਰਿਪਾ ਕਰਕੇ ਇਸ ਨੂੰ ਸਿੱਖੀ ਨਾਲ ਨਾ ਮੇਲੋ।''

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਲੋਗੋ ਦੀ ਵਰਤੋਂ ਨਾ ਕਰਨ ਸੰਬੰਧੀ ਅਪੀਲ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ, ਕਨਵੀਨਰ ਸ. ਬੂਟਾ ਸਿੰਘ ਖੜੌਦ, ਕੌਮੀ ਜਨਰਲ ਸਕੱਤਰ ਸ. ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਸ. ਰੁਪਿੰਦਰ ਸਿੰਘ ਬਾਠ ਅਤੇ ਜਨਰਲ ਸਕੱਤਰ ਸ. ਮੱਖਣ ਸਿੰਘ ਕਲੇਰ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਕੋਈ ਵੀ ਆਮ ਜਾਂ ਖਾਸ ਵਿਅਕਤੀ ਪਾਰਟੀ ਦੇ ਲੋਗੋ ਦੀ ਵਰਤੋਂ ਨਾ ਕਰੇ ਕਿਉਂਕਿ ਪਾਰਟੀ ਦਾ ਲੋਗੋ ਅਮਰੀਕਾ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਨਾਮ ਹੇਠ ਸੈਕਟਰੀ ਆਫ ਸਟੇਟ ਵਿਚ ਵੱਖ ਵੱਖ ਸਟੇਟਾਂ 'ਚ ਰਜਿਸਟਰ ਕਰਵਾਇਆ ਜਾ ਚੁੱਕਾ ਹੈ ਅਤੇ ਇਸ ਪ੍ਰਤੀ ਪਹਿਲਾਂ ਵੀ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਫਿਰ ਵੀ ਜੇਕਰ ਕੋਈ ਵਿਅਕਤੀ ਜਾਂ ਕੋਈ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਇਕਾਈ ਦੀ ਇਜਾਜ਼ਤ ਤੋਂ ਬਗੈਰ ਲੋਗੋ (ਬ੍ਰਾਂਡ ਨੇਮ) ਦੀ ਵਰਤੋਂ ਅਮਰੀਕਾ ਵਿਚ ਕਿਸੇ ਵੀ ਜਗ੍ਹਾ ਕਰਦਾ ਹੈ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

# ਗਿਆਨੀ ਕੇਵਲ ਸਿੰਘ ਨੂੰ ਮੈਟਰੋ ਸਟੇਸ਼ਨ ’ਤੇ ਰੋਕਣ ਦਾ ਮਾਮਲਾ ਭਖਿਆ

## ਸਿੱਖ ਜਥੇਬੰਦੀਆਂ ਵੱਲੋਂ ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਸ਼ਿਕਾਇਤ

**ਅੰਮ੍ਰਿਤਸਰ:** ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੂੰ ਦਿੱਲੀ ਦੇ ਮੈਟਰੋ ਸਟੇਸ਼ਨ ’ਤੇ ਕਿਰਪਾਨ ਪਾ ਕੇ ਸਫਰ ਕਰਨ ਤੋਂ ਰੋਕਣ ਦਾ ਮਾਮਲਾ ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਪੁੱਜ ਗਿਆ ਹੈ। ਸਿੱਖ ਜਥੇਬੰਦੀ ਪੰਥਕ ਅਸੈਂਬਲੀ ਅਤੇ ਪੰਥਕ ਤਾਲਮੇਲ ਸੰਗਠਨ ਦੇ ਆਗੂਆਂ ਨੇ ਇਸ ਮਾਮਲੇ ’ਚ ਜਾਂਚ ਦੀ ਮੰਗ ਕੀਤੀ ਹੈ।





ਇਸ ਸਬੰਧੀ ਪੰਥਕ ਤਾਲਮੇਲ ਸੰਗਠਨ ਦੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਅਤੇ ਪੰਥਕ ਅਸੈਂਬਲੀ ਦੇ ਸੁਖਦੇਵ ਸਿੰਘ ਭੌਰ ਤੇ ਨਵਕਿਰਨ ਸਿੰਘ ਐਡਵੋਕੇਟ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਇਕ ਸ਼ਿਕਾਇਤ ਭੇਜੀ ਹੈ, ਜਿਸ ਵਿਚ ਉਨ੍ਹਾਂ ਦੱਸਿਆ ਕਿ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅੱਠ ਸਤੰਬਰ ਦੀ ਸ਼ਾਮ ਮੈਟਰੋ ਸਟੇਸ਼ਨ ਦਵਾਰਕਾ (ਦਿੱਲੀ) ਪੁੱਜੇ ਸਨ। ਇਸ ਦੌਰਾਨ ਉਨ੍ਹਾਂ ਨੂੰ ਕਿਰਪਾਨ ਪਾਈ ਹੋਣ ਕਾਰਨ ਮੈਟਰੋ ਵਿਚ ਸਫਰ ਕਰਨ ਤੋਂ ਮਨ੍ਹਾਂ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਅਨੁਸਾਰ ਕਿਰਪਾਨ ਦੇ ਆਕਾਰ ’ਤੇ ਕੋਈ ਪਾਬੰਦੀ ਨਹੀਂ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਮੈਟਰੋ ਵਿਚ ਬੈਠਣ ਤੋਂ ਰੋਕ ਦਿੱਤਾ ਗਿਆ। ਆਗੂਆਂ ਨੇ ਦੱਸਿਆ ਕਿ ਸਾਬਕਾ ਜਥੇਦਾਰ ਨੇ ਗਾਤਰੇ ਵਿਚ ਇਕ ਫੁੱਟ ਦੀ ਕਿਰਪਾਨ ਪਾਈ ਹੋਈ ਸੀ।

ਇਸ ਦੌਰਾਨ ਉਨ੍ਹਾਂ ਨੇ ਸੰਵਿਧਾਨ ਦੀ ਧਾਰਾ 25 ਦਾ ਹਵਾਲਾ ਦਿੰਦਿਆਂ ਕਿਹਾ ਕਿ ਦੇਸ਼ ਵਿਚ ਧਰਮ ਨੂੰ ਮੰਨਣ ਦਾ ਪੂਰਾ ਅਧਿਕਾਰ ਦਿੱਤਾ ਗਿਆ ਹੈ। ਧਾਰਾ ਵਿਚ ਇਹ ਵਿਆਖਿਆ ਕੀਤੀ ਗਈ ਹੈ ਕਿ ਕਿਰਪਾਨ ਪਾਉਣੀ ਤੇ ਰੱਖਣੀ ਸਿੱਖ ਧਰਮ ਨੂੰ ਮੰਨਣ ਦਾ ਅੰਗ ਸਮਝੀ ਜਾਵੇਗੀ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਸੰਵਿਧਾਨ ਦੀ ਧਾਰਾ ਦੀ 25 ਦੀ ਸ਼ਰੇਆਮ ਉਲੰਘਣਾ ਹੋ ਰਹੀ ਹੈ। ਸਿੱਖ ਆਗੂਆਂ ਨੇ ਮੰਗ ਕੀਤੀ ਕਿ ਅਜਿਹੀ ਪਾਬੰਦੀ ਨੂੰ ਤੁਰਤ ਵਾਪਸ ਲਿਆ ਜਾਵੇ ਅਤੇ ਧਾਰਮਿਕ ਰੀਤੀ ਰਿਵਾਜਾਂ ਦਾ ਪਾਲਣ ਕਰਨ ਦੇ ਹੱਕ ਨੂੰ ਸੁਰੱਖਿਅਤ ਕੀਤਾ ਜਾਵੇ। ਕਰਨ ਦੇ ਨਾਲ ਸੰਵਿਧਾਨ ਦੀ ਉਲੰਘਣਾ ਕਰਨ ਵਾਲੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਗਿਆਨੀ ਕੇਵਲ ਸਿੰਘ ਨੂੰ ਦਿੱਲੀ ਵਿਚ ਕਿਰਪਾਨ ਸਮੇਤ ਮੈਟਰੋ ਵਿਚ ਸਫਰ ਕਰਨ ਤੋਂ ਰੋਕਣ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਧਾਰਮਿਕ ਚਿੰਨ੍ਹ ਪਹਿਨਣ ਤੋਂ ਵਰਜਣਾ ਕਿਸੇ ਤਰ੍ਹਾਂ ਜਾਇਜ਼ ਨਹੀਂ ਹੈ। ਉਨ੍ਹਾਂ ਨੂੰ ਮੈਟਰੋ ਸਟੇਸ਼ਨ ’ਤੇ ਰੋਕਣਾ ਸਿੱਖਾਂ ਦੀ ਧਾਰਮਿਕ ਆਜ਼ਾਦੀ ’ਤੇ ਹਮਲਾ ਹੈ। ਉਨ੍ਹਾਂ ਘਟਨਾ ਦੇ ਕਸੂਰਵਾਰਾਂ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ।

### ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਘਟਨਾ ਦੀ ਨਿੰਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਕਰੜੀ ਨਿੰਦਾ ਕਰਦਿਆਂ ਕਿਹਾ ਹੈ ਕਿ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਸਿੱਖ ਕੌਮ ਦੀ ਸਤਿਕਾਰਤ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਨੂੰ ਮੈਟਰੋ ਸਟੇਸ਼ਨ ਉਤੇ ਇਸ ਤਰ੍ਹਾਂ ਰੋਕਣਾ ਬੇਹੱਦ ਮੰਦਭਾਗਾ ਹੈ। ਇਸ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ ਅੰਦਰ ਵਸਦੇ ਹਰ ਧਰਮ ਦੇ ਲੋਕਾਂ ਦੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਲਈ ਸਪਸ਼ਟ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ।

# ਸਿੱਖਾਂ ਕੋਲੋਂ ਗੁਰਧਾਮਾਂ ਦੀ ਸੇਵਾ-ਸੰਭਾਲ ਖੋਹ ਰਹੀਆਂ ਹਨ ਮੌਜੂਦਾ ਸਰਕਾਰਾਂ: ਧਾਮੀ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਪੰਜਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨੂੰ ਮੁੱਢ-ਕਦੀਮ ਤੋਂ ਹੀ ਜਬਰ-ਜ਼ੁਲਮ ਦੇ ਵਿਰੁੱਧ ਜੂਝਣ ਦੀ ਸ਼ਕਤੀ ਪਵਿੱਤਰ ਗੁਰਧਾਮਾਂ ਤੋਂ ਮਿਲਦੀ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਮੰਤਵ ਨੂੰ ਵੇਖਦਿਆਂ ਅੰਗਰੇਜ਼ਾਂ ਨੇ ਪਿੱਠੂ ਮਹੰਤਾਂ ਨੂੰ ਗੁਰਦੁਆਰਿਆਂ ’ਤੇ ਕਾਬਜ਼ ਕਰਵਾਇਆ, ਅੱਜ ਵੀ ਸਰਕਾਰਾਂ ਸਿੱਖਾਂ ਤੋਂ ਪਾਵਨ ਗੁਰਧਾਮਾਂ ਦੀ ਸੇਵਾ-ਸੰਭਾਲ ਖੋਹ ਰਹੀਆਂ ਹਨ।



ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀਹਵੀਂ ਸਦੀ ਦੇ ਆਰੰਭ ’ਚ ਗੁਰਦੁਆਰਾ ਸੁਧਾਰ ਲਹਿਰ ਤੋਂ ਸੇਧ ਲੈ ਕੇ ਅਜੋਕੇ ਹਾਲਾਤਾਂ ਦਾ ਮੁਕਾਬਲਾ ਕਰਨ ਅਤੇ ਸਿੱਖ ਸੰਸਥਾਵਾਂ ਦੇ ਵੱਕਾਰ ਨੂੰ ਬਚਾਉਣ ਦੀ ਲੋੜ ’ਤੇ ਜੋਰ ਦਿੱਤਾ। ਧੰਨਵਾਦੀ ਭਾਸ਼ਨ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੱਜ ਸਿੱਖਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਗੁਰੂ ਸਿਧਾਂਤਾਂ ਤੋਂ ਦੂਰ ਹੋਣਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪੰਜਾ ਸਾਹਿਬ ਸਾਕੇ ਦੌਰਾਨ ਸਿੱਖਾਂ ਵੱਲੋਂ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਪਿੱਛੇ ਸਾਰੀ ਸ਼ਕਤੀ ਗੁਰਬਾਣੀ ਦੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਆਨਰੇਰੀ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾ ਸਾਹਿਬ ਵਰਗੇ ਸਾਕਿਆਂ ਵਿਚੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਪੰਥਕ ਹਿਤਾਂ ਦੀ ਰਖਵਾਲੀ ਲਈ ਹੋਇਆ ਸੀ।

# ਤਖਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨਹੀਂ ਰਹੇ

**ਨਵੀਂ ਦਿੱਲੀ:** ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸ੍ਰੀ ਹਿੱਤ ਰਾਜੌਰੀ ਗਾਰਡਨ ਵਿਚ ਰਹਿੰਦੇ ਸਨ। ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਅਵਤਾਰ ਸਿੰਘ ਹਿੱਤ ਦੇ ਦੇਹਾਂਤ ’ਤੇ ਦੁੱਖ ਪ੍ਰਗਟ ਕੀਤਾ ਹੈ।




ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਅਵਤਾਰ ਸਿੰਘ ਨਾਲ ਆਪਣੀ ਤਸਵੀਰ ਸਾਂਝੀ ਕਰਦਿਆਂ ਟਵਿੱਟਰ ’ਤੇ ਲਿਖਿਆ, ‘ਸੀਨੀਅਰ ਅਕਾਲੀ ਆਗੂ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਦੇ ਅਕਾਲ ਚਲਾਣੇ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ। ਅਕਾਲੀ ਦਲ ਦੀ ਤਰਫੋਂ ਮੈਂ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹਾਂ। ਹਿੱਤ ਸਾਹਿਬ ਨੂੰ ਪੰਥ ਅਤੇ ਪਾਰਟੀ ਲਈ ਉਨ੍ਹਾਂ ਦੇ ਯੋਗਦਾਨ ਲਈ ਯਾਦ ਕੀਤਾ ਜਾਵੇਗਾ।’ ਆਸਟਰੇਲੀਆ ਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪ੍ਰੀਤਪਾਲ ਸਿੰਘ ਕਪੂਰ, ਹਰਮਨਜੀਤ ਸਿੰਘ ਤੇ ਹੋਰ ਆਗੂਆਂ ਨੇ ਸ੍ਰੀ ਹਿੱਤ ਦੀ ਮੌਤ ’ਤੇ ਦੁੱਖ ਪ੍ਰਗਟ ਕੀਤਾ ਹੈ। 80 ਸਾਲ ਦੇ ਹਿੱਤ ਦਾ ਜਨਮ ਪੰਜਾਬ ਵਿਚ ਸੁਲਤਾਨਪੁਰ ਲੋਧੀ ਨੇੜੇ ਪਿੰਡ ਮੈਰੀਪੁਰ (ਜ਼ਿਲ੍ਹਾ ਕਪੂਰਥਲਾ) ਵਿਚ ਹੋਇਆ ਸੀ। ਉਹ ਆਪਣੇ ਘਰ ਵਿਚ ਹੀ ਸਨ ਕਿ ਦਿਲ ਦਾ ਦੌਰਾ ਪੈ ਗਿਆ।

ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਦੇ ਅਕਾਲ ਚਲਾਣੇ ’ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਦੇ ਅਕਾਲ ਚਲਾਣੇ ’ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਇਕ ਰੋਜ਼ਾ ਸੋਗ ਦਾ ਐਲਾਨ ਕੀਤਾ।

# ਸਿੱਖ ਅਜਾਇਬ ਘਰ ’ਚ ਭਾਈ ਦਾਨ ਸਿੰਘ ਦੀ ਤਸਵੀਰ ਲਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਭਾਈ ਦਾਨ ਸਿੰਘ ਦੀ ਤਸਵੀਰ ਸਥਾਪਤ ਕੀਤੀ ਗਈ ਹੈ। ਤਸਵੀਰ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਨਿਭਾਈ। ਗਿਆਨੀ ਰਾਜਦੀਪ ਸਿੰਘ ਨੇ ਕਿਹਾ ਕਿ ਭਾਈ ਦਾਨ ਸਿੰਘ ਗੁਰੂ ਗੋਬਿੰਦ ਸਿੰਘ ਦੇ ਪਿਆਰੇ ਸਿੱਖ ਸਨ। ਉਨ੍ਹਾਂ ਨੇ ਮੁਕਤਸਰ ਦੀ ਜੰਗ ਮਗਰੋਂ ਗੁਰੂ ਸਾਹਿਬ ਪਾਸੋਂ ਤਨਖਾਹ ਲੈਣ ਦੀ ਬਜਾਇ ਸਿੱਖੀ ਦੀ ਦਾਤ ਮੰਗੀ ਸੀ। ਉਨ੍ਹਾਂ ਕਿਹਾ ਕਿ ਦਸਵੇਂ ਪਾਤਸ਼ਾਹ ਗੁਰੂ ਨੇ ਭਾਈ ਦਾਨ ਸਿੰਘ ਨੂੰ ਹੱਥੀਂ ਅੰਮ੍ਰਿਤ ਦੀ ਦਾਤ ਬਖ਼ਸ਼ਿਸ਼ ਕੀਤੀ ਸੀ।

ਉਨ੍ਹਾਂ ਨੇ ਸੰਗਤ ਨੂੰ ਭਾਈ ਦਾਨ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ।

# ਧਰਮ ਪਰਿਵਰਤਨ: ਨਕਲੀ ਪਾਸਟਰਾਂ ਖਿਲਾਫ ਕਾਰਵਾਈ ਦਾ ਭਰੋਸਾ

**ਅੰਮ੍ਰਿਤਸਰ:** ਧਰਮ ਪਰਿਵਰਤਨ ਮਾਮਲੇ ਵਿਚ ਇਸਾਈ ਭਾਈਚਾਰੇ ਦੇ ਧਾਰਮਿਕ ਆਗੂਆਂ ਨੇ ਆਖਿਆ ਕਿ ਨਕਲੀ ਪਾਸਟਰਾਂ ਦੀ ਪਛਾਣ ਕੀਤੀ ਜਾਵੇਗੀ ਅਤੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਸਬੰਧੀ ਇਥੇ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਸਿੱਖ ਤੇ ਈਸਾਈ ਭਾਈਚਾਰੇ ਦੇ ਧਾਰਮਿਕ ਆਗੂਆਂ ਦੀ ਸਾਂਝੀ ਮੀਟਿੰਗ ਹੋਈ ਹੈ।



ਇਸ ਮੀਟਿੰਗ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਹੋਰ ਸਿੱਖ ਚਿੰਤਕ ਸ਼ਾਮਲ ਸਨ। ਦੂਜੇ ਪਾਸੇ, ਇਸਾਈ ਭਾਈਚਾਰੇ ਵੱਲੋਂ ਮਸੀਹੀ ਮਹਾਸਭਾ, ਕੈਥਲਿਕ ਚਰਚ ਆਫ ਇੰਡੀਆ, ਚਰਚ ਆਫ ਨਾਰਥ ਇੰਡੀਆ ਸਣੇ ਸੱਤ ਹੋਰ ਚਰਚਾਂ ਦਾ ਸਾਂਝਾ ਵਫਦ ਸ਼ਾਮਲ ਸੀ। ਵੇਰਵਿਆਂ ਮੁਤਾਬਕ ਇਸ ਮੀਟਿੰਗ ਵਿਚ ਸਿੱਖ ਧਾਰਮਿਕ ਆਗੂਆਂ ਵੱਲੋਂ ਕੁਝ ਅਜਿਹੇ ਸਬੂਤ ਈਸਾਈ ਭਾਈਚਾਰੇ ਦੇ ਆਗੂਆਂ ਨੂੰ ਦਿਖਾਏ ਗਏ ਜਿਸ ਵਿਚ ਲੋਕਾਂ ਨੂੰ ਭਰਮਾ ਕੇ ਧਰਮ ਪਰਿਵਰਤਨ ਕੀਤਾ ਜਾ ਰਿਹਾ ਸੀ।

ਮੀਟਿੰਗ ਵਿਚ ਅੰਧ ਵਿਸ਼ਵਾਸ ਤੇ ਭਰਮ ਜਾਲ ਰਾਹੀਂ ਕੀਤੇ ਜਾ ਰਹੇ ਧਰਮ ਪਰਿਵਰਤਨ ਸਣੇ ਹੋਰ ਮੁੱਦਿਆਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਦੌਰਾਨ ਡਾਇਸਸ ਆਫ ਜਲੰਧਰ ਦੇ ਬਿਸ਼ਪ ਐਂਜਲੀਨੋ ਗਰੇਸੀਅਸ ਨੇ ਆਖਿਆ ਕਿ ਨਕਲੀ ਪਾਸਟਰਾਂ ਦਾ ਇਸਾਈਅਤ ਨਾਲ ਕੋਈ ਸਬੰਧ ਨਹੀਂ ਹੈ। ਡਾਇਸਿਸ ਆਫ ਅੰਮ੍ਰਿਤਸਰ ਦੇ ਬਿਸ਼ਪ ਡਾ. ਪਰਦੀਪ ਕੁਮਾਰ ਸਮਾਨਥਰਾਏ ਨੇ ਆਖਿਆ ਕਿ ਨਕਲੀ ਪਾਸਟਰਾਂ ਦੀ ਪਛਾਣ ਲਈ ਨੋਟਿਸ ਕੱਢਿਆ ਜਾਵੇਗਾ ਅਤੇ ਨਕਲੀ ਪਾਸਟਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਡਾਇਸਸ ਆਫ ਚੰਡੀਗੜ੍ਹ ਦੇ ਬਿਸ਼ਪ ਡੀਜ਼ਲ ਪੀ ਨੇ ਆਖਿਆ ਕਿ ਸਰਕਾਰ ਨਕਲੀ ਪਾਸਟਰਾਂ ਨੂੰ ਹੋ ਰਹੀ ਫੰਡਿੰਗ ਦੇ ਸਰੋਤਾਂ ਦੀ ਜਾਂਚ ਕਰੇ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਪੰਜਾਬ ਦੇ ਹਾਲਾਤ ਸੁਖਾਵੇਂ ਰੱਖਣ ਲਈ ਇਸਾਈਅਤ ਦੇ ਨਾਮ ’ਤੇ ਕੀਤੇ ਜਾ ਰਹੇ ਗੁਮਰਾਹਕੁਨ ਪ੍ਰਚਾਰ ’ਤੇ ਰੋਕ ਲਾਉਣ ਲਈ ਇਸਾਈ ਆਗੂ ਸਖ਼ਤ ਫੈਸਲੇ ਲੈਣ। ਨਕਲੀ ਪਾਸਟਰਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਲੋੜ ਹੈ। ਇਸ ਲਈ ਸਿੱਖ ਕੌਮ ਉਨ੍ਹਾਂ ਨੂੰ ਸਹਿਯੋਗ ਦੇਵੇਗੀ। ਇਸ ਦੌਰਾਨ ਦੋਵਾਂ ਧਿਰਾਂ ਵੱਲੋਂ ਸਾਂਝੀ ਤਾਲਮੇਲ ਕਮੇਟੀ ਬਣਾਉਣ ’ਤੇ ਸਹਿਮਤੀ ਬਣੀ ਹੈ। ਇਸ ਸਬੰਧੀ ਮੀਟਿੰਗਾਂ ਦਾ ਸਿਲਸਿਲਾ ਜਾਰੀ ਰੱਖਿਆ ਜਾਵੇਗਾ ਅਤੇ ਅਜਿਹੇ ਮਾਮਲਿਆਂ ਸਬੰਧੀ ਸੂਚਨਾ ਵੀ ਸਾਂਝੀ ਕੀਤੀ ਜਾਵੇਗੀ।

### ਜਬਰੀ ਇਸਾਈ ਬਣਾਈ ਬੱਚੀ ਦੀ ਸਿੱਖ ਧਰਮ ’ਚ ਵਾਪਸੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬ ਧਰਮ ਪ੍ਰਚਾਰ ਵਿੰਗ ਨੇ ਇਕ 14 ਸਾਲਾ ਬੱਚੀ ਦੀ ਸਿੱਖ ਧਰਮ ’ਚ ਮੁੜ ਵਾਪਸੀ ਕਰਵਾਈ ਹੈ। ਇਹ ਬੱਚੀ ਅਮਰਜੀਤ ਕੌਰ ਜ਼ਿਲ੍ਹਾ ਪਠਾਨਕੋਟ ਦੇ ਪਿੰਡ ਜਿਆਣੀ ਦੀ ਰਹਿਣ ਵਾਲੀ ਹੈ, ਜਿਸ ਨੂੰ ਪਿਛਲੇ ਦਿਨੀਂ ਕਥਿਤ ਗੁਮਰਾਹ ਕਰ ਕੇ ਈਸਾਈ ਧਰਮ ਵਿਚ ਸ਼ਾਮਲ ਕਰਵਾਇਆ ਗਿਆ ਸੀ। ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪੰਜਾਬ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਪਿੰਡ ਦੇ ਗੁਰਦੁਆਰੇ ਵਿਚ ਪੰਚਾਇਤ ਦੀ ਹਾਜ਼ਰੀ ’ਚ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰ ਕੇ ਬੱਚੀ ਦੀ ਮੁੜ ਸਿੱਖ ਧਰਮ ਵਿੱਚ ਘਰ ਵਾਪਸੀ ਕਰਵਾਈ ਹੈ।

### ਭਾਜਪਾ ਆਗੂ ਆਰ.ਪੀ. ਸਿੰਘ ਵੱਲੋਂ ਵੀ ਚਿੰਤਾ ਪ੍ਰਗਟ

**ਨਵੀਂ ਦਿੱਲੀ:** ਪੰਜਾਬ ਵਿਚ ਧਰਮ ਪਰਿਵਰਤਨ ਤੇ ਈਸਾਈਕਰਨ ਦੇ ਵਧ ਰਹੇ ਰੁਝਾਨ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਆਗੂ ਆਰ.ਪੀ. ਸਿੰਘ ਨੇ ਕਿਹਾ ਕਿ ਸੂਬੇ ਵਿਚ ਭਾਈਚਾਰੇ ਦੀ ਗਿਣਤੀ (ਡੈਮੋਗ੍ਰਾਫੀ) ਵਿਚ ਹੋ ਰਹੇ ਇਹ ਬਦਲਾਅ ਹੌਲੀ-ਹੌਲੀ ਸੱਭਿਆਚਾਰਕ ਬਦਲਾਅ ਦਾ ਸੰਕੇਤ ਦੇ ਰਹੇ ਹਨ ਅਤੇ ਇਨ੍ਹਾਂ (ਧਰਮ-ਪਰਿਵਰਤਨ) ਦਾ ਮਕਸਦ ਪੰਜਾਬ ਨੂੰ ਈਸਾਈ ਬਹੁਤਾਤ ਵਾਲੇ ਰਾਜ ਵਿਚ ਤਬਦੀਲ ਕਰਨਾ ਹੈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਇਕ ਘੱਟ ਗਿਣਤੀ ਭਾਈਚਾਰਾ ਦੂਜੇ ਘੱਟ ਗਿਣਤੀ ਭਾਈਚਾਰੇ ਉਤੇ ਭਾਰੂ ਹੁੰਦਿਆਂ ਉਸ ਦਾ ਧਰਮ ਬਦਲਾਅ ਰਿਹਾ ਹੈ।

# ਆਡੀਓ ਲੀਕ: 'ਆਪ' ਸਰਕਾਰ ਲਈ ਖੜ੍ਹਾ ਹੋਇਆ ਨਵਾਂ ਸਿਆਸੀ ਸੰਕਟ



**ਚੰਡੀਗੜ੍ਹ:** ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੀ ਲੀਕ ਹੋਈ ਆਡੀਓ ਕਲਿੱਪ ਨਾਲ 'ਆਪ' ਸਰਕਾਰ ਲਈ ਨਵਾਂ ਸਿਆਸੀ ਸੰਕਟ ਖੜ੍ਹਾ ਹੋ ਗਿਆ ਹੈ। ਖੁਰਾਕ ਤੇ ਸਪਲਾਈ ਵਿਭਾਗ ਬਾਬਤ ਸੌਦੇਬਾਜ਼ੀ ਵੱਲ ਸੰਕੇਤ ਕਰਦੀ ਇਹ ਕਥਿਤ ਆਡੀਓ ਕਲਿੱਪ ਦੇ ਲੀਕ ਹੋਣ ਮਗਰੋਂ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਵਿਰੋਧੀ ਧਿਰਾਂ ਦੇ ਨਿਸ਼ਾਨੇ 'ਤੇ ਆ ਗਏ ਹਨ। ਲੀਕ ਹੋਈ ਆਡੀਓ 'ਚ ਕੈਬਨਿਟ ਮੰਤਰੀ ਅਤੇ ਉਸ ਦੇ ਓ.ਐਸ.ਡੀ. ਦਰਮਿਆਨ ਗੱਲਬਾਤ ਹੋਣ ਦੀ ਗੱਲ ਆਖੀ ਜਾ ਰਹੀ ਹੈ, ਜਿਸ ਦੀ ਪੁਸ਼ਟੀ ਹੋਣੀ ਬਾਕੀ ਹੈ।

ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਕੈਬਨਿਟ ਮੰਤਰੀ ਸਰਾਰੀ ਨੂੰ ਅਹੁਦੇ ਤੋਂ ਬਰਖ਼ਾਸਤ ਕੀਤਾ ਜਾਵੇ। ਸ੍ਰੀ ਬਾਜਵਾ ਨੇ ਮੰਗ ਕੀਤੀ ਹੈ ਕਿ ਉਸ ਆਡੀਓ ਕਲਿੱਪ ਦੀ ਜਾਂਚ ਕਰਾਈ ਜਾਵੇ, ਜਿਸ ਵਿਚ ਸਰਾਰੀ ਨੂੰ ਕਥਿਤ ਤੌਰ 'ਤੇ ਆਪਣੇ ਕਰੀਬੀ ਸਾਥੀ ਨਾਲ ਸੌਦਾ ਤੈਅ ਕਰਦੇ ਸੁਣਿਆ ਗਿਆ ਹੈ। ਆਡੀਓ ਕਲਿੱਪ ਦੀ ਪ੍ਰਮਾਣਿਕਤਾ ਦੀ ਜਾਂਚ ਕਰਨਾ ਅਤੇ ਮੁੱਦੇ ਦੀ ਤਹਿ ਤੱਕ ਜਾਣਾ ਸਭ ਤੋਂ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਦੀ ਨਿਰਪੱਖ ਜਾਂਚ ਉਦੋਂ ਹੀ ਸੰਭਵ ਹੋਵੇਗੀ, ਜਦੋਂ ਕੈਬਨਿਟ ਮੰਤਰੀ ਅਸਤੀਫਾ ਦੇਣ ਜਾਂ ਫਿਰ ਮੁੱਖ ਮੰਤਰੀ ਉਨ੍ਹਾਂ ਨੂੰ ਕੈਬਨਿਟ 'ਚੋਂ ਬਰਖ਼ਾਸਤ ਕਰਨ।

ਇਸੇ ਦੌਰਾਨ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਵੀ ਆਡੀਓ ਸਬੰਧੀ ਕੈਬਨਿਟ ਮੰਤਰੀ ਸਰਾਰੀ ਨੂੰ ਬਰਖਾਸਤ ਕਰਕੇ ਗ੍ਰਿਫਤਾਰ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਾਂਗਰਸੀ ਆਗੂਆਂ ਨੂੰ ਤਾਂ ਝੂਠੇ ਕੇਸਾਂ ਵਿਚ ਫਸਾ ਰਹੀ ਹੈ ਤੇ ਹੁਣ ਉਹ ਦੇਖਣਗੇ ਕਿ 'ਆਪ' ਸਰਕਾਰ ਆਪਣੇ ਮੰਤਰੀ ਖਿਲਾਫ ਕੀ ਕਾਰਵਾਈ ਕਰਦੀ ਹੈ। ਰਾਜਾ ਵੜਿੰਗ ਨੇ ਕਿਹਾ ਕਿ ਇਹ ਮਹਿਜ ਦੋਸ਼ ਨਹੀਂ ਖੁਲਾਸੇ ਹਨ, ਜਿਨ੍ਹਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ 'ਤੇ ਭ੍ਰਿਸ਼ਟ ਗਤੀਵਿਧੀਆਂ 'ਚ ਸ਼ਮੂਲੀਅਤ ਦਾ ਖੁਲਾਸਾ ਕਰਨ ਵਾਲੀ ਟੇਪ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਹੈ। ਮੰਤਰੀ ਦੀ ਆਪਣੇ ਓ.ਐਸ.ਡੀ. ਨਾਲ ਹੋਈ ਗੱਲਬਾਤ ਦੀ ਆਡੀਓ ਟੇਪ ਬਾਰੇ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੰਤਰੀ ਕੁਝ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਫਿਰੌਤੀ ਦੀ ਰਕਮ ਹਾਸਲ ਕਰਨ ਦੀ ਯੋਜਨਾ 'ਤੇ ਚਰਚਾ ਕਰਦੇ ਸੁਣੇ ਗਏ ਹਨ।

ਉਨ੍ਹਾਂ ਕਿਹਾ ਕਿ ਓ.ਐਸ.ਡੀ. ਨੇ ਖੁਦ ਇਹ ਗੱਲ ਆਖੀ ਹੈ ਕਿ ਇਹ ਆਡੀਓ ਟੇਪ ਅਸਲੀ ਹੈ ਅਤੇ ਇਹ ਹੁਣ ਸਰਕਾਰ ਦੇ ਹੱਥ ਹੈ ਕਿ ਉਹ ਇਹ ਟੇਪ ਸੀ.ਬੀ.ਆਈ. ਨੂੰ ਸੌਂਪ ਕੇ ਜਾਂਚ ਕਰਵਾਉਂਦੀ ਹੈ ਜਾਂ ਨਹੀਂ। ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਸ੍ਰੀ ਸਰਾਰੀ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਅਕਾਲੀ ਆਗੂ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਮੁੱਖ ਮੰਤਰੀ ਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਦੋਹਰੇ ਮਾਪਦੰਡ ਨਹੀਂ ਅਪਣਾਉਣੇ ਚਾਹੀਦੇ। ਉਨ੍ਹਾਂ ਮੰਗ ਕੀਤੀ ਕਿ ਸਰਾਰੀ ਨੂੰ ਤੁਰੰਤ ਬਰਖਾਸਤ ਕਰ ਕੇ ਕੇਸ ਦਰਜ ਕੀਤਾ ਜਾਵੇ। ਅਕਾਲੀ ਆਗੂ ਨੇ ਮੰਤਰੀ ਸਰਾਰੀ ਦੇ ਗੈਰਕਾਨੂੰਨੀ ਖਣਨ ਵਿਚ ਸ਼ਾਮਲ ਹੋਣ ਦੇ ਦੋਸ਼ ਵੀ ਲਾਏ ਹਨ। ਬਿਕਰਮ ਮਜੀਠੀਆ ਨੇ ਕਿਹਾ ਕਿ ਸਰਕਾਰ ਉਨ੍ਹਾਂ ਦੇ ਬਚਾਅ ਲਈ ਪੱਬਾਂ ਭਾਰ ਹੈ ਜਿਨ੍ਹਾਂ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਦੇ ਫੈਸਲੇ ਦਾ ਜਨਤਕ ਤੌਰ 'ਤੇ ਪ੍ਰਚਾਰ ਕੀਤਾ ਸੀ।

## ਪੰਜਾਬ ਦਾ ਪੈਸਾ ਦੂਜੇ ਸੂਬਿਆਂ 'ਚ ਜਾ ਰਿਹਾ: ਅਸ਼ਵਨੀ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਪੈਸੇ ਨੂੰ ਦੂਜੇ ਸੂਬਿਆਂ ਵਿਚ ਜਾ ਕੇ ਚੋਣ ਪ੍ਰਚਾਰ 'ਤੇ ਖਰਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਮਾਰਟ ਸਿਟੀ ਵਾਸਤੇ ਜਿਹੜਾ ਪੈਸਾ ਪੰਜਾਬ ਨੂੰ ਦਿੱਤਾ ਗਿਆ ਹੈ, ਉਸ ਦੀ ਵੀ ਜਾਂਚ ਕੀਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਸਮਾਰਟ ਸਿਟੀ ਦੇ ਪੈਸੇ ਵਿਚ ਘੁਟਾਲੇ ਹੋਏ ਹਨ। ਸ੍ਰੀ ਸ਼ਰਮਾ ਨੇ ਕਿਹਾ ਕਿ ਖੁਦ ਨੂੰ ਕੱਟੜ ਇਮਾਨਦਾਰ ਵਜੋਂ ਪ੍ਰਚਾਰਨ ਵਾਲੀ ਪਾਰਟੀ, ਕੱਟੜ ਬੇਈਮਾਨ ਸਾਬਤ ਹੋ ਰਹੀ ਹੈ। ਸਰਕਾਰ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੀ ਥਾਂ ਕਰੋੜਾਂ ਰੁਪਏ ਦੀ ਇਸ਼ਤਿਹਾਰਬਾਜ਼ੀ ਕਰਨ ਵਿਚ ਲੱਗੀ ਹੋਈ ਹੈ।

# ਰਾਘਵ ਚੱਢਾ ਦੀ 'ਚੌਧਰ' ਦਾ ਮਾਮਲਾ ਭਖਿਆ, ਵਿਰੋਧੀ ਧਿਰਾਂ ਵੱਲੋਂ ਤਿੱਖੇ ਸਵਾਲ



**ਚੰਡੀਗੜ੍ਹ:** ਰਾਜ ਸਭਾ ਮੈਂਬਰ ਰਾਘਵ ਚੱਢਾ ਵੱਲੋਂ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਨਵ-ਨਿਯੁਕਤ ਚੇਅਰਮੈਨਾਂ ਨਾਲ ਮੀਟਿੰਗ ਦਾ ਮਾਮਲਾ ਭਖ ਗਿਆ ਹੈ। ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਹੈ ਕਿ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਨਵ-ਨਿਯੁਕਤ ਚੇਅਰਮੈਨਾਂ ਨੂੰ ਕਿਸ ਸਮਰੱਥਾ ਤਹਿਤ ਸੱਦਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਭਗਵੰਤ ਮਾਨ ਪੰਜਾਬ ਸਰਕਾਰ ਵਿਚ ਰਾਘਵ ਚੱਢਾ ਦੀ ਭੂਮਿਕਾ ਨੂੰ ਪਰਿਭਾਸ਼ਤ ਕਰਨ ਅਤੇ ਉਸ ਦੀ ਵਿਆਖਿਆ ਕਰਨ ਕੀ ਰਾਘਵ ਚੱਢਾ ਸਿਰਫ ਰਾਜ ਸਭਾ ਮੈਂਬਰ ਹੈ ਜਾਂ ਉਸ ਕੋਲ ਚੇਅਰਮੈਨਾਂ ਦੀਆਂ ਮੀਟਿੰਗਾਂ ਬੁਲਾਉਣ ਦਾ ਵਾਧੂ ਸੰਵਿਧਾਨਕ ਅਧਿਕਾਰ ਵੀ ਹੈ।

ਸ੍ਰੀ ਬਾਜਵਾ ਨੇ ਕਿਹਾ ਕਿ ਰਾਘਵ ਚੱਢਾ ਕਿਸ ਅਧਿਕਾਰ ਤਹਿਤ ਅਜਿਹੀ ਗੱਲਬਾਤ ਕਰ ਰਿਹਾ ਹੈ, ਖਾਸ ਤੌਰ 'ਤੇ ਜਦੋਂ ਭਗਵੰਤ ਮਾਨ ਮੁੱਖ ਮੰਤਰੀ ਹੁੰਦਿਆਂ ਹੋਇਆਂ ਚੇਅਰਮੈਨਾਂ ਨਾਲ ਇਕ ਵੀ ਮੀਟਿੰਗ ਨਹੀਂ ਕਰ ਸਕੇ ਹਨ। ਬਾਜਵਾ ਨੇ ਕਿਹਾ ਕਿ ਕੀ ਇਸ ਨੂੰ ਸਰਕਾਰ ਦੇ ਅੰਦਰ ਚਲਾਈ ਜਾ ਰਹੀ ਇਕ ਹੋਰ ਸਰਕਾਰ ਨਹੀਂ ਕਿਹਾ ਜਾ ਸਕਦਾ। ਬਾਜਵਾ ਨੇ ਕਿਹਾ ਕਿ ਦੂਜੇ ਪਾਸੇ ਪੰਜਾਬ ਸਰਕਾਰ ਅਜੇ ਤੱਕ ਐਡਵੋਕੇਟ ਜਗਮੋਹਨ ਸਿੰਘ ਭੱਟੀ ਨੂੰ ਸੰਤੁਸ਼ਟ ਨਹੀਂ ਕਰ ਸਕੀ, ਜਿਨ੍ਹਾਂ ਨੇ ਰਾਘਵ ਚੱਢਾ ਦੀ ਅਸਥਾਈ ਸਲਾਹਕਾਰ ਪੈਨਲ ਦੇ ਚੇਅਰਮੈਨ ਵਜੋਂ ਨਿਯੁਕਤੀ ਨੂੰ ਚੁਣੌਤੀ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜਨਹਿਤ ਪਟੀਸ਼ਨ (ਪੀ.ਆਈ.ਐਲ.) ਦਾਇਰ ਕੀਤੀ ਸੀ।

ਸ੍ਰੀ ਬਾਜਵਾ ਨੇ ਭਗਵੰਤ ਮਾਨ ਦੀ ਪੰਜਾਬ ਤੋਂ ਲਗਾਤਾਰ ਗੈਰਹਾਜ਼ਰੀ ਅਤੇ ਅਰਵਿੰਦ ਕੇਜਰੀਵਾਲ ਦੀ ਇੱਛਾ 'ਤੇ ਸੂਬੇ ਨੂੰ ਪੂਰੀ ਤਰ੍ਹਾਂ ਤਿਆਗਣ ਲਈ ਵੀ ਆਲੋਚਨਾ ਕੀਤੀ।

# ਮੋਰਚੇ 'ਚੋਂ ਕੱਢੇ ਹੋਏ ਸਾਨੂੰ ਕੀ ਬਾਹਰ ਕੱਢਣਗੇ: ਡੱਲੇਵਾਲ



**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੇ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸੰਯੁਕਤ ਕਿਸਾਨ ਮੋਰਚੇ ਵਿਚੋਂ ਉਨ੍ਹਾਂ ਦੇ ਮੋਰਚੇ ਦੇ ਆਗੂਆਂ ਨੂੰ ਬਾਹਰ ਕੱਢੇ ਜਾਣ ਦੇ ਫੈਸਲੇ ਨੂੰ ਬਚਗਾਨਾ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਕੁਝ ਆਗੂਆਂ ਵੱਲੋਂ ਪ੍ਰੈੱਸ ਕਾਨਫਰੰਸ ਕਰ ਕੇ ਉਨ੍ਹਾਂ (ਡੱਲੇਵਾਲ) ਅਤੇ ਕੱਕਾ ਜੀ ਨੂੰ ਸੰਯੁਕਤ ਕਿਸਾਨ ਮੋਰਚੇ ਵਿਚੋਂ ਬਾਹਰ ਕੱਢਣ ਦਾ ਐਲਾਨ ਕੀਤਾ ਸੀ। ਸ੍ਰੀ ਡੱਲੇਵਾਲ ਨੇ ਕਿਹਾ ਕਿ ਦਰਅਸਲ ਇਹ ਐਲਾਨ ਕਰਨ ਵਾਲੇ ਉਹ ਸਨ, ਜਿਨ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਗ ਲੈਣ ਦਾ ਫੈਸਲਾ ਲਿਆ ਸੀ ਤੇ ਜਿਨ੍ਹਾਂ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਜਨਵਰੀ 2022 ਨੂੰ ਮੋਰਚੇ 'ਚੋਂ ਬਾਹਰ ਕਰ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਮੋਰਚੇ 'ਚੋਂ ਬਾਹਰ ਕੱਢੇ ਜਾਣ ਵਾਲਿਆਂ 'ਚ ਕੁਝ ਆਗੂ ਉਹ ਵੀ ਸਨ, ਜਿਨ੍ਹਾਂ ਨੇ ਹਕੂਮਤ ਨਾਲ ਨਿੱਜੀ ਤੌਰ 'ਤੇ ਪੱਤਰ ਵਿਹਾਰ ਕਰ ਕੇ ਹੱਥ ਮਿਲਾਉਣ ਦੀ ਕੋਸ਼ਿਸ਼ ਕੀਤੀ ਸੀ। ਕਿਸਾਨ ਆਗੂ ਨੇ ਕਿਹਾ ਕਿ 12 ਜੁਲਾਈ ਨੂੰ ਦਿੱਲੀ ਵਿਚ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੀ ਹੋਈ ਮੀਟਿੰਗ ਵਿਚ ਅਜਿਹੇ ਲੋਕਾਂ ਬਾਰੇ ਪਹਿਲਾਂ ਹੀ ਕਾਫੀ ਕੁਝ ਸਪੱਸ਼ਟ ਕਰਦਿਆਂ ਤੋੜ-ਵਿਛੋੜੇ ਦਾ ਐਲਾਨ ਕੀਤਾ ਜਾ ਚੁੱਕਿਆ ਹੈ। ਉਸ ਮਗਰੋਂ 25 ਜੁਲਾਈ ਨੂੰ ਵੀ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਗੈਰ ਰਾਜਨੀਤਕ ਮੋਰਚੇ ਨੇ ਰਾਜਨੀਤਕ ਸੰਗਠਨਾਂ ਦੇ ਆਗੂਆਂ ਨਾਲ ਕੋਈ ਸਬੰਧ ਨਾ ਹੋਣ ਦੀ ਪੁਸ਼ਟੀ ਕੀਤੀ ਸੀ। ਉਨ੍ਹਾਂ ਕਿਹਾ ਕਿ ਉਹ ਮੁੱਢ ਤੋਂ ਹੀ ਸਾਫ ਹਨ ਕਿ 'ਗੈਰ ਰਾਜਨੀਤਕ ਸੀ, ਗੈਰ ਰਾਜਨੀਤਕ ਹਾਂ ਅਤੇ ਗੈਰ ਰਾਜਨੀਤਕ ਰਹਾਂਗੇ'।

## ਚੁੱਪ ਰਹਿਣ 'ਤੇ ਉਪ ਰਾਸ਼ਟਰਪਤੀ ਬਣਾਉਣ ਬਾਰੇ ਕਿਹਾ ਸੀ: ਮਲਿਕ

**ਜੈਪੁਰ:** ਮੇਘਾਲਿਆ ਦੇ ਰਾਜਪਾਲ ਸਤਿਆਪਾਲ ਮਲਿਕ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਚੁੱਪ ਰਹਿਣ 'ਤੇ ਉਪ ਰਾਸ਼ਟਰਪਤੀ ਬਣਾਉਣ ਬਾਰੇ ਇਸ਼ਾਰਾ ਕੀਤਾ ਗਿਆ ਸੀ ਪਰ ਉਹ ਸੱਚ ਬੋਲਣ 'ਤੇ ਅੜੇ ਰਹੇ। ਸ੍ਰੀ ਮਲਿਕ ਰਾਜਸਥਾਨ ਦੌਰੇ 'ਤੇ ਆਏ ਤੇ ਝੁਨਝੁਨੂ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਗਦੀਪ ਧਨਖੜ ਇਸ ਅਹੁਦੇ 'ਤੇ ਖਰੇ ਉਤਰਦੇ ਹਨ ਤੇ ਉਨ੍ਹਾਂ ਵਿਚ ਕਾਬਲੀਅਤ ਹੈ। ਉਨ੍ਹਾਂ ਕਿਹਾ ਕਿ ਉਹ ਰਾਜਪਾਲ ਦਾ ਕਾਰਜਕਾਲ ਸਮਾਪਤ ਹੋਣ ਤੋਂ ਬਾਅਦ ਕਿਸਾਨਾਂ ਕੋਲ ਜਾਣਗੇ।

# ਭਗਵੰਤ ਮਾਨ ਵੱਲੋਂ ਟੈਕਸਟਾਈਲ ਪਾਰਕ ਲਈ 1000 ਏਕੜ ਜ਼ਮੀਨ ਦੀ ਪੇਸ਼ਕਸ਼



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤ ਸਰਕਾਰ ਨੂੰ 'ਪ੍ਰਧਾਨ ਮੰਤਰੀ ਮੈਗਾ ਇੰਟੈਗ੍ਰੇਟਿਡ ਟੈਕਸਟਾਈਲ ਰੀਜਨ ਤੇ ਐਪੇਰਲ ਪਾਰਕਜ਼ (ਪੀ.ਐਮ. ਮਿੱਤਰਾ) ਸਕੀਮ' ਤਹਿਤ ਟੈਕਸਟਾਈਲ ਪਾਰਕ ਸਥਾਪਿਤ ਕਰਨ ਲਈ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ 1000 ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਹੈ। ਪੰਜਾਬ ਸਰਕਾਰ ਨੇ ਇਸ ਪ੍ਰੋਜੈਕਟ ਲਈ ਫਤਹਿਗੜ੍ਹ ਸਾਹਿਬ 'ਚ ਜ਼ਮੀਨ ਦੇ ਲੋੜੀਂਦੇ ਰਕਬੇ ਲਈ ਥਾਂ ਦੀ ਸ਼ਨਾਖ਼ਤ ਕਰ ਲਈ ਹੈ।

ਮੁੱਖ ਮੰਤਰੀ ਨੇ ਕੇਂਦਰੀ ਕੱਪੜਾ ਮੰਤਰੀ ਪਿਊਸ਼ ਗੋਇਲ ਨੂੰ ਪੱਤਰ ਲਿਖ ਕੇ ਫਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਇਸ ਪ੍ਰੋਜੈਕਟ ਨੂੰ ਸਥਾਪਤ ਕਰਨ ਦੀ ਇੱਛਾ ਪ੍ਰਗਟਾਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਪ੍ਰੋਜੈਕਟ ਸੂਬੇ ਨੂੰ ਉਦਯੋਗਿਕ ਵਿਕਾਸ ਦੇ ਨਕਸ਼ੇ ਉੱਤੇ ਉਭਾਰੇਗਾ। ਇਹ ਪ੍ਰੋਜੈਕਟ ਸ਼ੁਰੂ ਹੋਣ ਨਾਲ ਪੰਜਾਬ ਦੇਸ਼ ਦੀ ਟੈਕਸਟਾਈਲ ਹੱਬ ਬਣ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੀਮ ਜਿੱਥੇ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਵਿਚ ਸਹਾਈ ਹੋਵੇਗੀ, ਉੱਥੇ ਹੀ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇਗੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਇਸ ਪ੍ਰੋਜੈਕਟ ਦੀਆਂ ਚਾਹਵਾਨ ਸੂਬਾ ਸਰਕਾਰਾਂ ਦੀ ਭਾਈਵਾਲੀ ਨਾਲ ਦੇਸ਼ ਭਰ ਵਿਚ ਸੱਤ 'ਪ੍ਰਧਾਨ ਮੰਤਰੀ ਮੈਗਾ ਇੰਟੈਗਰੇਟਿਡ ਟੈਕਸਟਾਈਲ ਖੇਤਰ ਅਤੇ ਐਪੇਰਲ ਪਾਰਕ' (ਪੀ.ਐਮ. ਮਿੱਤਰਾ) ਸਥਾਪਤ ਕਰਨ ਦੀ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਹੈ।

## ਦਿੱਲੀ ਤੋਂ ਬਿਸ਼ਨੋਈ-ਬਰਾੜ ਗਰੋਹ ਦੇ 3 ਸ਼ੂਟਰ ਕਾਬੂ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗਰੋਹ ਦੇ ਤਿੰਨ ਸ਼ਾਰਪ ਸ਼ੂਟਰਾਂ ਨੂੰ ਹਥਿਆਰਾਂ ਸਣੇ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਨਵੀਨ (23), ਮਨੋਜ (28) ਤੇ ਕਰਮਬੀਰ (28) ਵਜੋਂ ਦੱਸੀ ਗਈ ਹੈ ਤੇ ਇਹ ਸਾਰੇ ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਵਸਨੀਕ ਹਨ। ਦਿੱਲੀ ਪੁਲਿਸ ਨੇ ਇਨ੍ਹਾਂ ਨੂੰ ਬਰਵਾਲਾ-ਬਵਾਨਾ ਰੋਡ 'ਤੇ ਲਾਏ ਟਰੈਪ ਦੌਰਾਨ ਗ੍ਰਿਫਤਾਰ ਕੀਤਾ ਹੈ। ਪੁਲਿਸ ਮੁਤਾਬਕ ਇਨ੍ਹਾਂ ਨੂੰ ਆਤਮ-ਸਮਰਪਣ ਲਈ ਕਿਹਾ ਤਾਂ ਤਿੱਕੜੀ ਨੇ ਉਨ੍ਹਾਂ ਕੋਲ ਮੌਜੂਦ ਪਿਸਤੌਲਾਂ ਤੋਂ ਚਾਰ ਗੋਲੀਆਂ ਚਲਾਈਆਂ। ਪੁਲਿਸ ਮੁਤਾਬਕ ਇਹ ਤਿੰਨੋਂ ਮੁਲਜ਼ਮ ਪਿਛਲੇ ਕਈ ਦਿਨਾਂ ਤੋਂ ਸਿਗਨਲ ਐਪ ਜ਼ਰੀਏ ਕੈਨੇਡਾ ਬੈਠੇ ਗੋਲਡੀ ਬਰਾੜ ਦੇ ਸੰਪਰਕ ਵਿਚ ਸਨ। ਮੁਲਜ਼ਮ ਗੁੜਗਾਓਂ ਦੇ ਭਾਰਸਾ ਵਿਚ ਸ਼ਰਾਬ ਦੇ ਠੇਕੇ 'ਤੇ ਹਥਿਆਰ ਵਿਖਾ ਦੇ ਲੁੱਟ ਕਰਨ ਦੇ ਮਾਮਲੇ 'ਚ ਲੋੜੀਂਦੇ ਸਨ। ਇਨ੍ਹਾਂ ਦੇ ਕਬਜ਼ੇ ਵਿਚੋਂ ਤਿੰਨ ਪਿਸਤੌਲ ਤੇ 11 ਕਾਰਤੂਸ ਬਰਾਮਦ ਹੋਏ ਹਨ।

# ਫਰੀਦਕੋਟ ਦੇ ਸ਼ਾਹੀ ਪਰਿਵਾਰ ਨੂੰ ਮਿਲੇਗੀ 25 ਹਜ਼ਾਰ ਕਰੋੜ ਦੀ ਜਾਇਦਾਦ



**ਫਰੀਦਕੋਟ:** ਸੁਪਰੀਮ ਕੋਰਟ ਨੇ ਇਕ ਅਹਿਮ ਫੈਸਲੇ ਵਿਚ ਫਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਵੱਲੋਂ ਚਾਰ ਦਹਾਕੇ ਪਹਿਲਾਂ ਰਿਆਸਤ ਦੀ ਹਜ਼ਾਰਾਂ ਕਰੋੜ ਦੀ ਜਾਇਦਾਦ ਦੀ ਸਾਂਭ-ਸੰਭਾਲ ਲਈ ਲਿਖੀ ਗਈ ਸ਼ਾਹੀ ਵਸੀਅਤ ਨੂੰ ਗੈਰ-ਕਾਨੂੰਨੀ ਅਤੇ ਸ਼ੱਕੀ ਮੰਨਦਿਆਂ ਰੱਦ ਕਰ ਦਿੱਤਾ ਹੈ ਅਤੇ ਇਸ ਵਸੀਅਤ ਦੇ ਆਧਾਰ 'ਤੇ ਸਥਾਪਤ ਕੀਤੇ ਗਏ ਮਹਾਰਾਵਲ ਖੇਵਾ ਜੀ ਟਰੱਸਟ ਨੂੰ ਵੀ ਭੰਗ ਕਰ ਦਿੱਤਾ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ 30 ਸਤੰਬਰ, 2022 ਤੋਂ ਬਾਅਦ ਮਹਾਰਾਵਲ ਖੇਵਾ ਜੀ ਟਰੱਸਟ ਸ਼ਾਹੀ ਜਾਇਦਾਦਾਂ ਦੀ ਸਾਂਭ-ਸੰਭਾਲ ਵਿਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਕਰੇਗਾ। ਸੁਪਰੀਮ ਕੋਰਟ ਨੇ ਚੰਡੀਗੜ੍ਹ ਦੇ ਸਿਵਲ ਜੱਜ ਨੂੰ ਆਦੇਸ਼ ਦਿੱਤੇ ਹਨ ਕਿ ਰਾਜਾ ਹਰਿੰਦਰ ਸਿੰਘ ਦੀ ਕੁੱਲ ਜਾਇਦਾਦ ਉਸ ਦੀਆਂ ਧੀਆਂ ਅੰਮ੍ਰਿਤ ਕੌਰ ਤੇ ਦੀਪਇੰਦਰ ਕੌਰ ਅਤੇ ਭਰਾ ਕੰਵਰ ਮਨਜੀਤ ਸਿੰਘ ਨੂੰ ਵੰਡੀ ਜਾਵੇ। ਰਾਜਾ ਹਰਿੰਦਰ ਸਿੰਘ ਨੇ ਆਪਣੀ ਵਸੀਅਤ ਵਿਚ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਜਾਇਦਾਦ ਦਾ ਕੋਈ ਹੱਕ ਨਹੀਂ ਦਿੱਤਾ ਸੀ, ਜਿਸ 'ਤੇ ਅੰਮ੍ਰਿਤ ਕੌਰ ਨੇ ਇਸ ਵਸੀਅਤ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ।

ਸਾਰੀਆਂ ਅਦਾਲਤਾਂ ਨੇ ਅੰਮ੍ਰਿਤ ਕੌਰ ਦੇ ਦਾਅਵੇ ਨੂੰ ਸਹੀ ਮੰਨਦਿਆਂ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਰਾਜਾ ਹਰਿੰਦਰ ਸਿੰਘ ਬਰਾੜ ਵੱਲੋਂ ਪਹਿਲੀ ਜੂਨ, 1982 ਨੂੰ ਲਿਖੀ ਗਈ ਵਸੀਅਤ ਸ਼ੱਕੀ ਹੈ, ਇਸ ਲਈ ਇਸ ਨੂੰ ਕਾਨੂੰਨ ਮੁਤਾਬਕ ਸਹੀ ਨਹੀਂ ਮੰਨਿਆ ਜਾ ਸਕਦਾ। ਅਦਾਲਤ ਦੇ ਇਸ ਫੈਸਲੇ ਮਗਰੋਂ ਫਰੀਦਕੋਟ ਰਿਆਸਤ ਦੀ ਜਾਇਦਾਦ ਰਾਜਾ ਹਰਿੰਦਰ ਸਿੰਘ ਬਰਾੜ ਦੇ ਵਾਰਸਾਂ ਵਿਚ ਵੰਡੀ ਜਾਣੀ ਤੈਅ ਹੈ। ਰਾਜਾ ਹਰਿੰਦਰ ਸਿੰਘ ਦੀ 16 ਅਕਤੂਬਰ, 1989 ਨੂੰ ਮੌਤ ਹੋ ਗਈ ਸੀ ਅਤੇ ਉਸ ਦੀ ਮੌਤ ਤੋਂ ਦੋ ਦਿਨ ਬਾਅਦ ਇਹ ਵਸੀਅਤ ਜਨਤਕ ਹੋਈ ਸੀ। ਮਾਲ ਵਿਭਾਗ ਨੇ ਇਸ ਵਸੀਅਤ ਦੇ ਆਧਾਰ 'ਤੇ ਰਿਆਸਤ ਦੀ ਕੁੱਲ ਜਾਇਦਾਦ ਮਹਾਰਾਵਲ ਖੇਵਾ ਜੀ ਟਰੱਸਟ ਦੇ ਹਵਾਲੇ ਕਰ ਦਿੱਤੀ ਸੀ ਅਤੇ ਪਿਛਲੇ 33 ਸਾਲ ਤੋਂ ਟਰੱਸਟ ਸ਼ਾਹੀ ਜਾਇਦਾਦਾਂ ਦੀ ਸੰਭਾਲ ਕਰ ਰਿਹਾ ਸੀ। ਫਰੀਦਕੋਟ ਰਿਆਸਤ ਦੀ ਕੁੱਲ ਜਾਇਦਾਦ 25 ਹਜ਼ਾਰ ਕਰੋੜ ਤੋਂ ਵੱਧ ਕੀਮਤ ਦੀ ਦੱਸੀ ਜਾ ਰਹੀ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਵੱਲੋਂ ਹੁਣ ਪੰਜਾਬ ’ਚ ਅਪਰੇਸ਼ਨ ਲੋਟਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ‘ਤੇ ਦੋਸ਼ ਲਗਾਇਆ ਕਿ ਉਹ ਦਿੱਲੀ ਤੋਂ ਬਾਅਦ ਹੁਣ ਪੰਜਾਬ ‘ਚ ‘ਆਪ’ ਦੀ ਸਰਕਾਰ ਡੇਗਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਪਾਰਟੀ ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਨੇ ‘ਆਪ’ ਦੇ 10 ਵਿਧਾਇਕਾਂ ਨਾਲ ਸੰਪਰਕ ਕਰਕੇ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਲਈ 25-25 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਹੈ।

ਇਸ ਤੋਂ ਇਲਾਵਾ ਪੰਜਾਬ ‘ਚ ਭਾਜਪਾ ਦੀ ਸਰਕਾਰ ਬਣਨ ‘ਤੇ ਮੰਤਰੀ ਬਣਾਉਣ ਤੇ ਹੋਰ ਵੀ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕਾਂ ‘ਤੇ ਦਬਾਅ ਬਣਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਈ.ਡੀ. ਅਤੇ ਸੀ.ਬੀ.ਆਈ. ਦਾ ਡਰਾਵਾ ਦਿੱਤਾ ਜਾ ਰਿਹਾ ਹੈ। ਸ੍ਰੀ ਚੀਮਾ ਨੇ ਕਿਹਾ ਕਿ ਭਾਜਪਾ ਨੇ ਪਹਿਲਾਂ ‘ਅਪਰੇਸ਼ਨ ਲੋਟਸ’ ਤਹਿਤ ਕੇਂਦਰੀ ਜਾਂਚ ਏਜੰਸੀਆਂ ਦੀ ਵਰਤੋਂ ਕਰਕੇ ਤੇ ਪੈਸੇ ਦੇ ਜ਼ੋਰ ‘ਤੇ



ਗੋਆ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਅਰੁਣਾਚਲ ਪ੍ਰਦੇਸ਼ ਵਿਚ ਸਰਕਾਰਾਂ ਡੇਗ ਦਿੱਤੀਆਂ। ਉਸ ਤੋਂ ਬਾਅਦ ਦਿੱਲੀ ਵਿੱਚ ‘ਆਪ’ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੀ। ਉਸ ਤੋਂ ਬਾਅਦ ਹੁਣ ਪੰਜਾਬ ਵਿਚ 92 ਵਿਧਾਇਕਾਂ ਦੇ ਬਹੁਮਤ ਵਾਲੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ 25-25 ਕਰੋੜ ਰੁਪਏ ਇਕੱਲੇ ਵਿਧਾਇਕ ਨੂੰ ਅਤੇ 3-4 ਵਿਧਾਇਕ ਨਾਲ ਲਿਆਉਣ ਵਾਲੇ ਵਿਧਾਇਕ ਨੂੰ 50 ਤੋਂ 70 ਕਰੋੜ ਰੁਪਏ ਤੱਕ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਬਾਰੇ ‘ਆਪ’ ਵਿਧਾਇਕਾਂ ਕੋਲ ਸਾਰੀਆਂ ਰਿਕਾਰਡਿੰਗਾਂ ਅਤੇ ਹੋਰ ਸਬੂਤ ਹਨ। ਵਿੱਤ ਮੰਤਰੀ ਨੇ ਕਿਹਾ ਕਿ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੰਜਾਬ ‘ਚ ਸਰਕਾਰ ਬਣਾਉਣ ਲਈ ‘ਆਪ’ ਦੇ 35 ਵਿਧਾਇਕਾਂ ਦੀ ਲੋੜ ਹੈ ਜਦਕਿ ਰਹਿੰਦੇ ਵਿਧਾਇਕ ਉਨ੍ਹਾਂ ਦੇ ਸੰਪਰਕ ਵਿਚ ਪਹਿਲਾਂ ਹੀ ਹਨ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਕਾਬਜ਼ ਮੋਦੀ ਸਰਕਾਰ ਕੋਲ ਪੰਜਾਬ ਦੀ ਆਰਥਿਕ ਮਦਦ ਕਰਨ ਲਈ ਇਕ ਪੈਸਾ ਵੀ ਨਹੀਂ ਹੈ ਪਰ ਪੰਜਾਬ ਦੇ ਵਿਧਾਇਕ ਖਰੀਦਣ ਲਈ 1375 ਕਰੋੜ ਰੁਪਏ ਦਾ ਕਾਲਾ ਧਨ ਹੈ। ਇਹ ਧਨ ਕਿੱਥੋਂ ਆਇਆ ਹੈ ਅਤੇ ਕਿੱਥੇ ਪਿਆ ਹੈ, ਉਸ ਦੀ ਜਾਂਚ ਕਰਵਾਉਣ ਦੀ ਲੋੜ ਹੈ।

# ਹਾਈ ਕੋਰਟ ਨੇ ਘਰ-ਘਰ ਆਟਾ ਯੋਜਨਾ ’ਤੇ ਰੋਕ ਲਗਾਈ

**ਚੰਡੀਗੜ੍ਹ:** ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਉਸ ਵੇਲੇ ਝਟਕਾ ਲੱਗਿਆ, ਜਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਘਰ-ਘਰ ਆਟਾ ਵੰਡਣ ਵਾਲੀ ਸਕੀਮ ਉਪਰ ਰੋਕ ਲਗਾ ਦਿੱਤੀ। ਇਹ ਯੋਜਨਾ ਪਹਿਲੀ ਅਕਤੂਬਰ ਤੋਂ ਸ਼ੁਰੂ ਕੀਤੀ ਜਾਣੀ ਸੀ ਤੇ ਇਸ ਲਈ ਤਿਆਰੀਆਂ ਮੁਕੰਮਲ ਕੀਤੀਆਂ ਹੋਈਆਂ ਹਨ।

ਪਤਾ ਲੱਗਿਆ ਹੈ ਕਿ ਹਾਈ ਕੋਰਟ ਨੇ ਇਹ ਰੋਕ ਐਨ.ਐਫ.ਐਸ.ਏ. ਡਿਪੂ ਹੋਲਡਰ ਵੈਲਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਪਾਈ ਪਟੀਸ਼ਨ ‘ਤੇ ਲਗਾਈ ਹੈ। ਡਿਪੂ ਹੋਲਡਰਾਂ ਦਾ ਕਹਿਣਾ ਹੈ ਕਿ ਇਸ ਸਕੀਮ ਨਾਲ ਉਨ੍ਹਾਂ ਦਾ ਰੁਜ਼ਗਾਰ ਖੁੱਸ ਜਾਣਾ ਹੈ। ਚੇਤੇ ਰਹੇ ਕਿ ਇਸ ਯੋਜਨਾ ਨੂੰ ਪੰਜਾਬ ਸਰਕਾਰ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰ ਰਹੀ ਸੀ।

# ਕੈਪਟਨ ਦੀ ਪਾਰਟੀ ਦੇ ਭਾਜਪਾ ਵਿਚ ਰਲੇਵੇਂ ਦੇ ਚਰਚੇ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਸੂਤਰਾਂ ਅਨੁਸਾਰ ਦੋਵੇਂ ਆਗੂਆਂ ਵਿਚਾਲੇ ਹੋਈ ਇਸ ਮੀਟਿੰਗ ਵਿਚ ਕੈਪਟਨ ਅਮਰਿੰਦਰ ਦੀ ਨਵੀਂ ਬਣੀ ਪੰਜਾਬ ਲੋਕ ਕਾਂਗਰਸ (ਪੀ.ਐਲ.ਸੀ.) ਦੇ ਭਗਵਾ ਪਾਰਟੀ ਵਿਚ ਰਲੇਵੇਂ ਤੇ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜਰ ਭਵਿੱਖ ਵਿਚ ਸੰਭਾਵਤ ਸੀਟਾਂ ਦੀ ਵੰਡ ਬਾਰੇ ਚਰਚਾ ਹੋਈ ਹੋ ਸਕਦੀ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਕੁਝ ਦਿਨਾਂ ਤੋਂ ਦਿੱਲੀ ‘ਚ ਡੇਰੇ ਲਾਏ ਹੋਏ ਹਨ ਤੇ ਇਸ ਦੌਰਾਨ ਉਨ੍ਹਾਂ ਨੇ ਭਾਜਪਾ ਦੀ ਉਚ ਲੀਡਰਸ਼ਿਪ ਨਾਲ ਮੀਟਿੰਗਾਂ ਕੀਤੀਆਂ ਹਨ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਰਟੀ ਪ੍ਰਧਾਨ ਜੇਪੀ ਨੱਢਾ ਨਾਲ ਵੀ ਮੀਟਿੰਗ ਕੀਤੀ ਸੀ। ਦੱਸਣਯੋਗ ਹੈ ਕਿ ਅਮਰਿੰਦਰ ਸਿੰਘ ਨੇ ਪਿਛਲੇ ਸਾਲ ਸਤੰਬਰ ਮਹੀਨੇ ਵਿਚ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਕੇ ਆਪਣੀ ਨਵੀਂ ਪਾਰਟੀ ਪੰਜਾਬ ਲੋਕ ਕਾਂਗਰਸ (ਪੀ.ਐਲ.ਸੀ.) ਦੀ ਸਥਾਪਨਾ ਕੀਤੀ ਸੀ ਤੇ ਮਗਰੋਂ ਭਾਜਪਾ ਨਾਲ ਗਠਜੋੜ ਵੀ ਕੀਤਾ ਸੀ।

## ਬਰਤਾਨੀਆ: ਮੈਨਚੈਸਟਰ ’ਚ ਗ੍ਰੰਥੀ ’ਤੇ ਹਮਲਾ ਕਰਨ ਵਾਲਾ ਗ੍ਰਿਫਤਾਰ

**ਮੈਨਚੈਸਟਰ:** ਬਰਤਾਨੀਆ ਦੇ ਮਾਨਚੈਸਟਰ ਵਿਚ ਸਿੱਖ ਗ੍ਰੰਥੀ ਉਤੇ ਪਿਛਲੇ ਮਹੀਨੇ ਹੋਏ ਹਮਲੇ ਸਬੰਧੀ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਹੈ। ਹਮਲੇ ‘ਚ 62 ਸਾਲਾ ਗ੍ਰੰਥੀ ਦੇ ਦਿਮਾਗ ‘ਤੇ ਗੰਭੀਰ ਸੱਟ ਲੱਗੀ ਸੀ। ਮਾਨਚੈਸਟਰ ਸਿਟੀ ਸੈਂਟਰ ਵਿਚ ਗ੍ਰੰਥੀ ਉਤੇ ਹਮਲੇ ਦੇ ਸਬੰਧੀ 28 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਪਿਛਲੇ ਹਫਤੇ ਪੁਲਿਸ ਨੇ ਹਮਲੇ ਦੀ ਸੀ.ਸੀ.ਟੀ.ਵੀ. ਫੁਟੇਜ ਜਾਰੀ ਕੀਤੀ ਸੀ।

## ਹੁਣ ਸੌਰ ਊਰਜਾ ’ਤੇ ਚੱਲਣਗੇ ਟਿਊਬਵੈੱਲ

**ਚੰਡੀਗੜ੍ਹ:** ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਬਿਜਲੀ ‘ਤੇ ਚੱਲਣ ਵਾਲੇ ਇਕ ਲੱਖ ਖੇਤੀ ਟਿਊਬਵੈੱਲਾਂ ਨੂੰ ਸੌਰ ਊਰਜਾ ਉਤੇ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਇਸ ਪ੍ਰੋਜੈਕਟ ਨਾਲ ਬਿਜਲੀ ਸਬਸਿਡੀ ਉਤੇ ਆਉਂਦੇ ਸਾਲਾਨਾ 200 ਕਰੋੜ ਰੁਪਏ ਦੇ ਖਰਚ ਦੀ ਬੱਚਤ ਹੋਵੇਗੀ। ਇਹ ਪ੍ਰੋਜੈਕਟ ਲਾਗੂ ਹੋਣ ਨਾਲ ਪੰਜਾਬ ਨੂੰ ਚਾਰ ਵੱਡੇ ਲਾਭ ਹੋਣਗੇ, ਜਿਨ੍ਹਾਂ ਵਿਚ ਸਰਕਾਰੀ ਖਜ਼ਾਨੇ ਉਤੇ ਸਬਸਿਡੀ ਦਾ ਬੋਝ ਘਟਾਉਣਾ, ਬਿਜਲੀ ਸਪਲਾਈ ਦੀ ਮੰਗ ਘਟਾਉਣਾ, ਖੇਤੀ ਉਤੇ ਆਉਣ ਵਾਲੀ ਲਾਗਤ ਘਟਾਉਣ ਦੇ ਨਾਲ-ਨਾਲ ਵਾਤਾਵਰਨ ਨੂੰ ਬਚਾਉਣ ਲਈ ਰਵਾਇਤੀ ਬਿਜਲੀ ਦੀ ਥਾਂ ਸੂਰਜੀ ਊਰਜਾ ਦੀ ਵਰਤੋਂ ਕਰਨਾ ਸ਼ਾਮਲ ਹੈ।

# ਭਗਵੰਤ ਮਾਨ ਵੱਲੋਂ ਜਰਮਨ ਕੰਪਨੀਆਂ ਨੂੰ ਪੰਜਾਬ ਵਿਚ ਨਿਵੇਸ਼ ਦਾ ਸੱਦਾ

**ਮਿਊਨਿਖ (ਜਰਮਨੀ):** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਜਰਮਨੀ ਦੌਰੇ ਦੌਰਾਨ ਪੰਜਾਬ ਨੂੰ ਨਿਵੇਸ਼ ਲਈ ਤਰਜੀਹੀ ਸਥਾਨ ਦੱਸਦਿਆਂ ਨਾਮੀ ਕੰਪਨੀਆਂ ਨਾਲ ਵਿਚਾਰ-ਚਰਚਾ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਜਰਮਨੀ ਦੇ ਉਦਯੋਗਪਤੀਆਂ ਨੂੰ ਅਗਲੇ ਸਾਲ 23-24 ਫਰਵਰੀ ਨੂੰ ਹੋਣ ਵਾਲੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

ਭਗਵੰਤ ਮਾਨ ਨੇ ਪ੍ਰਮੁੱਖ ਕੰਪਨੀਆਂ ਜੈਪਲਿਨ, ਬੁਏਲਰ, ਮਾਈਨੈਂਟ, ਡੋਨਲਡਸਨ, ਆਈਗਸ, ਸਿਪ੍ਰਿਆਨੀ ਹੈਰੀਸਨ ਵਾਲਵਸ, ਪੈਂਟੇਅਰ ਅਤੇ ਹੋਰਾਂ ਨਾਲ ਤੇਲ ਬੀਜ ਪ੍ਰੋਸੈਸਿੰਗ ਮਸ਼ੀਨਰੀ, ਉਦਯੋਗਿਕ ਏਅਰ ਫਿਲਟਰੇਸ਼ਨ ਪ੍ਰਣਾਲੀਆਂ, ਸ਼ੁੱਧੀਕਰਨ ਤਕਨਾਲੋਜੀ, ਪਾਣੀ ਵਿਚ ਰਸਾਇਣਾਂ ਦਾ ਮਾਪ, ਉਦਯੋਗਾਂ ਦੇ ਪਾਣੀ ਨੂੰ ਸੋਧਣ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਪੰਜਾਬ ਨੂੰ ਕਾਰੋਬਾਰ ਕਰਨ ਲਈ ਪਸੰਦੀਦਾ ਸਥਾਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੰਪਨੀਆਂ ਨੂੰ ਸੂਬੇ ਵਿਚ ਨਿਵੇਸ਼ ਕਰਨ ਨਾਲ ਬਹੁਤ ਫਾਇਦਾ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਨਿਵੇਸ਼ ਪੱਖੀ ਨੀਤੀਆਂ ਉਦਯੋਗਿਕ ਸ਼ਾਂਤੀ ਅਤੇ ਅਤਿ ਆਧੁਨਿਕ ਬੁਨਿਆਦੀ ਢਾਂਚੇ ਦੇ ਨਾਲ ਸੂਬੇ ਵਿਚ ਉਦਯੋਗਿਕ ਵਿਕਾਸ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਸਿੰਗਲ ਵਿੰਡੋ ਸੇਵਾ ਮਹਿਜ ਦਿਖਾਵਾ ਸੀ ਜਿਸ ਨੇ ਨਾ ਸਿਰਫ ਸੰਭਾਵੀ ਨਿਵੇਸ਼ਕਾਂ ਨੂੰ ਨਿਰਾਸ਼ ਕੀਤਾ, ਸਗੋਂ ਸੂਬੇ ਦੇ ਉਦਯੋਗਿਕ ਵਿਕਾਸ ਵਿਚ ਵੀ ਰੁਕਾਵਟ ਪਾਈ ਪਰ ਉਨ੍ਹਾਂ ਦੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਸਿੰਗਲ ਵਿੰਡੋ ਪ੍ਰਣਾਲੀ ਸੂਬੇ ਵਿਚ ਨਿਵੇਸ਼ ਕਰਨ ਦੇ ਇਛੁੱਕ ਉੱਦਮੀਆਂ ਲਈ ਇਕ ਅਸਲ ਸਹੂਲਤ ਵਜੋਂ ਕੰਮ ਕਰੇ।

# ਅਮਰੀਕਾ ਨੇ 82 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਵੀਜ਼ੇ ਦਿੱਤੇ

**ਨਵੀਂ ਦਿੱਲੀ:** ਭਾਰਤ ਵਿਚ ਸਥਿਤ ਯੂ.ਐਸ. ਮਿਸ਼ਨ ਨੇ ਸਾਲ 2022 ਵਿਚ ਰਿਕਾਰਡ ਤੋੜ 82,000 ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ, ਜੋ ਕਿਸੇ ਹੋਰ ਮੁਲਕ ਵੱਲੋਂ ਜਾਰੀ ਵੀਜ਼ਿਆਂ ਦੇ ਮੁਕਾਬਲੇ ਸਭ ਤੋਂ ਵੱਧ ਹਨ ਤੇ ਅਮਰੀਕਾ ਵਿਚ ਪੜ੍ਹਾਈ ਕਰ ਰਹੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦਾ ਲਗਭਗ 20 ਫੀਸਦੀ ਹਿੱਸਾ ਹਨ। ਅਮਰੀਕੀ ਮਾਮਲਿਆਂ ਸਬੰਧੀ ਅਧਿਕਾਰੀ ਪੈਟਰੀਸੀਆ ਲਾਸਿਨਾ ਨੇ ਕਿਹਾ,’ਕੋਵਿਡ- 19 ਕਾਰਨ ਪਿਛਲੇ ਵਰ੍ਹਿਆਂ ‘ਚ ਹੋਈ ਦੇਰੀ ਤੋਂ ਬਾਅਦ ਇਸ ਵਰ੍ਹੇ ਇਹ ਦੇਖ ਕੇ ਖੁਸ਼ ਹਾਂ ਕਿ ਇੰਨੀ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਵੀਜ਼ੇ ਮਿਲਣ ਮਗਰੋਂ ਉਹ ਆਪਣੀਆਂ ਯੂਨੀਵਰਸਿਟੀਆਂ ਵਿਚ ਦਾਖਲੇ ਲੈਣ ‘ਚ ਸਫਲ ਹੋਏ ਹਨ। ਅਸੀਂ ਇਨ੍ਹਾਂ ਗਰਮੀਆਂ ਵਿਚ ਹੀ 82,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ, ਜੋ ਪਿਛਲੇ ਕਿਸੇ ਵੀ ਸਾਲ ਦੀ ਤੁਲਨਾ ‘ਚ ਜ਼ਿਆਦਾ ਹਨ।‘ ਨਵੀਂ ਦਿੱਲੀ ਵਿਚ ਸਥਿਤ ਅਮਰੀਕਾ ਦੀ ਅੰਬੈਸੀ ਤੇ ਚੇਨੱਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚ ਸਥਿਤ ਚਾਰ ਕੌਂਸੂਲੇਟਾਂ ਨੇ ਮਈ ਤੋਂ ਅਗਸਤ ਦੌਰਾਨ ਵਿਦਿਆਰਥੀ ਵੀਜ਼ਿਆਂ ਸਬੰਧੀ ਅਰਜ਼ੀਆਂ ਦਾ ਨਿਬੇੜਾ ਤਰਜੀਹੀ ਆਧਾਰ ‘ਤੇ ਕੀਤਾ।

# ਪੰਜਾਬ ਦੇ ਗੈਂਗਸਟਰ ਕੌਮੀ ਰਡਾਰ ’ਤੇ

*(ਪਹਿਲੇ ਸਫੇ ਦੀ ਬਾਕੀ)*

ਨੂੰ ਚੌਕਸ ਕੀਤਾ ਸੀ। ਇਨ੍ਹਾਂ ਗੈਂਗਸਟਰਾਂ ਦੇ ਹੌਸਲੇ ਇੰਨੇ ਵਧ ਗਏ ਹਨ ਕਿ ਇਹ ਲਗਾਤਾਰ ਉਚ ਪੁਲਿਸ ਅਧਿਕਾਰੀਆਂ ਨੂੰ ਧਮਕੀਆਂ ਦੇ ਰਹੇ ਹਨ। ਮੂਸੇਵਾਲਾ ਦੀ ਹੱਤਿਆ ਪਿੱਛੋਂ ਗੈਂਗਸਟਰਾਂ ਧੜਿਆਂ ਵੱਲੋਂ ਇਕ ਦੂਜੇ ਨੂੰ ਸਬਕ ਸਿਖਾਉਣ ਲਈ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਮੂਸੇਵਾਲਾ ਕਤਲ ਕੇਸ ਦੇ ਮੁੱਖ ਮੁਲਜ਼ਮ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਉਤੇ ਅਦਾਲਤ ਵਿਚ ਪੇਸ਼ੀ ਦੌਰਾਨ ਹਮਲਾ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੱਤਰ ਵਿਚ ਕਿਹਾ ਸੀ ਕਿ ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਗੈਂਗਸਟਰ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਉਤੇ ਅਦਾਲਤੀ ਸੁਣਵਾਈ ਦੌਰਾਨ ਜਾਨਲੇਵਾ ਹਮਲਾ ਕਰ ਸਕਦੇ ਹਨ। ਇਸ ਪਿੱਛੋਂ ਪੰਜਾਬ ਪੁਲਿਸ ਨੂੰ ਵਿਸ਼ੇਸ਼ ਚੌਕਸੀ ਵਰਤਣ ਲਈ ਆਖਿਆ ਗਿਆ ਸੀ। ਐਨ.ਆਈ.ਏ. ਦੀ ਤਾਜ਼ਾ ਕਾਰਵਾਈ ਤੋਂ ਜਾਪ ਰਿਹਾ ਹੈ ਕਿ ਕੇਂਦਰੀ ਏਜੰਸੀਆਂ ਗੈਂਗਸਟਰਾਂ ਦੀਆਂ ਸਰਗਰਮੀਆਂ ਨੂੰ ਗੰਭੀਰਤਾ ਨਾਲ ਦੇਖਣ ਲੱਗੀਆਂ ਹਨ ਤੇ ਆਉਣ ਵਾਲੇ ਦਿਨਾਂ ਵਿਚ ਇਸ ਪਾਸੇ ਵੱਡੀ ਕਾਰਵਾਈ ਕਰਨ ਦੀ ਤਿਆਰੀ ਹੈ।

# ਤਖਤ ਸ੍ਰੀ ਪਟਨਾ ਸਾਹਿਬ ਦਾ ਜਥੇਦਾਰ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਖਿਲਾਫ਼ ਚੱਲ ਰਹੇ ਵਿਵਾਦ ਦੇ ਮਾਮਲੇ ਵਿਚ ਤਖਤ ਦੇ ਪੰਜ ਪਿਆਰਿਆਂ ਨੇ ਉਨ੍ਹਾਂ ਨੂੰ ਤਨਖਾਹੀਆ ਐਲਾਨਿਆ ਹੈ। ਉਨ੍ਹਾਂ ਖਿਲਾਫ ਦੋਸ਼ ਲਾਉਣ ਵਾਲੇ ਨੂੰ ਵੀ ਤਨਖਾਹ ਲਾਈ ਹੈ। ਜਾਰੀ ਹੁਕਮਨਾਮੇ ‘ਤੇ ਤਖਤ ਦੇ ਸੀਨੀਅਰ ਗ੍ਰੰਥੀ ਦਲੀਪ ਸਿੰਘ, ਸੀਨੀਅਰ ਮੀਤ ਗ੍ਰੰਥੀ ਗੁਰਦਿਆਲ ਸਿੰਘ, ਵਧੀਕ ਹੈੱਡ ਗ੍ਰੰਥੀ ਬਲਦੇਵ ਸਿੰਘ, ਗ੍ਰੰਥੀ ਸੁਖਦੇਵ ਸਿੰਘ ਅਤੇ ਗ੍ਰੰਥੀ ਪਰਸ਼ੂ ਰਾਮ ਸਿੰਘ ਦੇ ਦਸਤਖਤ ਹਨ। ਦੂਜੀ ਧਿਰ ਡਾ. ਗੁਰਵਿੰਦਰ ਸਿੰਘ ਸਮਰਾ ਨੂੰ ਵੀ ਹੁਕਮ ਦਿੱਤਾ ਗਿਆ ਹੈ ਕਿ ਉਹ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਅਖੰਡ ਪਾਠ ਕਰਵਾਉਣ। ਇਨ੍ਹਾਂ ਤਿੰਨ ਦਿਨਾਂ ਦੌਰਾਨ ਉਹ ਰੋਜ਼ਾਨਾ ਇਕ ਘੰਟਾ ਜੋੜੇ ਝਾੜਨ, ਭਾਂਡੇ ਮਾਂਜਣ, ਉਪਰੰਤ ਮੁਆਫੀ ਲਈ ਅਰਦਾਸ ਕਰਵਾਉਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

## ਕੈਂਸਰ ਰੋਕਣ 'ਚ ਸਹਾਈ ਹੋ ਸਕਦੀ ਹੈ ਜੈਨੇਟਿਕ ਟੈਸਟਿੰਗ

**ਨਵੀਂ ਦਿੱਲੀ:** ਕੈਂਸਰ ਦਾ ਇਲਾਜ ਕਰਨ ਵਾਲੇ ਚੋਟੀ ਦੇ ਡਾਕਟਰਾਂ (ਓਂਕੋਲੋਜਿਸਟ) ਨੇ ਕਿਹਾ ਹੈ ਕਿ ਜੈਨੇਟਿਕ ਟੈਸਟਿੰਗ ਨਾਲ ਕੈਂਸਰ ਨੂੰ ਘਟਾਇਆ ਜਾ ਸਕਦਾ ਹੈ ਤੇ ਬਿਮਾਰੀ ਨੂੰ ਹੋਣ ਤੋਂ ਰੋਕਿਆ ਵੀ ਸਕਦਾ ਹੈ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਦੇ ਸਰੀਰ ਵਿਚ ਅਜਿਹੇ ਜੀਨ ਹੁੰਦੇ ਹਨ ਜਿਨ੍ਹਾਂ ਨਾਲ ਸਾਰੀ ਜ਼ਿੰਦਗੀ ਕੈਂਸਰ ਦਾ ਜੋਖਮ ਬਣਿਆ ਰਹਿ ਸਕਦਾ ਹੈ। ਇਹ ਜੀਨ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਤੋਂ ਮਿਲੇ ਹੋ ਸਕਦੇ ਹਨ ਜਿਨ੍ਹਾਂ ਨਾਲ ਕੈਂਸਰ ਹੋਣ ਦਾ ਜੋਖਮ ਹੋਵੇ।

ਡਾਕਟਰਾਂ ਮੁਤਾਬਕ ਛਾਤੀ, ਓਵਰੀਅਨ ਤੇ ਬੱਚੇਦਾਨੀ ਦੇ ਕੈਂਸਰ ਤੋਂ ਪੀੜਤ ਔਰਤਾਂ ਦੇ ਸਰੀਰ ਵਿਚ ਕੁਝ ਖਾਸ 'ਜੈਨੇਟਿਕ ਮਿਊਟੇਸ਼ਨਸ' ਕੈਂਸਰ ਦੇ ਗੰਭੀਰ ਖਤਰੇ ਨਾਲ ਜੁੜੀਆਂ ਹੁੰਦੀਆਂ ਹਨ। ਅਜਿਹੇ ਮਰੀਜ਼ਾਂ ਵਿਚ ਕੈਂਸਰ ਪੈਦਾ ਕਰਨ ਵਾਲੀ ਜੈਨੇਟਿਕ ਮਿਊਟੇਸ਼ਨ, ਜੋ ਜੀਨ ਦੇ ਅਸਲੀ ਸਰੂਪ ਨੂੰ ਵਿਗਾੜਦੀ ਹੈ, ਦਾ ਪਤਾ ਲਾ ਕੇ ਕੈਂਸਰ ਨੂੰ ਅੱਗੇ ਵਧਣ ਤੋਂ ਰੋਕਿਆ ਜਾ ਸਕਦਾ ਹੈ। ਲੰਡਨ ਆਧਾਰਿਤ ਓਂਕੋਲੋਜਿਸਟ (ਕੈਂਸਰ ਮਾਹਿਰ) ਤੇ ਏਮਸ ਦੀ ਇਨਫੋਸਿਸ ਚੇਅਰ ਆਫ ਓਂਕੋਲੋਜੀ ਦੇ ਹੈੱਡ ਡਾ. ਰਣਜੀਤ ਮਨਚੰਦਾ ਨੇ ਕਿਹਾ ਕਿ ਜੀਨ ਟੈਸਟਿੰਗ ਤੋਂ ਬਾਅਦ ਉਪਲਬਧ ਇਲਾਜ ਰਾਹੀਂ ਅਜਿਹਾ ਕੀਤਾ ਜਾ ਸਕਦਾ ਹੈ। ਡਾ. ਮਨਚੰਦਾ ਨੇ ਕਿਹਾ ਕਿ ਜੈਨੇਟਿਕ ਟੈਸਟਿੰਗ ਰਾਹੀਂ ਓਵਰੀਅਨ ਕੈਂਸਰ ਦੇ 20 ਪ੍ਰਤੀਸ਼ਤ, ਛਾਤੀ ਦੇ 4-5 ਪ੍ਰਤੀਸ਼ਤ ਤੇ ਬੱਚੇਦਾਨੀ ਦੇ 3-5 ਪ੍ਰਤੀਸ਼ਤ ਕੈਂਸਰ ਕੇਸਾਂ ਨੂੰ ਘਟਾਇਆ ਜਾ ਸਕਦਾ ਹੈ। ਭਾਰਤ 'ਚ ਵੀ ਜੈਨੇਟਿਕ ਟੈਸਟਿੰਗ ਰਾਹੀਂ ਕੈਂਸਰ ਘਟਣ ਦੇ ਸਬੂਤ ਹਨ।

# ਵੰਡ ਵੇਲੇ ਵਿਛੜੇ ਭੈਣ-ਭਰਾ ਦਾ ਹੋਇਆ ਮੇਲ



**ਇਸਲਾਮਾਬਾਦ:** ਦੇਸ਼ ਵੰਡ ਵੇਲੇ ਆਪਣੇ ਪਰਿਵਾਰ ਤੋਂ ਵਿੱਛੜਨ ਤੋਂ 75 ਸਾਲ ਬਾਅਦ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਪਾਕਿਸਤਾਨ ਤੋਂ ਆਈ ਆਪਣੀ ਮੁਸਲਿਮ ਭੈਣ ਨੂੰ ਮਿਲਣ 'ਤੇ ਜਲੰਧਰ ਦੇ ਅਮਰਜੀਤ ਸਿੰਘ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ।

ਵੰਡ ਵੇਲੇ ਪਾਕਿਸਤਾਨ ਜਾ ਰਹੇ ਪਰਿਵਾਰ ਤੋਂ ਅਮਰਜੀਤ ਸਿੰਘ ਤੇ ਉਸ ਦੀ ਭੈਣ ਵਿੱਛੜ ਗਏ ਸਨ। ਪਾਕਿਸਤਾਨ ਦੇ ਪੰਜਾਬ ਸੂਬੇ ਦੇ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਖੇ ਵ੍ਹੀਲਚੇਅਰ ਉਤੇ ਅਮਰਜੀਤ ਸਿੰਘ ਦੀ ਆਪਣੀ ਭੈਣ ਕੁਲਸੂਮ ਅਖਤਰ ਨਾਲ ਭਾਵੁਕ ਮੁਲਾਕਾਤ ਹੋਣ ਉਤੇ ਸਾਰਿਆਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਅਮਰਜੀਤ ਸਿੰਘ ਆਪਣੀ ਭੈਣ ਨੂੰ ਮਿਲਣ ਲਈ ਵੀਜ਼ਾ ਲੈ ਕੇ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਪਹੁੰਚਿਆ। 65 ਸਾਲਾ ਕੁਲਸੂਮ ਭਰਾ ਨੂੰ ਦੇਖ ਕੇ ਆਪਣੀਆਂ ਭਾਵਨਾਵਾਂ ਉਤੇ ਕਾਬੂ ਨਹੀਂ ਰੱਖ ਸਕੀ। ਦੋਵੇਂ ਇਕ ਦੂਜੇ ਨੂੰ ਜੱਫੀ ਪਾ ਕੇ ਰੋਂਦੇ ਰਹੇ। ਉਹ ਆਪਣੇ ਭਰਾ ਨੂੰ ਮਿਲਣ ਲਈ ਆਪਣੇ ਪੁੱਤਰ ਸ਼ਹਿਜਾਦ ਅਹਿਮਦ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਫੈਸਲਾਬਾਦ ਸਥਿਤ ਆਪਣੇ ਜੱਦੀ ਸ਼ਹਿਰ ਤੋਂ ਗਈ ਸੀ। ਕੁਲਸੂਮ ਨੇ ਕਿਹਾ ਕਿ ਉਸ ਦੇ ਮਾਤਾ-ਪਿਤਾ 1947 ਵਿਚ ਜਲੰਧਰ ਤੋਂ ਪਾਕਿਸਤਾਨ ਜਾਣ ਵੇਲੇ ਪੁੱਤ ਤੇ ਧੀ ਤੋਂ ਵਿੱਛੜ ਗਏ ਸਨ। ਕੁਲਸੂਮ ਨੇ ਕਿਹਾ ਕਿ ਉਹ ਪਾਕਿਸਤਾਨ ਵਿਚ ਪੈਦਾ ਹੋਈ ਸੀ ਅਤੇ ਆਪਣੀ ਮਾਂ ਤੋਂ ਆਪਣੇ ਗੁਆਚੇ ਹੋਏ ਭਰਾ ਅਤੇ ਭੈਣ ਬਾਰੇ ਸੁਣਦੀ ਸੀ। ਉਸ ਨੇ ਦੱਸਿਆ ਕਿ ਉਸ ਦੀ ਮਾਂ ਜਦੋਂ ਵੀ ਆਪਣੇ ਗੁੰਮ ਹੋਏ ਬੱਚਿਆਂ ਨੂੰ ਯਾਦ ਕਰਦੀ ਤਾਂ ਰੋਣ ਲੱਗ ਜਾਂਦੀ ਸੀ। ਉਸ ਨੂੰ ਉਮੀਦ ਨਹੀਂ ਸੀ ਕਿ ਉਹ ਕਦੇ ਆਪਣੇ ਵਿੱਛੜਿਆਂ ਨੂੰ ਮਿਲ ਸਕੇਗੀ। ਕੁਝ ਸਾਲ ਪਹਿਲਾਂ ਉਸ ਦੇ ਪਿਤਾ ਦਾ ਦੋਸਤ ਦਾਰਾ ਸਿੰਘ ਭਾਰਤ ਤੋਂ ਪਾਕਿਸਤਾਨ ਆਇਆ ਸੀ ਅਤੇ ਉਸ ਨੂੰ ਵੀ ਮਿਲਿਆ ਸੀ। ਉਸ ਦੀ ਮਾਂ ਨੇ ਦਾਰਾ ਸਿੰਘ ਨੂੰ ਆਪਣੇ ਪੁੱਤਰ ਤੇ ਧੀ ਬਾਰੇ ਦੱਸਿਆ। ਉਸ ਨੇ ਉਨ੍ਹਾਂ ਨੂੰ ਆਪਣੇ ਪਿੰਡ ਦਾ ਨਾਮ ਅਤੇ ਉਸ ਦੇ ਘਰ ਦਾ ਸਥਾਨ ਵੀ ਦੱਸਿਆ। ਸਰਦਾਰ ਦਾਰਾ ਸਿੰਘ ਫਿਰ ਪਿੰਡ ਵਿਚ ਉਸ ਦੇ ਘਰ ਗਿਆ ਅਤੇ ਉਸ ਨੇ ਉਥੋਂ ਦੱਸਿਆ ਕਿ ਉਸ ਦਾ ਪੁੱਤਰ ਜਿੰਦਾ ਹੈ ਪਰ ਉਸ ਦੀ ਧੀ ਮਰ ਚੁੱਕੀ ਹੈ। ਉਸ ਦੇ ਬੇਟੇ ਦਾ ਨਾਮ ਅਮਰਜੀਤ ਸਿੰਘ ਹੈ, ਜਿਸ ਨੂੰ 1947 ਵਿਚ ਸਿੱਖ ਪਰਿਵਾਰ ਨੇ ਗੋਦ ਲਿਆ ਸੀ। ਭਰਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਕੁਲਸੂਮ ਨੇ ਵਟਸਐਪ ਉਤੇ ਅਮਰਜੀਤ ਸਿੰਘ ਨਾਲ ਸੰਪਰਕ ਕੀਤਾ ਅਤੇ ਬਾਅਦ ਵਿਚ ਮਿਲਣ ਦਾ ਫੈਸਲਾ ਕੀਤਾ। ਕੁਲਸੂਮ ਨੇ ਪਿੱਠ ਦੇ ਗੰਭੀਰ ਦਰਦ ਦੇ ਬਾਵਜੂਦ ਆਪਣੇ ਭਰਾ ਨੂੰ ਮਿਲਣ ਲਈ ਕਰਤਾਰਪੁਰ ਜਾਣ ਦੀ ਹਿੰਮਤ ਜੁਟਾਈ।

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:**
847-359-0746

**AVEER TRAVEL SOLUTIONS LLC**
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
*For Airport Drop-Off and Pickup Indy to Chicago Please Contact AVI at: 847-226-2323*
*Located in INDIANAPOLIS (IN)*

**KULJEET (KJ) SINGH**
Managing Broker Realtor
GAYA Realty
**Interested in:**
Buying Selling
Investing Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ




*Kuljeet Singh*
Over 20 Years of Experience
*Contact Information:*
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.

**SUPER TRAVEL**
847-676-9090, 773-465-5566
*E-mail: supertravel2003@live.com*
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

**Sistar Mortgage**
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

GoldenKey LENDING
ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ *HOUSE LOAN* ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
HOME LOANS MADE SIMPLE
The feeling of attachment, togetherness
We understand what a home means
*Manny Singh Nagra*
*Principal Broker*
*Star Alliance Brokerage, INC*
Contact Us at
317-620-4100
317-750-1900
REAL ESTATE | RESIDENTIAL & COMMERCIAL
325 S. College Avenue, Indianapolis, Indiana 46202
NMLS 147421
www.goldenkeylending.com



# 11 ਸਤੰਬਰ ਦੇ ਹਮਲੇ ਦੇ ਯਾਦਗਾਰੀ ਸਮਾਰੋਹ ਵਿਚ ਡੇਟਨ ਦੇ ਸਿੱਖਾਂ ਵਲੋਂ ਸ਼ਮੂਲੀਅਤ

**ਡੇਟਨ:** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਨੇ ਸੈਂਕੜੇ ਹੋਰ ਸਥਾਨਕ ਅਮਰੀਕਨਾਂ ਨਾਲ 11 ਸਤੰਬਰ, 2001 ਨੂੰ ਨਿਊਯਾਰਕ ਵਿਖੇ ਵਰਲਡ ਟਰੇਡ ਸੈਂਟਰ ਟਾਵਰਾਂ ਅਤੇ ਪੈਂਟਾਗਨ 'ਤੇ ਹੋਏ ਅਤਿਵਾਦੀ ਹਮਲਿਆਂ ਦੀ 21ਵੀਂ ਵਰ੍ਹੇਗੰਢ ਮੌਕੇ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ।





ਇਸ ਸਾਲਾਨਾ ਯਾਦਗਾਰੀ ਸਮਾਰੋਹ ਦਾ ਆਯੋਜਨ ਬੀਵਰਕ੍ਰੀਕ ਦੇ 9/11 ਮੈਮੋਰੀਅਲ ਵਿਖੇ ਕੀਤਾ ਗਿਆ ਸੀ ਤਾਂ ਜੋ ਹਮਲੇ 'ਚ ਜਾਨਾਂ ਗੁਆਉਣ ਵਾਲਿਆਂ ਨੂੰ ਯਾਦ ਕੀਤਾ ਜਾ ਸਕੇ। ਦੱਸਣਯੋਗ ਹੈ ਕਿ ਇਨ੍ਹਾਂ ਹਮਲਿਆਂ ਦੌਰਾਨ ਇਨ੍ਹਾਂ ਟਾਵਰਾਂ ਦੀਆਂ ਇਮਾਰਤਾਂ ਵਿਚ ਅਤੇ ਆਲੇ ਦੁਆਲੇ 2600 ਤੋਂ ਵੱਧ ਲੋਕ ਮਾਰੇ ਗਏ ਸਨ ਜਦੋਂ ਅਤਿਵਾਦੀਆਂ ਨੇ ਹਵਾਈ ਜਹਾਜ਼ਾਂ ਨੂੰ ਅਗਵਾ ਕੀਤਾ ਅਤੇ ਟਾਵਰਾਂ ਨਾਲ ਟਕਰਾਅ ਦਿੱਤਾ, 186 ਲੋਕ ਪੈਂਟਾਗਨ ਵਿਖੇ ਜਹਾਜ਼ ਨਾਲ ਕੀਤੇ ਗਏ ਹਮਲੇ ਅਤੇ 40 ਪੈਨਸਿਲਵੇਨੀਆ ਵਿਚ ਜਹਾਜ਼ ਹਾਦਸੇ ਵਿਚ ਮਾਰੇ ਗਏ।

ਬੀਵਰਕ੍ਰੀਕ ਦੇ ਇਸ 9/11 ਮੈਮੋਰੀਅਲ ਵਿਚ ਸਟੀਲ ਦਾ 25-ਫੁੱਟ ਉੱਚਾ ਮੁੜਿਆ ਹੋਇਆ ਪਿੱਲਰ ਸਥਾਪਿਤ ਕੀਤਾ ਗਿਆ ਹੈ, ਜੋ ਹਮਲੇ ਤੋਂ ਪਹਿਲਾਂ ਵਰਲਡ ਟਰੇਡ ਸੈਂਟਰ ਦੇ ਉੱਤਰੀ ਟਾਵਰ ਦੀਆਂ 101ਵੀਂ ਅਤੇ 105ਵੀਂ ਮੰਜ਼ਿਲਾਂ ਦੇ ਵਿਚਕਾਰ ਲੱਗਾ ਹੋਇਆ ਸੀ। ਇਸ ਟੁਕੜੇ ਨੂੰ ਦੋ ਅੱਗ ਬੁਝਾਊ ਦਸਤਿਆਂ ਦੁਆਰਾ ਬੀਵਰਕ੍ਰੀਕ ਵਿਚ ਲਿਆਂਦਾ ਗਿਆ ਸੀ ਜੋ ਓਹਾਇਓ ਟਾਸਕ ਫੋਰਸ ਵਨ ਦਾ ਹਿੱਸਾ ਸਨ ਅਤੇ ਇਨ੍ਹਾਂ ਨੇ ਨਿਊਯਾਰਕ ਵਿਚ ਗਰਾਊਂਡ ਜ਼ੀਰੋ ਵਿਖੇ ਬਚਾਅ ਕਾਰਜਾਂ ਵਿਚ ਸਹਾਇਤਾ ਕੀਤੀ ਸੀ।

ਸਮਾਰੋਹ ਵਿਚ ਯਾਦਗਾਰ ਉੱਤੇ ਝੰਡਾ ਨੀਵਾਂ ਕੀਤਾ ਗਿਆ, ਫੌਜ ਦੇ ਜਵਾਨਾਂ ਵਲੋਂ ਰਾਸ਼ਟਰੀ ਗੀਤ ਗਾਇਆ ਗਿਆ ਅਤੇ ਰਸਮੀ ਘੰਟੀ ਵਜਾਈ ਗਈ। ਬੀਵਰਕ੍ਰੀਕ ਦੇ ਮੇਅਰ ਬੌਬ ਸਟੋਨ ਨੇ ਸ਼ਰਧਾਂਜਲੀ ਸੰਦੇਸ਼ ਦਿੱਤਾ। ਗ੍ਰੀਨ ਕਾਊਂਟੀ ਦੇ ਕਮਿਸ਼ਨਰ ਰਿੱਕ ਪਿਰੈਲਸ ਵੀ ਇਸ ਸਮਾਗਮ ਵਿਚ ਸ਼ਾਮਲ ਹੋਏ।

ਸਮਾਰੋਹ ਵਿਚ ਸ਼ਾਮਲ ਹੋਏ ਸਿੱਖ ਭਾਈਚਾਰੇ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ, "ਅਸੀਂ ਇਸ ਸਮਾਰੋਹ ਵਿਚ ਉਨ੍ਹਾਂ ਪੁਰਸ਼ਾਂ ਅਤੇ ਔਰਤਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ ਹਾਂ, ਜਿਨ੍ਹਾਂ ਨੇ ਇਨ੍ਹਾਂ ਹਮਲਿਆਂ ਵਿਚ ਆਪਣੀ ਜਾਨ ਗੁਆ ਦਿੱਤੀ ਅਤੇ ਜਿਸ ਵਿਚ ਅੱਗ ਬੁਝਾਊ ਅਮਲੇ ਦੇ ਮੈਂਬਰ, ਪੁਲਿਸ ਅਧਿਕਾਰੀ ਤੇ ਮੈਡੀਕਲ ਸੇਵਾਵਾਂ ਦੇ ਅਮਲੇ ਵੀ ਸ਼ਾਮਲ ਸਨ। ਅਸੀਂ ਫੌਜੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਵੀ ਸਨਮਾਨ ਕਰਦੇ ਹਾਂ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।"



ਗੁਮਟਾਲਾ ਨੇ ਦੱਸਿਆ ਕਿ ਹਰ ਸਾਲ ਭਾਈਚਾਰੇ ਵਲੋਂ ਬਲਬੀਰ ਸਿੰਘ ਸੋਢੀ ਨੂੰ ਵੀ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਇਸ ਹਮਲੇ ਤੋਂ ਚਾਰ ਦਿਨ ਬਾਅਦ ਉਨ੍ਹਾਂ ਦੇ ਮੀਸਾ, ਐਰੀਜ਼ੋਨਾ ਗੈਸ ਸਟੇਸ਼ਨ ਦੇ ਬਾਹਰ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਹਮਲਾਵਰ 11 ਸਤੰਬਰ ਦੇ ਹਮਲਿਆਂ ਦਾ ਬਦਲਾ ਲੈਣ ਲਈ "ਮੁਸਲਮਾਨਾਂ ਨੂੰ ਮਾਰਨਾ" ਚਾਹੁੰਦਾ ਸੀ। ਇਹ 9/11 ਦੇ ਹਮਲੇ ਤੋਂ ਬਾਅਦ ਦਾ ਪਹਿਲਾ ਘਾਤਕ ਨਫ਼ਰਤੀ ਅਪਰਾਧ ਸੀ। ਇਸ ਤੋਂ ਬਾਅਦ ਸਿੱਖਾਂ, ਮੁਸਲਮਾਨਾਂ, ਦੱਖਣੀ ਏਸ਼ਿਆਈ ਅਤੇ ਹੋਰਨਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੀਆਂ ਘਟਨਾਵਾਂ ਦੀ ਲਹਿਰ ਸ਼ੁਰੂ ਹੋ ਗਈ ਸੀ।

ਡੇਟਨ ਅਤੇ ਨਾਲ ਲੱਗਦੇ ਸ਼ਹਿਰ ਸਿਨਸਿਨੈਟੀ ਦੇ ਗੁਰਦੁਆਰਾ ਸਾਹਿਬ ਤੋਂ ਇਲਾਵਾ ਬਾਕੀ ਦੇਸ਼ ਦੇ ਗੁਰਦੁਆਰਿਆਂ ਵਿਚ ਵੀ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਸਮਾਰੋਹ ਵਿਚ ਸਿੱਖ ਭਾਈਚਾਰੇ ਤੋਂ ਡਾ. ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਰਾਜਪਾਲ ਸਿੰਘ, ਰਾਈਟ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀ ਹਰਰੂਪ ਸਿੰਘ, ਹਰਸ਼ਦੀਪ ਸਿੰਘ, ਨਵਰਤਨ ਸਿੰਘ ਆਦਿ ਸ਼ਾਮਲ ਹੋਏ।

ਇੱਥੇ ਇਹ ਵਰਣਨਯੋਗ ਹੈ ਕਿ ਵਰਲਡ ਟਰੇਡ ਸੈਂਟਰ ਦੇ ਬਹੁਤ ਸਾਰੇ ਪਿੱਲਰਾਂ ਨੂੰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਬਣਾਈਆਂ ਯਾਦਗਾਰਾਂ 'ਤੇ ਸਥਾਪਿਤ ਕੀਤਾ ਗਿਆ ਹੈ ਜਿੱਥੇ ਲੋਕ ਕਿਸੇ ਵੀ ਸਮੇਂ ਸ਼ਰਧਾਂਜਲੀ ਭੇਟ ਕਰ ਸਕਦੇ ਹਨ।

# ਅਦਾਕਾਰ ਸਲਮਾਨ ਖਾਨ ਵੀ ਸੀ ਲਾਰੈਂਸ ਬਿਸ਼ਨੋਈ ਗਰੋਹ ਦੇ ਨਿਸ਼ਾਨੇ 'ਤੇ

## ਮੂਸੇਵਾਲਾ ਕਤਲ ਨਾਲ ਜੁੜੇ ਸ਼ੂਟਰ ਦੀਪਕ ਮੁੰਡੀ ਦੀ ਗ੍ਰਿਫਤਾਰੀ ਪਿੱਛੋਂ ਵੱਡੇ ਖੁਲਾਸੇ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਕਤਲ ਕਾਂਡ ਨਾਲ ਜੁੜੇ ਆਖਰੀ ਤੇ ਛੇਵੇਂ ਸ਼ੂਟਰ ਦੀਪਕ ਮੁੰਡੀ ਅਤੇ ਉਸ ਦੇ ਦੋ ਸਾਥੀਆਂ ਦੀ ਨੇਪਾਲ ਵਿਚੋਂ ਗ੍ਰਿਫਤਾਰੀ ਸਬੰਧੀ ਅਹਿਮ ਖੁਲਾਸੇ ਕੀਤੇ ਹਨ। ਡੀ.ਜੀ.ਪੀ. ਨੇ ਦੱਸਿਆ ਕਿ ਲਾਰੈਂਸ ਬਿਸ਼ਨੋਈ ਗਰੋਹ ਦੇ ਨਿਸ਼ਾਨੇ 'ਤੇ ਬੌਲੀਵੁੱਡ ਅਦਾਕਾਰ ਸਲਮਾਨ ਖ਼ਾਨ ਵੀ ਸੀ ਅਤੇ ਇਸ ਗਰੋਹ ਨੇ ਸੰਪਤ ਨਹਿਰਾ ਅਤੇ ਗੋਲਡੀ ਬਰਾੜ ਰਾਹੀਂ ਅਦਾਕਾਰ ਸਲਮਾਨ ਖ਼ਾਨ ਦੀ ਹੱਤਿਆ ਨੂੰ ਅੰਜਾਮ ਦੇਣ ਲਈ ਸੰਪਰਕ ਕੀਤਾ ਸੀ।

ਡੀ.ਜੀ.ਪੀ. ਨੇ ਦੱਸਿਆ ਕਿ ਸਲਮਾਨ ਖ਼ਾਨ ਨੂੰ ਮਾਰਨ ਦੀ ਰਣਨੀਤੀ ਘੜਨ ਲਈ ਕਪਿਲ ਪੰਡਿਤ ਨੂੰ ਸਚਿਨ ਬਿਸ਼ਨੋਈ ਅਤੇ ਸੰਤੋਸ਼ ਯਾਦਵ ਨਾਲ ਮਿਲ ਕੇ ਰੇਕੀ ਕਰਨ ਲਈ ਕਿਹਾ ਗਿਆ ਸੀ। ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਲੈਣ ਲਈ ਲਾਰੈਂਸ ਬਿਸ਼ਨੋਈ ਗਰੋਹ ਦੇ ਇਸ਼ਾਰੇ 'ਤੇ ਪਹਿਲਾਂ ਵੀ ਉਸ ਨੇ ਸਿੱਧੂ ਮੂਸੇਵਾਲਾ ਨੂੰ ਮਾਰਨ ਦੇ ਇਰਾਦੇ ਨਾਲ ਕਈ ਵਾਰ ਰੇਕੀ ਕੀਤੀ ਸੀ। ਪੁਲਿਸ ਮੁਖੀ ਨੇ ਦੱਸਿਆ ਕਿ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਦਿੱਲੀ ਪੁਲਿਸ ਅਤੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਸਾਂਝੇ ਅਪਰੇਸ਼ਨ ਤਹਿਤ ਦੀਪਕ ਮੁੰਡੀ ਤੇ ਸਾਥੀਆਂ ਨੂੰ ਭਾਰਤ-ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਿੱਧੂ ਮੂਸੇਵਾਲਾ ਦਾ ਮੁੱਖ ਕਾਤਲ ਦੀਪਕ ਮੁੰਡੀ ਹੀ ਸੀ। ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਖਰੀਬਾੜੀ ਪੁਲਿਸ ਸਟੇਸ਼ਨ ਦੇ ਖੇਤਰ ਵਿਚੋਂ ਦੀਪਕ ਮੁੰਡੀ ਤੋਂ ਇਲਾਵਾ ਕਪਿਲ ਪੰਡਿਤ ਅਤੇ ਰਾਜਿੰਦਰ ਉਰਫ ਜੋਕਰ ਵੀ ਗ੍ਰਿਫਤਾਰ ਕੀਤੇ ਗਏ ਹਨ। ਏ.ਆਈ.ਜੀ. ਗੁਰਮੀਤ ਚੌਹਾਨ ਤੇ ਡੀ.ਐਸ.ਪੀ. ਬਿਕਰਮ ਬਰਾੜ ਦੀ ਅਗਵਾਈ ਵਿਚ ਏ.ਜੀ.ਟੀ.ਐਫ. ਦੀ ਟੀਮ ਮੁੰਡੀ ਅਤੇ ਉਸ ਦੇ ਦੋ ਸਾਥੀਆਂ ਨੂੰ ਹਵਾਈ ਰਸਤੇ ਪੰਜਾਬ ਲੈ ਕੇ ਆਈ ਸੀ।



ਡੀ.ਜੀ.ਪੀ. ਨੇ ਦੱਸਿਆ ਕਿ ਮੂਸੇਵਾਲਾ ਕਤਲ ਕੇਸ ਵਿਚ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 23 ਹੋ ਗਈ ਹੈ, ਜਦਕਿ ਪਿੰਡ ਭਕਨਾ ਵਿਚ ਹੋਏ ਮੁਕਾਬਲੇ ਦੌਰਾਨ ਮਨਪ੍ਰੀਤ ਸਿੰਘ ਉਰਫ਼ ਮਨੂ ਕੁੱਸਾ ਅਤੇ ਜਗਰੂਪ ਸਿੰਘ ਉਰਫ਼ ਰੂਪਾ ਮਾਰੇ ਗਏ ਸਨ। ਉਨ੍ਹਾਂ ਕਿਹਾ ਕਿ ਮੂਸੇਵਾਲਾ ਦੇ ਕਤਲ ਤੋਂ ਬਾਅਦ ਮੁੰਡੀ ਅਤੇ ਕਪਿਲ ਦੋਵੇਂ ਇਕੱਠੇ ਰਹਿ ਰਹੇ ਸਨ ਅਤੇ ਕੈਨੇਡਾ ਆਧਾਰਿਤ ਗੈਂਗਸਟਰ ਗੋਲਡੀ ਬਰਾੜ (ਮੁੱਖ ਸਾਜ਼ਿਸ਼ਘਾੜਾ) ਦੇ ਨਿਰਦੇਸ਼ਾਂ 'ਤੇ ਆਪਣੇ ਟਿਕਾਣੇ ਬਦਲ ਰਹੇ ਸਨ। ਇਸ ਸਮੇਂ ਦੌਰਾਨ ਮੁੰਡੀ ਤੇ ਕਪਿਲ ਹਰਿਆਣਾ, ਰਾਜਸਥਾਨ, ਗੁਜਰਾਤ, ਯੂਪੀ ਤੇ ਪੱਛਮੀ ਬੰਗਾਲ ਸੂਬਿਆਂ ਵਿਚ ਰੁਕੇ ਅਤੇ ਕਿਹਾ ਕਿ ਜੋਕਰ, ਜੋ ਪਹਿਲਾਂ ਹੀ ਨੇਪਾਲ ਵਿਚ ਸੀ, ਪੱਛਮੀ ਬੰਗਾਲ ਵਿਚ ਸੁਰੱਖਿਅਤ ਦਾਖਲ ਹੋਣ ਲਈ ਮੁੰਡੀ ਅਤੇ ਕਪਿਲ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਨੇਪਾਲ ਵਿਚ ਸੁਰੱਖਿਅਤ ਥਾਂ ਲਿਜਾਣ ਲਈ ਆਇਆ ਸੀ। ਉਨ੍ਹਾਂ ਦੱਸਿਆ ਕਿ ਗੋਲਡੀ ਬਰਾੜ ਨੇ ਮੁੰਡੀ ਅਤੇ ਕਪਿਲ ਨੂੰ ਫ਼ਰਜ਼ੀ ਪਾਸਪੋਰਟਾਂ 'ਤੇ ਦੁਬਈ ਸੈਟਲ ਕਰਨ ਦਾ ਵਾਅਦਾ ਕੀਤਾ ਸੀ। ਉਕਤ ਦੋਵਾਂ ਨੂੰ ਨੇਪਾਲ ਜਾਂ ਥਾਈਲੈਂਡ ਵਿਚ ਆਪਣੇ ਜਾਅਲੀ ਪਾਸਪੋਰਟ ਮਿਲਣੇ ਸਨ, ਜਿਸ ਤੋਂ ਬਾਅਦ ਉਨ੍ਹਾਂ ਦੁਬਈ ਨਿਕਲ ਜਾਣਾ ਸੀ।

### ਸੰਦੀਪ ਕੇਕੜਾ ਦਾ ਭਰਾ ਗ੍ਰਿਫਤਾਰ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਗ੍ਰਿਫਤਾਰ ਸੰਦੀਪ ਕੇਕੜਾ ਦੇ ਭਰਾ ਬਿੱਟੂ ਸਿੰਘ ਨੂੰ ਮਾਨਸਾ ਪੁਲਿਸ ਨੇ ਡੱਬਵਾਲੀ (ਹਰਿਆਣਾ) ਤੋਂ ਕਾਬੂ ਕੀਤਾ ਹੈ। ਪੁਲਿਸ ਨੇ ਸਿਵਲ ਹਸਪਤਾਲ ਵਿਚ ਮੁਲਜ਼ਮ ਦਾ ਮੈਡੀਕਲ ਕਰਵਾਉਣ ਬਾਅਦ ਉਸ ਨੂੰ ਇਥੋਂ ਦੀ ਇਕ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਮੁਲਜ਼ਮ ਦਾ 5 ਦਿਨਾਂ ਪੁਲਿਸ ਰਿਮਾਂਡ ਦਿੱਤਾ ਹੈ। ਗੌਰਤਲਬ ਹੈ ਕਿ ਬਿੱਟੂ ਸਿੰਘ ਨੇ ਸਿੱਧੂ ਮੂਸੇਵਾਲਾ ਦੀ ਰੇਕੀ ਕੀਤੀ ਸੀ।

### ਦੀਪਕ ਨੂੰ ਨੇਪਾਲ ਪੁਲਿਸ ਨੇ ਫੜਿਆ: ਗੋਲਡੀ ਬਰਾੜ

ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਸਾਜ਼ਿਸ਼ਕਾਰ ਗੋਲਡੀ ਬਰਾੜ ਨੇ ਦਾਅਵਾ ਕੀਤਾ ਹੈ ਕਿ ਦੀਪਕ ਮੁੰਡੀ ਤੇ ਉਸ ਦੇ ਸਾਥੀਆਂ ਨੂੰ ਪੰਜਾਬ ਤੇ ਦਿੱਲੀ ਪੁਲਿਸ ਨੇ ਨਹੀਂ ਬਲਕਿ ਨੇਪਾਲ ਪੁਲਿਸ ਨੇ ਕਾਬੂ ਕੀਤਾ ਸੀ। ਕੈਨੇਡਾ ਬੈਠੇ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿਚ ਲਿਖਿਆ ਹੈ ਕਿ ਨੇਪਾਲ ਬਾਰਡਰ ਤੋਂ ਕਾਬੂ ਕੀਤੇ ਗਏ ਤਿੰਨ ਸਾਥੀਆਂ ਨਾਲ ਪੁਲਿਸ ਕਿਸੇ ਤਰ੍ਹਾਂ ਦਾ ਧੱਕਾ ਨਾ ਕਰੇ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦਾਅਵਾ ਕੀਤਾ ਸੀ ਕਿ ਪੰਜਾਬ ਪੁਲਿਸ ਨੇ ਦਿੱਲੀ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਇਨ੍ਹਾਂ ਗੈਂਗਸਟਰਾਂ ਨੂੰ ਪੱਛਮੀ ਬੰਗਾਲ-ਨੇਪਾਲ ਸਰਹੱਦ ਤੋਂ ਕਾਬੂ ਕੀਤਾ ਸੀ।

## ਯੂਕਰੇਨ ਨੇ ਰੂਸੀ ਫੌਜ ਨੂੰ ਖਾਰਕੀਵ 'ਚੋਂ ਖਦੇੜਿਆ

**ਕੀਵ:** ਯੂਕਰੇਨ ਦੀ ਸੈਨਾ ਨੇ ਮੁਲਕ ਦੇ ਪੂਰਬ 'ਚ ਰੂਸ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਕਾਫੀ ਤੇਜੀ ਨਾਲ ਰੂਸ 'ਤੇ ਜਵਾਬੀ ਹੱਲਾ ਬੋਲਿਆ ਹੈ ਤੇ ਇਸ ਨਾਲ ਮਹੀਨਿਆਂ ਤੋਂ ਚੱਲ ਰਹੀਆਂ ਜੰਗ ਦਾ ਰੁਖ ਬਦਲ ਗਿਆ ਹੈ।

ਵੇਰਵਿਆਂ ਮੁਤਾਬਕ ਉੱਤਰ-ਪੂਰਬੀ ਖਾਰਕੀਵ ਖੇਤਰ 'ਚ ਯੂਕਰੇਨ ਦੀ ਤੇਜ ਕਾਰਵਾਈ ਨੇ ਰੂਸੀ ਸੈਨਾ ਨੂੰ ਪਿੱਛੇ ਧੱਕ ਦਿੱਤਾ ਹੈ। ਮਾਸਕੋ ਨੇ ਆਪਣੀ ਸੈਨਾ ਨੂੰ ਪਿੱਛੇ ਹਟਣ ਲਈ ਕਿਹਾ ਹੈ ਤਾਂ ਕਿ ਸਮਰਪਣ ਕਰਨ ਦੀ ਨੌਬਤ ਨਾ ਆਵੇ। ਰੂਸੀ ਸੈਨਾ ਵੱਡੀ ਗਿਣਤੀ ਹਥਿਆਰ ਤੇ ਅਸਲਾ ਉੱਥੇ ਹੀ ਛੱਡ ਗਈ ਹੈ।

ਯੂਕਰੇਨੀ ਸੈਨਾ ਦੀ ਇਸ ਉਪਲਬਧੀ ਤੋਂ ਖੁਸ਼ ਰਾਸ਼ਟਰਪਤੀ ਵਲੋਦੀਮੀਰ ਜੇਲੈਂਸਕੀ ਨੇ ਵੀਡੀਓ ਭਾਸ਼ਣ ਵਿਚ ਰੂਸੀਆਂ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ, "ਰੂਸੀ ਸੈਨਾ ਇਨ੍ਹੀਂ ਦਿਨੀਂ ਉਹੀ ਕਰ ਰਹੀ ਹੈ ਜੋ ਉਹ ਵਧੀਆ ਢੰਗ ਨਾਲ ਕਰ ਸਕਦੀ ਹੈ- ਪਿੱਠ ਦਿਖਾ ਰਹੀ ਹੈ।" ਉਨ੍ਹਾਂ ਵੀਡੀਓ ਵੀ ਪੋਸਟ ਕੀਤੀ ਜਿਸ ਵਿਚ ਯੂਕਰੇਨੀ ਸੈਨਾ ਇਕ ਹੋਰ ਕਸਬੇ 'ਚ ਦੇਸ਼ ਦਾ ਝੰਡਾ ਲਹਿਰਾ ਰਹੀ ਹੈ। ਇਸ ਕਸਬੇ ਨੂੰ ਉਨ੍ਹਾਂ ਰੂਸੀਆਂ ਤੋਂ ਕਬਜ਼ੇ ਵਿਚ ਲਿਆ ਹੈ।

# ਟੈਂਪਾ ਵਿਖੇ ਲੱਗੀਆਂ ਤੀਆਂ ਦੀਆਂ ਰੌਣਕਾਂ

**ਟੈਂਪਾ:** ਇੱਥੇ ਲੰਘੇ ਦਿਨੀਂ 'ਟੈਂਪਾ ਤੀਆਂ 2022' ਮਨਾਈਆਂ ਗਈਆਂ, ਜਿਨ੍ਹਾਂ ਵਿਚ ਹਰ ਉਮਰ ਦੀਆਂ ਵੱਡੀ ਗਿਣਤੀ ਬੀਬੀਆਂ ਨੇ ਹਿੱਸਾ ਲਿਆ। ਪ੍ਰਬੰਧਕ ਕਮੇਟੀ ਨੇ ਆਈਆਂ ਬੀਬੀਆਂ ਦਾ ਸਵਾਗਤ ਕੀਤਾ ਅਤੇ ਸਾਰੇ ਸਪਾਂਸਰਾਂ ਦਾ ਖੁੱਲ੍ਹੇ ਦਿਲ ਨਾਲ ਦਾਨ ਦੇਣ ਲਈ ਧੰਨਵਾਦ ਕੀਤਾ।











ਸਮਾਗਮ ਦੀ ਸ਼ੁਰੂਆਤ ਰਵਾਇਤੀ ਖੁੱਲ੍ਹੀ ਢੋਲਕੀ ਨਾਲ ਹੋਈ, ਜਿੱਥੇ ਦਰਸ਼ਕਾਂ ਨੂੰ ਸਮੂਹਿਕ ਤੌਰ 'ਤੇ ਪੰਜਾਬੀ ਸਭਿਆਚਾਰਕ ਗੀਤ ਗਾਉਣ ਲਈ ਸਟੇਜ 'ਤੇ ਬੁਲਾਇਆ ਗਿਆ। ਇਸ ਤੋਂ ਬਾਅਦ ਡਾਇਨਾਮਿਕ ਐਮਸੀ ਅਤੇ ਪੰਜਾਬੀ ਸੋਲੋ ਪੇਸ਼ਕਾਰੀ ਕੀਤੀ ਗਈ। ਸਭਿਆਚਾਰਕ ਗਰੁੱਪ ਡਾਂਸ ਨੇ ਸਾਰੇ ਦਰਸ਼ਕਾਂ ਦਾ ਮਨ ਮੋਹ ਲਿਆ। ਹਰ ਉਮਰ ਵਰਗ ਦੀਆਂ ਔਰਤਾਂ ਨੇ ਗਿੱਧੇ-ਭੰਗੜੇ ਨਾਲ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ।

ਦੱਸਣਯੋਗ ਹੈ ਕਿ ਤੀਆਂ ਪੰਜਾਬ ਦੀਆਂ ਔਰਤਾਂ ਦਾ ਖਾਸ ਤਿਉਹਾਰ ਹੈ, ਜੋ ਸਾਉਣ ਦੇ ਮਹੀਨੇ ਮਨਾਇਆ ਜਾਂਦਾ ਹੈ। ਗਿੱਧੇ ਦਾ ਤੀਆਂ ਵਿਚ ਖਾਸ ਸਥਾਨ ਹੈ। ਔਰਤਾਂ ਸਾਰਾ ਕੁਝ ਭੁਲਾ ਕੇ ਨੱਚ-ਗਾ ਕੇ ਆਪਣੇ ਮਨ ਦੇ ਚਾਅ ਪੂਰੇ ਕਰਦੀਆਂ ਹਨ। ਟੈਂਪਾ ਵਿਖੇ ਮਨਾਈਆਂ ਤੀਆਂ ਦਾ ਉਦੇਸ਼ ਪੰਜਾਬ ਦੇ ਪੁਰਾਣੇ ਅਮੀਰ ਸੱਭਿਆਚਾਰ ਅਤੇ ਪਰੰਪਰਾ ਦੀ ਸੰਭਾਲ ਕਰਨਾ ਹੈ। ਇਸ ਤਰ੍ਹਾਂ ਦੇ 'ਸਿਰਫ ਔਰਤਾਂ' ਨਾਲ ਸੰਬੰਧਤ ਸਾਲਾਨਾ ਸਮਾਗਮ ਕਰਵਾਉਣ ਦਾ ਮੁੱਖ ਉਦੇਸ਼ ਘਰਾਂ ਵਿਚ ਬੰਦ ਔਰਤਾਂ ਨੂੰ ਉਨ੍ਹਾਂ ਦੀ ਪ੍ਰਤਿਭਾ ਨੂੰ ਸਾਹਮਣੇ ਲਿਆਉਣ ਅਤੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਮਾਹੌਲ ਪ੍ਰਦਾਨ ਕਰਨਾ ਹੈ। ਸੋਹਣੇ ਪੰਜਾਬੀ ਪਹਿਰਾਵੇ ਤੇ ਗਹਿਣਿਆਂ ਨਾਲ ਸਜੀਆਂ ਔਰਤਾਂ ਆਪਣੀ ਪ੍ਰਤਿਭਾ ਦਾ ਪ੍ਰਗਟਾਵਾ ਕਰਦੀਆਂ ਹਨ ਤੇ ਇਹ ਉਨ੍ਹਾਂ ਲਈ ਆਪਣੀਆਂ ਸਹੇਲੀਆਂ, ਹਾਨਣਾਂ ਨੂੰ ਮਿਲਣ ਦਾ ਸੁਨਹਿਰੀ ਮੌਕਾ ਹੁੰਦਾ ਹੈ।

ਪ੍ਰਬੰਧਕਾਂ ਨੇ ਸਮਾਗਮ ਹਾਲ ਨੂੰ ਫੁਲਕਾਰੀਆਂ ਅਤੇ ਰੰਗ-ਬਿਰੰਗੇ ਕੱਪੜਿਆਂ, ਫੁੱਲਾਂ ਅਤੇ ਹਾਰਾਂ ਨਾਲ ਸਜਾਇਆ ਹੋਇਆ ਸੀ। ਇਹ ਸਜਾਵਟ ਇਵੈਂਟ ਹਾਲ ਵਿਚ ਸਤਰੰਗੀ ਪੀਂਘ ਦਾ ਨਜ਼ਾਰਾ ਪੇਸ਼ ਕਰ ਰਹੀ ਸੀ। ਫੁਲਕਾਰੀਆਂ, ਗਹਿਣਿਆਂ, ਪੰਜਾਬੀ ਸੂਟਾਂ, ਕੁਰਤੀਆਂ ਤੇ ਗਿਫਟ ਆਈਟਮਾਂ ਦੇ ਸਟਾਲਾਂ ਦੇ ਆਲੇ-ਦੁਆਲੇ ਜੁੜੀ ਭਾਰੀ ਭੀੜ ਅਸਲ ਵਿਚ ਰਵਾਇਤੀ ਭਾਰਤੀ ਮੇਲੇ ਦਾ ਅਹਿਸਾਸ ਦਿਵਾ ਰਹੀ ਸੀ। ਹਾਲ ਵਿਚ ਸਜਾਇਆ ਹੋਇਆ ਝੂਲਾ ਖਿੱਚ ਦਾ ਕੇਂਦਰ ਬਣਿਆ ਰਿਹਾ, ਜਿਸ ਨੇ ਬੀਬੀਆਂ ਨੂੰ ਭਾਰਤ ਵਿਚ ਆਪਣੇ ਘਰ ਦੀ ਯਾਦ ਦਿਵਾ ਦਿੱਤੀ। ਸਾਰੀਆਂ ਨੇ ਪੋਜ਼ ਬਣਾ ਬਣਾ ਕੇ ਝੂਲੇ 'ਤੇ ਬੈਠ ਕੇ ਫੋਟੋਆਂ ਖਿਚਵਾਈਆਂ। ਮਹਿੰਦੀ ਦੇ ਸਟਾਲ 'ਤੇ ਸਾਰੀਆਂ ਨੇ ਮਹਿੰਦੀ ਲਗਵਾਈ। ਗਿੱਧੇ, ਢੋਲਕੀ, ਲਾਈਵ ਸੰਗੀਤ ਦੇ ਨਾਲ ਗਾਉਣ ਅਤੇ ਨੱਚਣ ਤੋਂ ਇਲਾਵਾ ਇਸ ਮੌਕੇ ਸੁਆਦੀ ਭਾਰਤੀ ਸਨੈਕਸ ਅਤੇ ਗੋਰਮੇਟ ਲੰਚ ਪਰੋਸਿਆ ਗਿਆ।



ਇਸ ਸਾਲ ਤੀਆਂ ਟੈਂਪਾ ਵਲੋਂ 'ਮਿਸਿਜ਼ ਪੰਜਾਬਣ ਟੈਂਪਾ 2022' ਮੁਕਾਬਲਾ ਕਰਵਾਇਆ ਗਿਆ, ਜੋ ਵਿਅਕਤੀਗਤ ਸ਼ਖ਼ਸੀਅਤ, ਸੁੰਦਰਤਾ ਅਤੇ ਪ੍ਰਤਿਭਾ 'ਤੇ ਨਿਰਧਾਰਤ ਸੀ। ਇਸ ਮੁਕਾਬਲੇ ਵਿਚ ਤਨਵੀਰ ਸੰਧੂ, ਹਰਜਿੰਦਰ ਗਿੱਲ, ਜਸਵੀਨ ਕੌਰ, ਚਾਰਵੀ ਸ਼ਰਮਾ, ਕਿਰਨ ਸਮਰ, ਪਵਨੀਤ ਕਾਹਲੋਂ, ਗੁਰਦੀਪ ਓਬਰੋਂ, ਆਸ਼ਾ ਜੀ, ਅਰਸ਼ਦੀਪ ਗਿੱਲ, ਸਿਮਰਨ ਚੌਹਾਨ ਨੇ ਹਿੱਸਾ ਲਿਆ। ਕੈਨੇਡਾ ਤੋਂ ਗੁਰਬਖਸ਼ ਸੈਣੀ, ਲਖਵਿੰਦਰ ਗਾਖਲ ਤੇ ਰਾਜ ਸਿੰਘ ਨੇ ਜੱਜਾਂ ਦੀ ਭੂਮਿਕਾ ਨਿਭਾਈ।

ਮਿਸਿਜ਼ ਪੰਜਾਬਣ ਟੈਂਪਾ 2022 ਵਿਚ ਕਰਵਾਏ ਗਏ ਹੋਰਨਾਂ ਮੁਕਾਬਲਿਆਂ ਦੌਰਾਨ, ਚਾਰਵੀ ਸ਼ਰਮਾ ਨੂੰ ਸੁੰਦਰ ਮੁਸਕਾਨ, ਸਿਮਰਨ ਚੌਹਾਨ ਨੂੰ ਸੁੰਦਰ ਅੱਖਾਂ ਤੇ ਜਸਪ੍ਰੀਤ ਮਾਨ ਨੂੰ ਸੋਹਣਾ ਪੰਜਾਬਣ ਪਹਿਰਾਵਾ ਖਿਤਾਬ ਦਿੱਤਾ ਗਿਆ। ਕੋਰੀਓਗ੍ਰਾਫਰ ਸੁਰਭੀ ਵਿਜ ਅਤੇ ਡਾਂਸ ਟੀਮ ਦੀ ਖੂਬਸੂਰਤ ਪੇਸ਼ਕਾਰੀ ਨੇ ਸਮਾਗਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਡਾਂਸ ਗਰੁੱਪ "ਊ ਟਿਹ ੂ" ਦਾ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਪ੍ਰਬੰਧਕੀ ਟੀਮ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਅਣਥੱਕ ਮਿਹਨਤ ਕੀਤੀ ਤੇ ਉਨ੍ਹਾਂ ਦੀ ਮਿਹਨਤ ਸਦਕਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਇਹ ਸਮਾਗ, ਦਰਸਾਉਂਦਾ ਹੈ ਕਿ ਹਰ ਔਰਤ ਘਰ ਦੇ ਅੰਦਰ ਅਤੇ ਬਾਹਰ ਕੰਮ ਕਰਨ, ਖਾਣਾ ਪਕਾਉਣ, ਕਮਾਈ ਕਰਨ, ਪਰਿਵਾਰ ਦੀ ਦੇਖਭਾਲ ਕਰਨ, ਸਮਾਜ ਵਿਚ ਦੂਜਿਆਂ ਨਾਲ ਜੁੜਨ, ਜੀਵਨ ਦੇ ਹਰ ਹਿੱਸੇ ਵਿਚ ਮਦਦ ਕਰਨ ਵਰਗੇ ਬਹੁ-ਕਾਰਜ ਕਰਨ ਵਿਚ ਸਮਰੱਥ ਹੈ।





# ਸੈਨਹੋਜੇ ਵਿਖੇ ਪਹਿਲਵਾਨ ਕਰਤਾਰ ਸਿੰਘ ਦਾ ਸਨਮਾਨ

**ਸੈਨਹੋਜੇ:** ਸਿੱਖ ਗੁਰਦੁਆਰਾ ਸੈਨਹੋਜੇ ਵਿਖੇ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤ ਵਲੋ ਉਲੰਪੀਅਨ, ਏਸ਼ੀਅਨ ਗੇਮਜ਼ ਚੈਂਪੀਅਨ, ਵੈਟਰਨ ਕੁਸ਼ਤੀ ਗੋਲਡ ਮੈਡਲਿਸਟ ਅਤੇ ਪਦਮਸ੍ਰੀ ਪਹਿਲਵਾਨ ਸ. ਕਰਤਾਰ ਸਿੰਘ (ਸਾਬਕਾ ਆਈ ਜੀ ਪੰਜਾਬ ਪੁਲੀਸ) ਦਾ 'ਸਿਰੋਪਾ' ਦੇ ਕੇ ਸਵਾਗਤ ਕੀਤਾ ਗਿਆ। ਇਸ ਮੌਕੇ ਸ. ਹਰਦੁਮਣ ਸਿੰਘ (ਬਿਲਾ) ਸੰਘੇੜਾ ਦੇ ਨਾਲ ਗੁਰੂਘਰ ਦੇ ਪ੍ਰਧਾਨ ਸ. ਬੌਬ ਢਿੱਲੋਂ, ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ, ਸ. ਅਜੀਤ ਸਿੰਘ ਸੰਧੂ (ਲੈਥਰੋਪ), ਡਾ. ਕੁਲਵੰਤ ਸਿੰਘ ਗਿੱਲ, ਸ. ਸੁਖਦੇਵ ਸਿੰਘ ਬੈਣੀਵਾਲ, ਸ. ਗੁਰਬਖਸ਼ ਸਿੰਘ ਢਿੱਲੋਂ ਅਤੇ ਏ ਐਂਡ ਆਈ ਟਰੱਕਿੰਗ ਦੇ ਮਾਲਕ ਸ. ਅਮੋਲਕ ਸਿੰਘ ਗਾਖਲ ਅਤੇ ਹੋਰ ਪਤਵੰਤੇ ਸਿੱਖ ਹਾਜ਼ਰ ਸਨ।




*–ਫੋਟੋ ਤੇ ਵੇਰਵਾ: ਸਰੀ (ਸੰਤੋਖ ਸਿੰਘ ਮੰਡੇਰ)*

## ਜੇਲ੍ਹ ਤੋਂ ਭੱਜੇ ਚਾਰ ਕੈਦੀਆਂ ਨੂੰ ਭੀੜ ਨੇ ਕੁੱਟ-ਕੁੱਟ ਮਾਰ ਮੁਕਾਇਆ

**ਸ਼ਿਲਾਂਗ:** ਮੇਘਾਲਿਆ ਦੇ ਪੱਛਮੀ ਜੈਂਤੀਆ ਹਿੱਲਜ ਜ਼ਿਲ੍ਹੇ ਵਿਚ ਭੀੜ ਨੇ ਕਥਿਤ ਤੌਰ ਉਤੇ ਜੇਲ੍ਹ ਤੋਂ ਫਰਾਰ ਹੋਏ ਚਾਰ ਵਿਚਾਰ ਅਧੀਨ ਕੈਦੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 10 ਸਤੰਬਰ ਨੂੰ 6 ਕੈਦੀਆਂ ਦਾ ਇਕ ਸਮੂਹ ਜੋਵਈ ਜੇਲ੍ਹ ਵਿਚ ਸਟਾਫ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ ਸੀ ਅਤੇ ਉਨ੍ਹਾਂ 'ਚੋਂ ਤਕਰੀਬਨ 70 ਕਿਲੋਮੀਟਰ ਦੂਰ ਸਾਂਗਪੁੰਗ ਪਿੰਡ ਪਹੁੰਚ ਗਏ ਸਨ।

ਪਿੰਡ ਦੇ ਸਰਪੰਚ ਆਰ ਰਾਬੋਨ ਨੇ ਦੱਸਿਆ ਕਿ ਦੁਪਹਿਰੇ ਕਰੀਬ 3 ਵਜੇ ਜਦੋਂ ਇਕ ਕੈਦੀ ਚਾਹ ਦੀ ਦੁਕਾਨ ਉਤੇ ਖਾਣ-ਪੀਣ ਦਾ ਸਾਮਾਨ ਲੈਣ ਗਿਆ ਤਾਂ ਸਥਾਨਕ ਲੋਕਾਂ ਨੇ ਉਸ ਨੂੰ ਪਛਾਣ ਲਿਆ ਅਤੇ ਪੂਰੇ ਇਲਾਕੇ ਨੂੰ ਸੂਚਨਾ ਦਿੱਤੀ। ਉਸ ਨੇ ਦੱਸਿਆ ਕਿ ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਕੈਦੀਆਂ ਦਾ ਨਜਦੀਕੀ ਜੰਗਲ ਤੱਕ ਪਿੱਛਾ ਕੀਤਾ। ਰਾਬੋਨ ਨੇ ਦੱਸਿਆ ਕਿ ਹਮਲੇ ਵਿਚ ਚਾਰ ਕੈਦੀ ਮਾਰੇ ਗਏ ਜਦਕਿ ਇਕ ਭੱਜ ਗਿਆ।

# ਉਪ ਰਾਜਪਾਲ ਨੇ ਕੇਜਰੀਵਾਲ ਸਰਕਾਰ ਨਾਲ ਆਢਾ ਲਾਇਆ



**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਹੁਣ ਡੀ.ਟੀ.ਸੀ. ਵੱਲੋਂ ਇਕ ਹਜ਼ਾਰ ਲੋਅ-ਫਲੋਰ ਬੱਸਾਂ ਦੀ ਖਰੀਦ 'ਚ ਕਥਿਤ ਭ੍ਰਿਸ਼ਟਾਚਾਰ ਦੀ ਜਾਂਚ ਲਈ ਸੀ.ਬੀ.ਆਈ. ਨੂੰ ਸ਼ਿਕਾਇਤ ਭੇਜਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਨਾਲ ਤਾਜ਼ਾ ਤਣਾਅ ਪੈਦਾ ਹੋ ਗਿਆ ਹੈ। ਦਿੱਲੀ ਸਰਕਾਰ ਨੇ ਦੋਸ਼ ਲਾਇਆ ਹੈ ਕਿ ਜਾਂਚ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਉਪ ਰਾਜਪਾਲ ਨੂੰ ਆਪਣੇ ਵਿਰੁੱਧ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਸਫਾਈ ਦੇਣੀ ਚਾਹੀਦੀ ਹੈ।

ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦਾ ਫੈਸਲਾ ਮੁੱਖ ਸਕੱਤਰ ਨਰੇਸ਼ ਕੁਮਾਰ ਦੀ ਸਿਫਾਰਸ਼ ਤੋਂ ਬਾਅਦ ਲਿਆ ਗਿਆ ਹੈ। ਇਸ ਸਾਲ ਜੂਨ 'ਚ ਸਕਸੈਨਾ ਨੂੰ ਲਿਖੀ ਸ਼ਿਕਾਇਤ 'ਚ ਦਾਅਵਾ ਕੀਤਾ ਗਿਆ ਸੀ ਕਿ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀ.ਟੀ.ਸੀ.) ਨੇ 'ਸੋਚੀ-ਸਮਝੀ ਸਾਜ਼ਿਸ਼' ਤਹਿਤ ਟਰਾਂਸਪੋਰਟ ਮੰਤਰੀ ਨੂੰ ਬੱਸਾਂ ਦੇ ਟੈਂਡਰਾਂ ਅਤੇ ਖਰੀਦ ਲਈ ਬਣਾਈ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ। ਸ਼ਿਕਾਇਤ 'ਚ ਇਹ ਵੀ ਦੋਸ਼ ਲਾਇਆ ਗਿਆ ਸੀ ਕਿ ਇਸ ਟੈਂਡਰ ਲਈ ਬੋਲੀ ਪ੍ਰਬੰਧਨ ਸਲਾਹਕਾਰ ਵਜੋਂ ਡੀ.ਆਈ.ਐਮ.ਟੀ.ਐਸ. ਦੀ ਨਿਯੁਕਤੀ ਗਲਤ ਕੰਮਾਂ ਨੂੰ ਜਾਇਜ਼ ਠਹਿਰਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ।

ਸੂਤਰਾਂ ਨੇ ਦੱਸਿਆ ਕਿ ਸ਼ਿਕਾਇਤ 'ਚ ਕਿਹਾ ਗਿਆ ਕਿ ਇਕ ਹਜ਼ਾਰ ਲੋਅ ਫਲੋਰ ਬੀ.ਐਸ-4 ਅਤੇ ਬੀ.ਐਸ-6 ਬੱਸਾਂ ਲਈ ਜੁਲਾਈ 2019 ਦੀ ਖਰੀਦ ਬੋਲੀ ਅਤੇ ਮਾਰਚ 2020 'ਚ ਲੋਅ ਫਲੋਰ ਬੀ.ਐਸ-6 ਬੱਸਾਂ ਦੀ ਖਰੀਦ ਅਤੇ ਸਾਲਾਨਾ ਰੱਖ-ਰਖਾਅ ਦੇ ਠੇਕੇ ਲਈ ਲਗਾਈ ਗਈ ਦੂਜੀ ਬੋਲੀ 'ਚ ਬੇਨਿਯਮੀਆਂ ਹੋਈਆਂ ਹੋਈਆਂ ਹਨ। 22 ਜੁਲਾਈ ਨੂੰ ਸ਼ਿਕਾਇਤ ਦਿੱਲੀ ਸਰਕਾਰ ਦੇ ਵਿਭਾਗਾਂ ਦੀ ਪ੍ਰਤੀਕਿਰਿਆ ਅਤੇ ਉਨ੍ਹਾਂ ਦੀਆਂ ਸਿਫਾਰਸ਼ਾਂ ਲੈਣ ਲਈ ਮੁੱਖ ਸਕੱਤਰ ਕੋਲ ਭੇਜੀ ਗਈ ਸੀ। ਮੁੱਖ ਸਕੱਤਰ ਨੇ 19 ਅਗਸਤ ਨੂੰ ਰਿਪੋਰਟ ਸੌਂਪੀ ਜਿਸ 'ਚ ਕੁਝ 'ਬੇਨਿਯਮੀਆਂ' ਵੱਲ ਇਸ਼ਾਰਾ ਕੀਤਾ ਗਿਆ ਸੀ ਜਿਸ ਮਗਰੋਂ ਉਪ ਰਾਜਪਾਲ ਨੇ ਸ਼ਿਕਾਇਤ ਸੀ.ਬੀ.ਆਈ. ਨੂੰ ਭੇਜ ਦਿੱਤੀ ਹੈ। ਸੂਤਰਾਂ ਨੇ ਕਿਹਾ ਕਿ ਸੀ.ਬੀ.ਆਈ. ਵੱਲੋਂ ਪਹਿਲਾਂ ਹੀ ਇਸ ਮਾਮਲੇ ਦੀ ਮੁੱਢਲੀ ਜਾਂਚ ਕੀਤੀ ਜਾ ਰਹੀ ਹੈ।

### ਦਿੱਲੀ ਨੂੰ ਵਧੇਰੇ ਪੜ੍ਹੇ-ਲਿਖੇ ਉਪ ਰਾਜਪਾਲ ਦੀ ਲੋੜ: ਆਪ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਉਪ ਰਾਜਪਾਲ ਦੇ ਫੈਸਲੇ ਨੂੰ ਰਾਜਨੀਤੀ ਤੋਂ ਪ੍ਰੇਰਿਤ ਕਰਾਰ ਦਿੰਦਿਆਂ ਕਿਹਾ ਹੈ, ''ਬੱਸਾਂ ਕਦੇ ਖਰੀਦੀਆਂ ਹੀ ਨਹੀਂ ਗਈਆਂ, ਟੈਂਡਰ ਰੱਦ ਕਰ ਦਿੱਤੇ ਗਏ ਸਨ। ਦਿੱਲੀ ਨੂੰ ਵਧੇਰੇ ਪੜ੍ਹੇ-ਲਿਖੇ ਉਪ ਰਾਜਪਾਲ ਦੀ ਲੋੜ ਹੈ। ਇਸ ਆਦਮੀ ਨੂੰ ਕੋਈ ਖਬਰ ਨਹੀਂ ਹੈ ਕਿ ਉਹ ਕਿਸ ਚੀਜ਼ 'ਤੇ ਦਸਤਖ਼ਤ ਕਰ ਰਿਹਾ ਹੈ।' 'ਆਪ' ਦੇ ਬੁਲਾਰੇ ਸੌਰਭ ਭਾਰਦਵਾਜ ਨੇ ਵੀ.ਕੇ. ਸਕਸੈਨਾ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਉਪ ਰਾਜਪਾਲ ਭ੍ਰਿਸ਼ਟਾਚਾਰ ਦੇ ਕਈ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਆਪਣੇ ਤੋਂ ਧਿਆਨ ਹਟਾਉਣ ਲਈ ਉਹ 'ਆਪ' ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਹਨ।






ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877



Madan Khatri
NMLS #1980752

No Cost Financing Available!
Call 919-307-7577 or 847-530-1550
MKhatri@PrismHomeLending.com
NC, IL and CA Mortgage Loans
Prism Lending Inc. NMLS # 1587080
830 E Higgins road, Schaumburg, IL 60173
CA, FL, IA, IL, IN, NC, TX, WI Licensee

Want to Buy/Sell Home or RE Investments
PropertyZoom Inc.
1204 Nichols Creek Road, Durham NC 27703
Berkshire Hathaway HomeServices AH
1010 Rohlwing Road, Elk Grove Village, IL 60007
Call Now 919-307-7577 or 847-530-1550
16 Years of Experience, over 500 transactions
One of Top 10 Producers at the office for Several Years

# ਪਰਾਲੀ: ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਵਿੱਤੀ ਮਦਦ ਤੋਂ ਕੋਰੀ ਨਾਂਹ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀ ਸਮੱਸਿਆ ਦੇ ਹੱਲ ਲਈ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਵਿੱਤੀ ਮਦਦ ਦੇਣ ਦੀ ਤਜਵੀਜ਼ ਨੂੰ ਕੇਂਦਰ ਸਰਕਾਰ ਨੇ ਠੁਕਰਾ ਦਿੱਤਾ ਹੈ। ਪੰਜਾਬ ਸਰਕਾਰ ਨੇ ਪੱਤਰ ਲਿਖ ਕੇ ਕੇਂਦਰ ਨੂੰ 1500 ਰੁਪਏ ਪ੍ਰਤੀ ਏਕੜ ਅਤੇ 500-500 ਰੁਪਏ ਪ੍ਰਤੀ ਏਕੜ ਪੰਜਾਬ ਤੇ ਦਿੱਲੀ ਵੱਲੋਂ ਕਿਸਾਨਾਂ ਨੂੰ ਦੇਣ ਦੀ ਪੇਸ਼ਕਸ਼ ਕੀਤੀ ਸੀ। ਹੁਣ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਸੂਬੇ ਵਿਚ ਪਰਾਲੀ ਸਾੜਨ ਦੀ ਸਮੱਸਿਆ ਦੇ ਨਿਪਟਾਰੇ ਲਈ ਯਤਨ ਕਰੇਗੀ। ਇਸ ਦਾ ਪ੍ਰਗਟਾਵਾ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਲੋਕਾਂ ਦੇ ਨਾਂ ਵੀਡੀਓ ਜਾਰੀ ਕਰ ਕੇ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਚੋਂ ਪਰਾਲੀ ਸਾੜਨ ਦੀ ਸਮੱਸਿਆ ਦੇ ਨਿਪਟਾਰੇ ਲਈ ਰੱਖੀ ਤਜਵੀਜ਼ ਸਬੰਧੀ ਹੱਥ ਖਿੱਚਣ 'ਤੇ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ



ਕਿ ਸੂਬਾ ਸਰਕਾਰ ਆਪਣੇ ਪੱਧਰ 'ਤੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੇਗੀ। ਸਰਕਾਰ ਖੇਤਾਂ ਵਿਚ ਹੀ ਪਰਾਲੀ ਦੇ ਨਿਬੇੜੇ ਲਈ ਇਕ ਲੱਖ ਤੋਂ ਵੱਧ ਮਸ਼ੀਨਾਂ ਦੇਣ 'ਤੇ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਦਦ ਕਰਨ ਦੀ ਬਜਾਏ ਆਪਣੇ ਹੱਥ ਪਿੱਛੇ ਖਿੱਚ ਲਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ 75 ਲੱਖ ਏਕੜ ਰਕਬੇ ਵਿਚ ਝੋਨੇ ਦੀ ਕਾਸ਼ਤ ਕੀਤੀ ਗਈ ਹੈ। ਇਸ ਵਿਚੋਂ 37 ਲੱਖ ਏਕੜ ਰਕਬੇ 'ਤੇ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਾਉਂਦੇ। ਬਾਕੀ ਬਚੀ 38 ਲੱਖ ਏਕੜ ਜ਼ਮੀਨ ਵਿਚ ਪਰਾਲੀ ਦੇ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਵੱਡੇ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮੰਤਵ ਲਈ ਇਕ ਲੱਖ ਮਸ਼ੀਨਾਂ ਦੇਣ 'ਤੇ ਵਿਚਾਰ ਕਰ ਰਹੀ ਹੈ। ਉਨ੍ਹਾਂ ਦਾ ਦਾਅਵਾ ਕੀਤਾ ਕਿ ਰੋਜ਼ਾਨਾ 8 ਤੋਂ 10 ਏਕੜ ਦੀ ਪਰਾਲੀ ਦੇ ਨਿਬੇੜੇ ਦੀ ਸਮਰੱਥਾ ਵਾਲੀਆਂ ਇਹ ਮਸ਼ੀਨਾਂ ਸਮੱਸਿਆ ਦਾ ਹੱਲ ਕਰਨਗੀਆਂ। ਉਨ੍ਹਾਂ ਨੇ ਸੂਬਾ ਸਰਕਾਰ ਦੀ ਪੰਜਾਬ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਦੀ ਵਚਨਬੱਧਤਾ ਦੁਹਰਾਈ। ਸ੍ਰੀ ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਪਰਾਲੀ ਨਾ ਸਾੜਨ ਦਾ ਸੰਕਲਪ ਲੈ ਕੇ ਸੂਬੇ ਦੀ ਪੁਰਾਤਨ ਸ਼ਾਨ ਬਹਾਲੀ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ।

## ਸੂਬਾ ਸਰਕਾਰ ਆਪਣੇ ਪੱਧਰ 'ਤੇ ਯਤਨ ਕਰੇਗੀ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਹੈ ਕਿ ਸੂਬਾ ਸਰਕਾਰ ਆਪਣੇ ਪੱਧਰ 'ਤੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੇਗੀ। ਸਰਕਾਰ ਖੇਤਾਂ ਵਿਚ ਹੀ ਪਰਾਲੀ ਦੇ ਨਿਬੇੜੇ ਲਈ ਇਕ ਲੱਖ ਤੋਂ ਵੱਧ ਮਸ਼ੀਨਾਂ ਦੇਣ 'ਤੇ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਦਦ ਕਰਨ ਦੀ ਬਜਾਏ ਆਪਣੇ ਹੱਥ ਪਿੱਛੇ ਖਿੱਚ ਲਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ 75 ਲੱਖ ਏਕੜ ਰਕਬੇ ਵਿਚ ਝੋਨੇ ਦੀ ਕਾਸ਼ਤ ਕੀਤੀ ਗਈ ਹੈ।

## ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਅਕਤੂਬਰ ਨੂੰ ਹੋਣਗੇ ਬੰਦ

**ਅੰਮ੍ਰਿਤਸਰ:** ਉਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਅਕਤੂਬਰ ਨੂੰ ਦੁਪਹਿਰ ਇਕ ਵਜੇ ਬੰਦ ਕੀਤੇ ਜਾਣਗੇ। ਇਸ ਦੇ ਨਾਲ ਹੀ ਸਾਲਾਨਾ ਯਾਤਰਾ ਸਮਾਪਤ ਹੋ ਜਾਵੇਗੀ। ਕਰੋਨਾ ਕਾਲ ਦੇ ਦੋ ਸਾਲ ਤੋਂ ਬਾਅਦ ਇਸ ਵਰ੍ਹੇ ਇਹ ਯਾਤਰਾ ਲਈ ਸ਼ਰਧਾਲੂਆਂ ਵਿਚ ਭਾਰੀ ਉਤਸ਼ਾਹ ਹੈ। ਹੁਣ ਤੱਕ ਦੋ ਲੱਖ ਪੰਦਰਾਂ ਹਜ਼ਾਰ ਸ਼ਰਧਾਲੂ ਨਤਮਸਤਕ ਹੋ ਚੁੱਕੇ ਹਨ। ਯਾਤਰਾ ਦੀ ਸਮਾਪਤੀ ਤੱਕ ਸ਼ਰਧਾਲੂਆਂ ਦੀ ਗਿਣਤੀ ਢਾਈ ਲੱਖ ਤੱਕ ਪੁੱਜਣ ਦੀ ਸੰਭਾਵਨਾ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਮੀਤ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਵਾਰ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਯਾਤਰਾ ਦਸ ਅਕਤੂਬਰ ਤੱਕ ਚੱਲੇਗੀ। ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਅਕਤੂਬਰ ਨੂੰ ਬੰਦ ਕੀਤੇ ਜਾਣਗੇ। ਉਨ੍ਹਾਂ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਜੋ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨੀ ਹੈ ਤਾਂ ਉਹ ਇਸ ਸਬੰਧੀ ਪ੍ਰੋਗਰਾਮ ਦਸ ਅਕਤੂਬਰ ਤੱਕ ਹੀ ਬਣਾਉਣ। ਇਸ ਸਾਲ ਯਾਤਰਾ 22 ਮਈ ਨੂੰ ਆਰੰਭ ਹੋਈ ਸੀ।

# ਪੰਜਾਬ ਵੱਲੋਂ ਯੂ.ਜੀ.ਸੀ. ਤਨਖਾਹ ਸਕੇਲਾਂ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਸੂਬੇ ਦੀਆਂ ਯੂਨੀਵਰਸਿਟੀਆਂ, ਸਰਕਾਰੀ ਕਾਲਜਾਂ ਤੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਅਧਿਆਪਕਾਂ ਨੂੰ ਸੱਤਵੇਂ ਤਨਖਾਹ ਕਮਿਸ਼ਨ ਮੁਤਾਬਕ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦੇ ਤਨਖਾਹ ਸਕੇਲ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ 15 ਜਨਵਰੀ, 2016 ਤੋਂ ਅਧਿਆਪਕਾਂ ਦੇ ਤਨਖਾਹ ਸਕੇਲਾਂ ਨੂੰ ਸੋਧ ਕੇ ਇਕ ਅਕਤੂਬਰ, 2022 ਤੋਂ ਲਾਗੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਪੰਜਾਬ ਯੂਨੀਵਰਸਿਟੀ ਸਣੇ ਸਾਰੀਆਂ ਯੂਨੀਵਰਸਿਟੀਆਂ ਅਤੇ ਸਰਕਾਰੀ ਕਾਲਜਾਂ ਤੇ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਦੇ ਸਾਰੇ ਅਧਿਆਪਕਾਂ ਤੇ ਬਰਾਬਰ ਕਾਡਰ ਵਿਚ ਕੰਮ ਕਰਦੇ ਮੁਲਾਜ਼ਮਾਂ ਨੂੰ ਇਸ ਦਾ ਲਾਭ ਹੋਵੇਗਾ। ਕੈਬਨਿਟ ਨੇ ਸਰਕਾਰੀ ਕਾਲਜਾਂ ਵਿਚ ਸੇਵਾ ਮੁਕਤ ਅਧਿਆਪਕਾਂ ਨੂੰ ਵਿਜ਼ਟਿੰਗ ਰਿਸੋਰਸ ਫੈਕਲਟੀ ਨਿਯੁਕਤ ਕਰਨ ਦੇ ਫੈਸਲੇ 'ਤੇ ਵੀ ਮੋਹਰ ਲਾ ਦਿੱਤੀ ਹੈ। ਵਿਜ਼ਟਿੰਗ ਰਿਸੋਰਸ ਫੈਕਲਟੀ ਨੂੰ ਸੇਵਾ-ਮੁਕਤ ਫੈਕਲਟੀ ਮੈਂਬਰਾਂ ਵਿਚੋਂ 70 ਸਾਲ ਦੀ



ਉਮਰ ਤੱਕ ਨਿਯੁਕਤ ਕੀਤਾ ਜਾ ਸਕਦਾ ਹੈ। ਇਨ੍ਹਾਂ ਨੂੰ ਪ੍ਰਤੀ ਸੈਸ਼ਨ ਦੇ ਹਿਸਾਬ ਨਾਲ ਮਾਣ ਭੱਤਾ ਦਿੱਤਾ ਜਾਵੇਗਾ ਜੋ 30 ਹਜ਼ਾਰ ਰੁਪਏ ਮਹੀਨਾ ਤੋਂ ਵੱਧ ਨਹੀਂ ਹੋਵੇਗਾ।

ਕੈਬਨਿਟ ਨੇ ਸਰਕਾਰੀ ਕਾਲਜਾਂ ਵਿਚ ਸੇਵਾਵਾਂ ਨਿਭਾਅ ਰਹੇ ਗੈਸਟ ਫੈਕਲਟੀ ਦੇ ਮਾਣ-ਭੱਤੇ ਵਿਚ ਵਾਧਾ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਯੋਗ ਤੇ ਅਯੋਗ ਗੈਸਟ-ਫੈਕਲਟੀ ਦਾ ਮਾਣ-ਭੱਤਾ ਵਧਾ ਕੇ ਘੱਟੋ-ਘੱਟ 33600 ਰੁਪਏ ਪ੍ਰਤੀ ਮਹੀਨਾ ਹੋਵੇਗਾ। ਇਨ੍ਹਾਂ ਦੀ ਤਨਖਾਹ ਵਿਚ ਵਾਧਾ ਸੇਵਾ ਦੀ ਮਿਆਦ ਅਤੇ ਨੋਟੀਫਿਕੇਸ਼ਨ ਵਿਚ ਦਿੱਤੇ ਸਲੈਬ ਅਨੁਸਾਰ ਕੀਤਾ ਜਾਵੇਗਾ। ਇਹ ਸ਼ਰਤ ਲਾਈ ਗਈ ਹੈ ਕਿ ਸਾਰੀ ਅਯੋਗ ਗੈਸਟ ਅਤੇ ਪਾਰਟ ਟਾਈਮ ਫੈਕਲਟੀ ਨੂੰ ਨੋਟੀਫਿਕੇਸ਼ਨ ਜਾਰੀ ਹੋਣ ਤੋਂ 2 ਸਾਲਾਂ ਦੇ ਅੰਦਰ ਯੂ.ਜੀ.ਸੀ. ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।

## 1020 ਅਸਾਮੀਆਂ ਸਿਰਜਣ ਦੀ ਪ੍ਰਵਾਨਗੀ

**ਚੰਡੀਗੜ੍ਹ:** ਮੰਤਰੀ ਮੰਡਲ ਨੇ ਸੰਗਰੂਰ ਜ਼ਿਲ੍ਹੇ ਵਿਚ ਮਸਤੂਆਣਾ ਸਾਹਿਬ ਵਿਖੇ ਨਵੇਂ ਬਣਨ ਜਾ ਰਹੇ ਸੰਤ ਅਤਰ ਸਿੰਘ ਸਟੇਟ ਇੰਸਟੀਟਿਊਟ ਆਫ ਮੈਡੀਕਲ ਸਾਇੰਸਜ਼ ਲਈ 1020 ਅਸਾਮੀਆਂ ਸਿਰਜਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਵਿਚ ਫੈਕਲਟੀ ਦੀਆਂ 193 ਅਸਾਮੀਆਂ, ਪੈਰਾ-ਮੈਡੀਕਲ ਸਟਾਫ ਦੀਆਂ 427 ਤੋਂ ਇਲਾਵਾ 400 ਹੋਰ ਅਸਾਮੀਆਂ ਹਨ। ਪੈਰਾ ਮੈਡੀਕਲ ਸਟਾਫ ਅਤੇ ਦਰਜਾ-ਚਾਰ ਅਸਾਮੀਆਂ ਦੀ ਭਰਤੀ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਮੌਜੂਦਾ ਨਿਯਮਾਂ ਤੇ ਪੰਜਾਬ ਸਟੇਟ (ਕਲਾਸ-4) ਸਰਵਿਸ ਰੂਲਜ਼-1963 ਦੇ ਨਿਯਮਾਂ ਮੁਤਾਬਕ ਭਰੀਆਂ ਜਾਣਗੀਆਂ।

## ਅੰਮ੍ਰਿਤਸਰ ਤੋਂ ਬਰਮਿੰਘਮ ਉਡਾਣ ਹਫਤੇ 'ਚ 2 ਦਿਨ

**ਰਾਜਾਸਾਂਸੀ:** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਬਰਮਿੰਘਮ ਲਈ ਏਅਰ ਇੰਡੀਆ ਦੀ ਉਡਾਣ ਅਕਤੂਬਰ ਮਹੀਨੇ ਤੋਂ ਹਫਤੇ ਵਿਚ ਦੋ ਵਾਰ ਉਡਾਣ ਭਰੇਗੀ। ਹੁਣ ਤੱਕ ਇਹ ਉਡਾਣ ਹਫਤੇ ਵਿਚ ਇਕ ਵਾਰ ਉਡਾਣ ਭਰਦੀ ਸੀ। ਏਅਰ ਇੰਡੀਆ ਦੇ ਮੁਤਾਬਕ ਅੰਮ੍ਰਿਤਸਰ-ਬਰਮਿੰਘਮ ਦੀ ਉਡਾਣ ਹਰ ਸ਼ੁੱਕਰਵਾਰ ਨੂੰ ਉਡਾਣ ਭਰਦੀ ਸੀ ਪਰ ਮੰਗ ਨੂੰ ਦੇਖਦੇ ਹੋਏ ਇਸ ਨੂੰ ਅਕਤੂਬਰ ਮਹੀਨੇ ਵਿਚ ਹਫਤੇ ਵਿਚ ਦੋ ਵਾਰ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਉਡਾਣ ਹਰ ਐਤਵਾਰ ਨੂੰ ਬਰਮਿੰਘਮ ਤੋਂ ਅੰਮ੍ਰਿਤਸਰ ਅਤੇ ਸੋਮਵਾਰ ਨੂੰ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਉਡਾਣ ਭਰੇਗੀ, ਜਦੋਂਕਿ ਅਕਤੂਬਰ ਮਹੀਨੇ ਲਈ ਬਰਮਿੰਘਮ ਤੋਂ ਅੰਮ੍ਰਿਤਸਰ ਲਈ ਇਹ ਉਡਾਣ ਹਰ ਸ਼ੁੱਕਰਵਾਰ ਅਤੇ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਇਹ ਉਡਾਣ ਹਰ ਸ਼ਨਿਚਰਵਾਰ ਨੂੰ ਉਡਾਣ ਭਰੇਗੀ। ਫਿਲਹਾਲ ਇਸ ਦੇ ਸਮੇਂ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਇਹ ਉਡਾਣ ਅੰਮ੍ਰਿਤਸਰ ਤੋਂ ਦੁਪਹਿਰ 12:45 ਉਤੇ ਉਡਾਣ ਭਰੇਗੀ ਅਤੇ 9 ਘੰਟੇ ਵਿਚ ਬਰਮਿੰਘਮ ਪਹੁੰਚੇਗੀ। ਇਸ ਦੇ ਨਾਲ ਹੀ ਬਰਮਿੰਘਮ ਤੋਂ ਇਹ ਉਡਾਣ ਰਾਤ 8:30 ਵਜੇ ਉਡਾਣ ਭਰੇਗੀ।

# ਐਲਿਜ਼ਾਬੈੱਥ ਦੀ ਅੰਮ੍ਰਿਤਸਰ ਫੇਰੀ ਮੁੜ ਚਰਚਾ ਵਿਚ ਆਈ

**ਅੰਮ੍ਰਿਤਸਰ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ-ਦੋਇਮ ਦੇ ਦੇਹਾਂਤ ਪਿਛੋਂ ਉਨ੍ਹਾਂ ਦੀ 1997 ਵਾਲੀ ਅੰਮ੍ਰਿਤਸਰ ਫੇਰੀ ਹੁਣ ਮੁੜ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਉਨ੍ਹਾਂ ਨਾਲ ਉਸ ਵੇਲੇ ਉਨ੍ਹਾਂ ਦੇ ਪਤੀ ਪ੍ਰਿੰਸ ਫਿਲਿਪ ਵੀ ਇਥੇ ਆਏ ਸਨ। ਉਹ 14 ਅਕਤੂਬਰ 1997 ਨੂੰ ਇਥੇ ਆਏ ਸਨ। ਉਨ੍ਹਾਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦੀ ਸਮਾਰਕ 'ਤੇ ਸ਼ਰਧਾਂਜਲੀ ਭੇਟ ਕੀਤੀ ਸੀ।

ਮਹਾਰਾਣੀ ਦਾ ਇਹ ਦੌਰਾ ਇਸ ਕਰਕੇ ਚਰਚਾ ਵਿਚ ਆਇਆ ਸੀ ਕਿਉਂਕਿ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਵਿਖੇ ਜੁਰਾਬਾਂ ਪਾ ਕੇ ਪਰਿਕਰਮਾ ਕੀਤੀ ਅਤੇ ਮੱਥਾ ਟੇਕਿਆ ਸੀ। ਗੁਰੂ ਘਰ ਵਿਚ ਆਉਣ ਵਾਲਾ ਹਰੇਕ ਸ਼ਰਧਾਲੂ ਆਮ ਇਨਸਾਨ ਹੁੰਦਾ ਹੈ ਤੇ ਕਿਸੇ ਨੂੰ ਵੀ ਵਿਅਕਤੀ ਵਿਸ਼ੇਸ਼ ਦਾ ਦਰਜਾ ਨਹੀਂ ਦਿੱਤਾ ਜਾਂਦਾ, ਪਰ ਉਨ੍ਹਾਂ ਨੂੰ ਉਸ



ਵੇਲੇ ਇਕ ਵਿਅਕਤੀ ਵਿਸ਼ੇਸ਼ ਵਜੋਂ ਇਹ ਰਾਹਤ ਦਿੱਤੀ ਗਈ ਸੀ।

ਬਰਤਾਨਵੀ ਸਫ਼ਾਰਤਖ਼ਾਨੇ ਵੱਲੋਂ ਵਿਸ਼ੇਸ਼ ਤੌਰ 'ਤੇ ਮਹਾਰਾਣੀ ਲਈ ਨਵੀਆਂ ਜੁਰਾਬਾਂ ਦੇ ਜੋੜੇ ਦਾ ਪ੍ਰਬੰਧ ਕੀਤਾ ਗਿਆ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸਕੱਤਰ ਮਰਹੂਮ ਮਨਜੀਤ ਸਿੰਘ ਕਲਕੱਤਾ ਸਨ। ਇਨ੍ਹਾਂ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਥੇ ਉਨ੍ਹਾਂ ਨੂੰ 'ਜੀ ਆਇਆਂ' ਕਹਿੰਦਿਆਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਸੀ। ਮਹਾਰਾਣੀ ਵੱਲੋਂ ਵੀ ਬਰਤਾਨੀਆ ਤੋਂ ਲਿਆਂਦਾ ਗਿਆ ਇਕ ਸੁੰਦਰ ਗੁਲਦਸਤਾ ਸਿੱਖ ਆਗੂਆਂ ਨੂੰ ਭੇਟ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਿਲਜੀਤ ਸਿੰਘ ਬੇਦੀ ਜੋ ਉਸ ਵੇਲੇ ਮੀਡੀਆ ਇੰਚਾਰਜ ਸਨ, ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਮਹਾਰਾਣੀ ਦੇ ਸੁਰੱਖਿਆ ਦਸਤੇ ਨੂੰ ਸਾਰੇ ਨਿਯਮਾਂ ਬਾਰੇ ਜਾਣੂ ਕਰਾਇਆ ਗਿਆ ਸੀ, ਪਰ ਉਹ ਜੁਰਾਬਾਂ ਪਾ ਕੇ ਅੰਦਰ ਜਾਣ ਲਈ ਬਜ਼ਿੱਦ ਸਨ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਉਸ ਵੇਲੇ ਮਰਿਆਦਾ ਦੀ ਅਣਦੇਖੀ ਹੋਈ ਸੀ। ਮਹਾਰਾਣੀ ਐਲਿਜ਼ਾਬੈਥ ਅਤੇ ਉਨ੍ਹਾਂ ਦੇ ਪਤੀ ਪ੍ਰਿੰਸ ਫਿਲਿਪ ਨੇ ਇਥੇ ਯਾਤਰੂ ਬੁੱਕ ਵਿਚ ਆਪਣੀਆਂ ਕੋਈ ਭਾਵਨਾਵਾਂ ਦਰਜ ਨਹੀਂ ਕੀਤੀਆਂ ਸਨ, ਸਗੋਂ ਸਿਰਫ ਦਸਤਖ਼ਤ ਹੀ ਕੀਤੇ ਸਨ। ਇਸ ਜੋੜੇ ਨੇ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦੀ ਸਮਾਰਕ 'ਤੇ ਸ਼ਰਧਾਂਜਲੀ ਵੀ ਭੇਟ ਕੀਤੀ ਸੀ।

# ਭਾਜਪਾ ਨੇ ਵਿਜੈ ਰੂਪਾਨੀ ਨੂੰ ਪੰਜਾਬ ਤੇ ਚੰਡੀਗੜ੍ਹ ਦਾ ਇੰਚਾਰਜ ਲਾਇਆ

**ਨਵੀਂ ਦਿੱਲੀ:** ਭਾਜਪਾ ਨੇ ਸਾਬਕਾ ਮੁੱਖ ਮੰਤਰੀਆਂ ਵਿਜੈ ਰੂਪਾਨੀ ਨੂੰ ਪੰਜਾਬ ਤੇ ਚੰਡੀਗੜ੍ਹ ਅਤੇ ਬਿਪਲਬ ਕੁਮਾਰ ਦੇਬ ਨੂੰ ਹਰਿਆਣਾ ਮਾਮਲਿਆਂ ਦਾ ਇੰਚਾਰਜ ਲਾਇਆ ਹੈ। ਸਾਬਕਾ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੂੰ ਕੇਰਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਰੂਪਾਨੀ ਤੇ ਦੇਬ ਦੀ ਇਹ ਨਵੀਂ ਨਿਯੁਕਤੀ ਅਹਿਮ ਹੈ, ਇਹ ਦੋਵੇਂ ਆਗੂ ਕ੍ਰਮਵਾਰ ਗੁਜਰਾਤ ਤੇ ਤ੍ਰਿਪੁਰਾ ਦੇ ਸਾਬਕਾ ਮੁੱਖ ਮੰਤਰੀ ਹਨ, ਤੇ ਇਨ੍ਹਾਂ ਰਾਜਾਂ ਵਿਚ ਅਗਲੇ ਕੁਝ ਮਹੀਨਿਆਂ ਵਿਚ ਅਸੈਂਬਲੀ ਚੋਣਾਂ ਹੋਣੀਆਂ ਹਨ।

ਸਾਬਕਾ ਕੇਂਦਰੀ ਮੰਤਰੀ ਤੇ ਸੰਸਦ ਮੈਂਬਰ ਮਹੇਸ਼ ਸ਼ਰਮਾ ਨੂੰ ਤ੍ਰਿਪੁਰਾ ਵਿਚ ਪਾਰਟੀ ਮਾਮਲਿਆਂ ਦਾ ਇੰਚਾਰਜ ਨਿਯੁਕਤ ਕੀਤਾ ਹੈ। ਕੌਮੀ ਸਕੱਤਰ ਨਰਿੰਦਰ ਸਿੰਘ ਰੈਣਾ ਨੂੰ ਪੰਜਾਬ ਮਾਮਲਿਆਂ ਦਾ ਸਹਿ-ਇੰਚਾਰਜ ਲਾਇਆ ਗਿਆ ਹੈ। ਇਸੇ ਤਰ੍ਹਾਂ ਪਾਰਟੀ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਨੂੰ ਬਿਹਾਰ ਦਾ ਨਵਾਂ ਇੰਚਾਰਜ ਲਾਇਆ ਗਿਆ ਹੈ, ਜਿਥੇ ਪਾਰਟੀ ਜੇ.ਡੀ.ਯੂ. ਨਾਲ ਤੋੜ-ਵਿਛੋੜੇ ਮਗਰੋਂ ਸੱਤਾ 'ਚੋਂ ਬਾਹਰ ਹੋ ਗਈ ਹੈ। ਬਿਹਾਰ ਦੇ ਸਾਬਕਾ ਮੰਤਰੀ ਮੰਗਲ ਪਾਂਡੇ ਨੂੰ ਪੱਛਮੀ ਬੰਗਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਹਰੀਸ਼ ਦਿਵੇਦੀ ਪਹਿਲਾਂ ਵਾਂਗ ਬਿਹਾਰ ਦੇ ਅਤੇ ਪਾਰਟੀ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਪੱਛਮੀ ਬੰਗਾਲ ਦੇ ਸਹਿ-ਇੰਚਾਰਜ ਹੋਣਗੇ। ਭਾਜਪਾ ਤਰਜਮਾਨ ਸੰਬਿਤ ਪਾਤਰਾ ਨੂੰ ਜਥੇਬੰਦਕ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਨੂੰ 8 ਉਤਰ-ਪੂਰਬੀ ਰਾਜਾਂ ਦਾ ਕੋਆਰਡੀਨੇਟਰ ਤੇ ਕੌਮੀ ਸਕੱਤਰ ਰਿਤੂਰਾਜ ਸਿਨਹਾ ਨੂੰ ਸੰਯੁਕਤ ਕੋਆਰਡੀਨੇਟਰ ਲਾਇਆ ਹੈ।

# ਝੂਠਾ ਪੁਲਿਸ ਮੁਕਾਬਲਾ: ਦੋ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ

**ਗੁਰਦਾਸਪੁਰ:** ਅਦਾਲਤ ਨੇ 30 ਸਾਲ ਪੁਰਾਣੇ ਇਕ ਮਾਮਲੇ ਵਿਚ ਝੂਠਾ ਮੁਕਾਬਲਾ ਕਰਨ ਵਾਲੇ ਦੋ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਅਤੇ ਪੰਜ-ਪੰਜ ਲੱਖ ਰੁਪਏ ਜੁਰਮਾਨਾ ਲਗਾਇਆ ਗਿਆ ਹੈ। ਮੁਲਜ਼ਮਾਂ ਵਿਚ ਥਾਣਾ ਡੇਰਾ ਬਾਬਾ ਨਾਨਕ ਦੇ ਤਤਕਾਲੀ ਸਹਾਇਕ ਸਬ-ਇੰਸਪੈਕਟਰ ਚੰਨਣ ਸਿੰਘ ਅਤੇ ਸਹਾਇਕ ਸਬ-ਇੰਸਪੈਕਟਰ ਤਰਲੋਕ ਸਿੰਘ ਦੇ ਨਾਂ ਸ਼ਾਮਲ ਹਨ।

ਇਸ ਮਾਮਲੇ ਵਿਚ ਸ਼ਿਕਾਇਤਕਰਤਾ ਲਖਬੀਰ ਕੌਰ ਵਿਧਵਾ ਹਰਜੀਤ ਸਿੰਘ ਵਾਸੀ ਪਿੰਡ ਅਲਾਵਲਪੁਰ ਕਲਾਨੌਰ ਨੇ ਅਦਾਲਤ ਵਿਚ ਇਸਤਗਾਸਾ ਦਾਇਰ ਕੀਤਾ ਸੀ, ਜਿਸ ਦੇ ਆਧਾਰ 'ਤੇ ਮੁਲਜ਼ਮਾਂ ਖਿਲਾਫ ਧਾਰਾ 302, 364 ਤਹਿਤ ਦੋਸ਼ ਆਇਦ ਹੋਏ ਸਨ। ਸ਼ਿਕਾਇਤਕਰਤਾ ਨੇ ਦੱਸਿਆ ਕਿ 21 ਮਾਰਚ, 1993 ਨੂੰ ਦੁਪਹਿਰ ਸਮੇਂ ਉਹ ਆਪਣੇ ਪੁੱਤਰ ਬਲਵਿੰਦਰ ਸਿੰਘ ਨਾਲ ਬੱਸ ਵਿਚ ਸਵਾਰ ਹੋ ਕੇ ਪਿੰਡ ਭੋਮਾ ਤੋਂ ਵਾਪਸ ਆ ਰਹੀ ਸੀ। ਇਸੇ ਬੱਸ ਵਿਚ ਉਨ੍ਹਾਂ ਦੇ ਜਾਣਕਾਰ ਵਿਰਸਾ ਸਿੰਘ, ਉਸ ਦੀ ਪਤਨੀ ਸੁਖਵਿੰਦਰ ਕੌਰ ਅਤੇ ਪੁੱਤਰ ਬਲਜਿੰਦਰ ਸਿੰਘ ਉਰਫ ਲਾਟੂ ਵੀ ਸਫਰ ਕਰ ਰਹੇ ਸਨ। ਜਦੋਂ ਬੱਸ ਤਲਵੰਡੀ ਰਾਮਾ ਦੇ ਬੱਸ ਅੱਡੇ 'ਤੇ ਰੁਕੀ ਤਾਂ ਅਚਾਨਕ ਥਾਣਾ ਡੇਰਾ ਬਾਬਾ ਨਾਨਕ




ਦੇ ਥਾਣਾ ਮੁਖੀ ਬਲਦੇਵ ਸਿੰਘ, ਕਾਂਸਟੇਬਲ ਚੰਨਣ ਸਿੰਘ, ਕਾਂਸਟੇਬਲ ਨਿਰਮਲ ਸਿੰਘ ਅਤੇ ਕੁਝ ਹੋਰ ਪੁਲਿਸ ਮੁਲਾਜ਼ਮ ਬੱਸ ਵਿਚ ਆ ਚੜ੍ਹੇ। ਉਨ੍ਹਾਂ ਨੇ ਜ਼ਬਰਦਸਤੀ ਉਸ ਦੇ ਪੁੱਤਰ ਬਲਵਿੰਦਰ ਸਿੰਘ ਤੇ ਨਾਲ ਸਫਰ ਕਰ ਰਹੇ ਨੌਜਵਾਨ ਬਲਜਿੰਦਰ ਸਿੰਘ ਉਰਫ ਲਾਟੂ ਨੂੰ ਬੱਸ ਵਿਚੋਂ ਉਤਾਰ ਲਿਆ। ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਫੜਨ ਦਾ ਕਾਰਨ ਪੁੱਛਣ 'ਤੇ ਪੁਲਿਸ ਨੇ ਕਿਹਾ ਕਿ ਇਹ ਨੌਜਵਾਨ ਅਤਿਵਾਦੀ ਹਨ। ਪੁਲਿਸ ਉਨ੍ਹਾਂ ਨੂੰ ਡੇਰਾ ਬਾਬਾ ਨਾਨਕ ਥਾਣੇ ਵਿਚ ਲੈ ਗਈ।

ਪਰਿਵਾਰ ਤੇ ਪਿੰਡ ਵਾਲੇ ਥਾਣਾ ਡੇਰਾ ਬਾਬਾ ਨਾਨਕ ਗਏ ਅਤੇ ਨੌਜਵਾਨਾਂ ਨੂੰ ਬੇਕਸੂਰ ਦੱਸਦਿਆਂ ਰਿਹਾਅ ਕਰਨ ਦੀ ਮੰਗ ਕੀਤੀ ਪਰ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ ਗਈ। ਉਸ ਸਮੇਂ ਪੁਲਿਸ ਨੇ ਥਾਣੇ ਵਿਚ ਬਲਵਿੰਦਰ ਸਿੰਘ ਨਾਮ ਦਾ ਇਕ ਹੋਰ ਨੌਜਵਾਨ ਵੀ ਬਿਠਾਇਆ ਹੋਇਆ ਸੀ। ਇਸ ਮਗਰੋਂ 23 ਮਾਰਚ, 1993 ਪੁਲਿਸ ਉਨ੍ਹਾਂ ਨੂੰ ਜਬਰੀ ਗੱਡੀ ਵਿਚ ਬਿਠਾ ਕੇ ਪਿੰਡ ਕਠਿਆਲੀ ਵੱਲ ਲੈ ਗਈ, ਜਦ ਕਿ ਨੌਜਵਾਨ ਰੌਲਾ ਪਾ ਰਹੇ ਸਨ ਕਿ ਪੁਲਿਸ ਉਨ੍ਹਾਂ ਨੂੰ ਮਾਰ ਦੇਵੇਗੀ। ਇਸ ਮਗਰੋਂ ਕਠਿਆਲੀ ਵਾਸੀਆਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਪੁਲਿਸ ਨੇ ਤਿੰਨ ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਸ਼ਿਕਾਇਤਕਰਤਾ ਲਖਬੀਰ ਕੌਰ ਨੇ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਪੁੱਤਰ ਦੀ ਲਾਸ਼ ਵੀ ਨਹੀਂ ਦਿੱਤੀ ਅਤੇ ਖੁਦ ਹੀ ਸਸਕਾਰ ਕਰ ਦਿੱਤਾ।

ਪੰਜਾਬ ਟਾਈਮਜ਼

*ਸਨਿਚਰਵਾਰ, 17 ਸਤੰਬਰ 2022*

## ਸਰਕਾਰ ਅਤੇ ਸਿਆਸਤ

ਪੰਜਾਬ ਵਿਚ ਵੀ ਸਰਕਾਰ ਤੋੜਨ ਦੀਆਂ ਕੋਸ਼ਿਸ਼ਾਂ ਦਾ ਰੌਲਾ ਪੈ ਗਿਆ ਹੈ। ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਾਕਾਇਦਾ ਪ੍ਰੈੱਸ ਕਾਨਫਰੰਸ ਕਰਕੇ ਦਾਅਵਾ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਨੂੰ 25-25 ਕਰੋੜ ਰੁਪਏ ਦੇ ਕੇ ਖਰੀਦਣ ਦੀ ਕੋਸ਼ਿਸ਼ ਕੀਤੀ ਹੈ। ਯਾਦ ਰਹੇ ਕਿ ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਉਤੇ ਇਹੀ ਦੋਸ਼ ਦਿੱਲੀ ਵਿਚ ਵੀ ਲਾਏ ਹਨ। ਇਹ ਵੀ ਸੱਚ ਹੈ ਕਿ ਭਾਰਤੀ ਜਨਤਾ ਪਾਰਟੀ ਕਈ ਸੂਬਿਆਂ ਵਿਚ ਸਿਆਸੀ ਜੋੜ-ਤੋੜ ਰਾਹੀਂ ਵਿਰੋਧੀ ਧਿਰ ਦੀ ਸਰਕਾਰ ਤੋੜ ਕੇ ਉਥੇ ਆਪਣੇ ਪੱਖ ਵਾਲੀ ਸਰਕਾਰ ਬਣਾ ਚੁੱਕੀ ਹੈ। ਇਸ ਦੀ ਸਭ ਤੋਂ ਨੁਮਾਇਆ ਮਿਸਾਲ ਮਹਾਰਾਸ਼ਟਰ ਦੀ ਹੈ ਜਿੱਥੇ ਭਾਰਤੀ ਜਨਤਾ ਪਾਰਟੀ ਨੇ ਸੱਤਾਧਾਰੀ ਸ਼ਿਵ ਸੈਨਾ ਨੂੰ ਦੋਫਾੜ ਕੀਤਾ ਅਤੇ ਇਕ ਧੜੇ ਦੀ ਹਮਾਇਤ ਕਰਕੇ ਊਧਵ ਠਾਕਰੇ ਦਾ ਤਖਤਾ ਪਲਟ ਦਿੱਤਾ। ਇਸ ਤੋਂ ਪਹਿਲਾਂ ਗੋਆ, ਕਰਨਾਟਕ, ਮੱਧ ਪ੍ਰਦੇਸ਼ ਅਤੇ ਕਈ ਹੋਰ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਨੇ ਜੋ ਕੁਝ ਕੀਤਾ, ਉਹ ਵੀ ਸਭ ਦੇ ਸਾਹਮਣੇ ਹੈ। ਉਂਝ ਵੀ, ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਆਪਣੀ ਪੈਂਠ ਬਣਾਉਣ ਲਈ ਬਹੁਤ ਜ਼ਿਆਦਾ ਤਰੱਦਦ ਕਰ ਰਹੀ ਹੈ। ਪਿਛਲਾ ਸਮਾਂ ਗਵਾਹ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਤੋਂ ਵਿਰੋਧ ਦਾ ਲਗਾਤਾਰ ਸਾਹਮਣਾ ਕਰਨਾ ਪਿਆ ਹੈ। ਪਿਛੇ ਜਿਹੇ ਚੱਲੇ ਲੰਮੇ ਕਿਸਾਨ ਅੰਦੋਲਨ ਨੇ ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੀ ਬਸ ਹੀ ਕਰਵਾ ਦਿੱਤੀ ਸੀ।

ਇਸ ਦੇ ਨਾਲ ਹੀ ਮਸਲਾ ਇਹ ਵੀ ਹੈ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਜ਼ਮੀਨੀ ਪੱਧਰ 'ਤੇ ਖੁਦ ਤਾਂ ਕੁਝ ਕਰ ਨਹੀਂ ਪਰ ਵੱਖ-ਵੱਖ ਸਮਿਆਂ ਦੌਰਾਨ ਵੱਖੋ-ਵੱਖਰੇ ਮੁੱਦੇ ਉਛਾਲ ਕੇ ਆਪਣੀ ਨਾਲਾਇਕੀ ਢਕਣ ਦਾ ਯਤਨ ਕਰਦੀ ਹੈ। ਹੋਰ ਤਾਂ ਹੋਰ, ਹੁਣ ਤਾਂ ਇਸ ਸਰਕਾਰ ਉਤੇ ਇਹ ਦੋਸ਼ ਵੀ ਲੱਗ ਰਹੇ ਹਨ ਕਿ ਇਸ ਨੇ ਕੇਂਦਰ ਵਿਚਲੀ ਮੋਦੀ ਸਰਕਾਰ ਵਾਂਗ ਪੰਜਾਬ ਅੰਦਰ ਮੀਡੀਆ ਨੂੰ 'ਕਾਬੂ' ਕਰ ਲਿਆ ਹੈ। ਮੀਡੀਆ ਅਦਾਰਿਆਂ ਨੂੰ ਥੋਕ ਦੇ ਭਾਅ ਇਸ਼ਤਿਹਾਰ ਦੇ ਕੇ ਜਾਂ ਕਈ ਹੋਰ ਢੰਗ-ਤਰੀਕਿਆਂ ਰਾਹੀਂ ਨਰਮਾਈ ਵਰਤਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਬਹੁਤੇ ਮੀਡੀਆ ਅਦਾਰੇ ਬਣਦੇ ਮੁੱਦਿਆਂ ਉਤੇ ਵੀ ਸਰਕਾਰ ਦੀ ਆਲੋਚਨਾ ਨਹੀਂ ਕਰ ਰਹੇ ਸਗੋਂ ਸਰਕਾਰ ਪੱਖੀ ਖਬਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਚੋਣ ਪ੍ਰਚਾਰ ਵਿਚ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਕਾਇਆ-ਕਲਪ ਕਰਨ ਦਾ ਵਾਅਦਾ ਕੀਤਾ ਸੀ। ਇਸ ਸਬੰਧੀ ਦਾਅਵੇ ਕੀਤੇ ਸਨ ਕਿ ਦਿੱਲੀ ਦੀ ਤਰਜ਼ 'ਤੇ ਪੰਜਾਬ ਦੇ ਲੋਕਾਂ ਨੂੰ ਵੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਪਰ ਛੇ ਮਹੀਨੇ ਲੰਘਣ ਤੋਂ ਬਾਅਦ ਵੀ ਇਨ੍ਹਾਂ ਦੋਹਾਂ ਖੇਤਰਾਂ ਵਿਚ ਪਹਿਲੀ ਪੂਣੀ ਵੀ ਨਹੀਂ ਕੱਤੀ ਗਈ। ਉਂਝ ਹੁਣ ਤਾਂ ਇਹ ਵੀ ਸਾਬਤ ਹੋ ਰਿਹਾ ਹੈ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਸਿਹਤ ਅਤੇ ਸਿੱਖਿਆ ਸਹੂਲਤਾਂ ਦਾ ਜੋ ਗੁੱਡਾ ਬੰਨ੍ਹਿਆ ਹੈ, ਉਹ ਵੀ ਪੂਰਾ ਸੱਚ ਨਹੀਂ ਹੈ। ਦਿੱਲੀ ਵਿਚ ਗਿਣਤੀ ਦੇ ਹੀ ਸਕੂਲਾਂ ਨੂੰ ਆਧੁਨਿਕ ਦਿੱਖ ਦਿੱਤੀ ਗਈ ਹੈ, ਬਾਕੀ ਸਕੂਲਾਂ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ ਗਿਆ। ਨਾਲੇ ਸਕੂਲਾਂ ਦੀ ਪੜ੍ਹਾਈ ਬਾਰੇ ਕੌਮੀ ਪੱਧਰ 'ਤੇ ਜਿਹੜੀਆਂ ਦੋ ਰਿਪੋਰਟਾਂ ਪਿਛਲੇ ਸਮੇਂ ਦੌਰਾਨ ਆਈਆਂ ਹਨ, ਉਨ੍ਹਾਂ ਵਿਚ ਪੰਜਾਬ ਦੀ ਸਕੂਲ ਸਿੱਖਿਆ ਨੂੰ ਦਿੱਲੀ ਦੀ ਸਕੂਲ ਸਿੱਖਿਆ ਤੋਂ ਕਿਤੇ ਅਗਾਂਹ ਦਿਖਾਇਆ ਗਿਆ ਹੈ। ਇਸ ਬਾਰੇ ਮੀਡੀਆ ਅੰਦਰ ਕੁਝ ਕੁ ਚਰਚਾ ਵੀ ਚੱਲੀ ਸੀ ਪਰ ਆਮ ਆਦਮੀ ਪਾਰਟੀ 'ਮੈਂ ਨਾ ਮਾਨੂ' ਵਾਲੀ ਪਹੁੰਚ ਅਪਣਾ ਰਹੀ ਹੈ ਅਤੇ ਅਜੇ ਵੀ ਇਹ ਦਾਅਵੇ ਕਰ ਰਹੀ ਹੈ ਕਿ ਦਿੱਲੀ ਦੀ ਤਰਜ਼ ਉਤੇ ਪੰਜਾਬ ਦੀ ਸਕੂਲ ਸਿੱਖਿਆ ਨੂੰ ਬਿਹਤਰ ਬਣਾਇਆ ਜਾਵੇਗਾ।

ਇਸੇ ਤਰ੍ਹਾਂ ਸਿਹਤ ਸਹੂਲਤਾਂ ਦਾ ਹਾਲ ਹੈ। ਲੋਕ ਪਹਿਲਾਂ ਵਾਂਗ ਹੀ ਖੱਜਲ-ਖੁਆਰ ਹੋ ਰਹੇ ਹਨ। ਸਰਕਾਰ ਨੇ ਭਾਵੇਂ ਹਸਪਤਾਲ ਅਤੇ ਮੈਡੀਕਲ ਕਾਲਜ ਖੋਲ੍ਹਣ ਦਾ ਦਾਅਵਾ ਕੀਤਾ ਹੈ ਪਰ ਅੰਕੜੇ ਹੋਰ ਕਹਾਣੀ ਕਹਿ ਰਹੇ ਹਨ। ਸਿਹਤ ਖੇਤਰ ਵਿਚ ਸਰਕਾਰੀ ਖਰਚ ਲਗਾਤਾਰ ਘਟਾਇਆ ਜਾ ਰਿਹਾ ਹੈ। ਸਿੱਟੇ ਵਜੋਂ ਸਾਰਾ ਬੋਝ ਲੋਕਾਂ ਦੀਆਂ ਜੇਬਾਂ ਉੱਤੇ ਬੋਝ ਪੈ ਰਿਹਾ ਹੈ। ਸਿਹਤ ਸਹੂਲਤਾਂ ਦੇ ਨਿੱਜੀਕਰਨ ਕਾਰਨ ਇਲਾਜ ਲਈ ਮਰੀਜ਼ਾਂ ਨੂੰ ਪ੍ਰਾਈਵੇਟ ਖੇਤਰ ਦੇ ਮਹਿੰਗੇ ਹਸਪਤਾਲਾਂ ਉੱਤੇ ਨਿਰਭਰ ਹੋਣ ਕਰ ਕੇ ਭਾਰੀ ਖਰਚੇ ਕਰਨੇ ਪੈ ਰਹੇ ਹਨ। ਬਹੁਤ ਸਾਰੇ ਲੋਕ ਅਜਿਹੇ ਹਨ ਜਿਹੜੇ ਸਰਕਾਰੀ ਹਸਪਤਾਲਾਂ ਵਿਚ ਰੁਲ ਰਹੇ ਹਨ ਅਤੇ ਬਹੁਤ ਸਾਰੇ ਇਲਾਜ ਖੁਣੋਂ ਰਹਿ ਜਾਂਦੇ ਹਨ। ਮਾਹਿਰ ਲਗਾਤਾਰ ਇਹ ਕਹਿ ਰਹੇ ਹਨ ਕਿ ਸਿੱਖਿਆ ਅਤੇ ਸਿਹਤ ਦੋ ਅਜਿਹੇ ਖੇਤਰ ਹਨ ਜੋ ਤੁਰੰਤ ਮੁਨਾਫਾ ਨਹੀਂ ਦਿੰਦੇ, ਸਰਕਾਰਾਂ ਨੂੰ ਲੋਕਾਂ ਦੇ ਚੰਗੇ ਭਵਿੱਖ ਲਈ ਇਨ੍ਹਾਂ ਖੇਤਰਾਂ ਵਿਚ ਵੱਧ ਤੋਂ ਵੱਧ ਨਿਵੇਸ਼ ਕਰਨਾ ਚਾਹੀਦਾ ਹੈ ਪਰ ਸਿਤਮਜ਼ਰੀਫੀ ਇਹ ਹੈ ਕਿ ਇਹ ਦੋਵੇਂ ਖੇਤਰ ਵਪਾਰਕ ਹੋ ਗਏ ਹਨ ਅਤੇ ਨਿੱਜੀਕਰਨ ਕਾਰਨ ਧਨਾਢਾਂ ਲਈ ਵੱਡਾ ਧੰਦਾ ਬਣ ਗਏ ਹਨ।

ਜ਼ਾਹਿਰ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਮੁੱਦਿਆਂ ਵੱਲ ਧਿਆਨ ਨਹੀਂ ਦੇ ਰਹੀ ਜਿਹੜੇ ਸਿੱਧੇ ਆਮ ਲੋਕਾਂ ਨਾਲ ਜੁੜੇ ਹੋਏ ਹਨ। ਇਸ ਦੀ ਥਾਂ ਸਿਆਸਤ ਖਾਤਰ ਨਿੱਤ ਦਿਨ ਕੋਈ ਨਾ ਕੋਈ ਮੁੱਦਾ ਉਛਾਲ ਦਿੱਤਾ ਜਾਂਦਾ ਹੈ। ਉਂਝ ਵੀ ਜੇ ਭਾਰਤੀ ਜਨਤਾ ਪਾਰਟੀ ਇਉਂ ਖਰੀਦੋ-ਫਰੋਖਤ ਦਾ ਯਤਨ ਕਰ ਰਹੀ ਹੈ ਤਾਂ ਪ੍ਰੈੱਸ ਕਾਨਫਰੰਸ ਕਰਨ ਦੀ ਥਾਂ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ। ਹੁਣ ਤਾਂ ਸਮੁੱਚਾ ਢਾਂਚਾ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਮਾਨ ਹੇਠ ਹੈ। ਭਾਰਤੀ ਜਨਤਾ ਪਾਰਟੀ ਦੇ ਜਿਹੜੇ ਲੀਡਰ 'ਆਪ' ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਖਿਲਾਫ ਕਾਰਵਾਈ ਕੀਤੀ ਹੀ ਜਾ ਸਕਦੀ ਹੈ। ਵਿੱਤ ਮੰਤਰੀ ਨੇ ਇਹ ਪ੍ਰੈੱਸ ਕਾਨਫਰੰਸ ਕੀਤੀ ਵੀ ਉਦੋਂ ਹੈ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਮੁਲਕ ਵਿਚ ਨਹੀਂ ਹਨ। ਇਸ ਤੋਂ ਸਿਆਸੀ ਮਾਹਿਰ ਸਰਕਾਰ ਅੰਦਰ ਅੰਦਰੂਨੀ ਖਿੱਚੋਤਾਣ ਦੇ ਅਰਥ ਵੀ ਕੱਢ ਰਹੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਿਸ਼ਨ ਚੌਵੀ ਦੀ ਚੋਣ ਵਾ.ਲਾ*

ਲੁੱਟ ਪਹਿਲੋਂ ਹੀ ਪਈ ਹੈ ਪਾਣੀਆਂ ਦੀ, ਹੁਣ ਪੰਜਾਬ ਨਹੀਂ ਹੱਕਾਂ ਨੂੰ ਖੋਣ ਵਾ.ਲਾ।
ਤਾਣਾ-ਬਾਣਾ ਹੈ ਸੌੜੀਆਂ ਸਿਆਸਤਾਂ ਦਾ, 'ਬੇਈਮਾਨੀ ਦੀ ਚੱਕੀ' ਨੂੰ ਝੋਣ ਵਾ.ਲਾ।
ਚਿੰਤਾ ਕਈਆਂ ਨੂੰ ਨਵੇਂ ਲੁਟੇਰਿਆਂ ਦੀ, ਕੋਈ ਆਖਦਾ ਕੁਝ ਨਹੀਂ ਹੋਣ ਵਾ.ਲਾ।
ਮਦਰ ਦੇਸ ਨੂੰ ਬੰਜਰ ਨਹੀਂ ਹੋਣ ਦੇਣਾ, ਲੜੀਏ ਹੱਕ ਲਈ ਵਿਰਸਾ ਨ੍ਹੀ ਰੋਣ ਵਾ.ਲਾ।
'ਰਾਇਪੇਰੀਅਨ ਲਾਅ' ਦੇ ਸਾਹਮਣੇ ਜੀ, ਦੱਸੋ ਕਿਹੜਾ ਕਾਨੂੰਨ ਖਲੋਣ ਵਾ.ਲਾ।
ਐੱਸਵਾਈਐੱਲ ਦੇ ਮੁੱਦੇ ਨੂੰ ਕਹਿਣ ਲੋਕੀਂ, ਇਹ ਮਿਸ਼ਨ ਹੈ 'ਚੌਵੀ ਦੀ ਚੋਣ' ਵਾ.ਲਾ!

# ਦਰਿਆਈ ਪਾਣੀਆਂ ਦੇ ਮਸਲੇ ਦੀ ਹਕੀਕਤ

ਭਾਰਤ ਦੀ ਸੁਪਰੀਮ ਕੋਰਟ ਨੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ. ਨਹਿਰ ਬਾਬਤ ਕੀਤੀ ਇਹ ਟਿੱਪਣੀ ਕਿ 'ਪਾਣੀ ਕੁਦਰਤੀ ਸ੍ਰੋਤ ਹੈ ਅਤੇ ਜਿਉਂਦੇ-ਜਾਗਦਿਆਂ ਨੂੰ ਇਸ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਸਿੱਖਣਾ ਚਾਹੀਦਾ ਹੈ- ਭਾਵੇਂ ਕੋਈ ਵਿਅਕਤੀ ਹੋਵੇ ਅਤੇ ਭਾਵੇਂ ਸੂਬੇ ਹੋਣ', ਨਾਲ ਅਸਹਿਮਤ ਹੋਣ ਦਾ ਕੋਈ ਕਾਰਨ ਨਹੀਂ ਹੈ; ਫਿਰ ਕੋਲੇ, ਲੋਹੇ ਅਤੇ ਹੋਰ ਖਣਿਜਾਂ ਲਈ ਵੀ ਇਹੋ ਅਸੂਲ ਲਾਗੂ ਹੋਣਾ ਚਾਹੀਦਾ ਹੈ ਅਤੇ ਸਾਰੇ ਸੂਬਿਆਂ ਨੂੰ ਇਹ ਅਸੂਲ ਅਪਣਾਉਣਾ ਚਾਹੀਦਾ ਹੈ! ਉਂਝ, ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਮੁਲਕ ਦਾ ਇਕੋ-ਇਕ ਅਜਿਹਾ ਸੂਬਾ ਹੈ ਜਿਹੜਾ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਹੁਣ ਤੱਕ ਸਭ ਤੋਂ ਵੱਧ ਖੁੱਲ੍ਹਦਿਲਾ ਰਿਹਾ ਹੈ।



ਰਿਕਾਰਡ ਹੈ ਕਿ ਪੰਜਾਬ ਦੇ ਦਰਿਆਵਾਂ ਦਾ 70 ਫ਼ੀਸਦੀ ਪਾਣੀ ਗੁਆਂਢੀ ਸੂਬਿਆਂ ਨੂੰ ਜਾ ਰਿਹਾ ਹੈ।

ਪੰਜਾਬ ਦਾ ਕੇਸ ਪੇਸ਼ ਕਰ ਰਹੇ ਵਕੀਲਾਂ ਨੂੰ ਇਹ ਪੱਖ ਸੁਪਰੀਮ ਕੋਰਟ ਦੇ

**ਜਗਤਾਰ ਸਿੰਘ**
ਫੋਨ: +91-97797-11201

ਧਿਆਨ ਵਿਚ ਲਿਆਉਣਾ ਚਾਹੀਦਾ ਸੀ ਕਿ ਦਰਿਆਈ ਪਾਣੀਆਂ ਬਾਰੇ ਪੰਜਾਬ ਦੀ ਖੁੱਲ੍ਹਦਿਲੀ ਦੀ ਮੁਲਕ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਜਾਂਦਾ ਹੈ। ਸੁਪਰੀਮ ਕੋਰਟ ਦੇ ਧਿਆਨ ਵਿਚ ਇਹ ਵੀ ਲਿਆਂਦਾ ਜਾਣਾ ਚਾਹੀਦਾ ਸੀ ਕਿ ਪੰਜਾਬ ਦੇ 1966 ਵਿਚ ਹੋਏ ਪੁਨਰਗਠਨ ਸਮੇਂ ਪੰਜਾਬ ਨੂੰ ਯਮੁਨਾ ਦਰਿਆ ਦੇ ਪਾਣੀਆਂ ਵਿਚ ਹਿੱਸੇਦਾਰ ਨਹੀਂ ਮੰਨਿਆ ਗਿਆ ਸੀ ਜਦੋਂਕਿ ਉਸ ਸਮੇਂ ਤੱਕ ਪੰਜਾਬ ਇਸ ਦਰਿਆ ਦਾ ਰਾਇਪੇਰੀਅਨ ਸੂਬਾ ਸੀ। ਅਸੂਲ ਸਾਰਿਆਂ ਲਈ ਇਕੋ ਹੀ ਹੋਣਾ ਚਾਹੀਦਾ ਹੈ ਅਤੇ ਉਦਾਰਤਾ ਜਾਂ ਖੁੱਲ੍ਹਦਿਲੀ ਸਾਰੀਆਂ ਧਿਰਾਂ ਦਿਖਾਉਣ।

ਸੁਪਰੀਮ ਕੋਰਟ ਵਿਚ ਹੁਣ ਚੱਲ ਰਿਹਾ ਮਾਮਲਾ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਮੁਕੰਮਲ ਕਰਨ ਦਾ ਹੈ ਜਿਹੜੀ 1990 ਵਿਚ ਮੁੱਖ ਇੰਜਨੀਅਰ ਅਤੇ ਨਿਗਰਾਨ ਇੰਜਨੀਅਰ ਦੇ ਕਤਲ ਨਾਲ ਰੁਕ ਗਈ ਸੀ। ਉਸ ਵੇਲੇ ਤੱਕ ਇਸ ਨਹਿਰ ਦਾ ਤਕਰੀਬਨ 90 ਫ਼ੀਸਦੀ ਕੰਮ ਮੁਕੰਮਲ ਹੋ ਗਿਆ ਸੀ।

ਇਹ ਪਹਿਲਾ ਮੌਕਾ ਨਹੀਂ ਜਦੋਂ ਇਸ ਨਹਿਰ ਦਾ ਮਾਮਲਾ ਸੁਪਰੀਮ ਕੋਰਟ ਵਿਚ ਗਿਆ ਹੋਵੇ। ਪਹਿਲੀ ਵਾਰ 1979 ਵਿਚ ਹਰਿਆਣਾ ਸਰਕਾਰ ਨੇ ਇਹ ਮਾਮਲਾ ਸੁਪਰੀਮ ਕੋਰਟ ਲਿਜਾ ਕੇ ਮੰਗ ਕੀਤੀ ਸੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1976 ਵਿਚ ਐਮਰਜੈਂਸੀ ਦੌਰਾਨ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਬਾਰੇ ਐਲਾਨੇ ਐਵਾਰਡ ਨੂੰ ਲਾਗੂ ਕੀਤਾ ਜਾਵੇ। ਇੰਦਰਾ ਗਾਂਧੀ ਨੇ ਇਸ ਐਵਾਰਡ ਵਿਚ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 78, 79 ਤੇ 80 ਤਹਿਤ ਵੰਡ ਕਰਦਿਆਂ ਪੰਜਾਬ ਅਤੇ ਹਰਿਆਣਾ ਦੋਹਾਂ ਨੂੰ ਬਰਾਬਰ, ਭਾਵ, 3.5 ਐੱਮ.ਏ.ਐੱਫ. ਪਾਣੀ ਦੇਣ ਦਾ ਫ਼ੈਸਲਾ ਕੀਤਾ ਸੀ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇਸ ਬਾਰੇ ਪੰਜਾਬ ਵੱਲੋਂ ਲਿਖਤੀ ਰੋਸ ਅਤੇ ਵਿਰੋਧ ਦਰਜ ਕਰਾਇਆ ਸੀ ਪਰ ਨਾਲ ਹੀ ਉਸ ਦੀ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਾਉਣ ਲਈ ਹਰਿਆਣਾ ਤੋਂ ਇਕ ਕਰੋੜ ਰੁਪਏ ਦੀ ਰਕਮ ਵੀ ਮਨਜ਼ੂਰ ਕਰ ਲਈ ਸੀ।

ਨਹਿਰ ਦੀ ਉਸਾਰੀ ਲਈ ਜ਼ਮੀਨ ਗ੍ਰਹਿਣ ਕਰਨ ਦਾ ਪਹਿਲਾ ਨੋਟੀਫਿਕੇਸ਼ਨ, ਉਹ ਵੀ ਸੰਕਟਕਾਲੀਨ ਧਾਰਾ ਤਹਿਤ, ਫਰਵਰੀ 1978 ਵਿਚ ਉਸ ਸਮੇਂ ਹੋਇਆ ਜਦੋਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਦਖ਼ਲਅੰਦਾਜ਼ੀ ਕਾਰਨ ਸਤਲੁਜ-ਯਮਨਾ ਨਹਿਰ ਦੀ ਉਸਾਰੀ ਸ਼ੁਰੂ ਕਰਨ ਦੀ ਸਕੀਮ ਜਦੋਂ ਠੱਪ ਹੋ ਗਈ ਤਾਂ ਹਰਿਆਣਾ ਸਰਕਾਰ ਫਿਰ ਸੁਪਰੀਮ ਕੋਰਟ ਵਿਚ ਗਈ। ਉਸ ਤੋਂ ਬਾਅਦ ਪੰਜਾਬ ਨੇ ਵੀ ਸੁਪਰੀਮ ਕੋਰਟ ਵਿਚ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 78, 79 ਤੇ 80 ਨੂੰ ਚੁਣੌਤੀ ਦਿੱਤੀ। ਉਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਇਤਿਹਾਸ ਦਾ ਹਿੱਸਾ ਹਨ।

ਸਤਲੁਜ-ਯਮੁਨਾ ਨਹਿਰ ਹਰਿਆਣਾ ਨੂੰ 3.5 ਐੱਮ.ਏ.ਐੱਫ. ਪਾਣੀ ਦੇਣ ਲਈ ਬਣਾਈ ਗਈ ਸੀ। ਪੰਜਾਬ ਦੇ ਦਰਿਆਈ ਪਾਣੀਆਂ ਦੀ ਤਕਸੀਮ ਦੇ ਮਾਮਲੇ ਦੀਆਂ ਜੜ੍ਹਾਂ 1947 ਵਿਚ ਦੋਹਾਂ ਪੰਜਾਬਾਂ ਦੀ ਵੰਡ ਵਿਚ ਹਨ। ਦੋਹਾਂ ਪੰਜਾਬਾਂ ਦੀ ਇਸ ਮਾਮਲੇ ਉੱਤੇ ਗੱਲਬਾਤ ਹੁੰਦੀ ਰਹੀ ਪਰ ਜਦੋਂ ਮਾਮਲਾ ਆਪਸੀ ਸਹਿਮਤੀ ਨਾਲ ਹੱਲ ਨਾ ਹੋਇਆ ਤਾਂ ਸੰਸਾਰ ਬੈਂਕ ਨੇ ਦਖ਼ਲਅੰਦਾਜ਼ੀ ਨਾਲ ਭਾਰਤ ਅਤੇ ਪਾਕਿਸਤਾਨ ਵਿਚ 1960 ਵਿਚ ਇੰਡਸ ਵਾਟਰ ਟਰੀਟੀ ਦੇ ਨਾਮ ਨਾਲ ਜਾਣਿਆ ਜਾਂਦਾ ਸਮਝੌਤਾ ਹੋਇਆ ਜਿਹੜਾ ਹੁਣ ਵੀ ਲਾਗੂ ਹੈ। ਇੰਡਸ ਵਾਟਰ ਟਰੀਟੀ ਤੋਂ ਪਹਿਲਾਂ 1955 ਵਿਚ ਹੋਈ ਪੰਜਾਬ ਦੇ ਦਰਿਆਈ ਪਾਣੀਆਂ ਦੀ ਕੀਤੀ ਗਈ ਅਲਾਟਮੈਂਟ ਮਹੱਤਵਪੂਰਨ ਹੈ ਕਿਉਂਕਿ ਉਸ ਸਮੇਂ ਭਾਰਤ ਨੇ ਪਾਣੀ ਦੀ ਹੋ ਰਹੀ ਵਰਤੋਂ ਦੇ ਆਧਾਰ ਉੱਤੇ ਆਪਣਾ ਕੇਸ ਪੇਸ਼ ਕਰਨਾ ਸੀ। ਰਿਕਾਰਡ ਅਨੁਸਾਰ ਪੰਜਾਬ ਨੂੰ ਆਪਣੀ ਲੋੜ



ਮੁਤਾਬਿਕ ਕੇਸ ਬਣਾ ਕੇ ਭੇਜਣ ਲਈ ਕਿਹਾ ਗਿਆ। ਰਾਜਸਥਾਨ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਵਿਚ ਹਿੱਸੇਦਾਰ ਉਸ ਸਮੇਂ ਬਣਾਇਆ ਗਿਆ ਅਤੇ ਰਾਜਸਥਾਨ ਨਹਿਰ ਦੀ ਉਸਾਰੀ 1955 ਦੇ ਸਮਝੌਤੇ ਤਹਿਤ ਕੀਤੀ ਗਈ ਸੀ। ਵੈਸੇ ਭਾਖੜਾ ਪ੍ਰੋਜੈਕਟ ਦੀ ਇਕ ਨਹਿਰ ਪਹਿਲਾਂ ਹੀ ਰਾਜਸਥਾਨ ਜਾ ਚੁੱਕੀ ਸੀ। ਭਾਖੜਾ ਪ੍ਰੋਜੈਕਟ ਬਣਨ ਸਮੇਂ ਕਿਸੇ ਨੇ ਵੀ ਰਾਇਪੇਰੀਅਨ ਅਧਿਕਾਰਾਂ ਦੀ ਉਲੰਘਣਾ ਦੀ ਗੱਲ ਨਹੀਂ ਕੀਤੀ। ਰਾਜਸਥਾਨ ਨੂੰ ਭਾਖੜਾ ਮੈਨੇਜਮੈਂਟ ਬੋਰਡ ਵਿਚ ਹਿੱਸੇਦਾਰ ਬਣਾਉਣਾ ਰਾਇਪੇਰੀਅਨ ਅਧਿਕਾਰਾਂ ਦੀ ਉਲੰਘਣਾ ਸੀ।

ਪੰਜਾਬ ਦੇ ਦਰਿਆਈ ਪਾਣੀਆਂ ਦੀ ਤਕਸੀਮ ਦਾ ਮਾਮਲਾ ਸ਼੍ਰੋਮਣੀ ਅਕਾਲੀ ਦਲ ਦੇ ਏਜੰਡੇ ਉੱਤੇ ਇੰਦਰਾ ਗਾਂਧੀ ਵਲੋਂ 8 ਅਪਰੈਲ 1982 ਨੂੰ ਕਪੂਰੀ ਵਿਚ ਐੱਸ.ਵਾਈ.ਐੱਲ. ਨਹਿਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਣ ਨਾਲ ਹੀ ਆਇਆ ਸੀ। ਸ਼੍ਰੋਮਣੀ ਅਕਾਲੀ ਦਲ ਨੇ 24 ਜੁਲਾਈ 1985 ਨੂੰ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਇਹ ਨਹਿਰ ਦੀ ਉਸਾਰੀ ਇਕ ਸਾਲ ਦੇ ਅੰਦਰ-ਅੰਦਰ ਮੁਕੰਮਲ ਕਰਨ ਦਾ ਵਾਅਦਾ ਕੀਤਾ ਸੀ ਅਤੇ ਇਸ ਸਮਝੌਤੇ ਤੋਂ ਬਾਅਦ ਹੋਂਦ ਵਿਚ ਆਈ ਬਰਨਾਲਾ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਸ਼ੁਰੂ ਕਰਵਾਈ ਜਿਹੜੀ 1990 ਵਿਚ ਰੋਕੀ ਗਈ। ਉਂਝ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਐੱਸ.ਵਾਈ.ਐੱਲ. ਨਹਿਰ ਤੋਂ ਬਿਨਾ ਹੀ ਪੰਜਾਬ ਦੇ ਦਰਿਆਵਾਂ ਦਾ ਬਹੁਤ ਪਾਣੀ ਦੂਜੇ ਸੂਬਿਆਂ ਨੂੰ ਜਾ ਚੁੱਕਿਆ ਹੈ।

ਸੁਪਰੀਮ ਕੋਰਟ ਦੀ ਦਖ਼ਲਅੰਦਾਜ਼ੀ ਰਾਹੀਂ ਐੱਸ.ਵਾਈ.ਐੱਲ. ਨਹਿਰ ਦੀ ਕਰਵਾਈ ਜਾਣ ਵਾਲੀ ਉਸਾਰੀ ਰੋਕਣ ਲਈ 2004 ਵਿਚ ਪੰਜਾਬ ਦੀ ਕਾਂਗਰਸ ਸਰਕਾਰ ਨੇ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਪੰਜਾਬ ਉੱਤੇ ਥੋਪੇ ਦਰਿਆਈ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਕੁਝ ਸਾਲਾਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਅਕਾਲੀ-ਭਾਜਪਾ ਸਰਕਾਰ ਨੇ ਇਸ ਨਹਿਰ ਲਈ ਗ੍ਰਹਿਣ ਕੀਤੀ ਗਈ ਜ਼ਮੀਨ ਦਾ ਨੋਟੀਫਿਕੇਸ਼ਨ ਵੀ ਵਾਪਸ ਲੈ ਲਿਆ ਸੀ। ਹੁਣ ਸੁਪਰੀਮ ਕੋਰਟ ਨੇ ਫਿਰ ਦਖ਼ਲਅੰਦਾਜ਼ੀ ਕੀਤੀ ਹੈ। ਦਰਿਆਈ ਪਾਣੀਆਂ ਦੇ ਝਗੜੇ ਦੇ ਅਜੋਕੇ ਹਾਲਾਤ ਦੇ ਦੋ ਅਹਿਮ ਪਹਿਲੂ ਹਨ। ਐੱਸ.ਵਾਈ.ਐੱਲ. ਨਹਿਰ ਰਾਹੀਂ ਹਰਿਆਣਾ ਨੂੰ ਮਿਲਣ ਵਾਲਾ 3.5 ਐੱਮ.ਏ.ਐੱਫ. ਪਾਣੀ ਵਿਚੋਂ ਬਹੁਤਾ ਹਿੱਸਾ ਤਾਂ ਇਹ ਸੂਬਾ ਭਾਖੜਾ ਪ੍ਰੋਜੈਕਟ ਦੀਆਂ ਨਹਿਰਾਂ ਰਾਹੀਂ ਪਹਿਲਾਂ ਹੀ ਲੈ ਰਿਹਾ ਹੈ। ਹਰਿਆਣਾ ਸਰਕਾਰ ਦੇ ਰਿਕਾਰਡ ਅਨੁਸਾਰ ਸਾਰਾ ਝਗੜਾ ਸਿਰਫ਼ 1.8 ਐੱਮ.ਏ.ਐੱਫ. ਪਾਣੀ ਦਾ ਹੀ ਹੈ ਪਰ ਐੱਸ.ਵਾਈ.ਐੱਲ. ਨਹਿਰ ਦੀ ਸਮਰੱਥਾ ਤਾਂ ਇਸ ਤੋਂ ਕਿਤੇ ਵੱਧ ਹੈ।

ਐੱਸ.ਵਾਈ.ਐੱਲ. ਨਹਿਰ ਦੀ ਉਸਾਰੀ ਇਹ ਕਹਿ ਕੇ ਕੀਤੀ ਜਾ ਰਹੀ ਹੈ ਕਿ ਇਸ ਨਾਲ ਮਾਰੂ ਜ਼ਮੀਨ ਨੂੰ ਸਿੰਜਾਈ ਹੇਠ ਲਿਆਂਦਾ ਜਾਵੇਗਾ। ਇਸ ਨਾਲ ਬੁਨਿਆਦੀ ਸਵਾਲ ਉੱਭਰਦਾ ਹੈ ਕਿ ਜਿਹੜੇ ਇਲਾਕੇ ਵਿਚੋਂ ਇਸ ਨਹਿਰ ਰਾਹੀਂ ਪਾਣੀ ਲਿਜਾਇਆ ਜਾਵੇਗਾ, ਉਸ ਦੇ ਮੁਕਾਬਲੇ ਦੂਰ-ਦੁਰਾਡੇ ਦੀ ਮਾਰੂ ਜ਼ਮੀਨ ਵਿਚ ਫ਼ਸਲ ਪੈਦਾ ਕਰਨ ਲਈ ਕਿੰਨਾ ਖ਼ਰਚਾ ਆਵੇਗਾ? ਇਹ ਖਰਚਾ ਅਤੇ ਬੱਚਤ ਵਿਸ਼ਲੇਸ਼ਣ ਨਾਲ ਸਬੰਧਿਤ ਬਹੁਤ ਸਾਧਾਰਨ ਸਵਾਲ ਹੈ। ਇਨ੍ਹਾਂ ਇਲਾਕਿਆਂ ਦੇ ਕਿਸਾਨਾਂ ਨੂੰ ਕਣਕ ਝੋਨੇ ਦੀਆਂ ਫ਼ਸਲਾਂ ਪੈਦਾ ਕਰਨ ਲਈ ਉਤਸ਼ਾਹਤ ਕਰਨ ਦੀ ਥਾਂ ਉਨ੍ਹਾਂ ਫ਼ਸਲਾਂ ਦੀ ਕਾਸ਼ਤ ਲਈ ਉਤਸ਼ਾਹਿਤ ਕਿਉਂ ਨਹੀਂ ਕੀਤਾ ਜਾਂਦਾ ਜਿਹੜੀਆਂ ਉੱਥੋਂ ਦੇ ਜ਼ਮੀਨ ਅਤੇ ਵਾਤਾਵਰਨ ਦੇ ਅਨੁਕੂਲ ਹਨ? ਇਹ ਸਵਾਲ ਸਿਆਸਤ ਦਾ ਨਹੀਂ ਬਲਕਿ ਅਰਥ-ਸ਼ਾਸਤਰ, ਖੇਤੀ ਖੇਤਰ ਅਤੇ ਵਾਤਾਵਰਨ ਨਾਲ ਸਬੰਧਿਤ ਹੈ।

ਦੂਜਾ ਪਹਿਲੂ ਨਵੀਨਤਮ ਤਕਨਾਲੋਜੀ ਨਾਲ ਜੁੜਿਆ ਹੈ ਜਿਸ ਨੂੰ ਸੁਪਰੀਮ ਕੋਰਟ ਅਤੇ ਕੇਂਦਰ ਸਰਕਾਰ ਅੱਖੋਂ-ਪਰੋਖੇ ਨਹੀਂ ਕਰ ਸਕਦੀ। ਮਾਮਲਾ ਹਰਿਆਣਾ ਨੂੰ ਦਿੱਤੇ ਕੁਲ ਪਾਣੀ ਵਿਚੋਂ ਸਿਰਫ਼ 1.88 ਐੱਮ.ਏ.ਐੱਫ. ਪਾਣੀ ਪਹੁੰਚਾਉਣ ਦਾ ਹੈ ਜਦੋਂਕਿ ਇਸ ਤੋਂ ਕਿਤੇ ਵੱਧ ਪਾਣੀ ਸਿੰਜਾਈ ਅਤੇ ਪਾਣੀਆਂ ਦੀ ਸਾਂਭ-ਸੰਭਾਲ ਦੀਆਂ ਨਵੀਨਤਮ ਤਕਨੀਕਾਂ ਅਪਣਾ ਕੇ ਬਚਾਇਆ ਜਾ ਸਕਦਾ ਹੈ। ਸੋ, ਦਰਿਆਈ ਪਾਣੀਆਂ ਦੇ ਇਸ ਨਾਜ਼ੁਕ ਅਤੇ ਜਜ਼ਬਾਤੀ ਮਾਮਲੇ ਨੂੰ ਲੋਕਾਂ ਦੇ ਜਜ਼ਬਾਤ ਅਤੇ ਖੇਤਰੀ ਤਣਾਅ ਵਧਾਉਣ ਵਾਲੀ ਕਾਰਵਾਈ ਅਤੇ ਬਿਆਨਬਾਜ਼ੀ ਦੀ ਥਾਂ ਪਾਣੀ ਦੀ ਸਾਂਭ-ਸੰਭਾਲ ਦੀਆਂ ਨਵੀਨਤਮ ਤਕਨੀਕਾਂ ਨੂੰ ਸਾਹਮਣੇ ਰੱਖ ਕੇ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਦੇ ਹੱਲ ਲਈ ਅਮਲੀ ਪਹੁੰਚ ਅਪਣਾਉਣ ਦੀ ਲੋੜ ਹੈ।

ਪੰਜਾਬ ਲਗਾਤਾਰ ਮੁਲਕ ਦੇ ਅੰਨ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾ ਰਿਹਾ ਹੈ ਅਤੇ ਇੱਥੋਂ ਦਾ 99.9 ਫ਼ੀਸਦੀ ਰਕਬੇ ਉਤੇ ਖੇਤੀ ਹੁੰਦੀ ਹੈ। ਸੁਪਰੀਮ ਕੋਰਟ ਅਤੇ ਕੇਂਦਰ ਸਰਕਾਰ ਨੂੰ ਇਹ ਪੱਖ ਵੀ ਧਿਆਨ ਵਿਚ ਰੱਖਣ ਚਾਹੀਦਾ ਹੈ ਕਿ ਪੰਜਾਬ ਦਾ 70 ਫ਼ੀਸਦੀ ਰਕਬਾ ਟਿਊਬਵੈਲਾਂ ਰਾਹੀਂ ਧਰਤੀ ਹੇਠਲੇ ਪਾਣੀ ਨਾਲ ਸਿੰਜਿਆ ਜਾਂਦਾ ਹੈ ਅਤੇ ਨਹਿਰੀ ਪਾਣੀ ਸਿਰਫ਼ 30 ਫ਼ੀਸਦੀ ਰਕਬੇ ਲਈ ਹੀ ਮਿਲਦਾ ਹੈ ਬਾਵਜੂਦ ਇਸ ਦੇ ਕਿ ਪੰਜਾਬ ਵਿਚ ਤਿੰਨ ਦਰਿਆ ਵਹਿੰਦੇ ਹਨ। ਇਹ ਤੱਥ ਹਰ ਸਰਕਾਰੀ ਅੰਕੜਾਸਾਰ ਵਿਚ ਦਰਜ ਹਨ।

ਕੀ ਇਹ ਪੰਜਾਬ ਦੀ ਤਰਾਸਦੀ ਨਹੀਂ ਹੈ ਕਿ ਇਸ ਦੇ ਦਰਿਆਵਾਂ ਦਾ 70 ਫ਼ੀਸਦੀ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦੇ ਦਿੱਤਾ ਗਿਆ ਹੈ ਜਦੋਂਕਿ ਇਸ ਦਾ ਆਪਣਾ 70 ਫ਼ੀਸਦੀ ਰਕਬਾ ਧਰਤੀ ਹੇਠਲੇ ਪਾਣੀ ਨਾਲ ਸਿੰਜਿਆ ਜਾਂਦਾ ਹੈ? ਫਿਰ ਵੀ ਪੰਜਾਬ ਨੂੰ ਆਪਣੇ ਦਰਿਆਈ ਪਾਣੀ ਦੂਜੇ ਸੂਬਿਆਂ ਨੂੰ ਦੇਣ ਦੀਆਂ ਮੱਤਾਂ ਦਿੱਤੀਆਂ ਜਾ ਰਹੀਆਂ ਹਨ। ਇਹ ਮਾਮਲਾ ਇਨ੍ਹਾਂ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਅਮਲੀ ਪਹੁੰਚ ਅਪਣਾ ਕੇ ਹੱਲ ਕੀਤਾ ਜਾਣਾ ਚਾਹੀਦਾ ਹੈ। ਇਸ ਮਾਮਲੇ ਤੋਂ ਪੈਦਾ ਹੋਇਆ ਵਿਵਾਦ ਪਹਿਲਾਂ ਹੀ ਪੰਜਾਬ ਦਾ ਬਹੁਤ ਨੁਕਸਾਨ ਕਰ ਚੁੱਕਾ ਹੈ ਜਿਸ ਦਾ ਸਿਤਮ ਪੰਜਾਬੀਆਂ ਨੇ 1980ਵਿਆਂ ਦੇ ਦਹਾਕੇ ਆਪਣੇ ਪਿੰਡੇ 'ਤੇ ਹੰਢਾਇਆ ਹੈ।

ਪੰਜਾਬ ਨੂੰ ਵੀ ਆਪਣੇ ਨਹਿਰੀ ਸਿੰਜਾਈ ਸਿਸਟਮ ਨੂੰ ਮਜ਼ਬੂਤ ਅਤੇ ਨਵੀਨਤਮ ਬਣਾਉਣਾ ਚਾਹੀਦਾ ਹੈ ਜਿਹੜਾ ਟਿਊਬਵੈਲਾਂ ਨੂੰ ਮੁਫ਼ਤ ਬਿਜਲੀ ਦੇਣ ਦੇ ਫ਼ੈਸਲੇ ਤੋਂ ਬਾਅਦ ਬਿਲਕੁਲ ਹੀ ਅਣਗੌਲਿਆ ਕਰ ਦਿੱਤਾ ਗਿਆ ਹੈ। ਜਿਹੜੀ ਵੀ ਸਿਆਸੀ ਪਾਰਟੀ ਇੱਥੇ ਸੱਤਾ ਵਿਚ ਰਹੀ ਹੈ, ਉਸ ਨੂੰ ਐੱਸ.ਵਾਈ.ਐੱਲ. ਦੇ ਮੁੱਦੇ ਉੱਤੇ ਤਿੱਖੀ ਅਤੇ ਉੱਚੀ ਸੁਰ ਵਿਚ ਬਿਆਨਬਾਜ਼ੀ ਕਰਨ ਦੀ ਥਾਂ ਅਜੋਕੇ ਹਾਲਾਤ ਲਈ ਆਪੋ-ਆਪਣੀ ਜ਼ਿੰਮੇਵਾਰੀ ਕਬੂਲਣੀ ਚਾਹੀਦੀ ਹੈ।

# ਸਿਆਸੀ ਕੈਦੀਆਂ ਲਈ ਕਤਲਗਾਹ ਬਣੀਆਂ ਜੇਲ੍ਹਾਂ

ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਭਾਰਤੀ ਜੇਲ੍ਹਾਂ 'ਚ ਬੰਦ ਸਿਆਸੀ ਕੈਦੀਆਂ ਦੀ ਜ਼ਿੰਦਗੀ ਕਿਸ ਕਦਰ ਅਸੁਰੱਖਿਅਤ ਹੈ। ਅਜਿਹੀਆਂ ਅਨੇਕ ਮਿਸਾਲਾਂ ਸਾਹਮਣੇ ਆ ਚੁੱਕੀਆਂ ਹਨ ਕਿ ਭਾਰਤੀ ਹੁਕਮਰਾਨ ਆਲੋਚਕ ਆਵਾਜ਼ਾਂ ਨੂੰ ਜੇਲ੍ਹਾਂ ਵਿਚ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਹਨ। ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ ਇਸ ਦੀ ਤਾਜ਼ਾ ਮਿਸਾਲ ਹੈ।

ਮਨੁੱਖੀ ਹੱਕਾਂ ਦੇ ਬਹੁਤ ਸਾਰੇ ਕਾਰਕੁਨ ਅਤੇ ਬੁੱਧੀਜੀਵੀ ਚਾਰ ਸਾਲ ਤੋਂ ਬਿਨਾਂ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਬੰਦ ਹਨ। ਜਦੋਂ ਮਹਾਰਾਸ਼ਟਰ ਦੀ ਪੁਣੇ ਪੁਲਿਸ ਨੇ ਭੀਮਾ-ਕੋਰੇਗਾਓਂ ਕੇਸ ਤਹਿਤ ਬੁੱਧੀਜੀਵੀਆਂ

**ਬੂਟਾ ਸਿੰਘ ਮਹਿਮੂਦਪੁਰ**
**ਫੋਨ:** +91-94643-74342

ਦੀਆਂ ਗ੍ਰਿਫ਼ਤਾਰੀਆਂ ਦਾ ਦੂਜਾ ਗੇੜ ਚਲਾਇਆ ਤਾਂ ਪ੍ਰੋਫੈਸਰ ਵਰਨੋਨ ਦੇ ਘਰ ਵੀ ਛਾਪਾ ਮਾਰਿਆ। ਇਸ ਛਾਪੇ ਦੌਰਾਨ ਵਰਨੋਨ ਸਮੇਤ ਪੰਜ ਜਣਿਆਂ ਦੇ ਫੋਨ ਅਤੇ ਕੰਪਿਊਟਰ ਜ਼ਬਤ ਕਰ ਲਏ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਬਿਨਾਂ ਮੁਕੱਦਮਾ ਚਲਾਏ ਝੂਠੇ ਕੇਸ ਵਿਚ ਜੇਲਬੰਦੀ ਤੋਂ ਬਾਅਦ ਉਨ੍ਹਾਂ ਨੂੰ ਬਿਮਾਰੀ ਦੇ ਇਲਾਜ ਵਰਗੇ ਮੁੱਢਲੇ ਮਨੁੱਖੀ ਹੱਕ ਵੀ ਨਹੀਂ ਦਿੱਤੇ ਜਾ ਰਹੇ।

ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਕਾਰਨ ਸਾਰੇ ਕੈਦੀ ਅਤੇ ਹਵਾਲਾਤੀ ਗੰਭੀਰ ਬਿਮਾਰੀਆਂ ਤੋਂ ਪੀੜਤ ਹਨ। ਜੋ ਕੈਦੀ ਉਮਰ ਦਰਾਜ ਹਨ ਅਤੇ ਜੋ ਜੇਲ੍ਹ ਜਾਣ ਤੋਂ ਪਹਿਲਾਂ ਹੀ ਬਿਮਾਰੀਆਂ ਨਾਲ ਜੂਝ ਰਹੇ ਸਨ, ਉਨ੍ਹਾਂ ਦੀ ਹਾਲਤ ਹੋਰ ਖ਼ਰਾਬ ਹੋ ਜਾਂਦੀ ਹੈ। ਜੇਲ੍ਹ ਦੇ ਹਸਪਤਾਲਾਂ ਵਿਚ ਜ਼ਰੂਰੀ ਸਿਹਤ ਸਹੂਲਤਾਂ ਦੀ ਅਣਹੋਂਦ ਹੈ। ਮੌਜੂਦ ਸਹੂਲਤਾਂ ਦੇਣਾ ਵੀ ਜੇਲ੍ਹ ਅਧਿਕਾਰੀਆਂ ਦੀ ਮਰਜ਼ੀ ਉੱਪਰ ਨਿਰਭਰ ਹੈ। ਜਦੋਂ ਕੈਦੀ ਗੰਭੀਰ ਬਿਮਾਰ ਹੋ ਜਾਂਦੇ ਹਨ, ਉਦੋਂ ਵੀ ਜੇਲ੍ਹ ਅਧਿਕਾਰੀ ਕੈਦੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਇਲਾਜ ਦੀਆਂ ਗੁਜ਼ਾਰਿਸ਼ਾਂ ਨੂੰ ਅੱਖੋਂ ਪਰੋਖੇ ਕਰਦੇ ਰਹਿੰਦੇ ਹਨ। ਪਰਿਵਾਰਾਂ ਅਤੇ ਵਕੀਲਾਂ ਵੱਲੋਂ ਭੇਜੀਆਂ ਜਾਂਦੀਆਂ ਜ਼ਿੰਦਗੀ ਬਚਾਊ ਦਵਾਈਆਂ ਵੀ ਉਨ੍ਹਾਂ ਨੂੰ ਨਹੀਂ ਦਿੱਤੀਆਂ ਜਾਂਦੀਆਂ। ਦਵਾਈਆਂ ਪਹੁੰਚਾਉਣ ਲਈ ਵੀ ਅਦਾਲਤੀ ਲੜਾਈ ਲੜਨੀ ਪੈਂਦੀ ਹੈ। ਜੇਲ੍ਹ ਅਧਿਕਾਰੀਆਂ ਦੇ ਅਣਮਨੁੱਖੀ ਰਵੱਈਏ ਕਾਰਨ ਪਿਛਲੇ ਸਾਲ ਜੁਲਾਈ 'ਚ ਬਜ਼ੁਰਗ ਕਾਰਕੁਨ ਸਟੇਨ ਸਵਾਮੀ ਜੇਲ੍ਹ ਅੰਦਰ ਦਮ ਤੋੜ ਗਏ। ਉਨ੍ਹਾਂ ਨੂੰ ਉਦੋਂ ਹਸਪਤਾਲ ਲਿਜਾਇਆ ਗਿਆ ਜਦੋਂ ਉਨ੍ਹਾਂ ਦੀ ਜਾਨ ਬਚਣ ਦੀ ਕੋਈ ਉਮੀਦ ਨਹੀਂ ਸੀ। ਪਾਰਕਿੰਸਨ ਰੋਗ ਦੇ ਬਾਵਜੂਦ ਉਨ੍ਹਾਂ ਨੂੰ ਪੀਣ ਲਈ ਸਿੱਪਰ ਵੀ ਨਹੀਂ ਦਿੱਤਾ ਗਿਆ।

ਪ੍ਰੋਫੈਸਰ ਵਰਨੋਨ ਜੋ ਉਨ੍ਹਾਂ ਨਾਲ ਤਲੋਜਾ ਜੇਲ੍ਹ ਵਿਚ ਬੰਦ ਸਨ, ਨੇ ਸਟੇਨ ਸਵਾਮੀ ਦੀ ਸਾਂਭ-ਸੰਭਾਲ ਕੀਤੀ। ਵਰਨੋਨ ਨੇ ਉਹ ਭਿਆਨਕ ਹਾਲਾਤ ਬਿਆਨ ਕੀਤੇ ਹਨ ਜਿਨ੍ਹਾਂ ਵਿਚ ਜੇਲ੍ਹ ਪ੍ਰਬੰਧ ਵੱਲੋਂ ਸਟੇਨ ਸਵਾਮੀ ਨੂੰ ਮੌਤ ਦੇ ਮੂੰਹ ਵਿਚ ਧੱਕਿਆ ਗਿਆ। ਇਲਾਜ ਦੀ ਅਣਹੋਂਦ ਕਾਰਨ ਪ੍ਰੋਫੈਸਰ ਵਰਵਰਾ ਰਾਓ ਦੀ ਹਾਲਤ ਇੰਨੀ ਜ਼ਿਆਦਾ ਖ਼ਰਾਬ ਹੋ ਗਈ ਕਿ ਉਨ੍ਹਾਂ ਨੂੰ ਬੇਹੋਸ਼ੀ ਦੀ ਹਾਲਤ 'ਚ ਜੇਲ੍ਹ ਤੋਂ ਬਾਹਰ ਹਸਪਤਾਲ ਲਿਜਾਇਆ ਗਿਆ। ਲੰਮੀ ਕਾਨੂੰਨੀ ਲੜਾਈ ਲੜ ਕੇ ਉਨ੍ਹਾਂ ਦੇ ਇਲਾਜ ਲਈ ਆਰਜ਼ੀ ਜ਼ਮਾਨਤ ਹਾਸਲ ਕੀਤੀ ਗਈ। ਇਸ ਦੌਰਾਨ ਵੀ ਕੌਮੀ ਜਾਂਚ ਏਜੰਸੀ ਦੇ ਅਧਿਕਾਰੀ ਕੋਸ਼ਿਸ਼ ਕਰਦੇ ਰਹੇ ਕਿ ਬਿਮਾਰ ਕਵੀ ਨੂੰ ਮੁੜ ਜੇਲ੍ਹ ਵਿਚ ਡੱਕ ਦਿੱਤਾ ਜਾਵੇ। ਹੁਣ ਅਦਾਲਤ ਨੇ ਪ੍ਰੋਫੈਸਰ ਵਰਵਰਾ ਰਾਓ ਨੂੰ ਇਲਾਜ ਲਈ ਪੱਕੀ ਜ਼ਮਾਨਤ ਦਿੱਤੀ ਹੈ; ਬੇਸ਼ੱਕ ਜ਼ਮਾਨਤ ਸ਼ਰਤਾਂ ਤਹਿਤ ਹੈ।

ਇਸੇ ਤਰ੍ਹਾਂ ਗੌਤਮ ਨਵਲੱਖਾ, ਪ੍ਰੋਫੈਸਰ ਸ਼ੋਮਾ ਸੇਨ, ਪ੍ਰੋਫੈਸਰ ਵਰਨੋਨ ਗੰਭੀਰ ਬਿਮਾਰੀਆਂ ਤੋਂ ਪੀੜਤ ਹਨ। ਕੌਮੀ ਜਾਂਚ ਏਜੰਸੀ ਬਜ਼ਿੱਦ ਹੈ ਕਿ ਇਨ੍ਹਾਂ ਵਿਚੋਂ ਕਿਸੇ ਦੀ ਵੀ ਜ਼ਮਾਨਤ ਨਾ ਹੋਣ ਦਿੱਤੀ ਜਾਵੇ। ਕੁਝ ਮਹੀਨੇ ਪਹਿਲਾਂ ਇਸੇ ਕੇਸ ਵਿਚ ਕੈਦ, ਕਬੀਰ ਕਲਾ ਮੰਚ ਦੇ ਕਲਾਕਾਰ ਰਮੇਸ਼ ਗੈਚੋਰ ਨੇ ਦੱਸਿਆ ਸੀ ਕਿ ਜੇਲ੍ਹ ਅਧਿਕਾਰੀਆਂ ਨੇ ਸਪੈਸ਼ਲ ਮੁਹਿੰਮ ਚਲਾ ਕੇ ਸਿਆਸੀ ਕੈਦੀਆਂ ਦੀਆਂ ਮੱਛਰਦਾਨੀਆਂ ਵੀ ਜ਼ਬਤ ਕਰ ਲਈਆਂ। ਜੇਲ੍ਹਾਂ ਵਿਚ ਗੰਦਗੀ ਕਾਰਨ ਮੱਛਰਾਂ ਦੀ ਭਰਮਾਰ ਹੈ ਅਤੇ ਬਜ਼ੁਰਗ ਤੇ ਬਿਮਾਰ ਕੈਦੀਆਂ ਦੇ ਮਲੇਰੀਆ ਅਤੇ ਡੇਂਗੂ ਦੀ ਲਪੇਟ 'ਚ ਆਉਣ ਦਾ ਖ਼ਤਰਾ ਹੈ।

ਐਸੇ ਹਾਲਾਤ ਵਿਚ ਪ੍ਰੋਫੈਸਰ ਵਰਨੋਨ ਦੀ ਹਾਲਤ ਵਿਗੜਦੀ ਗਈ। ਉਹ 10 ਦਿਨ ਤੋਂ ਲਗਾਤਾਰ ਗੰਭੀਰ ਬਿਮਾਰ ਸਨ। ਉਨ੍ਹਾਂ ਨੂੰ ਤੇਜ਼ ਬੁਖ਼ਾਰ ਅਤੇ ਖ਼ਾਂਸੀ ਸੀ ਪਰ ਵਾਰ ਵਾਰ ਧਿਆਨ ਵਿਚ ਲਿਆਉਣ ਦੇ ਬਾਵਜੂਦ ਜੇਲ੍ਹ ਅਧਿਕਾਰੀ ਉਨ੍ਹਾਂ ਨੂੰ ਹਸਪਤਾਲ ਨਹੀਂ ਲੈ ਕੇ ਗਏ, ਨਾ ਹੀ ਜ਼ਰੂਰੀ ਟੈਸਟ ਕਰਾਏ। ਕਈ ਵਾਰ ਬੇਹੋਸ਼ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਸਪਤਾਲ ਭੇਜਣ ਤੋਂ ਨਾਂਹ ਕਰ ਦਿੱਤੀ ਅਤੇ ਪੈਰਾਸਿਟਾਮੋਲ ਵਰਗੀ ਆਮ ਦਵਾਈ ਦਿੰਦੇ ਰਹੇ। ਹਾਲਤ ਵਿਗੜਨ 'ਤੇ ਕਿਸੇ



ਤਰ੍ਹਾਂ ਇਸ ਦੀ ਜਾਣਕਾਰੀ ਵਰਨੋਨ ਦੇ ਵਕੀਲ ਤੱਕ ਪਹੁੰਚ ਗਈ ਅਤੇ ਪ੍ਰੋਫੈਸਰ ਵਰਨੋਨ ਦੀ ਪਤਨੀ ਨੇ ਐੱਨ.ਆਈ.ਏ. ਦੀ ਅਦਾਲਤ ਵਿਚ ਪਹੁੰਚ ਕਰਕੇ ਮਰੀਜ਼ ਨੂੰ ਹਸਪਤਾਲ ਭੇਜਣ ਦਾ ਆਦੇਸ਼ ਜਾਰੀ ਕਰਵਾਇਆ। ਅਦਾਲਤ ਦੇ ਆਦੇਸ਼ ਤੋਂ ਬਾਅਦ ਹੀ ਵਰਨੋਨ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਜਿੱਥੇ ਉਸ ਨੂੰ ਤੁਰੰਤ ਆਕਸੀਜਨ ਲਗਾਉਣੀ ਪਈ। ਡਾਕਟਰਾਂ ਦਾ ਕਹਿਣਾ ਹੈ ਕਿ ਉਸ ਨੂੰ ਡੇਂਗੂ ਬੁਖ਼ਾਰ ਹੈ ਅਤੇ ਉਸ ਨੂੰ ਨਮੂਨੀਆ ਵੀ ਹੋ ਸਕਦਾ ਹੈ।

ਪ੍ਰੋਫੈਸਰ ਜੀ.ਐੱਨ. ਸਾਈਬਾਬਾ ਜੋ ਮਹਿਜ਼ ਵਿਚਾਰਾਂ ਦੇ ਆਧਾਰ 'ਤੇ ਪਾਏ ਝੂਠੇ ਕੇਸ ਵਿਚ ਨਾਗਪੁਰ ਜੇਲ੍ਹ ਵਿਚ ਹਨ, ਵੀ ਜਾਨਲੇਵਾ ਬਿਮਾਰੀਆਂ ਨਾਲ ਲੜ ਰਹੇ ਹਨ। ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ; 90ਫ਼ੀਸਦੀ ਅਪਾਹਜ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਜਾਣ-ਬੁੱਝ ਕੇ 'ਅੰਡਾ ਸੈੱਲ' (ਜੇਲ੍ਹ ਦੇ ਅੰਦਰ ਖ਼ਤਰਨਾਕ ਕੈਦੀਆਂ ਲਈ ਹਨੇਰ ਕੋਠੜੀਆਂ) ਵਿਚ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੇ ਪਰਿਵਾਰ ਵੱਲੋਂ ਵਾਰ-ਵਾਰ ਅਰਜ਼ ਕਰਨ ਦੇ ਬਾਵਜੂਦ ਉਨ੍ਹਾਂ ਦਾ ਤਬਾਦਲਾ ਹੈਦਰਾਬਾਦ ਜੇਲ੍ਹ ਵਿਚ ਨਹੀਂ ਕੀਤਾ ਜਾ ਰਿਹਾ ਜਿੱਥੇ ਪਰਿਵਾਰ ਉਨ੍ਹਾਂ ਦੀ ਸਿਹਤ ਅਤੇ ਇਲਾਜ ਦਾ ਧਿਆਨ ਰੱਖ ਸਕਦਾ ਹੈ।

ਪ੍ਰੋਫੈਸਰ ਸਾਈਬਾਬਾ ਵਾਲੇ ਝੂਠੇ ਕੇਸ ਵਿਚ ਗ੍ਰਿਫ਼ਤਾਰ ਆਦਿਵਾਸੀ ਨੌਜਵਾਨ ਪਾਂਡੂ ਨਰੋਟੇ ਦੀ ਮੌਤ ਨਾਗਪੁਰ ਜੇਲ੍ਹ ਅਧਿਕਾਰੀਆਂ ਦੀ ਮੁਜਰਮਾਨਾ ਲਾਪਰਵਾਹੀ ਕਾਰਨ ਹੋ ਗਈ। ਉਸ ਨੂੰ ਇਲਾਜ ਲਈ ਹਸਪਤਾਲ ਨਹੀਂ ਲਿਜਾਇਆ ਗਿਆ ਅਤੇ ਨਾ ਹੀ ਵਿਗੜ ਰਹੀ ਹਾਲਤ ਦੀ ਸੂਚਨਾ ਪਰਿਵਾਰ ਨੂੰ ਦਿੱਤੀ। ਇਸੇ ਕੇਸ ਵਿਚ ਨਹੱਕੀ ਸਜ਼ਾ ਭੁਗਤ ਰਹੇ ਇਕ ਹੋਰ ਉੱਘੇ ਕਾਰਕੁਨ ਪ੍ਰਸ਼ਾਂਤ ਰਾਹੀ ਦੀ ਧੀ ਨੂੰ ਵੀ ਉਸ ਦੇ ਇਲਾਜ ਲਈ ਅਦਾਲਤ 'ਚ ਪਹੁੰਚ ਕਰਨੀ ਪਈ। ਉਸ ਨੂੰ ਵੀ ਯੂ.ਏ.ਪੀ.ਏ. ਅਤੇ ਹੋਰ ਕਾਲੇ ਕਾਨੂੰਨਾਂ ਤਹਿਤ ਉਮਰ ਕੈਦ ਦੀ ਸਜ਼ਾ ਦੇ ਕੇ ਅਮਰਾਵਤੀ ਕੇਂਦਰੀ ਜੇਲ੍ਹ ਵਿਚ ਰੱਖਿਆ ਜਾ ਰਿਹਾ ਹੈ। ਪ੍ਰਸ਼ਾਂਤ ਪੇਟ ਦੀਆਂ ਗੰਭੀਰ ਬਿਮਾਰੀਆਂ ਤੋਂ ਪੀੜਤ ਹੈ। ਵਾਰ-ਵਾਰ ਧਿਆਨ ਦਿਵਾਉਣ ਦੇ ਬਾਵਜੂਦ ਜੇਲ੍ਹ ਅਧਿਕਾਰੀ ਉਸ ਨੂੰ ਇਲਾਜ ਲਈ ਸਪੈਸ਼ਲਿਸਟ ਕੋਲ ਭੇਜਣ ਤੋਂ ਟਾਲ-ਮਟੋਲ ਕਰਦੇ ਰਹੇ। ਜਦੋਂ ਜੇਲ੍ਹ ਹਸਪਤਾਲ ਦੇ ਇਲਾਜ ਨਾਲ ਹਾਲਤ ਵਿਚ ਕੋਈ ਸੁਧਾਰ ਨਾ ਹੋਇਆ ਤਾਂ ਪ੍ਰਸ਼ਾਂਤ ਨੇ ਧੀ ਨੂੰ ਚਿੱਠੀਆਂ ਲਿਖ ਕੇ ਆਪਣੀ ਵਿਗੜ ਰਹੀ ਸਿਹਤ ਬਾਰੇ ਦੱਸਿਆ। ਧੀ ਦੀ ਪਟੀਸ਼ਨ 'ਤੇ 10 ਸਤੰਬਰ ਨੂੰ ਬੰਬਈ ਹਾਈਕੋਰਟ ਦੇ ਨਾਗਪੁਰ ਬੈਂਚ ਨੇ ਕਿਹਾ ਹੈ ਕਿ 'ਦੋਸ਼ੀ ਕਰਾਰ ਦਿੱਤਾ ਕੈਦੀ ਵੀ ਆਪਣੀਆਂ ਬਿਮਾਰੀਆਂ ਦਾ ਬਿਹਤਰੀਨ ਇਲਾਜ ਕਰਾਉਣ ਦਾ ਹੱਕਦਾਰ ਹੈ।' ਉੱਚ ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਪ੍ਰਸ਼ਾਂਤ ਦੀ ਬਿਮਾਰੀ ਬਾਰੇ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ।

ਭਾਜਪਾ-ਆਰ.ਐੱਸ.ਐੱਸ. ਦੀ ਫਾਸ਼ੀਵਾਦੀ ਹਕੂਮਤ ਦੇ ਇਸ਼ਾਰੇ 'ਤੇ ਤਲੋਜਾ ਜੇਲ੍ਹ ਦੇ ਅਧਿਕਾਰੀ ਲੋਕਪੱਖੀ ਬੁੱਧੀਜੀਵੀਆਂ ਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੂੰ 'ਹਾਈ ਸਕਿਉਰਿਟੀ' ਸੈੱਲਾਂ ਵਿਚ ਰੱਖ ਕੇ ਬਿਨਾਂ ਇਲਾਜ ਤਿਲ-ਤਿਲ ਮਾਰ ਰਹੇ ਹਨ। ਜੇਲ੍ਹ ਅਧਿਕਾਰੀ ਅਦਾਲਤੀ ਨਿਰਦੇਸ਼ਾਂ ਅਤੇ ਝਾੜਝੰਬ ਦੀ ਵੀ ਪ੍ਰਵਾਹ ਨਹੀਂ ਕਰਦੇ। ਇਹ ਅਧਿਕਾਰੀ ਸਿਆਸੀ ਕੈਦੀਆਂ ਵੱਲੋਂ ਪੜ੍ਹਨ ਲਈ ਮੰਗਵਾਈਆਂ ਜਾਂਦੀਆਂ ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਕਿਤਾਬਾਂ ਵੀ 'ਸੁਰੱਖਿਆ ਜੋਖ਼ਮ' ਕਹਿ ਕੇ ਰੋਕ ਲੈਂਦੇ ਹਨ। ਗੌਤਮ ਨਵਲੱਖਾ ਨੂੰ ਸੰਸਾਰ ਪ੍ਰਸਿੱਧ ਨਾਵਲਕਾਰ ਪੀ.ਜੀ. ਵੋਡਹਾਊਸ ਦੀ ਕਿਤਾਬ 'ਸੁਰੱਖਿਆ ਜੋਖ਼ਮ' ਕਹਿ ਕੇ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਜਿਸ 'ਤੇ ਅਦਾਲਤ ਨੇ ਅਧਿਕਾਰੀਆਂ ਦੀ ਖਿਚਾਈ ਕੀਤੀ।

ਜੇਲ੍ਹਾਂ ਦੇ ਹਾਲਾਤ ਉਸ 'ਆਜ਼ਾਦੀ' ਦੀ ਅਸਲੀਅਤ ਪੇਸ਼ ਕਰਦੇ ਹਨ ਜਿਸ ਦਾ ਭਾਰਤੀ ਹੁਕਮਰਾਨਾਂ ਨੇ ਇਸ ਸਾਲ 75ਵਾਂ 'ਅੰਮ੍ਰਿਤ ਮਹਾਉਤਸਵ' ਮਨਾਇਆ। ਦਰਅਸਲ, ਅੰਗਰੇਜ਼ਾਂ ਦੇ ਜ਼ਮਾਨੇ ਦਾ ਜਾਬਰ ਜੇਲ੍ਹ ਪ੍ਰਬੰਧ ਜਿਉਂ ਦਾ ਤਿਉਂ ਹੈ ਜਿਸ ਨੂੰ ਭਾਰਤੀ ਅਵਾਮ ਦੀ ਆਜ਼ਾਦੀ ਕੁਚਲਣ ਅਤੇ ਵਤਨਪ੍ਰੇਮੀ ਘੁਲਾਟੀਆਂ ਦਾ ਮਨੋਬਲ ਤੋੜਨ ਲਈ ਈਜਾਦ ਕੀਤਾ ਗਿਆ ਸੀ। ਗ਼ਦਰੀ ਬਾਬਿਆਂ ਅਤੇ ਹੋਰ ਇਨਕਲਾਬੀਆਂ ਨੇ ਕਾਲੇ ਪਾਣੀ ਜੇਲ੍ਹ ਦੇ ਜ਼ੁਲਮਾਂ ਅੱਗੇ ਹਾਰ ਨਹੀਂ ਮੰਨੀ ਅਤੇ ਜਾਬਰ ਜੇਲ੍ਹ ਅਧਿਕਾਰੀਆਂ ਨੂੰ ਉਨ੍ਹਾਂ ਦੇ ਸਿਰੜ ਅੱਗੇ ਝੁਕਣਾ ਪਿਆ। 1917 'ਚ ਗ਼ਦਰੀ ਭਾਨ ਸਿੰਘ ਸੁਨੇਤ ਕਾਲੇ ਪਾਣੀ ਜੇਲ੍ਹ ਵਿਚ ਸ਼ਹੀਦ ਹੋਏ ਅਤੇ ਹੋਰ ਵੀ ਬਹੁਤ ਸਾਰੇ ਗੁਮਨਾਮ ਇਨਕਲਾਬੀਆਂ ਨੇ ਆਜ਼ਾਦੀ ਦੀ ਲੜਾਈ 'ਚ ਜੇਲ੍ਹਾਂ ਦੇ ਜਬਰ ਨਾਲ ਟੱਕਰ ਲੈਂਦਿਆਂ ਜਾਨ ਕੁਰਬਾਨ ਕੀਤੀ। ਅੰਗਰੇਜ਼ ਪ੍ਰਬੰਧ ਤੋਂ ਕੈਦੀਆਂ ਦੇ ਬੁਨਿਆਦੀ ਮਨੁੱਖੀ ਹੱਕ ਲੈਣ ਲਈ ਜੂਝਦਿਆਂ ਸ਼ਹੀਦ ਭਗਤ ਸਿੰਘ ਦੇ ਸਾਥੀ ਇਨਕਲਾਬੀ ਜਤਿੰਦਰ ਨਾਥ ਦਾਸ ਲਾਹੌਰ ਜੇਲ ਵਿਚ 63 ਦਿਨ ਲੰਮੀ ਇਤਿਹਾਸਕ ਭੁੱਖ-ਹੜਤਾਲ ਤੋਂ ਬਾਅਦ 13 ਸਤੰਬਰ 1929 ਨੂੰ ਸ਼ਹੀਦ ਹੋ ਗਏ ਸਨ।

ਇਕ ਸਦੀ ਬਾਅਦ ਵੀ ਜੇਲ੍ਹਾਂ ਦੇ ਹਾਲਾਤ ਬਦਲੇ ਨਹੀਂ। ਜੇਲ੍ਹਾਂ ਵਿਚ ਕੈਦੀਆਂ ਦੇ ਸੰਸਥਾਈ ਕਤਲ ਆਮ ਗੱਲ ਹਨ। ਆਮ ਕੈਦੀਆਂ ਖ਼ਾਸਕਰ ਸਿਆਸੀ ਕੈਦੀਆਂ ਜਿਨ੍ਹਾਂ ਨੂੰ ਬਦਲਾਖੋਰ ਮਨਸ਼ਾ ਨਾਲ ਮਾਨਸਿਕ ਅਤੇ ਸਰੀਰਕ ਤਸੀਹਿਆਂ ਨਾਲ ਜਿਬਾਹ ਕੀਤਾ ਜਾਂਦਾ ਹੈ, ਦੀ ਜ਼ਿੰਦਗੀ ਦੀ ਰਾਖੀ ਦੀ ਲੜਾਈ ਬਹੁਤ ਅਹਿਮ ਹੈ। ਹੱਕਾਂ ਬਾਰੇ ਜਾਗਰੂਕ ਹਿੱਸਿਆਂ ਨੂੰ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਝੂਠੇ ਕੇਸਾਂ ਨੂੰ ਰੱਦ ਕਰਾਉਣ ਅਤੇ ਕੈਦੀਆਂ ਦੇ ਇਲਾਜ ਲਈ ਲਗਾਤਾਰ ਆਵਾਜ਼ ਉਠਾਉਣ ਬਾਰੇ ਲਗਾਤਾਰ ਸੁਚੇਤ ਰਹਿਣਾ ਚਾਹੀਦਾ ਹੈ।

# 'ਭਾਰਤ ਜੋੜੋ' ਯਾਤਰਾ ਅਤੇ ਭਾਜਪਾ ਦਾ ਬਦਲ

ਕਾਂਗਰਸ ਦੇ ਸੰਭਾਵੀ ਪ੍ਰਧਾਨ ਰਾਹੁਲ ਗਾਂਧੀ ਦੀ 3507 ਕਿਲੋਮੀਟਰ ਲੰਮੀ 'ਭਾਰਤ ਜੋੜੋ' ਯਾਤਰਾ ਦੀ ਚਰਚਾ ਹੈ। ਪੰਜ ਮਹੀਨਿਆਂ ਦੌਰਾਨ 12 ਸੂਬਿਆਂ ਵਿਚੋਂ ਲੰਘਣ ਵਾਲੀ ਇਸ ਯਾਤਰਾ ਬਾਰੇ ਕਈ ਸਵਾਲ ਹਨ। ਇੱਕ ਹਫਤਾ ਪ੍ਰਚਾਰ ਕਰਕੇ ਮਹੀਨਾ ਭਰ ਛੁੱਟੀ ਕਰਨ ਵਾਲਾ ਗਾਂਧੀ ਪਰਿਵਾਰ ਦਾ ਲਾਡਲਾ ਪੰਜ ਮਹੀਨੇ ਯਾਤਰਾ 'ਤੇ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਪੂਰੇ ਕਿਵੇਂ ਕਰੇਗਾ? ਉਂਝ ਵੀ ਜੇ ਉਹ ਇਸ ਯਾਤਰਾ ਦਾ ਨਾਮ 'ਕਾਂਗਰਸ ਜੋੜੋ' ਰੱਖਦਾ ਤਾਂ ਸ਼ਾਇਦ ਇਸ ਯਾਤਰਾ ਦਾ ਮੰਤਵ ਸੌਖਿਆਂ ਸਮਝ ਆ ਜਾਂਦਾ। ਇਹ ਯਾਤਰਾ ਉਸ ਸਮੇਂ ਸ਼ੁਰੂ ਕੀਤੀ ਹੈ ਜਦ ਕਾਂਗਰਸ ਦੇ ਕਈ ਵੱਡੇ ਆਗੂ ਉਸ (ਰਾਹੁਲ) ਦੀ ਯੋਗਤਾ ਸਮਰੱਥਾ 'ਤੇ ਸਵਾਲ ਉਠਾ ਰਹੇ ਹਨ। ਅਸਲ ਵਿਚ, ਰਾਹੁਲ ਇਸ ਯਾਤਰਾ ਰਾਹੀਂ ਆਪਣਾ ਪ੍ਰਭਾਵ ਛੱਡਣਾ ਚਾਹੁੰਦਾ ਹੈ। ਹੁਣ ਸਵਾਲ ਹੈ ਕਿ ਅੱਜ ਜਦ ਭਾਜਪਾ ਸੱਤਾ ਖਾਤਰ ਵੰਡਪਾਊ ਰਾਜਨੀਤੀ ਰਾਹੀਂ ਮੁਲਕ ਅੰਦਰ ਫਿਰਕੂ ਤਣਾਅ ਫੈਲਾਅ ਰਹੀ ਹੈ ਤਾਂ ਕੀ ਇਸ ਯਾਤਰਾ ਰਾਹੀਂ ਰਾਹੁਲ ਗਾਂਧੀ ਜਾਂ ਇਕੱਲੀ ਕਾਂਗਰਸ ਪਾਰਟੀ ਭਾਜਪਾ ਦਾ ਸਿਆਸੀ ਬਦਲ ਬਣ ਸਕਦੀ ਹੈ?

ਭਾਰਤ ਵਿਚ ਅਜਿਹੀਆਂ ਯਾਤਰਾਵਾਂ ਪਹਿਲਾਂ ਵੀ ਹੋਈਆ ਹਨ। 1930 ਵਿਚ ਮਹਾਤਮਾ ਗਾਂਧੀ ਨੇ ਗੁਜਰਾਤ ਤੋਂ 380 ਕਿਲੋਮੀਟਰ ਲੰਮਾ ਡਾਂਡੀ ਮਾਰਚ ਕੀਤਾ ਸੀ। 1983 ਵਿਚ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ 6 ਮਹੀਨੇ ਵਿਚ 4000 ਕਿਲੋਮੀਟਰ ਮਾਰਚ ਕੀਤਾ। 1990 ਵਿਚ ਬੀ.ਜੇ.ਪੀ. ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਹਜ਼ਾਰਾਂ ਕਿਲੋਮੀਟਰ ਲੰਮੀ ਰੱਥ ਯਾਤਰਾ ਅਤੇ 2011 ਵਿਚ ਬੀ.ਜੇ.ਪੀ. ਦੇ ਨੌਜਵਾਨ ਚਿਹਰੇ ਅਨੁਰਾਗ ਠਾਕੁਰ ਦੀ ਏਕਤਾ ਯਾਤਰਾ ਨੂੰ ਕੋਈ ਨਹੀਂ ਭੁੱਲਾ ਹੈ।

ਪਰਿਵਾਰਵਾਦ ਵਿਚ ਬੁਰੀ ਤਰ੍ਹਾਂ ਗ੍ਰਸਤ ਕਾਂਗਰਸ ਹਾਈਕਮਾਂਡ ਸੁਨੀਲ ਜਾਖੜ, ਗੁਲਾਮ ਨਬੀ ਆਜ਼ਾਦ ਵਰਗੇ ਆਗੂਆਂ ਦੀ ਬਗਾਵਤ ਅਤੇ ਜੀ-23 ਦੇ ਆਗੂਆਂ ਦੀ ਭਾਵਨਾ ਨੂੰ ਸਮਝ ਨਹੀਂ ਸਕੀ ਹੈ। 1885 ਵਿਚ ਹੋਂਦ 'ਚ ਆਈ ਕਾਂਗਰਸ ਦਾ ਪਿਛਲੇ ਲੱਗਭੱਗ ਚਾਰ ਦਹਾਕਿਆਂ ਦਾ ਇਤਿਹਾਸ ਦੱਸਦਾ ਹੈ ਕਿ ਇੰਦਰਾ ਗਾਂਧੀ ਦੇ ਸੱਤਾ ਸੰਭਾਲਣ ਤੋਂ ਬਾਅਦ ਇਹ ਪਾਰਟੀ ਬੁਰੀ ਤਰ੍ਹਾਂ ਗਾਂਧੀ ਪਰਿਵਾਰ ਦੇ ਹੱਥਾਂ ਵਿਚ ਕੇਂਦਰਿਤ ਹੁੰਦੀ ਗਈ। ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਭਾਵੇਂ ਕੁਝ ਸਾਲਾਂ ਲਈ ਪਾਰਟੀ ਦੀ ਤਾਕਤ ਗਾਂਧੀ ਪਰਿਵਾਰ ਤੋਂ ਬਾਹਰ ਚਲੀ ਗਈ ਸੀ ਪਰ 1998 ਵਿਚ ਸੋਨੀਆ ਗਾਂਧੀ ਪਾਰਟੀ ਦੀ ਅਜਿਹੀ ਪ੍ਰਧਾਨ ਬਣੀ ਕਿ ਅੱਜ ਤੱਕ ਪ੍ਰਧਾਨਗੀ ਇਸ ਪਰਿਵਾਰ ਤੋਂ ਬਾਹਰ ਨਹੀਂ ਨਿੱਕਲੀ। ਭਾਜਪਾ ਆਗੂ ਸੱਤਾ 'ਤੇ ਕਾਬਜ਼ ਹੋਣ ਲਈ ਚੋਣਾਂ ਦੌਰਾਨ ਬਹੁਗਿਣਤੀ ਦੀਆਂ ਵੋਟਾਂ ਹਾਸਲ ਕਰਨ ਖਾਤਰ ਫਿਰਕੂ ਪੱਤਾ ਖੁੱਲ੍ਹ ਕੇ ਖੇਡਦੇ ਹਨ ਪਰ ਕਾਂਗਰਸ 'ਤੇ ਪਰਿਵਾਰਵਾਦ ਦੀ ਰਾਜਨੀਤੀ ਕਰਨ ਦਾ ਭੰਡੀ ਪ੍ਰਚਾਰ ਕਰਨ ਤੋਂ ਵੀ ਨਹੀਂ ਖੁੰਝਦੇ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਭਾਜਪਾ ਅਤੇ ਇਸ ਦੀ ਜਨਮਦਾਤੀ ਆਰ.ਐਸ.ਐਸ. ਦੀ ਰਾਜਨੀਤੀ ਵੰਡੀਆਂ ਪਾਉਣ ਵਾਲੀ ਹੈ। ਪਿਛਲੀ ਦਿਨੀਂ ਭਾਜਪਾ ਨੇ ਕਰਨਾਟਕ, ਉਤਰ ਪ੍ਰਦੇਸ਼ ਵਿਚ ਫਿਰਕਾਪ੍ਰਤੀ ਦੇ ਖੂਬ ਬੀਜ ਬੀਜੇ ਹਨ। ਭਾਜਪਾ ਨੇ ਪਹਿਲਾਂ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਦੇ ਮਾਮਲੇ 'ਤੇ ਵੋਟਾਂ ਹਾਸਲ ਕੀਤੀਆਂ ਤੇ ਹੁਣ ਉਹ ਮਸਲਾ ਥੋੜ੍ਹਾ ਠੰਢਾ ਹੋਣ ਤੋਂ ਬਾਅਦ ਕਾਸ਼ੀ ਵਿਚਲੀ ਗਿਆਨਵਾਪੀ ਮਸਜਿਦ, ਮਥੁਰਾ ਵਿਚ ਭਗਵਾਨ ਕ੍ਰਿਸ਼ਨ ਦੇ ਜਨਮ ਸਥਾਨ ਦਾ ਮਸਲਾ, ਉੱਤਰ ਪ੍ਰਦੇਸ਼ ਦੇ ਬਦਾਯੂੰ ਵਿਚਲੀ ਜਾਮਾ ਮਸਜਿਦ ਦਾ ਮਸਲਾ ਉਭਾਰ ਦਿੱਤਾ ਗਿਆ ਹੈ। ਬਦਾਯੂੰ ਦੀ ਜਾਮਾ ਮਸਜਿਦ ਨੂੰ ਦਿੱਲੀ ਦੀ ਜਾਮਾ ਮਸਜਿਦ ਤੋਂ ਬਾਅਦ ਦੇਸ਼ ਦੀ ਤੀਜੀ ਸਭ ਤੋਂ ਪੁਰਾਣੀ ਮਸਜਿਦ ਮੰਨਿਆ ਜਾਂਦਾ ਹੈ। ਭਾਜਪਾ ਲੀਡਰਸ਼ਿਪ ਨੇ ਕੁਝ ਸਮਾਂ ਪਹਿਲਾਂ ਆਪਣੇ ਵਰਕਰਾਂ ਨੂੰ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੱਤਾ ਸੀ; ਹੌਲੀ-ਹੌਲੀ ਇਹ ਨਾਅਰਾ ਮਹਾਰਾਸ਼ਟਰ ਦੀ ਸਰਕਾਰ ਦੇ ਪੁਨਰਗਠਨ ਤੱਕ 'ਵਿਰੋਧੀ ਧਿਰਾਂ ਮੁਕਤ ਭਾਰਤ' ਦੇ ਰੂਪ ਵਿਚ ਦਿਖਾਈ ਦੇਣ ਲੱਗਾ। ਭਾਜਪਾ ਨੇ ਇਸ ਮਾਮਲੇ ਵਿਚ ਪੂਰਾ ਜ਼ੋਰ ਲਾਇਆ ਤੇ ਕਾਫੀ ਹੱਦ ਤੱਕ ਸਫਲ ਰਹੀ ਹੈ। ਈ.ਡੀ./ਸੀ.ਬੀ.ਆਈ. ਰਾਹੀਂ ਡਰਾ ਕੇ ਜਾਂ ਲਾਲਚ ਦੇ ਕੇ ਦੂਜੀਆਂ ਪਾਰਟੀਆਂ ਵਿਚ ਸੰਨ੍ਹ ਲਾਉਣ ਦਾ ਸਿਲਸਿਲਾ ਜਾਰੀ ਹੈ। ਬੇਸ਼ੱਕ ਰਾਹੁਲ ਗਾਂਧੀ ਦਾ ਇਹ ਬਿਆਨ ਕਿ ਆਰ.ਐਸ.ਐਸ. ਹਮਾਇਤੀਆਂ ਨੂੰ ਕਾਂਗਰਸ ਤੋਂ ਬਾਹਰ ਚਲੇ ਜਾਣਾ ਚਾਹੀਦਾ ਹੈ, ਦਲੇਰੀ ਭਰਿਆ ਸੀ ਪਰ ਭਾਜਪਾ ਦਾ ਰਾਹ ਰੋਕਣ ਲਈ ਮਹਿਜ਼ ਇੰਨਾ ਕੁ ਬਿਆਨ ਕਾਫੀ ਨਹੀਂ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਾਵੇਂ ਭਾਜਪਾ ਨੂੰ ਸੱਤਾ ਤੋਂ ਬੇਦਖ਼ਲ ਕਰਨ ਲਈ ਬੇਰੁਜ਼ਗਾਰੀ, ਮਹਿੰਗਾਈ, ਵਿਰੋਧੀ ਦਲਾਂ ਦੀ ਏਕਤਾ ਅਤੇ ਫਿਰਕੂ ਸਦਭਾਵਨਾ ਨੂੰ ਮੁੱਦਾ ਬਣਾਇਆ ਹੈ ਪਰ ਬੀਤੇ ਵਿਚ ਉਸ ਦੇ 'ਯੂ-ਟਰਨ' ਉਸ ਦੀ ਭਰੋਸੇਯੋਗਤਾ ਉੱਤੇ ਸਵਾਲ ਖੜ੍ਹੇ ਕਰਦਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਐੱਨਸੀਪੀ ਦੇ ਮੁਖੀ ਸ਼ਰਦ ਪਵਾਰ ਦੀ ਪਹੁੰਚ ਵੀ ਥਾਲ ਵਿਚ ਪਾਏ ਪਾਣੀ ਵਰਗੀ ਲੱਗਦੀ ਹੈ ਲੇਕਿਨ ਕਾਂਗਰਸ ਹਾਈਕਮਾਂਡ ਇਹਨਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੀ ਹੈ। ਵੈਸੇ ਵੀ ਜ਼ਿਆਦਾਤਰ ਖੇਤਰੀ ਪਾਰਟੀਆਂ ਦਾ ਕਿਰਦਾਰ ਮੌਕਾਪ੍ਰਸਤੀ ਭਰਿਆ ਹੈ ਜਿਵੇਂ ਰਾਸ਼ਟਰਪਤੀ ਦੀ ਚੋਣ ਦੌਰਾਨ ਭਾਜਪਾ ਉਮੀਦਵਾਰ ਖਿਲਾਫ ਲਾਮਬੰਦੀ ਕਰਨ ਵਾਲੀ ਮਮਤਾ ਬੈਨਰਜੀ ਉਪ ਰਾਸ਼ਟਰਪਤੀ ਦੀ ਚੋਣ ਸਮੇਂ ਦੜ ਵੱਟ ਗਈ ਅਤੇ ਅਕਾਲੀ ਦਲ (ਬਾਦਲ) ਨੇ ਦੋਵਾਂ ਚੋਣਾਂ ਦੌਰਾਨ ਹੀ ਭਾਜਪਾ ਉਮੀਦਵਾਰ ਦੀ ਬਿਨਾ ਸ਼ਰਤ ਹਮਾਇਤ ਕੀਤੀ। ਇਹ ਵੀ ਸੱਚ ਹੈ ਕਿ ਕਾਂਗਰਸ 'ਵੱਡੇ ਭਾਈ' ਵਾਲੀ ਪਹੁੰਚ ਕਾਰਨ ਖੱਬੇ ਪੱਖੀਆਂ ਸਮੇਤ ਭਾਜਪਾ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਕਰਨ ਵਿਚ ਅਸਫਲ ਰਹੀ ਹੈ।

2024 ਦੇ ਮੱਦੇਨਜ਼ਰ ਕਾਂਗਰਸ ਦੀ ਇਸ ਯਾਤਰਾ 'ਤੇ ਸਵਾਲ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਭਾਜਪਾ ਦੇ ਪਿਛਲੇ 8 ਸਾਲ ਦੇ ਕਾਰਜਕਾਲ ਦੌਰਾਨ ਮਹਿੰਗਾਈ ਛੜੱਪੇ ਮਾਰ ਕੇ ਵਧੀ ਹੈ, ਗਰੀਬ ਆਦਮੀ ਦਾ ਜੀਣਾ ਔਖਾ ਹੋਇਆ ਹੈ ਪਰ ਕਾਂਗਰਸ ਇਹਨਾਂ 8 ਸਾਲਾਂ ਦੌਰਾਨ ਗਰੀਬਾਂ ਦੇ ਪੱਖ ਵਿਚ ਕੋਈ ਠੋਸ ਅੰਦੋਲਨ ਲੜਨ ਦੀ ਬਜਾਇ ਸਿਰਫ ਬਿਆਨ ਦੇਣ ਤੱਕ ਸੀਮਤ ਰਹੀ ਹੈ।

ਮੋਦੀ ਦੇ ਕਾਰਜਕਾਲ ਦੌਰਾਨ ਜਮਹੂਰੀਅਤ ਦਾ ਗਲਾ ਘੁੱਟਦਿਆਂ ਭੀਮਾ ਕੋਰੇਗਾਓਂ ਸਮੇਤ ਦਰਜ਼ਨਾਂ ਮਾਮਲਿਆਂ ਵਿਚ ਜਮਹੂਰੀਅਤ ਪਸੰਦ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਇਨਕਲਾਬੀਆਂ, ਧਾਰਮਿਕ ਘੱਟ ਗਿਣਤੀਆਂ ਨੂੰ ਜੇਲ੍ਹਾਂ ਵਿਚ ਤੁੰਨਿਆ ਗਿਆ ਪਰ ਕਾਂਗਰਸ ਪ੍ਰਧਾਨ ਨੇ ਜੇਲ੍ਹ ਵਿਚ ਬੰਦ ਉਹਨਾਂ ਜਮਹੂਰੀ ਕਾਰਕੁਨਾਂ ਲਈ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ। ਉਂਝ ਵੀ, ਕਾਂਗਰਸ ਦਾ ਕਿਰਦਾਰ ਲੋਕ ਵਿਰੋਧੀ ਰਿਹਾ ਹੈ। ਅੱਜ ਯੋਗੇਂਦਰ ਯਾਦਵ ਵਰਗੇ ਕੁਝ ਲੋਕਾਂ ਦੀ ਇਸ ਪਾਰਟੀ ਨਾਲ ਹਮਦਰਦੀ ਜਾਗਣ ਦਾ ਕਾਰਨ ਇਹ ਹੈ ਕਿ ਭਾਜਪਾ ਅਤਿ-ਲੋਕ ਵਿਰੋਧੀ ਹੈ। ਲੋਕ ਪੱਖੀ ਬਦਲ ਮੰਗ ਕਰਦਾ ਹੈ ਕਿ 'ਕੱਟੜ' ਤੇ 'ਘੱਟ ਕੱਟੜ' ਵਿਚੋਂ ਕਿਸੇ ਇੱਕ ਨਾਲ ਖੜ੍ਹਨ ਦੀ ਬਜਾਇ ਕੋਈ 'ਜਮਹੂਰੀ' ਬਦਲ ਉਸਾਰਿਆ ਜਾਵੇ। ਇਨਸਾਫ ਪਸੰਦ ਲੋਕਾਂ ਦਾ ਇੱਕ ਹਿੱਸਾ ਰਵਾਇਤੀ ਸਿਆਸਤ ਨਾਲ ਜੁੜੀਆਂ ਰਾਜਨੀਤਕ ਪਾਰਟੀਆਂ ਵਿਚੋਂ 'ਘੱਟ ਮਾੜੀ' ਚੁਣ ਕੇ ਉਸ ਨਾਲ ਖੜ੍ਹਦਾ ਰਿਹਾ ਹੈ। ਆਮ ਆਦਮੀ ਪਾਰਟੀ ਦਾ ਉਭਾਰ ਇਸੇ ਰਾਜਨੀਤੀ ਦੀ ਪੈਦਾਇਸ਼ ਹੈ। ਕਾਂਗਰਸ ਦੇ ਕਿਰਦਾਰ ਦੇ ਮੱਦੇਨਜ਼ਰ ਉਸ ਤੋਂ ਹਿੰਦੂਤਵ ਫਾਸ਼ੀਵਾਦ ਵਿਰੁੱਧ ਲੜਾਈ ਦੀ ਉਮੀਦ ਸਹੀ ਨਹੀਂ, ਭਾਜਪਾ ਦਾ ਬਦਲ ਕਾਂਗਰਸ ਨੂੰ ਮੰਨਣਾ ਖੂਹ ਵਿਚੋਂ ਨਿੱਕਲ ਕੇ ਖਾਤੇ ਵਿਚ ਡਿੱਗਣ ਵਾਲਾ ਕੰਮ ਹੋਵੇਗਾ। ਜੇ ਭਾਜਪਾ 'ਤੇ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਨੂੰ ਨਪੀੜਨ ਅਤੇ ਗੁਜਰਾਤ ਦੰਗਿਆਂ ਦੇ ਦੋਸ਼ ਲੱਗਦੇ ਹਨ ਤਾਂ ਕਾਂਗਰਸ 'ਤੇ ਵੀ 1984 ਵਿਚ ਸਿੱਖ ਨਸਲਕੁਸ਼ੀ ਤੇ ਬਾਅਦ ਵਿਚ ਦੋਸ਼ੀਆਂ ਦੀ ਸਰਪ੍ਰਸਤੀ ਦੇ ਦੋਸ਼ ਲੱਗਦੇ ਹਨ। ਕਾਂਗਰਸ ਦੀ 'ਸੱਤਾ' ਸਮੇਂ ਵੀ ਜਲ, ਜੰਗਲ ਅਤੇ ਜ਼ਮੀਨ ਲਈ ਸੰਘਰਸ਼ ਕਰ ਰਹੇ ਆਦਿ ਵਾਸੀਆਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ ਸਮੂਹਿਕ ਕਤਲੇਆਮ ਕੀਤੇ ਜਾਂਦੇ ਰਹੇ ਹਨ।

ਜਿਵੇਂ ਖੇਤੀ ਕਾਨੂੰਨਾਂ ਖਿਲਾਫ ਭਾਰਤ ਦੇ ਸਾਰੇ ਵਰਗਾਂ ਨੇ ਕਿਸਾਨ ਅੰਦੋਲਨ ਲੜਿਆ, ਉਸੇ ਤਰ੍ਹਾਂ ਭਾਜਪਾ ਦਾ ਰਾਹ ਰੋਕਣ ਲਈ ਜਮਹੂਰੀ ਧਿਰਾਂ ਸੰਘਰਸ਼ ਵਿੱਢ ਸਕਦੀਆਂ ਹਨ ਜਿਸ ਵਿਚ ਵੋਟਾਂ ਵਿਚ ਹਿੱਸਾ ਨਾ ਲੈਣ ਵਾਲੀਆਂ ਧਿਰਾਂ/ਜਥੇਬੰਦੀਆਂ ਅਤੇ ਵੋਟਾਂ ਵਿਚ ਹਿੱਸਾ ਲੈਣ ਵਾਲੀਆਂ ਖੇਤਰੀ ਪਾਰਟੀਆਂ ਅਹਿਮ ਰੋਲ ਨਿਭਾ ਸਕਦੀਆਂ ਹਨ। ਇਸ ਵਿਚ ਕਾਂਗਰਸ ਦੀ ਭੂਮਿਕਾ ਮੁੱਖ ਨਾ ਹੋ ਕੇ ਸੀਮਤ ਸਹਿਯੋਗੀ ਵਾਲੀ ਹੋ ਸਕਦੀ ਹੈ। ਭਾਜਪਾ ਦਾ ਸਿਆਸੀ ਬਦਲ ਫਾਸ਼ੀਵਾਦ ਖਿਲਾਫ ਲੜਾਈ ਦੇ ਪ੍ਰਸੰਗ ਅਤੇ ਸਮਾਜ ਦੀਆਂ ਠੋਸ ਮੰਗਾਂ ਅਨੁਸਾਰ ਉਸਾਰਿਆ ਜਾ ਸਕਦਾ ਹੈ ਪਰ ਬਦਲ ਮਹਿਜ਼ ਚਿਹਰੇ ਦੀ ਬਦਲੀ ਨਾ ਹੋ ਕੇ ਲੋਕ ਪੱਖੀ ਸਿਆਸੀ ਬਦਲ ਵਜੋਂ ਉਸਰਨਾ ਚਾਹੀਦਾ ਹੈ।

# ਕੁਮੈਂਟਰੀ ਦਾ ਕੋਹਿਨੂਰ: ਜਸਦੇਵ ਸਿੰਘ


ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਜੁਲਾਈ 2020 ਵਿਚ ਕਰੋਨਾ ਕਹਿਰ ਦੌਰਾਨ 'ਪੰਜਾਬੀ ਖੇਡ ਸਾਹਿਤ' ਲੇਖ ਲੜੀ ਸ਼ੁਰੂ ਕਰਨ ਵੇਲੇ ਮੇਰੇ ਖ਼ਾਬ ਖ਼ਿਆਲ 'ਚ ਵੀ ਨਹੀਂ ਸੀ ਕਿ ਇਹ 111 ਕਿਸ਼ਤਾਂ ਤਕ ਚਲੀ ਜਾਵੇਗੀ। ਉਦੋਂ ਵੀਹ ਪੱਚੀ ਕਿਸ਼ਤਾਂ ਸੋਚੀਆਂ ਸਨ ਜਿਨ੍ਹਾਂ ਦੀ ਕਿਤਾਬ ਬਣ ਸਕੇ। ਪਰ ਇਹ ਦੋ ਸਾਲ ਦੋ ਮਹੀਨੇ ਹਰ ਹਫ਼ਤੇ 'ਤਬਸਰਾ ਅੰਕ' ਵਿਚ ਪੂਰੇ ਪੰਨੇ 'ਤੇ ਲਗਾਤਾਰ ਛਪਦੀ ਗਈ। ਕਦੇ ਇਕ ਨਾਗਾ ਵੀ ਨਹੀਂ ਪਿਆ। ਅੱਜ ਆਖ਼ਰੀ ਕਿਸ਼ਤ ਨਾਲ ਇਹ ਲੰਮੀ ਲੇਖ ਲੜੀ ਸਮਾਪਤ ਕਰ ਰਿਹਾਂ। ਸ਼ੁਰੂ ਇਹ ਪਾਸ਼ ਦੀ ਵਾਰਤਕ ਦੇ ਪਰਾਂ 'ਤੇ ਉਡਦੇ ਫਲਾਈਂਗ ਸਿੱਖ ਮਿਲਖਾ ਸਿੰਘ ਨਾਲ ਕੀਤੀ ਸੀ। ਇਹ ਸਪੱਸ਼ਟ ਕਰਨ ਲਈ ਕਿ ਸਵੈ-ਜੀਵਨੀ 'ਫਲਾਈਂਗ ਸਿੱਖ ਮਿਲਖਾ ਸਿੰਘ' ਦੌੜਾਕ ਮਿਲਖਾ ਸਿੰਘ ਨੇ ਨਹੀਂ, ਕਵੀ ਅਵਤਾਰ ਪਾਸ਼ ਨੇ ਲਿਖੀ ਸੀ। ਪਾਸ਼ ਜਿੰਨਾ ਵਧੀਆ ਕਵੀ ਸੀ ਓਨਾ ਹੀ ਵਧੀਆ ਵਾਰਤਕਕਾਰ ਵੀ ਸੀ। ਉਸ ਨੇ ਲਿਖਿਆ, "ਜ਼ਿੰਦਗੀ ਸ਼ਾਇਦ ਧਰਤੀ ਉਪਰ ਵਾਪਰਨ ਵਾਲੀ ਸਭ ਤੋਂ ਵੱਡੀ ਕਰਾਮਾਤ ਹੈ। ਅਸੰਖਾਂ ਤਾਰਿਆਂ, ਧਰਤੀਆਂ ਤੇ ਸੂਰਜਾਂ ਦੀ ਅਨੰਤ ਕਾਲ ਤੋਂ ਖੇਡੀ ਜਾ ਰਹੀ ਇਸ ਖੇਡ ਵਿਚ ਮਨੁੱਖ ਬੱਸ ਇੱਕ ਛੋਟਾ ਜਿਹਾ ਖਿਡਾਰੀ ਹੈ। ਮਨੁੱਖੀ ਦਿਲ ਦੀ ਇੱਕ ਇੱਕ ਧੜਕਣ ਵਿਚ ਓੜਕਾਂ ਦੀ ਤਾਕਤ, ਫੁਰਤੀ ਅਤੇ ਸੰਭਾਵਨਾਵਾਂ ਹਨ। ਕੁਦਰਤ ਦੇ ਇਸ ਭੇਦ ਨੂੰ ਸਮਝ ਕੇ ਮਨ ਵਿਚ ਵਸਾਉਣ ਵਾਲਾ ਵਿਅਕਤੀ ਜ਼ਰੂਰੀ ਨਹੀਂ ਕਿ ਮਿਲਖਾ ਸਿੰਘ ਹੀ ਹੋਵੇ, ਕੋਈ ਵੀ ਹੋਰ ਹੋ ਸਕਦਾ ਹੈ।"

ਇਸ ਪੁਸਤਕ ਦੇ 'ਧੰਨਵਾਦੀ ਸ਼ਬਦ' ਲਿਖਦਿਆਂ ਮਿਲਖਾ ਸਿੰਘ ਨੇ ਲਿਖਿਆ, "ਪਾਸ਼ ਅਤੇ ਤਰਸੇਮ ਪੁਰੇਵਾਲ ਦਾ ਧੰਨਵਾਦੀ ਹਾਂ, ਜਿਹਨਾਂ ਇਸ ਪੁਸਤਕ ਨੂੰ ਸਿਰੇ ਚੜ੍ਹਾਉਣ ਵਿਚ ਮੇਰਾ ਹੱਥ ਵਟਾਇਆ।" ਵਿਚਲੀ ਗੱਲ ਇਹ ਸੀ, ਮਿਲਖਾ ਸਿੰਘ ਨੇ ਆਪਣੇ ਜੀਵਨ ਬਾਰੇ ਅਖ਼ਬਾਰੀ ਤੇ ਮੂੰਹ ਜ਼ਬਾਨੀ ਮੈਟਰ ਦਿੱਤਾ, ਜਿਸ ਨੂੰ ਪਾਸ਼ ਨੇ ਕਲਾਮਈ ਵਾਰਤਕ ਵਿਚ ਗੁੰਦ ਕੇ 'ਫਲਾਈਂਗ ਸਿੱਖ ਮਿਲਖਾ ਸਿੰਘ' ਪੁਸਤਕ ਵਿਚ ਪੇਸ਼ ਕੀਤਾ। ਅਵਤਾਰ ਪਾਸ਼, ਪੁਸਤਕ ਲਿਖਣ ਦੇ ਦਿਲਚਸਪ ਵੇਰਵੇ ਨਾਲੋ-ਨਾਲ ਆਪਣੇ ਦੋਸਤ ਸ਼ਮਸ਼ੇਰ ਸੰਧੂ ਨਾਲ ਸਾਂਝੇ ਕਰਦਾ ਰਿਹਾ। ਬਾਅਦ ਵਿਚ ਸ਼ਮਸ਼ੇਰ ਨੇ ਉਹ ਮੇਰੇ ਨਾਲ ਸਾਂਝੇ ਕੀਤੇ। ਪਾਸ਼ ਦੇ ਕੁਝ ਤੱਤੇ ਸਾਥੀ ਇਸ ਨੂੰ ਭਾੜੇ ਦਾ ਕੰਮ ਕਹਿ ਕੇ ਭੰਡਦੇ ਵੀ ਰਹੇ, ਪਰ ਕੋਈ ਸਾਹਮਣੇ ਨਾ ਬੋਲਿਆ। ਜੇਕਰ ਪਾਸ਼, ਮੇਰੇ ਤੇ ਸ਼ਮਸ਼ੇਰ ਵਾਂਗ ਹੁਣ ਤਕ ਜਿਉਂਦਾ ਹੁੰਦਾ ਤਾਂ ਪਤਾ ਨਹੀਂ ਵਾਰਤਕ ਦੀਆਂ ਹੋਰ ਕਿੰਨੀਆਂ ਕਮਾਲ ਦੀਆਂ ਕਿਤਾਬਾਂ ਲਿਖਦਾ?

ਸ਼ਬਦਾਂ ਦੇ ਜਿਨ੍ਹਾਂ ਖਿਡਾਰੀਆਂ ਦਾ ਮੈਂ ਇਸ ਲੇਖ ਲੜੀ ਵਿਚ ਬਿਰਤਾਂਤ ਸਿਰਜਿਆ ਹੈ ਉਨ੍ਹਾਂ 'ਚ ਬਲਵੰਤ ਗਾਰਗੀ, ਜਸਵੰਤ ਸਿੰਘ ਕੰਵਲ, ਡਾ. ਹਰਿਭਜਨ ਸਿੰਘ, ਗਿਆਨੀ ਗੁਰਦਿੱਤ ਸਿੰਘ, ਓਲੰਪੀਅਨ ਬਲਬੀਰ ਸਿੰਘ, ਜੋਗਿੰਦਰ ਜੋਗੀ, ਬ੍ਰਿਗੇਡੀਅਰ ਲਾਭ ਸਿੰਘ, ਦਾਰਾ ਸਿੰਘ ਤੇ ਬਲਬੀਰ ਸਿੰਘ ਕੰਵਲ ਤੋਂ ਲੈ ਕੇ ਪ੍ਰੋ. ਕਰਮ ਸਿੰਘ, ਸੂਬਾ ਸਿੰਘ, ਬਲਿਹਾਰ ਰੰਧਾਵਾ, ਗੁਰਬਚਨ ਭੁੱਲਰ, ਵਰਿਆਮ ਸੰਧੂ, ਬਲਦੇਵ ਸੜਕਨਾਮਾ, ਨਰਿੰਦਰ ਕਪੂਰ, ਸਿੱਧੂ ਦਮਦਮੀ, ਅਵਤਾਰ ਬਿਲਿੰਗ, ਪਾਸ਼, ਗਾਸੋ, ਸੁਖਦੇਵ ਮਾਦਪੁਰੀ, ਜਗਦੇਵ ਜੱਸੋਵਾਲ, ਬਾਬੂ ਸਿੰਘ ਮਾਨ, ਗੁਰਮੇਲ ਮਡਾਹੜ, ਰਾਜਿੰਦਰਪਾਲ ਬਰਾੜ, ਗੁਰਬਖ਼ਸ਼ ਭੰਡਾਲ, ਗੁਰਭਜਨ ਗਿੱਲ, ਸ਼ਮਸ਼ੇਰ ਸੰਧੂ, ਅਸ਼ੋਕ ਭੌਰਾ, ਜੱਗੀ ਕੁੱਸਾ, ਨਿੰਦਰ ਘੁਗਿਆਣਵੀ, ਗੁਰਮੀਤ ਕੜਿਆਲਵੀ, ਅਮਰ ਸੂਫੀ, ਜਗਰੂਪ ਜਰਖੜ, ਲਾਭ ਸੰਧੂ, ਕੁਲਵੰਤ ਬੁਢਲਾਡਾ ਤੇ ਨਵਦੀਪ ਗਿੱਲ ਸਮੇਤ 111 ਕਲਮਕਾਰ ਸ਼ਾਮਲ ਹਨ। ਉਨ੍ਹਾਂ ਬਾਰੇ ਲਗਭਗ ਤਿੰਨ ਤਿੰਨ ਹਜ਼ਾਰ ਸ਼ਬਦਾਂ ਦੇ ਲੇਖ ਹਨ। ਸ਼ੁਕਰਗੁਜ਼ਾਰ ਹਾਂ ਪੱਤਰਕਾਰੀ ਦੇ ਚੈਂਪੀਅਨ ਜਤਿੰਦਰ ਪਨੂੰ ਦਾ, ਜਿਨ੍ਹਾਂ ਨੇ ਆਪਣੇ ਮੁੱਖਬੰਦ ਵਿਚ ਮੈਨੂੰ ਪੰਜਾਬੀਅਤ ਦਾ ਸਰਵਣ ਪੁੱਤਰ ਕਹਿ ਕੇ ਸਲਾਹਿਆ। ਮੈਂ ਧੰਨਵਾਦੀ ਹਾਂ ਉਨ੍ਹਾਂ ਸਭਨਾਂ ਦਾ ਜਿਨ੍ਹਾਂ ਨੇ ਮੈਨੂੰ ਕਰੋਨਾ ਕਾਲ ਵਿਚ ਆਹਰੇ ਲਾਈ ਰੱਖਿਆ ਅਤੇ 80-82 ਸਾਲ ਦੀ ਉਮਰੇ ਮੈਥੋਂ 'ਪੰਜਾਬੀ ਖੇਡ ਸਾਹਿਤ' ਦਾ ਇਤਿਹਾਸ ਲਿਖਵਾ ਲਿਆ।

*

ਆਖ਼ਰੀ ਕਿਸ਼ਤ 'ਚ ਗੱਲ ਕਰਦੇ ਹਾਂ 'ਕੁਮੈਂਟਰੀ ਦੇ ਕੋਹਿਨੂਰ' ਜਸਦੇਵ ਸਿੰਘ ਦੀ। ਉਸ ਦੀ ਹਰਮਨ ਪਿਆਰੀ ਆਵਾਜ਼ ਆਕਾਸ਼ ਬਾਣੀ ਤੇ ਦੂਰਦਰਸ਼ਨ ਤੋਂ ਅੱਧੀ ਸਦੀ ਗੂੰਜਦੀ ਰਹੀ। ਉਸ ਨੂੰ 'ਬਾਬਾ-ਏ-ਕੁਮੈਂਟਰੀ' ਵੀ ਕਿਹਾ ਜਾਂਦੈ। ਉਹ ਪਰਲੋਕ ਸਿਧਾਰਨ ਦੇ ਬਾਵਜੂਦ ਮਾਤਲੋਕ ਵਿਚ ਅਜੇ ਵੀ ਜਿਊਂਦਾ ਹੈ। ਜਸਦੇਵ ਸਿੰਘ ਜਿਹੇ ਕੁਮੈਂਟੇਟਰ ਨਿੱਤ ਨਿੱਤ ਨਹੀਂ ਜੰਮਦੇ ਜਿਸ ਨੂੰ ਕਰੋੜਾਂ ਲੋਕਾਂ ਨੇ ਰੇਡੀਓ/ਟੀਵੀ ਤੋਂ ਸੁਣਿਆ ਤੇ ਪਸੰਦ ਕੀਤਾ। ਉਹਦੇ ਬੋਲ ਨੌਂ ਓਲੰਪਿਕ ਖੇਡਾਂ, ਅੱਠ ਵਿਸ਼ਵ ਹਾਕੀ ਕੱਪਾਂ, ਛੇ ਏਸ਼ਿਆਈ ਖੇਡਾਂ ਅਤੇ ਅਨੇਕਾਂ ਅੰਤਰਰਾਸ਼ਟਰੀ ਹਾਕੀ ਮੈਚਾਂ, ਅਥਲੈਟਿਕ ਮੀਟਾਂ, ਕ੍ਰਿਕਟ ਦੇ ਟੈਸਟ ਮੈਚਾਂ ਅਤੇ ਬੈਡਮਿੰਟਨ ਤੇ ਟੈਨਿਸ ਮੈਚਾਂ ਵਿਚ ਗੂੰਜੇ। ਉਸ ਨੇ ਦਰਜਨਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡ ਸਮਾਰੋਹਾਂ ਦੀਆਂ ਉਦਘਾਟਨੀ ਤੇ ਸਮਾਪਤੀ ਰਸਮਾਂ ਦਾ ਹੂਬਹੂ ਹਾਲ ਬਿਆਨ ਕੀਤਾ। ਭਾਰਤ ਦੇ 48 ਗਣਤੰਤਰ ਦਿਵਸ ਤੇ ਸੁਤੰਤਰਤਾ ਦਿਵਸਾਂ ਦਾ ਅੱਖੀਂ ਡਿੱਠਾ ਹਾਲ ਹਿੰਦ ਮਹਾਂਦੀਪ ਦੇ ਕਰੋੜਾਂ ਸਰੋਤਿਆਂ ਨੂੰ ਘਰੋ-ਘਰੀ ਸੁਣਾਇਆ। ਉਹਦੀ ਆਵਾਜ਼ ਇੰਡੋ-ਪਾਕਿ ਅਵਾਮ ਦੀ ਜਾਣੀ-ਪਛਾਣੀ ਆਵਾਜ਼ ਸੀ। ਏਨੀ ਜਾਣੀ-ਪਛਾਣੀ ਕਿ ਕਰਾਚੀ 'ਚ ਉਸ ਨੂੰ ਇਕ ਅੰਨ੍ਹਾ ਬਜ਼ੁਰਗ ਸੜਕ ਪਾਰ ਕਰਨ ਲਈ ਸਹਾਰੇ ਦੀ ਉਡੀਕ ਕਰਦਾ ਦਿਸਿਆ। ਜਸਦੇਵ ਸਿੰਘ ਨੇ ਉਸ ਦਾ ਹੱਥ ਫੜ ਕੇ ਸੜਕ ਪਾਰ ਕਰਾਈ। ਜਸਦੇਵ ਸਿੰਘ ਸਲਾਮਾ ਲੇਕਮ ਬੁਲਾ ਕੇ ਜਾਣ ਲੱਗਾ ਤਾਂ ਉਹਦੀ ਆਵਾਜ਼ ਸੁਣ ਕੇ ਮੁਨਾਖਾ ਬਜ਼ੁਰਗ ਪੁੱਛਣ ਲੱਗਾ, "ਤੁਸੀਂ ਕਿਤੇ ਜਸਦੇਵ ਸਿੰਘ ਤਾਂ ਨਹੀਂ?" ਸੋ ਇਹ ਆਲਮ ਸੀ ਉਹਦੀ ਆਵਾਜ਼ ਦੇ ਦੂਜੇ ਮੁਲਕਾਂ ਵਿਚ ਵੀ ਜਾਣੀ-ਪਛਾਣੀ ਹੋਣ ਦਾ! ਜਦੋਂ ਟੀਵੀ ਦਾ ਯੁਗ ਆਇਆ ਤਦ ਵੀ ਲੋਕ ਟੀਵੀ ਦੀ ਆਵਾਜ਼ ਬੰਦ ਕਰ ਕੇ ਰੇਡੀਓ ਤੋਂ ਜਸਦੇਵ ਸਿੰਘ ਦੀ ਕੁਮੈਂਟਰੀ ਸੁਣਦੇ ਸਨ।

ਉਹ ਵਿਸ਼ਵ ਪੱਧਰ ਦਾ ਕੁਮੈਂਟੇਟਰ ਹੋਣ ਦੇ ਨਾਲ-ਨਾਲ ਲੇਖਕ ਵੀ ਬੜਾ ਵਧੀਆ ਸੀ। ਉਹਦੇ ਲੇਖ 'ਧਰਮ ਯੁਗ' ਤੇ 'ਸਪਤਾਹਿਕ ਹਿੰਦੋਸਤਾਨ' ਵਿਚ ਛਪਦੇ ਸਨ। 'ਮੈਂ ਜਸਦੇਵ ਸਿੰਘ ਬੋਲ ਰਹਾਂ ਹੂੰ' ਉਸ ਦੀ ਸਵੈ-ਜੀਵਨੀ ਹੈ। ਕੁਮੈਂਟਰੀ ਜ਼ਰੀਏ ਓਲੰਪਿਕ ਖੇਡਾਂ ਤੇ ਓਲੰਪਿਕ ਲਹਿਰ 'ਚ ਅਹਿਮ ਯੋਗਦਾਨ ਪਾਉਣ ਕਰਕੇ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਉਸ ਨੂੰ ਸਿਓਲ ਦੀਆਂ ਓਲੰਪਿਕ ਖੇਡਾਂ-1988 ਸਮੇਂ 'ਓਲੰਪਿਕ ਆਰਡਰ' ਨਾਲ ਸਨਮਾਨਿਤ ਕੀਤਾ। ਇੰਟਰਨੈਸ਼ਨਲ ਮੈਚਾਂ, ਖ਼ਾਸ ਕਰਕੇ ਹਾਕੀ ਮੈਚਾਂ ਦੀ ਕੁਮੈਂਟਰੀ ਕਰਨ 'ਚ ਉਹਦਾ ਕੋਈ ਸਾਨੀ ਨਹੀਂ ਸੀ। ਜਦ ਉਹ ਰੇਡੀਓ ਤੋਂ ਹਾਕੀ ਮੈਚਾਂ ਦੀ ਲੱਛੇਦਾਰ ਤੇ ਤੇਜ਼ਤਰਾਰ ਕੁਮੈਂਟਰੀ ਕਰ ਰਿਹਾ ਹੁੰਦਾ ਸੀ ਤਾਂ ਲੱਖਾਂ ਕਰੋੜਾਂ ਕੰਨ ਉਹਦੀ ਰਸੀਲੀ ਆਵਾਜ਼ ਸੁਣਦੇ ਸਨ। ਉਹਦੀ ਆਵਾਜ਼ ਗੇਂਦ ਦੇ ਨਾਲ-ਨਾਲ ਦੌੜਦੀ ਅਤੇ ਮੈਦਾਨ 'ਚ ਮੁੜ੍ਹਕੋ-ਮੁੜ੍ਹਕੀ ਹੋਏ ਖਿਡਾਰੀਆਂ ਨਾਲ ਸਾਹੋ-ਸਾਹ ਹੁੰਦੀ। ਉਹਦੇ ਬੋਲਾਂ ਨਾਲ ਦੂਰ ਦੇ ਸਰੋਤਿਆਂ ਦੀਆਂ ਨਬਜ਼ਾਂ, ਸਟੇਡੀਅਮ 'ਚ ਮੈਚ ਵੇਖਦੇ ਦਰਸ਼ਕਾਂ ਤੋਂ ਵੀ ਤੇਜ਼ ਹੁੰਦੀਆਂ ਰਹਿੰਦੀਆਂ। ਕੁਆਲਾਲੰਪੁਰ ਤੋਂ ਹਾਕੀ ਵਿਸ਼ਵ ਕੱਪ ਜਿੱਤ ਕੇ ਮੁੜੀ ਭਾਰਤੀ ਹਾਕੀ ਟੀਮ ਨਾਲ ਜਸਦੇਵ ਸਿੰਘ ਨੂੰ ਵੇਖ ਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਿਹਾ ਸੀ, "ਸਰਦਾਰ ਸਾਹਿਬ, ਆਪ ਨੇ ਤੋਂ ਹਮਾਰੇ ਦਿਲੋਂ ਕੀ ਧੜਕਣੇਂ ਬੜ੍ਹਾਅ ਦੀ ਥੀਂ।"



ਮੇਰੇ ਖੇਡ ਲੇਖਕ ਬਣਨ ਵਿਚ ਜਸਦੇਵ ਸਿੰਘ ਦੀ ਖੇਡ ਕੁਮੈਂਟਰੀ ਦਾ ਵੀ ਹੱਥ ਹੈ। ਉਹ ਮੈਥੋਂ ਨੌਂ ਸਾਲ ਵੱਡਾ ਸੀ। ਮੈਂ ਪਹਿਲੀ ਵਾਰ ਉਸ ਨੂੰ 1963 ਵਿਚ ਮਿਲਿਆ ਤੇ ਉਹਦੇ ਮੂੰਹੋਂ ਲਾਲ ਕਿਲੇ ਤੋਂ ਆਜ਼ਾਦੀ ਦਿਵਸ ਦੀ ਕੁਮੈਂਟਰੀ ਸੁਣੀ। ਉਦੋਂ ਮੈਂ ਦਿੱਲੀ ਦੇ ਖ਼ਾਲਸਾ ਕਾਲਜ ਵਿਚ ਪੜ੍ਹਦਾ ਸਾਂ ਤੇ ਖੇਡਾਂ ਖਿਡਾਰੀਆਂ ਬਾਰੇ ਲਿਖਣ ਲਈ ਪਰ ਤੋਲ ਰਿਹਾ ਸਾਂ। ਜਸਦੇਵ ਸਿੰਘ ਨੇ ਲਾਲ ਦਸਤਾਰ ਸਜਾਈ ਹੋਈ ਸੀ ਜੀਹਦੇ ਹੇਠ ਕੇਸਰੀ ਫਿਫਟੀ ਦਗ ਰਹੀ ਸੀ। ਫਿਕਸੋ ਨਾਲ ਜਮਾਈ ਦਾੜ੍ਹੀ, ਨਿੱਕੀਆਂ ਮੁੱਛਾਂ, ਖੱਬੀ ਗੱਲ੍ਹ 'ਚ ਪੈਂਦਾ ਡੂੰਘ, ਜੇਬ 'ਚ ਪੈੱਨ, ਖੱਬੇ ਹੱਥ ਸਟੀਲ ਦੀ ਚੇਨ ਵਾਲੀ ਘੜੀ, ਸੱਜੇ ਹੱਥ ਕੜਾ ਅਤੇ ਪਹਿਲੀ ਤੇ ਤੀਜੀ ਉਂਗਲ ਵਿਚ ਪਾਈਆਂ ਦੋ ਮੁੰਦਰੀਆਂ ਸਨ। ਉਹਦਾ ਗੋਰਾ ਗਦਮੀ ਰੰਗ ਤੇ ਭਖਿਆ ਹੋਇਆ ਮੂੰਹ-ਮੱਥਾ ਸੰਧੂਰੀ ਭਾਅ ਮਾਰ ਰਿਹਾ ਸੀ। ਚਮਕਦੀਆਂ ਅੱਖਾਂ ਤੇ ਫਰਕਦੇ ਬੁੱਲ੍ਹਾਂ ਉਤੇ ਮਿਨ੍ਹੀ ਮੁਸਕਾਨ ਤਾਰੀ ਸੀ ਜਿਨ੍ਹਾਂ 'ਚੋਂ ਰਸੀਲੀ ਆਵਾਜ਼ ਕਿਸੇ ਪਹਾੜੀ ਚਸ਼ਮੇ ਦੇ ਫੁੱਟਣ ਵਾਂਗ ਵਹਿ ਰਹੀ ਸੀ।

ਉਸ ਨੇ ਚਾਂਦਨੀ ਚੌਕ ਵੱਲ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਗੁੰਬਦ, ਕਥਾ ਕੀਰਤਨ ਦੀਆਂ ਧੁਨਾਂ, ਗੌਰੀ ਸ਼ੰਕਰ ਤੇ ਆਰੀਆ ਸਮਾਜ ਮੰਦਰ 'ਚ ਵਜਦੇ ਸੰਖ ਤੇ ਟੱਲ ਅਤੇ ਜਾਮਾ ਮਸਜਿਦ ਦੀ ਉੱਚੀ ਲੰਮੀ ਅਜਾਨ, ਸਭਨਾਂ ਦਾ ਸ਼ਰਧਾਮਈ ਸ਼ਬਦਾਂ 'ਚ ਜ਼ਿਕਰ ਕੀਤਾ ਸੀ। ਲਾਲ ਕਿਲੇ ਦੀਆਂ ਬਾਹੀਆਂ 'ਤੇ ਰੰਗ-ਬਰੰਗੇ ਝੰਡਿਆਂ ਦਾ ਫਰਫਰਾਉਣਾ, ਪੰਛੀਆਂ ਦਾ ਉਡਣਾ, ਰੁੱਖਾਂ ਦਾ ਝੂਮਣਾ, ਬੱਦਲਾਂ ਦਾ ਤੈਰਨਾ ਤੇ ਮਿਨਾਰਾਂ ਉਤੇ ਤਿਰੰਗੇ ਦਾ ਲਹਿਰਾਉਣਾ, ਸਾਰੇ ਦ੍ਰਿਸ਼ ਰੇਡੀਓ ਤੋਂ ਕੁਮੈਂਟਰੀ ਕਰਦਿਆਂ ਪ੍ਰਤੱਖ ਵਿਖਾਏ ਸਨ। ਉਹਦੀ ਜ਼ਬਾਨ ਉਤੇ ਹਿੰਦੀ/ਉਰਦੂ ਦੀ ਬੋਲਬਾਣੀ ਆਪਣੀ ਮਾਂ ਬੋਲੀ ਪੰਜਾਬੀ ਵਾਂਗ ਹੀ ਚੜ੍ਹੀ ਹੋਈ ਸੀ। ਉਹਦੇ ਮੂੰਹੋਂ ਸੌਖੇ ਸਮਝ ਆਉਣ ਵਾਲੇ ਸ਼ਬਦ ਆਪ-ਮੁਹਾਰੇ ਨਿਕਲ ਰਹੇ ਸਨ। ਉਸ ਦੀ ਆਵਾਜ਼ ਸਰੋਦੀ ਸੀ ਜਿਸ ਵਿਚ ਵੰਗਾਂ ਤੇ ਝਾਂਜਰਾਂ ਵਰਗੀ ਟੁਣਕਾਰ ਸੀ। ਉਸ ਨੇ ਮਰਨ ਤੋਂ ਪਹਿਲਾਂ ਕਿਹਾ ਸੀ: ਖ਼ਾਮੋਸ਼ੀਓਂ ਕੀ ਮੌਤ ਗਵਾਰਾ ਨਹੀਂ ਹੋਤੀ, ਸ਼ੀਸ਼ਾ ਹੂੰ ਟੂਟ ਕੇ ਭੀ ਖਣਕ ਛੋੜ ਜਾਊਂਗਾ!

ਜਸਦੇਵ ਸਿੰਘ ਦਾ ਜਨਮ ਇੰਜਨੀਅਰਾਂ ਦੇ ਸਿੱਖ ਪਰਿਵਾਰ ਵਿਚ ਓਵਰਸੀਅਰ ਭਗਵੰਤ ਸਿੰਘ ਦੇ ਘਰ ਮਾਤਾ ਰਜਵੰਤ ਕੌਰ ਦੀ ਕੁੱਖੋਂ 18 ਮਈ 1931 ਨੂੰ ਹੋਇਆ ਸੀ। ਉਦੋਂ ਉਹ ਰਾਜਸਥਾਨ 'ਚ ਜੈਪੁਰ ਨੇੜੇ ਪਿੰਡ ਬੌਲੀ ਵਿਚ ਰਹਿੰਦੇ ਸਨ। ਉਸ ਨੇ ਮੁੱਢਲੀ ਸਿੱਖਿਆ ਚਾਕਸੂ ਦੇ ਸਕੂਲ 'ਚੋਂ ਤੇ ਉਚੇਰੀ ਪੜ੍ਹਾਈ ਮਹਾਰਾਜਾ ਕਾਲਜ ਜੈਪੁਰ ਤੋਂ ਹਾਸਲ ਕੀਤੀ। ਉਹਦੀ ਪੜ੍ਹਾਈ ਦਾ ਮਾਧਿਅਮ ਬੇਸ਼ਕ ਉਰਦੂ ਸੀ ਪਰ ਆਲਾ-ਦੁਆਲਾ ਜੈਪੁਰੀ ਹਿੰਦੀ ਨਾਲ ਲਬਰੇਜ਼ ਸੀ। ਉਸ ਨੇ ਸਤਾਰਾਂ ਸਾਲ ਦੀ ਉਮਰੇ, ਮਹਾਤਮਾ ਗਾਂਧੀ ਦੇ ਅੰਤਮ ਸੰਸਕਾਰ ਸਮੇਂ ਮੈਲਵਿਲ ਡੀਮੈਲੋ ਦੀ ਰੇਡੀਓ ਤੋਂ ਕੁਮੈਂਟਰੀ ਸੁਣੀ ਜਿਸ ਤੋਂ ਉਹ ਬੇਹੱਦ ਪ੍ਰਭਾਵਿਤ ਹੋਇਆ। ਉਦੋਂ ਤੋਂ ਹੀ ਉਹਦੇ ਮਨ ਵਿਚ ਰੇਡੀਓ ਕੁਮੈਂਟੇਟਰ ਬਣਨ ਦੀ ਤਮੰਨਾ ਜਾਗ ਪਈ। ਜਦ ਇਹ ਗੱਲ ਉਸ ਨੇ ਆਪਣੇ ਪਰਿਵਾਰ ਨਾਲ ਸਾਂਝੀ ਕੀਤੀ ਤਾਂ ਇੰਜਨੀਅਰ ਬਾਪ ਹੈਰਾਨ ਹੋਇਆ ਕਿ ਕੁਮੈਂਟਰੀ ਕਿਹੜੇ ਕੰਮਾਂ 'ਚੋਂ ਕੰਮ ਹੋਇਆ? ਉਹਦੀ ਮਾਂ ਨੇ ਕਿਹਾ ਕਿ ਤੈਨੂੰ ਹਿੰਦੀ ਵੀ ਚੰਗੀ ਤਰ੍ਹਾਂ ਬੋਲਣੀ ਨੀ ਆਉਂਦੀ। ਕਿਵੇਂ ਕਰੇਂਗਾ ਰੇਡੀਓ ਤੋਂ ਕੁਮੈਂਟਰੀ?

ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਜਸਦੇਵ ਸਿੰਘ ਆਲ ਇੰਡੀਆ ਰੇਡੀਓ ਜੈਪੁਰ ਦੀ ਨੌਕਰੀ ਲਈ ਇੰਟਰਵਿਊ ਦੇਣ ਗਿਆ ਤਾਂ ਪਹਿਲੀ ਵਾਰ ਜੁਆਬ ਮਿਲ ਗਿਆ। 1955 ਵਿਚ ਦੂਜੀ ਵਾਰ ਗਿਆ ਤਾਂ ਰੱਖ ਲਿਆ ਗਿਆ ਪਰ ਰੇਡੀਓ ਤੋਂ ਕੁਮੈਂਟਰੀ ਕਰਨ ਦਾ ਕੋਈ ਮੌਕਾ ਨਾ ਮਿਲਿਆ। ਫਿਰ ਉਹ ਜੈਪੁਰ ਦੇ ਕਾਲਜਾਂ ਤੇ ਹੋਰ ਖੇਡ ਸਮਾਗਮਾਂ ਵਿਚ ਸ਼ੌਕੀਆ ਕੁਮੈਂਟਰੀ ਕਰਨ ਦਾ ਸ਼ੌਕ ਪਾਲਦਾ ਰਿਹਾ। 1960 ਵਿਚ ਉਸ ਨੂੰ ਜੈਪੁਰ ਦੇ ਇਕ ਫੁੱਟਬਾਲ ਮੈਚ ਦੀ ਕੁਮੈਂਟਰੀ ਕਰਨ ਲਈ ਉਚੇਚਾ ਬੁਲਾਇਆ ਗਿਆ। ਫਿਰ ਤਾਂ ਚੱਲ ਸੋ ਚੱਲ ਹੋ ਗਈ। ਉਹਦੀ ਆਵਾਜ਼ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਕੰਨੀਂ ਪਈ ਤਾਂ ਉਸ ਨੇ ਜਸਦੇਵ ਸਿੰਘ ਦੀ ਬਦਲੀ ਜੈਪੁਰ ਤੋਂ ਦਿੱਲੀ ਕਰਵਾ ਲਈ। 1963 ਤੋਂ ਉਹ ਆਲ ਇੰਡੀਆ ਰੇਡੀਓ ਤੋਂ ਆਜ਼ਾਦੀ ਤੇ ਗਣਤੰਤਰ ਦਿਵਸ ਦੀ ਕੁਮੈਂਟਰੀ ਕਰਨ ਵਾਲਾ ਪੱਕਾ ਕੁਮੈਂਟੇਟਰ ਬਣ ਗਿਆ। ਜਿਵੇਂ 1948 ਵਿਚ ਮਹਾਤਮਾ ਗਾਂਧੀ ਦੇ ਸੰਸਕਾਰ ਸਮੇਂ ਮੈਲਵਿਲ ਡੀਮੈਲੋ ਨੇ ਕੁਮੈਂਟਰੀ ਕੀਤੀ ਸੀ ਉਵੇਂ 1964 ਵਿਚ ਪੰਡਤ ਨਹਿਰੂ ਦੇ ਸੰਸਕਾਰ ਸਮੇਂ ਜਸਦੇਵ ਸਿੰਘ ਨੇ ਕੁਮੈਂਟਰੀ ਕੀਤੀ। ਉਸ ਦੀ ਦਰਦ ਭਰੀ ਜਜ਼ਬਾਤੀ ਆਵਾਜ਼ ਨੇ ਕਰੋੜਾਂ ਲੋਕਾਂ ਦੀਆਂ ਅੱਖਾਂ 'ਚ ਹੰਝੂ ਲਿਆ ਦਿੱਤੇ। ਫਿਰ ਉਸ ਨੂੰ 1964 ਦੀਆਂ ਓਲੰਪਿਕ ਖੇਡਾਂ, 1966 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਵਰਲਡ ਹਾਕੀ ਕੱਪ ਤੋਂ ਲੈ ਕੇ ਵਿਸ਼ਵ ਭਰ ਦੇ ਵੱਡੇ ਖੇਡ ਈਵੈਂਟ ਕਵਰ ਕਰਨ ਦੇ ਮੌਕੇ ਮਿਲਣ ਲੱਗੇ ਤੇ ਚਾਰ ਚੁਫੇਰੇ ਜਸਦੇਵ-ਜਸਦੇਵ ਹੋ ਗਈ।

ਮੈਨੂੰ 1966 ਦੇ ਦਿਨ ਯਾਦ ਆ ਰਹੇ ਹਨ। ਉਦੋਂ ਮੈਂ ਖ਼ਾਲਸਾ ਕਾਲਜ ਦਿੱਲੀ ਵਿਚ ਪੰਜਾਬੀ ਦਾ ਲੈਕਚਰਾਰ ਸਾਂ। ਪੰਜਾਬੀ ਕਵੀ ਪਰ ਹਿੰਦੀ ਦਾ ਪ੍ਰੋਫ਼ੈਸਰ ਡਾ. ਹਰਿਭਜਨ ਸਿੰਘ ਉਸੇ ਕਾਲਜ ਵਿਚ ਹਿੰਦੀ ਵਿਭਾਗ ਦਾ ਮੁਖੀ ਸੀ। ਉਹ ਮੈਨੂੰ 'ਜੱਟਾ' ਕਹਿ ਕੇ ਬੁਲਾਉਂਦਾ ਸੀ। 'ਆਰਸੀ' ਰਸਾਲੇ ਵਿਚ ਖਿਡਾਰੀਆਂ ਬਾਰੇ ਛਪਦੇ ਮੇਰੇ ਲੇਖ ਪੜ੍ਹ ਕੇ ਤੇ ਕਾਲਜ ਦੀ ਅਥਲੈਟਿਕ ਮੀਟ ਉਤੇ ਮੇਰੀ ਕੁਮੈਂਟਰੀ ਸੁਣ ਕੇ ਇਕ ਦਿਨ ਕਹਿਣ ਲੱਗਾ, "ਜੱਟਾ, ਤੈਨੂੰ ਖੇਡਾਂ ਖਿਡਾਰੀਆਂ ਬਾਰੇ ਗੱਲ ਕਰਨੀ ਆਉਂਦੀ ਐ। ਜੇ ਤੂੰ ਇਹੋ ਕੁਝ ਹਿੰਦੀ ਵਿਚ ਬੋਲੇਂ ਤੇ ਲਿਖੇਂ ਤਾਂ ਖੇਡਾਂ ਦੀ ਕੁਮੈਂਟਰੀ ਕਰਨ ਲਈ ਜਸਦੇਵ ਸਿੰਘ ਵਾਂਗ ਹਵਾਈ ਜਹਾਜ਼ਾਂ 'ਤੇ ਚੜ੍ਹ ਸਕਦੈਂ। ਦੇਸ਼ ਵਿਦੇਸ਼ ਬੱਲੇ-ਬੱਲੇ ਕਰਵਾ ਸਕਦੈਂ। ਹੁਣ ਤੂੰ ਸਾਈਕਲ ਸਵਾਰ ਐਂ, ਫਿਰ ਕਾਰ ਸਵਾਰ ਬਣ ਸਕਦੈਂ।"

ਸਲਾਹ ਸਿਆਣੀ ਸੀ ਤੇ ਮੌਕੇ ਦੀ ਵੀ, ਪਰ ਮੈਂ ਮੰਨੀ ਨਹੀਂ ਸੀ। ਮੈਂ ਆਪਣਾ ਘੋੜਾ ਪੰਜਾਬੀ ਵਿਚ ਹੀ ਦਬੱਲੀ ਰੱਖਿਆ। ਪੱਚੀ ਛੱਬੀ ਖੇਡ ਪੁਸਤਕਾਂ ਲਿਖੀਆਂ ਗਈਆਂ ਤੇ ਦੇਸ ਪਰਦੇਸ ਦੇ ਸੈਆਂ ਕਬੱਡੀ ਮੇਲਿਆਂ 'ਤੇ ਕੁਮੈਂਟਰੀ ਕਰਨ ਦੇ ਮੌਕੇ ਮਿਲਦੇ ਗਏ। ਪੰਜਾਬੀ ਵਿਚ ਹੀ ਲਿਖਦਿਆਂ/ਬੋਲਦਿਆਂ ਮੈਨੂੰ ਪੰਜਾਬੀ ਪਿਆਰਿਆਂ ਨੇ ਐਨਾ ਮਾਣ ਸਤਿਕਾਰ ਦਿੱਤਾ ਕਿ ਕਾਰ ਦੀ ਸਵਾਰੀ ਛੱਡ ਹਵਾਈ ਜਹਾਜ਼ਾਂ 'ਤੇ ਚੜ੍ਹਾਉਣ ਦੀ ਕੋਈ ਕਸਰ ਨਹੀਂ ਛੱਡੀ। ਪੰਜਾਹ-ਸੱਠ ਹਵਾਈ ਅੱਡਿਆਂ ਤੋਂ ਚੜ੍ਹਿਆ ਉਤਰਿਆ ਹਾਂ ਜਿਸ ਲਈ ਮੈਂ ਪੰਜਾਬੀ ਪਿਆਰਿਆਂ ਦਾ ਸ਼ੁਕਰਗੁਜ਼ਾਰ ਹਾਂ।

ਜਸਦੇਵ ਸਿੰਘ ਕੇਵਲ ਮੈਚ ਹੀ ਨਹੀਂ ਸੀ ਵਿਖਾਉਂਦਾ, ਉਹ ਖੇਡ ਮੈਦਾਨ ਦਾ ਆਲਾ-ਦੁਆਲਾ, ਖੇਡ ਦੇ ਨਿਯਮ, ਸਟੇਡੀਅਮ ਦੀਆਂ ਕੰਧਾਂ 'ਤੇ ਲਹਿਰਾਉਂਦੇ ਪਰਚਮ, ਕਪਾਹ ਦੀਆਂ ਫੁੱਟੀਆਂ ਵਾਂਗ ਖਿੜੀ ਧੁੱਪ, ਨੀਲਾ ਅੰਬਰ, ਖੇਡ ਮੈਦਾਨ ਦਾ ਹਰਿਆ ਭਰਿਆ ਘਾਹ, ਚੜ੍ਹਦਾ ਚੰਨ ਤੇ ਛਿਪਦਾ ਸੂਰਜ, ਸਭ ਕੁਝ ਵਿਖਾਉਂਦਾ ਸੀ। ਉਹ ਆਪਣੀ ਕੁਮੈਂਟਰੀ ਵਿਚ ਦਰਸ਼ਕਾਂ ਦੀ ਰੌਣਕ, ਪੰਛੀਆਂ ਦੀ ਚਹਿਚਹਾਟ, ਤਾੜੀਆਂ ਦਾ ਸ਼ੋਰ ਤੇ ਟੀਮਾਂ ਦੇ ਹਮਾਇਤੀਆਂ ਦੀਆਂ ਹੱਲਾਸ਼ੇਰੀਆਂ ਵੀ ਭਰ ਦਿੰਦਾ ਸੀ। ਆਵਾਜ਼ ਦਾ ਉਤਰਾਅ, ਚੜ੍ਹਾਅ ਤੇ ਠਹਿਰਾਅ, ਗੋਲ ਹੋਣ ਉਤੇ ਆਵਾਜ਼ ਦੀ ਬੁਲੰਦੀ, ਮੈਚ ਜਿੱਤਣ ਵੇਲੇ ਦਾ ਜਲੌਅ ਤੇ ਹਾਰਨ ਵੇਲੇ ਦੀ ਨਮੋਸ਼ੀ ਨੂੰ ਬਿਆਨ ਕਰਨ ਅਤੇ ਗੋਲ ਹੁੰਦਾ ਰਹਿ ਜਾਣ 'ਤੇ 'ਲੇਕਿਨ' ਕਹਿਣ ਦਾ ਜਸਦੇਵ ਸਿੰਘੀ ਅੰਦਾਜ਼, ਅਜਿਹਾ ਕਲਾਤਮਿਕ ਸੀ ਜੋ ਬਿਆਨੋਂ ਬਾਹਰਾ ਹੈ। ਹਾਕੀ ਮੈਚ ਦੀ ਕੁਮੈਂਟਰੀ ਕਰਦਿਆਂ ਉਹ ਅਕਸਰ ਇੰਜ ਬੋਲਦਾ: ਅਜੀਤਪਾਲ ਨੇ ਬਾਲ ਬਲਬੀਰ ਸਰਵਸਿਜ਼ ਕੋ ਦੀ... ਆਗੇ ਬਲਬੀਰ ਰੇਲਵੇ ਤਿਆਰ, ਉਸ ਨੇ ਬਾਲ ਰੋਕੀ ਔਰ ਗੇਂਦ ਬਲਬੀਰ ਪੁਲੀਸ ਪਾਸ ਪਹੁੰਚੀ, ਲੋ ਗੇਂਦ ਡੀ ਮੇਂ ਦਾਖਲ ਹੋਈ, ਲੈਫਟ ਸੇ ਹਰਚਰਨ ਨੇ ਪਕੜੀ, ਬਾਲ ਫਿਰ ਬਲਬੀਰ ਪਾਸ, ਫੁੱਲਬੈਕ ਕੋ ਡਾਜ ਕੀਆ, ਗੋਲ ਕੀਪਰ ਆਗੇ ਨਿਕਲਾ, ਔਰ ਯੇ ਗੋਲ! ਉਹਦੀ ਕੁਮੈਂਟਰੀ ਦੀ ਰਫਤਾਰ ਬਾਲ ਨਾਲੋਂ ਵੀ ਤੇਜ਼ ਹੁੰਦੀ ਜਿਸ ਨੂੰ ਸਰੋਤੇ ਸਾਹ ਰੋਕ ਕੇ ਸੁਣਦੇ। ਕੁਮੈਂਟਰੀ ਦਾ ਉਹ ਬਾਦਸ਼ਾਹ ਨਹੀਂ, ਸ਼ਹਿਨਸ਼ਾਹ ਸੀ।

*

ਮੈਨੂੰ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ-1982 ਵੀ ਯਾਦ ਆ ਗਈਆਂ ਹਨ। ਉਹ ਮੈਂ 'ਪੰਜਾਬੀ ਟ੍ਰਿਬਿਊਨ' ਲਈ ਕਵਰ ਕੀਤੀਆਂ ਸਨ। ਉਥੇ ਮੈਨੂੰ ਜਸਦੇਵ ਸਿੰਘ ਨੂੰ ਮਿਲਣ ਦੇ ਖੁੱਲ੍ਹੇ ਮੌਕੇ ਮਿਲੇ। ਬੜਾ ਨਫ਼ੀਸ ਤੇ ਮਿਲਾਪੜਾ ਸੱਜਣ ਸੀ। ਕੁਮੈਂਟਰੀ ਭਾਵੇਂ ਹਿੰਦੀ 'ਚ ਕਰਦਾ ਸੀ ਪਰ ਸਾਡੇ ਨਾਲ ਗੱਲਾਂ ਕਰਨ ਵੇਲੇ ਤੁਰੰਤ ਪੰਜਾਬੀ ਦਾ ਗੇਅਰ ਪਾ ਲੈਂਦਾ। ਯਮਲੇ ਜੱਟ ਤੇ ਸੁਰਿੰਦਰ ਕੌਰ ਦੀ ਆਵਾਜ਼ ਨੂੰ ਸਲਾਹੁੰਦਾ। ਲਤਾ ਮੰਗੇਸ਼ਕਰ ਦੀਆਂ ਗੱਲਾਂ ਕਰਦਾ। ਯਾਦਗਾਰੀ ਟੋਟਕੇ ਸੁਣਾਉਂਦਾ। ਉਥੇ ਉਸ ਨੇ ਉਦਘਾਟਨੀ ਤੇ ਸਮਾਪਤੀ ਸਮਾਗਮਾਂ ਦੀਆਂ ਰਸਮਾਂ ਦੀ ਕੁਮੈਂਟਰੀ ਕਰਨ ਨਾਲ ਭਾਰਤੀ ਹਾਕੀ ਮੈਚਾਂ ਦੀ ਕੁਮੈਂਟਰੀ ਵੀ ਕਰਨੀ ਸੀ। ਜਿੱਦਣ ਭਾਰਤ ਤੇ ਪਾਕਿਸਤਾਨ ਵਿਚਾਲੇ ਹਾਕੀ ਦਾ ਫਾਈਨਲ ਮੈਚ ਹੋਇਆ ਸਾਰੀ ਦਿੱਲੀ ਥਾਏਂ ਖੜ੍ਹ ਗਈ ਸੀ। ਲੋਕ ਟੀਵੀਆਂ ਮੂਹਰੇ ਟਿਕਟਿਕੀ ਲਾਈ ਬੈਠੇ ਸਨ ਜਾਂ ਰੇਡੀਓ ਸੁਣ ਰਹੇ ਸਨ। ਬਹੁਤਿਆਂ ਨੇ ਟਰਾਂਜ਼ਿਸਟਰ ਕੰਨਾਂ ਨੂੰ ਲਾ ਰੱਖੇ ਸਨ। ਮੈਚ ਸ਼ੁਰੂ ਹੋਣ ਤੋਂ ਘੰਟਾ ਪਹਿਲਾਂ ਹੀ ਨੈਸ਼ਨਲ ਸਟੇਡੀਅਮ ਕਿਨਾਰਿਆਂ ਤਕ ਭਰ ਚੁੱਕਾ ਸੀ। ਭਾਰਤੀ ਖੇਡ ਅਧਿਕਾਰੀਆਂ ਨੂੰ ਮੈਚ ਜਿੱਤ ਲੈਣ ਦੀ ਪੂਰੀ ਆਸ ਸੀ। ਪੰਜ ਮਿੰਟ ਪਹਿਲਾਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਉਪ ਰਾਸ਼ਟਰਪਤੀ ਮੁਹੰਮਦ ਹਦਾਇਤਉੱਲਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਸਾਡੇ ਪ੍ਰੈਸ ਬੌਕਸ ਦੇ ਲਾਗੇ ਹੀ ਬਿਰਾਜਮਾਨ ਹੋ ਚੁੱਕੇ ਸਨ।

ਫਿਲਮੀ ਹੀਰੋ ਅਮਿਤਾਭ ਬੱਚਨ ਦਰਸ਼ਕਾਂ ਦਾ ਧਿਆਨ ਬਦੋਬਦੀ ਖਿੱਚ ਰਿਹਾ ਸੀ। ਪ੍ਰੈੱਸ ਬੌਕਸ ਵਿਚ ਮੇਰੀ ਸੀਟ ਜਸਦੇਵ ਸਿੰਘ ਦੇ ਪਿੱਛੇ ਸੀ। ਦਰਸ਼ਕਾਂ ਦੇ ਰੌਲੇ-ਰੱਪੇ 'ਚ ਜਸਦੇਵ ਸਿੰਘ ਪਾਣੀ ਦਾ ਗਿਲਾਸ ਮੰਗ ਰਿਹਾ ਸੀ ਪਰ ਏਨੀ ਭੀੜ 'ਚ ਪਾਣੀ ਕਿਤੋਂ ਮਿਲ ਨਹੀਂ ਸੀ ਰਿਹਾ। ਪੌਣੇ ਤਿੰਨ ਵਜੇ ਸਭ ਗੇਟ ਬੰਦ ਹੋ ਗਏ ਸਨ। ਅੰਦਰ ਦੇ ਅੰਦਰ ਤੇ ਬਾਹਰ ਦੇ ਬਾਹਰ ਰੋਕ ਦਿੱਤੇ ਗਏ ਸਨ। ਜਸਦੇਵ ਸਿੰਘ ਨੂੰ ਹਾਲਾਂ ਤਕ ਖਿਡਾਰੀਆਂ ਦੇ ਨਾਵਾਂ ਦੀ ਸੂਚੀ ਨਹੀਂ ਸੀ ਮਿਲੀ ਤੇ ਉਹ ਪ੍ਰਬੰਧਕਾਂ ਨੂੰ ਕੋਸ ਰਿਹਾ ਸੀ। ਫਿਰ ਉਹ ਪਾਕਿਸਤਾਨ ਦੇ ਕੁਮੈਂਟੇਟਰ ਇਸਲਾਹੁਦੀਨ ਕੋਲ ਗਿਆ ਤੇ ਉਹਦੇ ਕੋਲੋਂ ਖਿਡਾਰੀਆਂ ਦੀ ਸੂਚੀ ਲੈ ਕੇ ਆਇਆ। ਇਸਲਾਹੁਦੀਨ ਅੱਡ ਖ਼ਫ਼ਾ ਹੋਇਆ ਬੈਠਾ ਸੀ। ਉਹਦੀ 'ਹੈਲੋ-ਹੈਲੋ' ਦਾ ਰੇਡੀਓ ਪਾਕਿਸਤਾਨ ਵੱਲੋਂ ਜਵਾਬ ਨਹੀਂ ਸੀ ਆ ਰਿਹਾ ਤੇ ਉਹ ਮੱਥੇ 'ਤੇ ਹੱਥ ਮਾਰਦਾ ਭਾਰਤੀ ਟੈਕਨੀਸ਼ਨਾਂ ਵੱਲ ਘੂਰੀਆਂ ਵੱਟ ਰਿਹਾ ਸੀ। ਉਧਰ ਸਟੈਂਡਾਂ ਉਤੇ ਦਰਸ਼ਕਾਂ ਦੀ ਹਾਤ-ਹੂਤ ਦਾ ਏਨਾ ਸ਼ੋਰ ਸੀ ਜਿਵੇਂ ਸਟੇਡੀਅਮ 'ਚ ਭੂਚਾਲ ਆ ਗਿਆ ਹੋਵੇ। ਜਸਦੇਵ ਸਿੰਘ ਨਾਲ ਦੀ ਨਾਲ ਦਰਸ਼ਕਾਂ ਦੇ ਰਉਂ ਦਾ ਨਜ਼ਾਰਾ ਪੇਸ਼ ਕਰੀ ਜਾ ਰਿਹਾ ਸੀ। ਉਧਰ ਖੇਡਾਂ ਦੀ ਸੰਚਾਲਨ ਕਮੇਟੀ ਦੇ ਪ੍ਰਧਾਨ ਬੂਟਾ ਸਿੰਘ ਨੇ ਦਰਸ਼ਕਾਂ ਨੂੰ ਤਿਰੰਗੀਆਂ ਝੰਡੀਆਂ ਦੇ ਥੱਬੇ ਵੰਡਵਾ ਦਿੱਤੇ ਸਨ।

ਮੈਚ ਸ਼ੁਰੂ ਹੋਇਆ ਤਾਂ ਸਾਰਾ ਸਟੇਡੀਅਮ ਤਿਰੰਗੇ ਰੰਗ ਵਿਚ ਰੰਗਿਆ ਗਿਆ। ਜਦੋਂ ਭਾਰਤ ਦੇ ਖਿਡਾਰੀ ਗੇਂਦ ਲੈ ਕੇ ਅੱਗੇ ਵਧਦੇ ਤਾਂ ਤਿਰੰਗੀਆਂ ਝੰਡੀਆਂ ਨਾਲ ਸ਼ੋਰ ਦੀਆਂ ਲਹਿਰਾਂ ਅਕਾਸ਼ੀਂ ਜਾ ਚੜ੍ਹਦੀਆਂ। ਚੌਥੇ ਮਿੰਟ 'ਚ ਹੀ ਭਾਰਤੀ ਟੀਮ ਦੇ ਕਪਤਾਨ ਜ਼ਫਰ ਇਕਬਾਲ ਨੇ ਗੋਲ ਕੀਤਾ ਤਾਂ ਹਜ਼ਾਰਾਂ ਕਿਲਕਾਰੀਆਂ ਵੱਜੀਆਂ। ਪਰ 17ਵੇਂ ਮਿੰਟ 'ਚ ਜਦੋਂ ਕਲੀਮਉੱਲਾ ਨੇ ਗੋਲ

**(ਬਾਕੀ ਸਫਾ 19 'ਤੇ)**

# ਐੱਸਵਾਈਐੱਲ ਨਹਿਰ ਅਤੇ ਪਾਣੀਆਂ ਦੀ ਵੰਡ

ਸੁੱਚਾ ਸਿੰਘ ਗਿੱਲ
ਫੋਨ: 98550-82857

ਸਤਲੁਜ-ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਉਸਾਰੀ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਅਤੇ ਹਰਿਆਣਾ ਵਿਚਾਲੇ ਰੇੜਕਾ ਬਣੀ ਹੋਈ ਹੈ। ਹੁਣ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾ ਦਿੱਤਾ ਹੈ ਕਿ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਬੈਠ ਕੇ ਇਸ ਮੁੱਦੇ ਉਪਰ ਸਮਝੌਤਾ ਕਰ ਲੈਣ, ਨਹੀਂ ਤਾਂ ਸੁਪਰੀਮ ਕੋਰਟ ਇਸ 'ਤੇ ਡਿਕਰੀ/ਫੈਸਲਾ ਸੁਣਾ ਕੇ ਲਾਗੂ ਕਰਨ ਦੇ ਆਦੇਸ਼ ਦੇ ਦੇਵੇਗੀ। ਕਈ ਸਿਆਸੀ ਲੀਡਰਾਂ ਨੇ ਭੜਕਾਊ ਬਿਆਨ ਦੇਣੇ ਵੀ ਸ਼ੁਰੂ ਕਰ ਦਿੱਤੇ ਹਨ। ਇਹ ਉਹੋ ਪਾਰਟੀਆਂ ਹਨ ਜਿਹੜੀਆਂ ਇਸ ਮੁੱਦੇ ਉਪਰ ਲੋਕਾਂ ਨੂੰ ਭੜਕਾ ਕੇ ਸੂਬਿਆਂ ਦੀਆਂ ਸਰਕਾਰਾਂ ਉਪਰ ਰਾਜਸੱਤਾ ਹਾਸਲ ਕਰ ਚੁੱਕੀਆਂ ਹਨ ਪਰ ਸੱਤਾ ਹਾਸਲ ਕਰਨ ਤੋਂ ਬਾਅਦ ਇਹ ਪਾਰਟੀਆਂ ਇਸ ਮੁੱਦੇ ਨੂੰ ਭੁਲਾ ਦਿੰਦੀਆਂ ਰਹੀਆਂ ਹਨ। ਇਸ ਦੀ ਮਿਸਾਲ ਅਕਾਲੀ ਦਲ, ਜਨਤਾ ਦਲ, ਕਾਂਗਰਸ ਅਤੇ ਬੀਜੇਪੀ ਦੇ ਪੰਜਾਬ ਅਤੇ ਹਰਿਆਣੇ ਵਿਚ ਰਾਜਸੱਤਾ ਦੇ ਨਾਲ ਨਾਲ ਕੇਂਦਰ ਸਰਕਾਰ ਵਿਚ ਵੀ ਇਨ੍ਹਾਂ ਪਾਰਟੀਆਂ ਦੀਆਂ ਇਕੱਲਿਆਂ ਜਾਂ ਭਾਈਵਾਲੀ ਵਾਲੀਆਂ ਸਰਕਾਰਾਂ ਦੇ ਬਾਵਜੂਦ ਇਨ੍ਹਾਂ ਵਲੋਂ ਇਸ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਗਈ ਸੀ। ਉਂਝ, ਸੱਤਾ ਤੋਂ ਉਤਰਨ ਬਾਅਦ ਇਹ ਪਾਰਟੀਆਂ ਇਨ੍ਹਾਂ ਦੋਵਾਂ ਸੂਬਿਆਂ ਦੇ ਲੋਕਾਂ ਨੂੰ ਭਰਮਾਉਣ ਲੱਗ ਪੈਂਦੀਆਂ ਹਨ। ਕਿਸਾਨ ਅੰਦੋਲਨ 2020-21 ਦੌਰਾਨ ਭਾਜਪਾ ਨੇ ਇਸ ਮਸਲੇ ਨੂੰ ਕਿਸਾਨ ਅੰਦੋਲਨ ਵਿਚ ਫੁੱਟ ਪਾਉਣ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਕਿਸਾਨਾਂ ਨੇ ਕਾਮਯਾਬ ਨਹੀਂ ਹੋਣ ਦਿੱਤਾ।

ਹੁਣ ਫਿਰ ਪੰਜਾਬ ਵਿਚ ਅਕਾਲੀ ਦਲ ਅਤੇ ਹਰਿਆਣਾ ਵਿਚ ਕਾਂਗਰਸ ਇਸ ਮੁੱਦੇ 'ਤੇ ਸਿਆਸਤ ਕਰਨ ਲੱਗ ਪਏ ਹਨ। ਇਸ ਤੋਂ ਇਲਾਵਾ ਦੋਵਾਂ ਸੂਬਿਆਂ ਵਿਚ ਕੁਝ ਇਨ੍ਹਾਂ ਪਾਰਟੀਆਂ ਤੋਂ ਬਾਹਰ ਵੀ ਕਈ ਵਿਅਕਤੀ ਇਸ ਮੁੱਦੇ 'ਤੇ ਭੜਕਾਊ ਬਿਆਨ ਜਾਰੀ ਕਰਨ ਲੱਗ ਪੈਂਦੇ ਹਨ। ਇਹ ਬਿਆਨ ਕਿ ਪੰਜਾਬ ਤੋਂ ਇਕ ਤੁਪਕਾ ਪਾਣੀ ਵੀ ਹਰਿਆਣਾ ਨੂੰ ਨਹੀਂ ਜਾਣ ਦਿੱਤਾ ਜਾਵੇਗਾ, ਜਾਂ ਹਰਿਆਣਾ ਵਾਸਤੇ ਇੰਦਰਾ ਗਾਂਧੀ ਪਾਣੀ ਵੰਡ ਐਲਾਨ/ਐਵਾਰਡ ਲਾਗੂ ਕਰ ਕੇ ਸਤਲੁਜ-ਯਮੁਨਾ ਨਹਿਰ ਬਣਾ ਕੇ ਹੀ ਰਹਾਂਗੇ, ਇਹ ਭੜਕਾਊ ਬਿਆਨ ਇਸ ਮਸਲੇ ਨੂੰ ਗੰਧਲਾ ਕਰਨ ਅਤੇ ਵਿਗਾੜਨ ਲਈ ਦਿੱਤੇ ਜਾਂਦੇ ਹਨ। ਇਵੇਂ ਹੀ ਕੁਝ ਵਿਦਵਾਨ ਇਸ ਮਸਲੇ ਦੀ ਗੱਲ ਕਰਦੇ ਸਮੇਂ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਦੀ ਗੱਲ ਕਰਨ ਲੱਗ ਪੈਂਦੇ ਹਨ। ਇਹ ਵਿਅਕਤੀ ਰਾਇਪੇਰੀਅਨ ਸਿਧਾਂਤ ਨੂੰ ਰਾਇਪੇਰੀਅਨ ਕਾਨੂੰਨ ਦੱਸਣ ਲੱਗ ਪੈਂਦੇ ਹਨ। ਕਾਨੂੰਨ ਕਿਸੇ ਪਾਰਲੀਮੈਂਟ/ਅਸੈਂਬਲੀ ਵਲੋਂ ਪਾਸ ਕੀਤੇ ਜਾਂਦੇ ਹਨ ਜਦੋਂ ਕਿ ਸਿਧਾਂਤ ਕਿਸੇ ਵਿਸ਼ੇ ਦੀ ਵਿਆਖਿਆ ਲਈ ਅਕਾਦਮਿਕ ਮਾਹਿਰਾਂ ਵਲੋਂ ਘੜੇ ਜਾਂਦੇ ਹਨ। ਰਾਇਪੇਰੀਅਨ ਸਿਧਾਂਤ ਪਾਣੀਆਂ ਦੀ ਵੰਡ ਦਾ ਕੌਮਾਂਤਰੀ ਕਿਤਾਬੀ ਸਿਧਾਂਤ ਹੈ। ਇਸ ਨੂੰ ਕਈ ਜਲ ਸੰਧੀਆਂ ਵਿਚ ਆਧਾਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਕੌਮਾਂਤਰੀ ਪਾਣੀਆਂ ਦੀਆਂ ਸੰਧੀਆਂ ਕਈ ਦੇਸ਼ਾਂ ਵਿਚ ਇਸ ਸਿਧਾਂਤ ਤੋਂ ਬਗੈਰ ਵੀ ਕੀਤੀਆਂ ਜਾਂਦੀਆਂ ਹਨ। ਭਾਰਤ ਨੇ ਪਾਕਿਸਤਾਨ ਨਾਲ ਸਿੰਧ ਜਲ ਸੰਧੀ 1960 ਵਿਚ ਕੀਤੀ ਸੀ। ਬਾਅਦ ਵਿਚ ਬੰਗਲਾਦੇਸ਼ ਨਾਲ 1992 ਵਿਚ ਗੰਗਾ ਜਲ ਸੰਧੀ ਕੀਤੀ। ਇਨ੍ਹਾਂ ਸੰਧੀਆਂ ਵਿਚ ਰਾਇਪੇਰੀਅਨ ਸਿਧਾਂਤ ਦੀ ਭੂਮਿਕਾ ਹੋ ਸਕਦੀ ਹੈ ਪਰ ਕੌਮਾਂਤਰੀ ਕਾਨੂੰਨ ਦੀ ਪ੍ਰਮਾਣਿਕਤਾ ਨਹੀਂ ਹੈ। ਦੇਸ਼ਾਂ ਦੇ ਵਿਚ ਐਸੇ ਕਾਨੂੰਨ ਬਣ ਸਕਦੇ ਹਨ ਪਰ ਮੌਜੂਦਾ ਭਾਰਤ ਵਿਚ ਇਸ ਵਕਤ ਕੋਈ ਰਾਇਪੇਰੀਅਨ ਪਾਣੀ ਵੰਡ ਕਾਨੂੰਨ ਨਹੀਂ ਹੈ। ਇਸ ਕਰਕੇ ਪੰਜਾਬ ਹਰਿਆਣੇ ਵਿਚ ਪਾਣੀ ਦੀ ਵੰਡ ਦਾ ਮਸਲਾ ਦੇਸ਼ ਦੇ ਕਾਨੂੰਨਾਂ ਅਤੇ ਰਵਾਇਤਾਂ ਅਨੁਸਾਰ ਹੀ ਹੱਲ ਕੀਤਾ ਜਾ ਸਕਦਾ ਹੈ। 50 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਚੱਲ ਰਹੇ ਝਗੜੇ ਅਤੇ ਕਾਨੂੰਨੀ ਲੜਾਈ ਵਿਚ ਪੰਜਾਬ ਸਰਕਾਰ ਵਲੋਂ ਰਾਇਪੇਰੀਅਨ ਕਾਨੂੰਨ ਦਾ ਜ਼ਿਕਰ ਨਹੀਂ ਹੋਇਆ। ਇਹ ਮਸਲਾ ਪੰਜਾਬ ਪੁਨਰਗਠਨ ਐਕਟ-1966 ਦੀਆਂ ਧਾਰਾਵਾਂ ਤਹਿਤ ਹੀ ਵਿਚਾਰ ਅਧੀਨ ਰਿਹਾ ਹੈ।

### ਮਸਲੇ ਦਾ ਮੁੱਢ ਅਤੇ ਪੇਚੀਦਗੀ

ਇਸ ਮਸਲੇ ਦੀ ਸ਼ੁਰੂਆਤ 1966 ਵਿਚ ਪੰਜਾਬੀ ਸੂਬਾ ਬਣਨ ਤੋਂ ਸ਼ੁਰੂ ਹੁੰਦੀ ਹੈ। ਇਸ ਐਕਟ ਦੇ ਸੈਕਸ਼ਨ 78, 79 ਅਤੇ 80 ਉਤਰ-ਅਧਿਕਾਰੀ ਸੂਬਿਆਂ ਵਿਚ ਜਾਇਦਾਦ ਅਤੇ ਦੇਣਦਾਰੀਆਂ ਦੀ ਵੰਡ ਨਾਲ ਸਬੰਧਿਤ ਹਨ। ਵਿੱਤੀ ਅਤੇ ਅਚੱਲ ਦੇਣਦਾਰੀਆਂ ਦੀ ਵੰਡ ਵਿਚ ਕੋਈ ਵੀ ਰੇੜਕਾ 1966 ਤੋਂ ਬਾਅਦ ਉਤਰ-ਅਧਿਕਾਰੀ ਸੂਬਿਆਂ ਵਿਚ ਨਹੀਂ ਪਿਆ ਪਰ ਦਰਿਆਈ ਪਾਣੀਆਂ ਦੀ ਵੰਡ ਵਿਚ ਇਹ ਰੇੜਕਾ 1969 ਵਿਚ ਹੀ ਸ਼ੁਰੂ ਹੋ ਗਿਆ ਸੀ। ਅਕਤੂਬਰ 1969 ਨੂੰ ਹਰਿਆਣਾ ਸਰਕਾਰ ਵਲੋਂ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਉਸ ਨੂੰ ਪੰਜਾਬ ਪੁਨਰਗਠਨ ਐਕਟ-1966 ਦੇ ਸੈਕਸ਼ਨ 78 ਅਨੁਸਾਰ ਅਣਵੰਡੇ ਪੰਜਾਬ ਦੇ ਪਾਣੀਆਂ ਦਾ ਬਣਦਾ ਹਿੱਸਾ ਦਿੱਤਾ ਜਾਵੇ। ਇਸ 'ਤੇ ਉਸ ਵੇਲੇ ਦੀ ਪੰਜਾਬ ਸਰਕਾਰ ਨੇ ਇਤਰਾਜ਼ ਕੀਤਾ ਸੀ। ਇਸ ਇਤਰਾਜ਼ ਨੂੰ ਪਾਸੇ ਰੱਖ ਕੇ ਕੇਂਦਰ ਸਰਕਾਰ ਨੇ ਕੇਂਦਰੀ ਸਿੰਜਾਈ ਅਤੇ ਬਿਜਲੀ ਸਕੱਤਰ ਬੀਪੀ ਪਟੇਲ ਦੀ ਅਗਵਾਈ ਵਿਚ ਤੱਥ ਖੋਜ ਕਮੇਟੀ ਅਪਰੈਲ 1970 ਵਿਚ ਕਾਇਮ ਕਰ ਦਿੱਤੀ ਸੀ। ਇਸ ਕਮੇਟੀ ਨੇ ਉਸੇ ਸਾਲ ਵਿਚ ਹੀ ਆਪਣੀ ਰਿਪੋਰਟ ਦੇ ਦਿੱਤੀ। ਇਸ ਰਿਪੋਰਟ ਅਨੁਸਾਰ ਰਾਵੀ ਅਤੇ ਬਿਆਸ ਦਰਿਆਵਾਂ ਦੇ 7.2 ਮਿਲੀਅਨ ਏਕੜ ਫੁੱਟ ਵਾਧੂ ਪਾਣੀ ਵਿਚੋਂ 3.04 ਮਿਲੀਅਨ ਏਕੜ ਫੁੱਟ ਪਾਣੀ ਹਰਿਆਣਾ ਨੂੰ ਦੇਣ ਦੀ ਸਿਫਾਰਸ਼ ਕਰ ਦਿੱਤੀ। ਇਸ ਕਮੇਟੀ ਨੇ ਪੰਜਾਬ ਪੁਨਰਗਠਨ ਐਕਟ-1966 ਦੇ ਸੈਕਸ਼ਨ 78 ਦੀ ਘੋਰ ਉਲੰਘਣਾ ਕਰ ਕੇ ਦਰਿਆਈ ਪਾਣੀਆਂ ਦੇ ਮੁੱਦੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ। ਸੈਕਸ਼ਨ 78 (1) ਵਿਚ ਦਰਜ ਕੀਤਾ ਗਿਆ ਹੈ ਕਿ "ਇਸ ਐਕਟ ਦੇ ਬਾਵਜੂਦ ਸੈਕਸ਼ਨ 79 ਅਤੇ 80 ਦੇ ਤਹਿਤ ਸਾਰੇ ਹੱਕ ਅਤੇ ਦੇਣਦਾਰੀਆਂ ਮੌਜੂਦਾ ਪੰਜਾਬ ਸੂਬੇ ਦੀਆਂ ਭਾਖੜਾ-ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਨਾਲ ਨਿਸ਼ਚਿਤ ਦਿਨ ਤੋਂ ਸਬੰਧਤ ਉਤਰ-ਅਧਿਕਾਰੀ ਸੂਬਿਆਂ ਵਿਚ ਸਮਝੌਤੇ ਨਾਲ ਕੇਂਦਰ ਸਰਕਾਰ ਦੇ ਨਾਲ ਸਲਾਹ ਮਸ਼ਵਰੇ ਨਾਲ ਵੰਡੀਆਂ ਜਾਣਗੀਆਂ। ਜੇ ਦੋ ਸਾਲਾਂ ਵਿਚ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਕੇਂਦਰ ਸਰਕਾਰ ਇਨ੍ਹਾਂ ਪ੍ਰਾਜੈਕਟਾਂ (ਭਾਖੜਾ-ਬਿਆਸ) ਦੇ ਮਕਸਦਾਂ ਨੂੰ ਧਿਆਨ ਵਿਚ ਰੱਖ ਕੇ ਵੰਡ ਕਰ ਸਕਦੀ ਹੈ ਅਤੇ ਬਾਅਦ ਵਿਚ ਉਤਰ-ਅਧਿਕਾਰੀ ਸੂਬੇ ਕੇਂਦਰ ਸਰਕਾਰ ਨਾਲ ਸਲਾਹ ਮਸ਼ਵਰਾ ਕਰ ਕੇ ਬਦਲ ਸਕਦੇ ਹਨ।"



ਇਹ ਨੋਟ ਕਰਨ ਵਾਲੀ ਗੱਲ ਹੈ ਕਿ ਸੈਕਸ਼ਨ 78,79 ਅਤੇ 80 ਵਿਚ ਰਾਵੀ ਦਰਿਆ ਦੇ ਪਾਣੀਆਂ ਦਾ ਕੋਈ ਜ਼ਿਕਰ ਨਹੀਂ ਹੈ।

### ਪੰਜਾਬ ਪੁਨਰਗਠਨ ਐਕਟ ਦੀ ਖੁੱਲ੍ਹੀ ਉਲੰਘਣਾ

ਪੰਜਾਬ ਪੁਨਰਗਠਨ ਐਕਟ-1966 ਵਿਚ ਨਾ ਤਾਂ ਰਾਵੀ ਦਰਿਆ ਅਤੇ ਨਾ ਹੀ ਯਮੁਨਾ ਦਰਿਆ ਦੇ ਪਾਣੀਆਂ ਦੀ ਪੰਜਾਬ ਅਤੇ ਹਰਿਆਣਾ ਵਿਚ ਵੰਡ ਦਾ ਜ਼ਿਕਰ ਹੈ ਪਰ ਯਮੁਨਾ ਦਰਿਆ ਦੇ ਪਾਣੀਆਂ ਦੀ ਵੰਡ ਨੂੰ ਛੱਡ ਕੇ ਰਾਵੀ ਦਰਿਆ ਦੇ ਪਾਣੀਆਂ ਦੀ ਵੰਡ ਬਾਰੇ ਲਗਾਤਾਰ ਗੱਲ ਕਰਦੇ ਜਾਣਾ ਸਰਾਸਰ ਗ਼ਲਤ ਅਤੇ ਗੁਮਰਾਹ ਕਰਨ ਵਾਲੀ ਗੱਲ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਰਾਵੀ ਦਰਿਆ ਦੇ ਪਾਣੀਆਂ ਨੂੰ ਹਰਿਆਣਾ ਨਾਲ ਵੰਡਣ ਦੀ ਗੱਲ ਕਰੀ ਜਾਣਾ ਜਿੱਥੇ ਪੰਜਾਬ ਨਾਲ ਘੋਰ ਬੇਇਨਸਾਫੀ ਹੈ, ਉਥੇ ਪੰਜਾਬ ਪੁਨਰਗਠਨ ਐਕਟ-1966 ਦੀ ਸ਼ਰ੍ਹੇਆਮ ਉਲੰਘਣਾ ਹੈ। ਦੁਖ ਦੀ ਗੱਲ ਹੈ ਕਿ ਪਟੇਲ ਕਮੇਟੀ 1970 ਨੇ ਆਪਣੀ ਸਿਫਾਰਸ਼ ਵਿਚ ਸੈਕਸ਼ਨ 78 ਦੀ ਉਲੰਘਣਾ ਕਰ ਕੇ ਇਸ ਨੂੰ ਸ਼ਾਮਲ ਕੀਤਾ ਸੀ।

ਇਹ ਗਲਤੀ ਕਈ ਵਾਰ ਹੋਈ ਹੈ: ਪਟੇਲ ਕਮੇਟੀ 1970, ਯੋਜਨਾ ਕਮਿਸ਼ਨ 1973, ਮੂਰਤੀ ਕਮਿਸ਼ਨ 1975, ਪ੍ਰਧਾਨ ਮੰਤਰੀ ਜਲ ਐਵਾਰਡ 1976, ਕੇਂਦਰ ਸਰਕਾਰ ਦਾ 1982 ਦਾ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦਾ ਫੈਸਲਾ ਅਤੇ ਇਹੋ ਗਲਤੀ ਰਾਜੀਵ-ਲੌਂਗੋਵਾਲ ਸਮਝੌਤਾ 1985 ਵਿਚ ਕੀਤੀ ਗਈ। ਲੱਗਦਾ ਹੈ, ਇਹ ਗਲਤੀ ਕੇਂਦਰ ਸਰਕਾਰ ਜਾਣ-ਬੁੱਝ ਕੇ ਲਗਾਤਾਰ ਕਰ ਰਹੀ ਹੈ। ਇਸ ਨਾਲ ਕੇਂਦਰ ਸਰਕਾਰ ਦੀ ਨੀਅਤ ਨਿਰਪੱਖ ਨਜ਼ਰ ਨਹੀਂ ਆਉਂਦੀ। ਪੰਜਾਬ ਦੀ ਮੌਜੂਦਾ ਲੀਡਰਸ਼ਿਪ ਨੂੰ ਇਸ ਗੱਲ ਨੂੰ ਲਗਾਤਾਰ ਉਭਾਰਨਾ ਚਾਹੀਦਾ ਹੈ ਤਾਂ ਕਿ ਸੱਚ ਨੂੰ ਸਾਹਮਣੇ ਲਿਆਂਦਾ ਜਾ ਸਕੇ। ਇਸ ਖੋਟ ਨੂੰ ਉਜਾਗਰ ਕਰਨ ਤੋਂ ਬਗੈਰ ਪੰਜਾਬ ਦੇ ਦਰਿਆਈ ਪਾਣੀਆ ਦੀ ਵੰਡ ਵਿਚ ਪੰਜਾਬ ਨੂੰ ਇਨਸਾਫ ਨਹੀਂ ਮਿਲ ਸਕਦਾ।

ਕੇਂਦਰ ਸਰਕਾਰ ਦੀ ਨੀਅਤ ਅਤੇ ਭਾਵਨਾ ਪੰਜਾਬ ਸੂਬੇ ਦੇ ਖ਼ਿਲਾਫ ਲਗਾਤਾਰ ਭੁਗਤਦੀ ਰਹੀ ਹੈ। ਹਰਿਆਣਾ ਦੇ ਬਣਦੇ ਹਿੱਸੇ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਪੰਜਾਬ ਸਰਕਾਰ ਤੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਵਾਸਤੇ ਦਬਾਅ ਪਾਉਂਦੀ ਰਹੀ ਹੈ ਅਤੇ ਹੁਣ ਵੀ ਦਬਾਅ ਪਾ ਰਹੀ ਹੈ ਤੇ ਹਰਿਆਣਾ ਵਿਚ ਵੱਧ ਪਾਣੀ ਲਿਜਾਣ ਵਿਚ ਕਾਹਲੀ ਦਿਖਾਉਂਦੀ ਰਹੀ ਹੈ। 1982 ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਗਈ ਸੀ। ਇਸ ਤੋਂ ਬਾਅਦ ਰਾਜੀਵ ਲੌਂਗੋਵਾਲ ਸਮਝੌਤੇ ਤਹਿਤ ਮੁੱਢਲੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਕੇ ਦੁਬਾਰਾ ਬਣਾਉਣ ਨੂੰ ਦੁਹਰਾਹਿਆ ਗਿਆ ਸੀ ਪਰ ਇਹ ਨਹਿਰ ਅੱਜ ਤਕ ਨਹੀਂ ਬਣ ਸਕੀ। ਪੰਜਾਬ ਵਿਧਾਨ ਸਭਾ ਵਿਚ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ-2004 ਪਾਸ ਕਰ ਦਿੱਤਾ ਗਿਆ ਸੀ ਜਿਸ ਨੂੰ ਸੁਪਰੀਮ ਕੋਰਟ ਨੇ 2017 ਵਿਚ ਖਾਰਜ ਕਰ ਦਿੱਤਾ ਸੀ। ਇਸ ਤੋਂ ਪਹਿਲਾਂ 2016 ਵਿਚ ਪੰਜਾਬ ਸਰਕਾਰ ਵਲੋਂ ਇਸ ਨਹਿਰ ਹੇਠ ਆਈ ਭੂਮੀ ਨੂੰ ਕਿਸਾਨਾਂ ਵਿਚ ਵੰਡ ਦਿੱਤਾ ਗਿਆ ਸੀ ਜਿਸ 'ਤੇ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਸੀ। ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਰੋਧ ਕਾਰਨ ਪੰਜਾਬ ਦਾ ਕਾਫੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਅਤੇ 1982-92 ਦੌਰਾਨ ਪੰਜਾਬ ਦੀ ਆਰਥਿਕਤਾ ਬੁਰੀ ਤਰ੍ਹਾਂ ਲੀਹਾਂ ਤੋਂ ਉਤਰ ਗਈ ਸੀ। ਸੂਬੇ ਦੀ ਆਰਥਿਕਤਾ ਅਜੇ ਵੀ ਇਸ ਝਟਕੇ ਦੇ ਭਾਰ ਤੋਂ ਸੁਰਖੁਰੂ ਨਹੀਂ ਹੋ ਸਕੀ।

### ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣਾ ਕਿਉਂ ਜ਼ਰੂਰੀ ਨਹੀਂ?

ਪਿਛਲੇ 50 ਸਾਲਾਂ ਤੋਂ ਵੱਧ ਸਮੇਂ ਤੋਂ ਚਲਦੀ ਪੰਜਾਬ ਅਤੇ ਹਰਿਆਣਾ ਵਿਚ ਖਿੱਚੋਤਾਣ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਦੇ ਵਹਾਉ ਦੇ 1921-45 ਦੀ ਲੜੀ 'ਤੇ ਆਧਾਰਿਤ ਹਨ। ਹਿਮਾਲਿਆ ਦੇ ਪਹਾੜਾਂ ਵਿਚ ਬਰਫ਼ ਦੇ ਗਲੇਸ਼ੀਅਰ ਕਾਫੀ ਮਿਕਦਾਰ ਵਿਚ ਪਿਘਲ ਗਏ ਹਨ ਅਤੇ ਦਰਿਆਵਾਂ ਵਿਚ ਪਾਣੀ ਦਾ ਵਹਾਉ ਕਾਫੀ ਘਟ ਗਿਆ ਹੈ। ਇਸ ਲਈ ਪਾਣੀਆਂ ਦੀ ਵੰਡ ਨੂੰ ਨਵੀਂ/ਤਾਜ਼ਾ ਲੜੀ ਅਨੁਸਾਰ ਮਾਪ ਕੇ ਹੀ ਵੰਡ ਦੀ ਗੱਲ ਤੋਰਨੀ ਚਾਹੀਦੀ ਹੈ। ਇਹ ਲੜੀ 1971-95 ਜਾਂ 1995-2019 ਵੀ ਹੋ ਸਕਦੀ ਹੈ। ਜਿਹੜੀ ਵੀ ਲੜੀ ਮੌਜੂਦਾ ਸਮੇਂ ਦੇ ਨੇੜੇ ਪਾਣੀਆਂ ਦੇ ਅੰਕੜੇ ਪੇਸ਼ ਕਰਦੀ ਹੈ ਉਸ ਨੂੰ ਵਰਤਣਾ ਵਾਜਿਬ ਹੋਵੇਗਾ। ਇਸ ਦੇ ਨਾਲ ਨਾਲ ਘੱਟੋ-ਘੱਟ ਅਤੇ ਵੱਧ ਤੋਂ ਵੱਧ ਪਾਣੀ ਦੇ ਵਹਾਉ ਦੀ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ ਤਾਂ ਕਿ ਦਰਿਆਵਾਂ ਵਿਚ ਪਾਣੀ ਘਟਣ ਅਤੇ ਵਧਣ ਸਮੇਂ ਵੰਡ ਕਰਨ ਦੀ ਵਿਵਸਥਾ ਕੀਤੀ ਜਾ ਸਕੇ। ਭਾਰਤ ਅਤੇ ਬੰਗਲਾਦੇਸ਼ ਦਰਮਿਆਨ ਗੰਗਾ ਜਲ ਸੰਧੀ ਤਹਿਤ ਦਰਿਆ ਵਿਚ ਪਾਣੀ ਘਟਣ ਅਤੇ ਵਧਣ ਦੀ ਸਮੱਸਿਆ ਦਾ ਹੱਲ ਕੀਤਾ ਗਿਆ ਹੈ।

ਜੇ 1921-45 ਦੀ ਪੰਜਾਬ ਦੇ ਦਰਿਆਵਾਂ ਵਿਚ ਪਾਣੀ ਦੀ ਲੜੀ ਨੂੰ ਮੰਨ ਲਿਆ ਜਾਵੇ ਅਤੇ ਪੰਜਾਬ-ਹਰਿਆਣਾ ਵਿਚ ਪਾਣੀ ਦੀ ਵੰਡ ਪੰਜਾਬ ਪੁਨਰਗਠਨ ਐਕਟ ਦੇ ਸੈਕਸ਼ਨ 78 ਅਨੁਸਾਰ ਕੀਤੀ ਜਾਵੇ ਤਾਂ ਹਰਿਆਣੇ ਦਾ ਹਿਸਾ ਕਮੇਟੀਆਂ/ਕਮਿਸ਼ਨਾਂ ਵਲੋਂ ਸੁਝਾਏ ਮਿਕਦਾਰ ਤੋਂ ਕਾਫੀ ਘੱਟ ਬਣਦਾ ਹੈ। ਮਰਹੂਮ ਸਾਬਕਾ ਚੀਫ ਇੰਜਨੀਅਰ ਆਰਐੱਸ ਗਿੱਲ ਅਨੁਸਾਰ ਹਰਿਆਣੇ ਦਾ ਪੰਜਾਬ ਦੇ ਪਾਣੀਆਂ ਵਿਚ ਹਿੱਸਾ 3.5 ਮਿਲੀਅਨ ਏਕੜ ਫੁੱਟ ਦੀ ਬਜਾਇ 1.93 ਮਿਲੀਅਨ ਏਕੜ ਫੁੱਟ ਬਣਦਾ ਹੈ (ਪਾਲ ਸਿੰਘ ਢਿੱਲੋਂ, ਟੇਲ ਆਫ ਟੂ ਰੀਵਰਜ਼, 1983, ਪੰਨਾ 3)। ਇਹ ਬਣਦਾ ਹਿੱਸਾ ਹਰਿਆਣੇ ਨੂੰ ਦਿੱਤਾ ਜਾਣਾ ਚਾਹੀਦਾ ਹੈ। ਕਿਸਾਨ ਅੰਦੋਲਨ ਵਿਚ ਬਣੀ ਪੰਜਾਬ-ਹਰਿਆਣਾ ਦੇ ਕਿਸਾਨਾਂ ਵਿਚ ਸਾਂਝ/ ਭਾਈਚਾਰੇ ਨੂੰ ਕਾਇਮ ਰੱਖਣ ਅਤੇ ਭਵਿੱਖ ਵਿਚ ਕਿਸਾਨੀ ਅੰਦੋਲਨ ਦੀਆਂ ਸੰਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਪਾਣੀਆਂ ਦੀ ਵੰਡ ਦੇ ਰੇੜਕੇ ਨੂੰ ਸਮਝੌਤੇ ਤਹਿਤ ਮੰਨਿਆ ਜਾ ਸਕਦਾ ਹੈ। ਇਹ ਬਣਦਾ ਹਿੱਸਾ ਮੌਜੂਦਾ ਨਹਿਰਾਂ ਰਾਹੀਂ ਹਰਿਆਣਾ ਨੂੰ ਭੇਜਿਆ ਜਾ ਸਕਦਾ ਹੈ। ਇਸ ਵਾਸਤੇ ਭਾਖੜਾ ਨਹਿਰ ਅਤੇ ਸਰਹਿੰਦ ਫੀਡਰ ਨਹਿਰ ਵਿਚ ਲੋੜੀਂਦੀ ਮਾਤਰਾ ਵਿਚ ਹਰਿਆਣਾ ਨੂੰ ਪਾਣੀ ਲਿਜਾਣ ਦੀ ਸਮਰੱਥਾ ਹੈ। ਇਸ ਕਰਕੇ ਹਰਿਆਣਾ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਦੀ ਗੱਲ ਛੱਡ ਦੇਣੀ ਚਾਹੀਦੀ ਹੈ।

ਇਸ ਮਸਲੇ ਦੇ ਸਥਾਈ ਹੱਲ ਵਾਸਤੇ ਲਾਜ਼ਮੀ ਹੈ ਕਿ ਪੰਜਾਬ ਅਤੇ ਹਰਿਆਣਾ ਸਰਕਾਰਾਂ ਪੰਜਾਬ ਪੁਨਰਗਠਨ ਐਕਟ-1966 ਨੂੰ ਆਧਾਰ ਬਣਾ ਕੇ ਗੱਲਬਾਤ ਕਰਨ। ਇਹ ਗੱਲਬਾਤ ਤਾਂ ਹੀ ਸਾਰਥਕ ਹੋਵੇਗੀ ਜੇ ਦਰਿਆਵਾਂ ਵਿਚ ਪਾਣੀ ਦੇ ਮੌਜੂਦਾ ਵਹਾਉ ਦੇ ਅੰਕੜਿਆਂ ਦੇ ਮੁਤਾਬਕ ਗੱਲਬਾਤ ਕੀਤੀ ਜਾਵੇ। ਗੱਲਬਾਤ ਕਰਦੇ ਸਮੇਂ ਦੋਵਾਂ ਸੂਬਿਆਂ ਵਿਚ ਭੜਕਾਊ ਬਿਆਨ ਜਾਰੀ ਕਰਨ ਵਾਲਿਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਦੋਵਾਂ ਸੂਬਿਆਂ ਵਿਚ ਮੌਜੂਦਾ ਸਮੇਂ ਪਾਣੀ ਦੀ ਗੰਭੀਰ ਘਾਟ ਹੈ ਜਿਹੜੀ ਮੌਜੂਦਾ ਫ਼ਸਲੀ ਚੱਕਰ, ਝੋਨੇ ਕਣਕ 'ਤੇ ਨਿਰਭਰ ਹੋਣ ਕਰਕੇ ਹੈ। ਇਸ ਉਪਰ ਦੋਵਾਂ ਸੂਬਿਆਂ ਨੂੰ ਚਿੰਤਨ ਕਰਨ ਦੀ ਜ਼ਰੂਰਤ ਹੈ। ਇਹ ਕੰਮ ਕੇਂਦਰ ਸਰਕਾਰ ਦੀ ਮਦਦ ਤੋਂ ਬਗ਼ੈਰ ਸੰਭਵ ਨਹੀਂ। ਕੇਂਦਰ ਸਰਕਾਰ ਨੂੰ ਬਦਲਵੀਆਂ ਫ਼ਸਲਾਂ ਦੇ ਠੀਕ ਭਾਅ ਅਤੇ ਉਨ੍ਹਾਂ ਦੀ ਖਰੀਦ ਯਕੀਨੀ ਬਣਾਉਣੀ ਪਵੇਗੀ। ਇਸ ਕਰਕੇ ਦਰਿਆਈ ਪਾਣੀਆਂ ਦੀ ਗੱਲਬਾਤ ਨੂੰ ਕਾਮਯਾਬੀ ਤਕ ਲਿਜਾਣ ਲਈ ਇਸ ਦੌਰ ਵਿਚ ਸੂਬਿਆਂ ਦੀਆਂ ਸਰਕਾਰਾਂ ਅਤੇ ਕੇਂਦਰ ਸਰਕਾਰ ਵਿਚ ਸੁਹਿਰਦਤਾ ਲਾਜ਼ਮੀ ਸ਼ਰਤ ਹੈ।

## ਇਕ ਅਹਿਸਾਸ

ਇਕ ਅਹਿਸਾਸ ਹੀ ਹੈ
ਜੋ ਅਜੇ ਤਕ ਮਰਿਆ ਨਹੀਂ
ਵੈਸੇ ਦੁਨੀਆ ਦਾ ਕਿਹੜਾ ਪਰਚਾ
ਜੋ ਅਜੇ ਤਕ ਪੜ੍ਹਿਆ ਨਹੀਂ।
ਗਰਜੇ ਬੱਦਲ਼, ਲਿਸ਼ਕਦੀ ਰਹੀ ਬਿਜਲੀ
ਅਹਿਸਾਸ ਦੇ ਬਨੇਰੇ ਦਾ
ਕੋਈ ਵੀ ਕੰਢਾ ਭੁਰਿਆ ਨਹੀਂ।

ਮਿਲੇ ਸੰਤ ਚੋਰ ਤੇ ਦੋਗਲੇ ਚਿਹਰੇ ਵੀ
ਕਿਉਂ ਕਿਸੇ ਚਿਹਰੇ ਦਾ ਟੇਵਾ
ਕਿਸੇ ਪੰਡਤ ਨੇ ਪੜ੍ਹਿਆ ਨਹੀਂ।
ਅਹਿਸਾਸ ਦੇ ਚੱਪੂ
ਸੁਫੀਨਾ ਤੇ ਸਾਹਿਲ ਬੜੇ ਡਾਢੇ
ਗਹਿਰੇ ਸਮੁੰਦਰ ਦਾ ਖ਼ੌਫ਼
ਕਦੇ ਕਰਿਆ ਨਹੀਂ।

ਮਘਦੀ ਭੁੱਬਲ਼ 'ਚੋਂ
ਮੋਤੀ ਦੀ ਭਾਲ ਅੰਦਰ
ਕਿਹੜਾ ਹਿੱਸਾ ਹੱਥ ਦਾ
ਜੋ ਜਲਿਆ ਨਹੀਂ।
ਕਰਿਉ ਨਾ ਸਵਾਲ
ਦੇਣਾ ਪਊ ਜੁਆਬ
ਕਿਹੜਾ ਕਾਲਾ ਸਮੁੰਦਰ ਹੈ
ਜੋ, ਮੇਰੀ ਰੂਹ ਨੇ ਤਰਿਆ ਨਹੀਂ।

**-ਦੇਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆਂ**

**ਭਾਰਤ ਦੀ ਆਜ਼ਾਦੀ ਦੇ 75 ਵਰ੍ਹਿਆਂ ਮੌਕੇ ਬਿਲਕੀਸ ਬਾਨੋ ਕੇਸ ਦੇ ਅਪਰਾਧੀਆਂ ਦੀ ਸਜ਼ਾ ਮੁਆਫੀ ਦੇ ਮਾਮਲੇ ਨੇ ਸਮੁੱਚੇ ਭਾਰਤ ਨੂੰ ਹਿਲਾ ਕੇ ਰੱਖ ਦਿੱਤਾ। ਬਿਲਕੀਸ ਬਾਨੋ ਨੇ ਬਹੁਤ ਔਖੇ ਹਾਲਾਤ ਨਾਲ ਜੂਝਦਿਆਂ ਬਲਾਤਕਾਰ ਅਤੇ ਕਤਲ ਦੇ ਅਪਰਾਧੀਆਂ ਨੂੰ ਸਜ਼ਾ ਦਿਵਾਈ ਸੀ ਪਰ ਹੁਣ ਉਨ੍ਹਾਂ ਨੂੰ ਰਿਹਾਅ ਹੀ ਨਹੀਂ ਕੀਤਾ ਗਿਆ, ਉਨ੍ਹਾਂ ਦੀ ਰਿਹਾਈ ਮੌਕੇ ਮਠਿਆਈ ਵੀ ਵੰਡੀ ਗਈ। ਫਿਰਕੂ ਤਾਕਤਾਂ ਨੇ ਮੁਲਕ ਅੰਦਰ ਜਿਸ ਤਰ੍ਹਾਂ ਦਾ ਮਾਹੌਲ ਬਣਾਇਆ ਹੈ, ਉਸ ਬਾਰੇ ਵਿਸਥਾਰ ਸਹਿਤ ਚਰਚਾ ਡਾ. ਕੁਲਦੀਪ ਕੌਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। ਇਸ ਚਰਚਾ ਦੌਰਾਨ ਉਨ੍ਹਾਂ ਕੁਝ ਅਜਿਹੇ ਸਵਾਲ ਉਠਾਏ ਹਨ ਜਿਨ੍ਹਾਂ ਵੱਲ ਬੇਰਹਿਮ ਸਰਕਾਰਾਂ ਉਕਾ ਹੀ ਧਿਆਨ ਨਹੀਂ ਦਿੰਦੀਆਂ। ਸਿੱਟੇ ਵਜੋਂ ਅਜਿਹੀਆਂ ਵਾਰਦਾਤਾਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਆਮ ਲੋਕ ਇਨ੍ਹਾਂ ਘਟਨਾਵਾਂ ਨੂੰ ਬੇਵਸੀ ਨਾਲ ਦੇਖਦੇ ਰਹਿ ਜਾਂਦੇ ਹਨ।**

# ਮਨੁੱਖੀ ਅਧਿਕਾਰਾਂ ਦਾ ਅਧੂਰਾ ਅਧਿਆਇ

## ਬਿਲਕੀਸ ਬਾਨੋ ਦਾ ਮੁਕੱਦਮਾ ਅਤੇ ਜਮਹੂਰੀਅਤ ਦੀ ਸ਼ਨਾਖਤ

ਨਿਆਂ, ਆਜ਼ਾਦੀ ਅਤੇ ਸਿਆਸੀ-ਸਮਾਜਿਕ ਸਮਾਨਤਾ ਦੀਆਂ ਧਾਰਨਾਵਾਂ ਜਮਹੂਰੀਅਤ ਦੀ ਚੂਲ ਹਨ। ਮਨੁੱਖੀ ਅਧਿਕਾਰਾਂ ਦੇ ਚੈਪਟਰਾਂ ਵਿਚ ਅਣਖ ਅਤੇ ਜ਼ਿੰਦਗੀ ਦੇ ਜ਼ਰੂਰੀ ਫੈਸਲੇ ਬਿਨਾ ਕਿਸੇ ਦਬਾਅ ਤੋਂ ਕਰਨ ਨੂੰ ਬੇਹੱਦ ਅਹਿਮ ਗਿਣਿਆ ਜਾਂਦਾ ਹੈ। ਆਪਣੀ ਮਹਤੱਵਪੂਰਨ ਕਿਤਾਬ 'ਦਿ ਰਿਪਬਲਿਕ' ਵਿਚ ਗਰੀਕ ਫਿਲਾਸਫਰ ਪਲੈਟੋ ਅਤੇ ਆਪਣੀ ਕਿਤਾਬ 'ਨਿਕੋਮੇਚੀਅਨ ਐਥਿਕ' ਵਿਚ ਅਰਸਤੂ ਲਿਖਦੇ ਹਨ ਕਿ ਨਿਆਂ ਹੀ ਰੱਬ ਦਾ ਹਾਸਿਲ ਹੈ, ਅਰਥਾਤ ਰੱਬ ਇਸ ਲਈ ਰੱਬ ਹੈ ਕਿ ਉਹ ਨਿਆਂ ਕਰ ਸਕਦਾ ਹੈ। 19ਵੀ ਸਦੀ ਵਿਚ ਹੋਈ ਉਦਯੋਗਿਕ ਕ੍ਰਾਂਤੀ ਨੇ ਸਮਾਜਿਕ ਨਿਆਂ ਦੀ ਧਾਰਨਾ ਨੂੰ ਇਸ ਲਈ ਮੁੱਖ ਨੁਕਤੇ



**ਡਾ. ਕੁਲਦੀਪ ਕੌਰ**
**ਫੋਨ: +91-98554-04330**

ਦੇ ਤੌਰ 'ਤੇ ਜਮਹੂਰੀਅਤ ਅਤੇ ਮਨੁੱਖੀ ਵਿਕਾਸ ਲਈ ਜ਼ਰੂਰੀ ਮੰਨਿਆ ਕਿਉਂਕਿ ਸਿਰਫ ਜੁਰਮ ਹੋਣ ਤੋਂ ਬਾਅਦ ਉਸ ਦੀ ਕਾਨੂੰਨੀ ਤੇ ਸੰਵਿਧਾਨਕ ਸਜ਼ਾ ਨੂੰ ਨਿਆਂ ਮੰਨ ਲੈਣਾ ਕਾਫੀ ਨਹੀਂ ਸਗੋਂ ਸਾਧਨਾਂ ਦੀ ਸਾਰੇ ਤਬਕਿਆਂ ਤੇ ਵਰਗਾਂ ਦੀ ਜ਼ਰੂਰਤ ਮੁਤਾਬਿਕ ਵੰਡ, ਸਮਾਜਿਕ ਸਮਾਨਤਾ, ਸਿਆਸਤ ਵਿਚ ਹਿੱਸੇਦਾਰੀ, ਵਿਭਿੰਨਤਾ ਬਣਾਈ ਰੱਖਣਾ ਅਤੇ ਮਨੁੱਖੀ ਅਧਿਕਾਰਾਂ ਦੀ ਇੱਕਸਾਰ ਪ੍ਰਾਪਤੀ ਨਿਆਂ ਨੂੰ ਉਸ ਦੇ ਅਸਲ ਅਰਥ ਦਿੰਦੇ ਹਨ। ਫਿਲਾਸਫਰ ਅਮੈਲੂਅਲ ਕੇਟ ਮੰਨਦਾ ਹੈ ਕਿ ਦੂਜੇ ਮਨੁੱਖਾਂ ਨੂੰ ਆਪਣੀਆਂ ਇੱਛਾਵਾਂ ਤੇ ਸੁਪਨਿਆਂ ਲਈ ਕੁਰਬਾਨ ਨਹੀਂ ਕੀਤਾ ਜਾ ਸਕਦਾ ਸਗੋਂ ਅਜਿਹਾ ਕਰਨਾ ਅਨਿਆਂ ਦਾ ਹੀ ਦੂਜਾ ਰੂਪ ਹੈ।

ਬਿਲਕੀਸ ਬਾਨੋ ਦਾ ਮੁਕੱਦਮਾ ਬਹੁਤ ਪੱਖਾਂ ਤੋਂ ਆਸਾਧਾਰਨ ਹੈ। ਉਸ ਦੀ ਤਰਾਸਦੀ ਦਾ ਇੱਕ ਸਿਰਾ ਭਾਰਤ ਦੀ ਸਭ ਤੋਂ ਨਖਿੱਧ ਤੇ ਗੈਰ-ਮਨੁੱਖੀ ਕਲਪਿਤ ਕਿਤਾਬ 'ਮਨੂ-ਸਿਮ੍ਰਤੀ' ਦੇ ਪੰਨਿਆਂ ਨਾਲ ਜਾ ਜੁੜਦਾ ਹੈ ਜਿਸ ਦੀ ਆਧੁਨਿਕ ਸਮਾਜਿਕ ਤੇ ਸਿਆਸੀ ਪ੍ਰਬੰਧਾਂ ਵਿਚ ਨਾ ਕੋਈ ਸਾਰਥਿਕਤਾ ਹੈ ਤੇ ਨਾ ਹੀ ਜ਼ਰੂਰਤ; ਤੇ ਦੂਜਾ ਸਿਰਾ ਪਿਛਲੀ ਸਦੀ ਦੇ ਅਤਿ-ਆਧੁਨਿਕ ਕਰਾਰ ਦਿੱਤੇ ਜਰਮਨੀ, ਇਟਲੀ ਤੇ ਅਰਜਨਟੀਨਾ ਵਿਚ ਕੈਂਸਰ ਵਾਂਗ ਪਨਪੇ ਫਾਸ਼ੀਵਾਦੀ ਕੁਪ੍ਰਬੰਧਾਂ ਨਾਲ ਜਾ ਜੁੜਦਾ ਹੈ। ਇਹਨਾਂ ਦੋਵਾਂ ਧਾਰਨਾਵਾਂ ਦੀ ਸਿਆਸੀ ਕਲਪਨਾ ਦਾ ਕੈਨਵਸ ਜਿਉਂ-ਜਿਉਂ ਤੇਜ਼ੀ ਨਾਲ ਫੈਲ ਰਿਹਾ ਹੈ, ਤਿਉਂ-ਤਿਉਂ ਜਮਹੂਰੀ ਸੰਸਥਾਵਾਂ, ਮਨੁੱਖੀ ਅਧਿਕਾਰਾਂ ਅਤੇ ਨਿੱਜੀ ਆਜ਼ਾਦੀ ਨੂੰ ਖੋਰਾ ਲੱਗਣ ਦੀ ਪ੍ਰਕਿਰਿਆ ਦੁੱਗਣੀ ਹੋ ਰਹੀ ਹੈ। ਬਿਲਕੀਸ ਬਾਨੋ ਦੇ ਦੋਸ਼ੀਆਂ ਨੂੰ ਬਿਨਾ ਸ਼ਰਤ ਰਿਹਾਅ ਕਰ ਦੇਣ ਦਾ ਫੈਸਲਾ ਗੋਧਰਾ ਕਾਂਡ ਦੀ ਸਾਜ਼ਿਸ਼ ਦਾ ਅਗਲਾ ਪੰਨਾ ਹੈ। ਸੰਨ 2002 ਵਿਚ ਅਯੁੱਧਿਆ ਤੋਂ ਵਾਪਸ ਮੁੜ ਰਹੇ ਕਾਰ-ਸੇਵਕਾਂ ਦੀ ਬਲੀ ਨਾਲ ਹਿੰਦੂਤਵੀ ਸਟੇਟ ਦੀ ਨੀਂਹ ਰੱਖੀ ਗਈ। ਗੋਧਰਾ ਕਾਂਡ ਦੇ ਸਿਰ ਤੇ ਇੱਕ ਸੂਬੇ ਦੇ ਮੁੱਖ ਮੰਤਰੀ ਤੋਂ ਮੁਲਕ ਦੇ ਪ੍ਰਧਾਨ ਮੰਤਰੀ ਬਣੇ ਨਰਿੰਦਰ ਮੋਦੀ ਅਤੇ ਉਸ ਦੀ ਸਰਕਾਰ ਨੇ ਹੁਣ ਤੱਕ ਇਹ ਸੁਨਿਸ਼ਚਿਤ ਕੀਤਾ ਹੈ ਕਿ ਉਹਨਾਂ ਦੇ ਮਾੜੇ ਤੋਂ ਮਾੜੇ ਕਾਰਜਕਰਤਾ ਤੇ ਆਰ.ਐੱਸ.ਐੱਸ ਨਾਲ ਜੁੜੇ ਸ਼ਾਖਾ ਵਰਕਰਾਂ ਦੁਆਰਾ ਕੀਤੇ ਜੁਰਮਾਂ ਜਿਵੇਂ ਹਜੂਮੀ ਹੱਤਿਆ, ਬਲਾਤਕਾਰ ਅਤੇ ਦੂਜਿਆਂ ਖਿਲਾਫ ਨਫਰਤੀ ਕਾਰਵਾਈਆਂ ਨਾਲ ਜੁੜੇ ਮਾਮਲਿਆਂ ਨੂੰ ਜਮਹੂਰੀ ਨਿਆਂ ਪ੍ਰਣਾਲੀ ਦੀ ਥਾਂ ਸਬਕ ਸਿਖਾਉਣ ਜਾਂ ਨਫਰਤ ਦੀ ਸਿਆਸਤ ਤਹਿਤ ਖਾਰਜ ਕੀਤਾ ਜਾਵੇਗਾ।

ਉਤਰ ਪ੍ਰਦੇਸ਼ ਦੇ ਪਿੰਡ ਦਾਦਰੀ ਵਿਚ 28 ਸਤੰਬਰ, 2015 ਨੂੰ ਦਿਨ-ਦਿਹਾੜੇ ਗਊ ਮਾਸ ਰੱਖਣ ਦੇ ਦੋਸ਼ ਦੇ ਤਹਿਤ ਕੁੱਟ-ਕੁੱਟ ਕੇ ਜ਼ਿਬ੍ਹਾ ਕੀਤੇ ਮੁਹੰਮਦ ਇਖਲਾਕ ਤੋਂ ਬਾਅਦ ਹੁਣ ਤੱਕ ਵਾਪਰੀਆਂ ਅਜਿਹੀਆਂ ਹੱਤਿਆਵਾਂ ਜਿਹਨਾਂ ਵਿਚ 'ਧਾਰਮਿਕ ਭਾਵਨਾਵਾਂ ਦੀ ਰਾਖੀ' ਨੂੰ ਹੱਤਿਆ ਦਾ ਕਾਰਨ ਦੱਸਿਆ ਗਿਆ ਹੈ, ਓਹਨਾਂ ਮੁਕੱਦਮਿਆਂ ਦੀਆਂ ਫਾਈਲਾਂ ਮੌਜੂਦਾ ਭਾਰਤੀ ਸਟੇਟ ਦਾ ਕਿਰਦਾਰ ਅਤੇ ਕਾਰਜ-ਸ਼ੈਲੀ ਸਮਝਣ ਲਈ ਅਹਿਮ ਹਨ। ਇਹਨਾਂ ਵਿਚੋਂ ਜੁਨੈਦ ਤੇ ਤਬਰੇਜ਼ ਅੰਸਾਰੀ ਦਾ ਮੁਕੱਦਮਾ ਸੁੰਨ ਕਰ ਦੇਣ ਵਾਲਾ ਹੈ। ਇਹਨਾਂ ਵਿਚੋਂ ਬਹੁਤੀਆਂ ਹੱਤਿਆਵਾਂ ਮੁਸਲਮਾਨਾਂ, ਘੱਟ-ਗਿਣਤੀਆਂ ਤੇ ਦਲਿਤਾਂ ਨਾਲ ਸਿੱਧੀ ਨਫਰਤ ਕਾਰਨ ਕੀਤੀਆਂ ਗਈਆਂ। ਇਹਨਾਂ ਹੱਤਿਆਵਾਂ ਵਿਚ ਅਜਿਹੇ ਲੋਕ ਸ਼ਾਮਿਲ ਸਨ ਜਿਹਨਾਂ ਦੀ ਉਹਨਾਂ ਦੇ 'ਸ਼ਿਕਾਰ' ਨਾਲ ਕੋਈ ਸਿੱਧੀ ਦੁਸ਼ਮਣੀ ਨਹੀਂ ਸੀ ਬਲਕਿ ਉਹਨਾਂ ਨੂੰ ਉਸ ਖਾਸ ਸਥਾਨ 'ਤੇ ਪਹੁੰਚਣ ਲਈ ਗਿਣੇ-ਮਿਥੇ ਢੰਗ ਨਾਲ ਪ੍ਰੇਰਿਤ ਕੀਤਾ ਗਿਆ। ਜਲਾ ਕੇ ਮਾਰਨ, ਸਮੂਹਿਕ ਹੱਤਿਆ ਕਰਨ ਤੋਂ ਪਹਿਲਾਂ ਉਹਨਾਂ ਨੂੰ ਬੇਹੱਦ ਅਮਾਨਵੀ ਤਰੀਕੇ ਨਾਲ ਜ਼ਲੀਲ ਕੀਤਾ ਗਿਆ, ਨਾਅਰੇ ਲਗਵਾਏ ਗਏ ਤੇ ਗਾਲੀ-ਗਲੋਚ ਕੀਤਾ ਗਿਆ। ਇਸ ਸਬੰਧ ਵਿਚ ਸਭ ਤੋਂ ਮੰਗਭਾਗਾ ਤੇ ਗੈਰ-ਮਨੁੱਖੀ ਵਰਤਾਰਾ ਜ਼ਿੰਦਾ ਮਨੁੱਖ ਨੂੰ ਕੋਹ-ਕੋਹ ਕੇ ਮਾਰਨ ਦੀਆਂ ਮੋਬਾਈਲ 'ਤੇ ਖਿੱਚੀਆਂ ਤਸਵੀਰਾਂ ਅਤੇ ਵੀਡੀਓਜ਼ ਹਨ ਜਿਹਨਾਂ ਵਿਚ ਉਹ ਮਜ਼ਲੂਮ ਹੱਥ ਜੋੜ ਕੇ ਜਾਨ ਦੀ ਭੀਖ ਮੰਗ ਰਹੇ ਹਨ।

ਅਜਿਹੇ ਦ੍ਰਿਸ਼ਾਂ ਦੀ ਸਿਰਜਣਾ ਕਿਸ ਤਰ੍ਹਾਂ ਦੀ ਸਿਆਸਤ ਦੀ ਕੰਨਸੋਅ ਦੇ ਰਹੀ ਸੀ ਜਿਸ ਨੂੰ ਸਮਝਣ ਤੋਂ ਅਸੀਂ ਸਾਲਾਂ ਤੋਂ ਲਗਾਤਾਰ ਘੇਸਲ ਵੱਟ ਰਹੇ ਹਾਂ? ਕੀ ਭਾਰਤੀ ਨਾਗਰਿਕਾਂ ਦੇ ਤੌਰ 'ਤੇ ਅਸੀਂ ਵੀ ਗਾਂਧੀ ਦੇ ਤਿੰਨਾਂ ਬਾਂਦਰਾਂ ਵਾਂਗ ਗੂੰਗੇ, ਬੋਲੇ ਤੇ ਅੰਨ੍ਹੇ ਹੋ ਚੁੱਕੇ ਹਾਂ? ਜੇ ਨਹੀ ਤਾਂ ਕੀ ਇਸ ਨਵੇਂ ਭਾਰਤ ਵਿਚ ਸਾਡੀ ਪਛਾਣ ਕਤਲ ਤੱਕਣ ਲਈ ਤਮਾਸ਼ਾਬੀਨ ਤੱਕ ਹੀ ਮਹਿਦੂਦ ਕਰ ਦਿੱਤੀ ਗਈ ਹੈ ਜਦੋਂਕਿ ਹਿੰਦੂਤਵੀ ਸਿਆਸਤ ਦਾ ਅਸ਼ਵਮੇਧ ਘੋੜਾ ਸਾਨੂੰ ਬੇਦਰਦੀ ਨਾਲ ਕੁਚਲ ਰਿਹਾ ਹੈ?

ਰੇਡੀਓ 'ਤੇ ਖਬਰ ਨਸ਼ਰ ਹੋ ਰਹੀ ਸੀ ਕਿ ਸੁਪਰੀਮ ਕੋਰਟ ਨੇ ਗੁਜਰਾਤ ਦੰਗਿਆਂ ਨਾਲ ਸਬੰਧਿਤ ਸਾਰੇ ਮੁਕੱਦਮਿਆਂ ਨੂੰ ਇਸ ਲਈ ਬੰਦ ਕਰ ਦਿੱਤਾ ਹੈ ਕਿ ਇਹਨਾਂ ਨੂੰ ਚੱਲਦਿਆਂ ਬਹੁਤ ਦੇਰ ਹੋ ਚੁੱਕੀ ਹੈ। ਇਹ ਕਿਸ ਤਰ੍ਹਾਂ ਦਾ ਨਿਆਂ ਹੈ? ਕੀ ਸੁਪਰੀਮ ਕੋਰਟ ਨੂੰ ਇਸ ਤਥਾ-ਕਥਿਤ 'ਦੇਰੀ' ਦੀ ਜਾਂਚ ਲਈ ਕੋਈ ਤਰੱਦਦ ਨਹੀਂ ਕਰਨਾ ਚਾਹੀਦਾ ਜਾਂ ਇਹ ਮੰਨ ਲਿਆ ਗਿਆ ਹੈ ਕਿ ਪੀੜਤਾਂ ਦੀ ਧਿਰ ਨਾਲ ਖੜ੍ਹਨ ਦੀ ਥਾਂ ਕਾਨੂੰਨ ਦੀ ਦੇਵੀ ਜਬਰ ਕਰਨ ਵਾਲੀ ਧਿਰ ਦੇ ਪੱਖ ਵਿਚ ਭੁਗਤ ਰਹੀ ਹੈ। ਸੁਪਰੀਮ ਕੋਰਟ ਦੁਆਰਾ ਦਿੱਤੀ 'ਦੇਰੀ' ਦੀ ਇਹ ਦਲੀਲ ਕੀ ਭਾਰਤੀ ਜਮਹੂਰੀਅਤ ਦੇ ਧਰਮ ਨਿਰਪੱਖਤਾ, ਸਮਾਨਤਾ ਤੇ ਨਾਗਰਿਕਾਂ ਦੇ ਮੂਲ ਅਧਿਕਾਰਾਂ ਦਾ ਸਿੱਧਾ-ਸਿੱਧਾ ਉਲੰਘਣ ਨਹੀਂ? ਇਸ ਤੋਂ ਅਗਲਾ ਸਵਾਲ ਇਹ ਬਣਦਾ ਹੈ ਕਿ ਭਾਰਤੀ ਨਾਗਰਿਕਾਂ ਵਜੋਂ ਕੀ ਸਾਨੂੰ ਅਗਲੇ ਦਿਨਾਂ ਵਿਚ ਸਰਕਾਰੀ-ਤੰਤਰ ਅਤੇ ਸਿਆਸੀ ਅਕਾਵਾਂ ਦੀਆਂ ਉਹਨਾਂ ਤਸਵੀਰਾਂ ਤੇ ਬਿਆਨਾਂ ਦੀ ਬੇਸ਼ਰਮੀ ਲਈ ਤਿਆਰ ਰਹਿਣਾ ਚਾਹੀਦਾ ਹੈ ਜਿਸ ਵਿਚ ਉਹ ਬਲਾਤਕਾਰੀਆਂ ਤੇ ਕਾਤਲਾਂ ਦੇ ਗਲੇ ਮਿਲ ਰਹੇ ਹੋਣ? ਕੀ ਇਸ ਨੂੰ ਭਾਰਤੀ ਗਣਰਾਜ ਦੇ ਨਾਗਰਿਕਾਂ ਨਾਲ ਕੀਤੇ ਰਾਮ-ਰਾਜ ਦੇ ਅਹਿਦ ਅਤੇ ਸਮਾਜਿਕ ਤੇ ਸਿਆਸੀ ਵਿਸ਼ਵਾਸ ਦੇ ਭਰੋਸੇ ਦਾ ਭੰਗ ਹੋਣਾ ਮੰਨ ਲਿਆ ਜਾਵੇ?









*ਬਿਲਕੀਸ ਬਾਨੋ ਕੇਸ ਦੇ ਮੁਜਰਮਾਂ ਦੀ ਰਿਹਾਈ ਖਿਲਾਫ ਕੋਲਕਾਤਾ ਅਤੇ ਬੰਗਲੌਰ ਵਿਚ ਕੀਤੇ ਰੋਸ ਵਿਖਾਵਿਆਂ ਦੀ ਝਲਕ।*



*ਬਿਲਕੀਸ ਬਾਨੋ: ਬੇਵੱਸ ਨਿਗ੍ਹਾ।*

**ਵਾਰਦਾਤ ਤੋਂ ਚਾਰ ਦਿਨ ਬਾਅਦ ਉਸ ਦਾ ਹਸਪਤਾਲ ਵਿਚ ਮੁਆਇਨਾ ਹੋਇਆ। ਪ੍ਰਸਿੱਧ ਲੇਖਕ ਹਰਸ਼ ਮੰਦਰ ਦੁਆਰਾ ਲਿਖੀ ਕਿਤਾਬ 'ਬਿਟਵੀਨ ਮੈਮਰੀ ਐਂਡ ਫੋਰਗੈਟਿੰਗ: ਮਸੈਕਰ ਐਂਡ ਦਿ ਮੋਦੀ ਯੀਅਰਜ਼ ਇਨ ਗੁਜਰਾਤ' ਵਿਚ ਦਿੱਤੇ ਗਏ ਵੇਰਵਿਆਂ ਮੁਤਾਬਿਕ ਜੁਰਮ ਹੋਣ ਤੋਂ ਬਾਅਦ ਉਸ ਨੂੰ ਲੁਕਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ।**

ਬਿਲਕੀਸ ਬਾਨੋ ਦੀ ਹਿੰਮਤ ਤੇ ਨਿਆਂ ਲਈ ਲੜੀ ਜੰਗ ਆਧੁਨਿਕ ਸਿਆਸਤੀ ਮਾਹੌਲ ਵਿਚ ਨਾਗਰਿਕ ਵਜੋਂ ਆਪਣੇ ਹੱਕਾਂ ਲਈ ਜਦੋ-ਜਹਿਦ ਦੀ ਕਾਇਮ ਕੀਤੀ ਸ਼ਾਨਦਾਰ ਮਿਸਾਲ ਹੈ। 19 ਸਾਲਾਂ ਦੀ ਗਰਭਵਤੀ ਔਰਤ ਜਿਸ ਨਾਲ ਨਾ ਸਿਰਫ ਸਮੂਹਿਕ ਬਲਾਤਕਾਰ ਕੀਤਾ ਗਿਆ ਬਲਕਿ ਉਸਦੀ ਤਿੰਨ ਸਾਲ ਦੀ ਬੱਚੀ ਨੂੰ ਉਸ ਦੀਆਂ ਅੱਖਾਂ ਸਾਹਮਣੇ ਕੰਧ ਨਾਲ ਮਾਰ ਕੇ ਮਾਰ ਦਿੱਤਾ ਗਿਆ। ਉਸ ਦੀ ਦਰਾਣੀ ਜਿਸ ਨੇ ਹਾਲੇ ਤਿੰਨ ਦਿਨ ਪਹਿਲਾ ਬੱਚੀ ਨੂੰ ਜਨਮ ਦਿੱਤਾ ਸੀ, ਉਸ ਨਾਲ ਵੀ ਇਹੀ ਦਰਿੰਦਗੀ ਕੀਤੀ ਗਈ। ਬਿਲਕੀਸ ਬਾਨੋ ਦੀ ਮਾਂ ਸਮੇਤ ਘਰ ਦੀਆਂ ਬਾਕੀਆਂ ਔਰਤਾਂ ਵੀ ਸਮੂਹਿਕ ਬਲਾਤਕਾਰ ਕਰਕੇ ਮਾਰ ਦਿੱਤੀਆਂ ਗਈਆਂ। ਘਰ ਦੇ 14 ਮੈਂਬਰਾਂ ਦੀਆਂ ਲਾਸ਼ਾਂ ਵਿਚਕਾਰ ਲਗਾਤਾਰ ਪੂਰਾ ਦਿਨ ਬਿਲਕੀਸ ਮਰਿਆਂ ਵਾਂਗ ਪਈ ਰਹੀ। ਉਸ ਨੇ ਕਿਸੇ ਔਰਤ ਤੋਂ ਕੱਪੜੇ ਉਧਾਰ ਮੰਗੇ ਅਤੇ ਥਾਣੇ ਪਹੁੰਚ ਕੇ ਐਫ.ਆਈ.ਆਰ. ਕਰਵਾਉਣ ਦੀ ਕੋਸ਼ਿਸ ਕੀਤੀ। ਉਸ ਨੂੰ ਥਾਣੇ ਵਿਚੋਂ ਭਜਾ ਦਿੱਤਾ ਗਿਆ। ਇਹ ਮਾਮਲਾ ਉਦੋਂ ਤੂਲ ਫੜ ਗਿਆ ਜਦੋਂ ਮੀਡੀਆ ਕਰਮੀਆਂ ਨੇ ਇੰਨੀਆਂ ਲਾਸ਼ਾਂ ਦੇਖ ਕੇ ਸਥਾਨਕ ਪ੍ਰਸ਼ਾਸਨ ਨਾਲ ਸੰਪਰਕ ਕੀਤਾ।

ਵਾਰਦਾਤ ਤੋਂ ਚਾਰ ਦਿਨ ਬਾਅਦ ਉਸ ਦਾ ਹਸਪਤਾਲ ਵਿਚ ਮੁਆਇਨਾ ਹੋਇਆ। ਪ੍ਰਸਿੱਧ ਲੇਖਕ ਹਰਸ਼ ਮੰਦਰ ਦੁਆਰਾ ਲਿਖੀ ਕਿਤਾਬ 'ਬਿਟਵੀਨ ਮੈਮਰੀ ਐਂਡ ਫੋਰਗੈਟਿੰਗ: ਮਸੈਕਰ ਐਂਡ ਦਿ ਮੋਦੀ ਯੀਅਰਜ਼ ਇਨ ਗੁਜਰਾਤ' ਵਿਚ ਦਿੱਤੇ ਗਏ ਵੇਰਵਿਆਂ ਮੁਤਾਬਿਕ ਜੁਰਮ ਹੋਣ ਤੋਂ ਬਾਅਦ ਉਸ ਨੂੰ ਲੁਕਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਬਿਲਕੀਸ ਨੂੰ ਨੀਲੇ ਅਸਮਾਨ ਥੱਲੇ ਬਿਨਾ ਕਿਸੇ ਪੁਲਿਸ ਸੁਰੱਖਿਆ ਤੋਂ ਰਾਹਤ ਕੈਂਪ ਵਿਚ ਭੇਜ ਦਿੱਤਾ ਗਿਆ, ਬਿਨਾ ਇਸ ਤੱਥ ਦੀ ਪਰਵਾਹ ਕੀਤਿਆ ਕਿ ਮੁਜਰਮ ਇਹ ਪਤਾ ਲੱਗਣ 'ਤੇ ਕਿ ਉਹ ਜਿਊਂਦੀ ਹੈ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਕਤਲੇਆਮ ਦੀ ਇਕਲੌਤੀ ਚਸ਼ਮਦੀਦ ਗਵਾਹ ਹੈ, ਉਸ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਸ ਦੇ ਪਰਿਵਾਰਕ ਮੈਂਬਰਾਂ ਦੇ ਪੋਸਟ-ਮਾਰਟਮ ਨਾਲ ਸਬੰਧਿਤ ਸੈਂਪਲਾਂ ਅਤੇ ਸਬੂਤਾਂ ਨੂੰ ਸਰਕਾਰੀ ਡਾਕਟਰਾਂ ਦੁਆਰਾ ਖੁਰਦ-ਬੁਰਦ ਕਰ ਦਿੱਤਾ ਗਿਆ; ਇੱਥੋਂ ਤੱਕ ਕਿ ਜਦੋਂ 2004 ਵਿਚ ਇਹ ਕੇਸ ਸੀ.ਬੀ.ਆਈ. ਨੂੰ ਸੌਂਪਿਆ ਗਿਆ ਅਤੇ ਲਾਸ਼ਾਂ ਨੂੰ ਫਿਰ ਤੋਂ ਸ਼ਨਾਖਤ ਤੇ ਜਾਂਚ ਲਈ ਕਬਰਾਂ ਵਿਚੋਂ ਕੱਢਣਾ ਪਿਆ ਤਾਂ ਜਾਂਚ ਅਧਿਕਾਰੀ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਉਹਨਾਂ ਲਾਸ਼ਾਂ ਦੇ ਸਿਰ ਕੱਟੇ ਹੋਏ ਸਨ ਅਤੇ ਕਬਰਾਂ ਵਿਚ ਮਣਾਂ-ਮੂੰਹੀ ਨਮਕ ਡੋਲ੍ਹਿਆ ਗਿਆ ਸੀ।

ਇਸ ਦੇ ਬਾਵਜੂਦ ਉਸ ਦੀ ਵਕੀਲ, ਉਸ ਦਾ ਪਤੀ ਅਤੇ ਉਸ ਦੀ ਹਿੰਮਤ ਦੇਖੋ, ਉਹ ਲੜੇ ਅਤੇ ਜਿੱਤੇ, ਬਲਾਤਕਾਰੀਆਂ ਨੂੰ ਸਜ਼ਾ ਮਿਲੀ ਤੇ ਬਲਕੀਸ ਨੂੰ ਮੁਆਵਜ਼ਾ ਵੀ, ਭਾਵੇਂ ਉਸ ਨਾਲ ਹੋਏ ਜਬਰ ਦਾ ਕੀ ਮੁਆਵਜ਼ਾ ਹੋ ਸਕਦਾ ਹੈ? ਹੁਣ ਗੁਜਰਾਤ ਸਰਕਾਰ ਦੁਆਰਾ ਉਸ ਦੇ ਬਲਾਤਕਾਰੀਆਂ ਨੂੰ ਰਿਹਾਅ ਕਰਕੇ ਸਰਕਾਰ ਨੇ ਕੰਧ ਉੱਪਰ ਸਾਫ-ਸਾਫ ਲਿਖ ਦਿੱਤਾ ਹੈ ਕਿ ਭਾਰਤ ਦੀਆਂ ਔਰਤਾਂ ਦੀ ਉਹਨਾਂ ਦੇ ਹਿਟਲਰੀ ਨਿਜ਼ਾਮ ਵਿਚ ਕੀ ਔਕਾਤ ਹੈ? ਕੀ ਸਰਕਾਰ ਆਉਣ ਵਾਲੀਆਂ ਨਸਲਾਂ ਉਪਰ ਇਸ ਫੈਸਲੇ ਦੇ ਪ੍ਰਭਾਵ ਬਾਰੇ ਰਤਾ ਭਰ ਵੀ ਸੋਚਣ ਦੀ ਤਕਲੀਫ ਕਰੇਗੀ? ਕੀ ਇਸ ਫੈਸਲੇ ਨਾਲ ਬਲਾਤਕਾਰੀਆਂ ਅਤੇ ਸਮਾਜਿਕ ਦਹਿਸ਼ਤਗਰਦ ਤੱਤਾਂ ਨੂੰ ਹੋਰ ਮਜ਼ਬੂਤੀ ਨਹੀਂ ਮਿਲੇਗੀ? ਕੀ ਇਹ ਫੈਸਲਾ ਸਰਕਾਰ ਦੇ ਔਰਤ-ਵਿਰੋਧੀ ਰੁਖ ਨੂੰ ਸਪਸ਼ਟ ਨਹੀਂ ਕਰਦਾ? ਕੀ ਇਸ ਤੋਂ ਬਾਅਦ ਬਲਾਤਕਾਰ ਦੇ ਘਿਨਾਉਣੇ ਤਸ਼ੱਦਦ ਦਾ ਸ਼ਿਕਾਰ ਔਰਤਾਂ ਨਾਲ ਖੜ੍ਹਨ ਵਾਲੀਆਂ ਧਿਰਾਂ ਦੇ ਹੌਸਲੇ ਪਸਤ ਨਹੀ ਹੋਣਗੇ? ਭਾਰਤੀ ਸਮਾਜ ਦੀ ਔਰਤ-ਵਿਰੋਧੀ ਸੰਰਚਨਾ ਵਿਚ ਪਹਿਲਾਂ ਹੀ ਕਿੰਨੇ ਕੁ ਮਰਦ ਹਨ ਜਿਹਨਾਂ ਵਿਚ ਬਿਲਕੀਸ ਦੇ ਪਤੀ ਵਰਗੀ ਦਲੇਰੀ ਤੇ ਹਾਲਤਾਂ ਨਾਲ ਲੜਨ ਦੀ ਹਿੰਮਤ ਹੈ? ਕੀ ਇਹ ਫੈਸਲਾ ਅਜਿਹੇ ਇਨਸਾਫ-ਪਸੰਦਾਂ ਦੀ ਪਿੱਠ ਵਿਚ ਛੁਰਾ ਮਾਰਨ ਦਾ ਕੰਮ ਨਹੀਂ ਕਰਦਾ?

ਉਸ ਦੇ ਮੁਕੱਦਮੇ ਦੌਰਾਨ ਹੀ ਬਜ਼ੁਰਗ ਪਹਿਲੂ ਖਾਨ ਤੋਂ ਬਿਨਾ ਵੀ ਗਿਣ-ਮਿਥ ਕੇ ਘੱਟ-ਗਿਣਤੀਆਂ ਨੂੰ ਸਬਕ ਸਿਖਾਉਣ ਲਈ ਕਈ ਮਾਸੂਮਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਅਨੇਕਾਂ ਮਾਮਲਿਆਂ ਵਿਚ ਮੁਸਲਮਾਨਾਂ ਦੇ ਖਿਲਾਫ ਇੱਕਤਰਫਾ ਫਤਵੇ ਜਾਰੀ ਹੋਏ ਤੇ ਧਰਮ-ਨਿਰਪੱਖਤਾ, ਘੱਟ-ਗਿਣਤੀਆਂ ਦੇ ਅਧਿਕਾਰਾਂ ਦਾ ਦਾਇਰਾ ਦਿਨ-ਬਦਿਨ ਸੁੰਗੜਦਾ ਗਿਆ। ਗੋਇਬਲਜ਼ ਟਰੇਨਿੰਗ ਤਹਿਤ ਮੁੱਖਧਾਰਾ ਮੀਡੀਆ ਦੂਜਿਆਂ ਦੇ ਖਾਣ-ਪੀਣ, ਪਹਿਨਣ ਵਾਲੇ ਕੱਪੜਿਆਂ ਅਤੇ ਕੰਮ-ਕਾਜੀ ਸਥਿਤੀਆਂ ਤੇ ਗੈਰ-ਜ਼ਿੰਮੇਦਾਰ ਅਤੇ ਗੈਰ-ਕਾਨੂੰਨੀ ਢੰਗਾਂ ਨਾਲ ਟ੍ਰਾਇਲ ਚਲਾਉਂਦਾ ਰਿਹਾ ਜਿਸ ਨਾਲ ਗਰੀਬਾਂ, ਘੱਟ-ਗਿਣਤੀਆਂ, ਔਰਤਾਂ ਅਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਹਰ ਸ਼ਖਸ 'ਤੇ ਸਿਆਸੀ ਦਹਿਸ਼ਤ ਤਾਰੀ ਹੁੰਦੀ ਗਈ।

ਇਹਨਾਂ ਨਾਪਾਕ ਸ਼ਬਦਾਂ ਦੇ ਚੱਕਰਵਿਊ ਵਿਚ ਉਲਝੇ ਮੁਲਕ ਵਿਚ ਸਿਆਸਤ ਦਾ ਝੂਠ 'ਅੰਤਿਮ ਸੱਚ' ਵਿਚ ਬਦਲਣ ਲੱਗ ਪਿਆ। ਨਤੀਜਾ ਲੋਕਾਂ ਨੂੰ ਮੌਤਾਂ ਦੀ ਆਦਤ ਹੋ ਗਈ। ਆਮ ਘਰਾਂ ਦੀ ਗੱਲਬਾਤ ਤੇ ਕੰਮ-ਕਾਰ ਵਾਲੇ ਸਥਾਨਾਂ ਤੇ ਇਹਨਾਂ ਹਾਲਤਾਂ ਬਾਰੇ ਗੱਲਬਾਤ ਤੋਂ ਲੋਕ ਟੱਲਣ ਲੱਗੇ। ਭਾਰਤੀਪੁਣੇ ਦੀ ਲੋਅ ਮੱਧਮ ਹੁੰਦੀ ਗਈ ਤੇ ਧਾਰਮਿਕ ਪਛਾਣ, ਜਾਤੀ ਪਛਾਣ, ਆਰਥਿਕਤਾ, ਸਫਲਤਾ, ਵੱਡੇ ਪੁਲਾਂ, ਵੱਡੀਆਂ ਗੱਡੀਆਂ, ਵੱਡੇ ਸਮਾਗਮਾਂ, ਲੱਛੇਦਾਰ ਭਾਸ਼ਣਾਂ ਪਿੱਛੇ ਮਜ਼ਲੂਮਾਂ ਨਾਲ ਹੁੰਦੀ ਗੁੰਡਾਗਰਦੀ ਤੇ ਦਰਿੰਦਗੀ ਛੁਪ ਗਈ। ਇਹ ਭਾਰਤੀ ਜਮਹੂਰੀਅਤ ਦੇ ਐਲਾਨੀਆ ਤੌਰ 'ਤੇ ਫਾਸ਼ੀਵਾਦ ਅੱਗੇ ਗੋਡੇ ਟੇਕਣ ਦਾ ਦੌਰ ਹੈ ਜਿਸ ਉਪਰ ਬਿਲਕੀਸ ਦੇ ਬਲਾਤਕਾਰੀਆਂ ਦੇ ਸਵਾਗਤਾਂ ਨੇ ਮੋਹਰ ਲਗਾ ਦਿੱਤੀ ਹੈ। ਕੀ ਇਸ ਰਾਤ ਦੀ ਕੋਈ ਸੁਬਹ ਹੈ?

# ਜਦੋਂ ਬੁਰਾਈ ਦਿਸਣੋਂ ਹਟ ਜਾਂਦੀ ਹੈ...



ਸੁਕਾਂਤਾ ਚੌਧਰੀ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਮੈਂ ਇਹ ਦਾਅਵਾ ਕਰਨ ਵਾਲਾ ਆਖਰੀ ਭਾਰਤੀ ਹਾਂ ਕਿ ਗੁਜਰਾਤ ਵਿਚ ਗਿਆਰਾਂ ਦੋਸ਼ੀਆਂ ਦੀ ਰਿਹਾਈ ਨੇ ਬਤੌਰ ਨਾਗਰਿਕ ਮੇਰੇ ਰਵਾਇਤੀ ਗੌਰਵ ਨੂੰ ਹਿਲਾ ਦਿੱਤਾ ਹੈ। ਮੈਂ ਸਥਿਤੀ ਦੀਆਂ ਤਮਾਮ ਕਾਨੂੰਨੀ ਗੁੰਝਲਾਂ ਨੂੰ ਸੁਲਝਾਉਣ ਦੇ ਲਾਇਕ ਨਹੀਂ ਹਾਂ।; ਲੇਕਿਨ ਇਕ ਗੱਲ ਸਾਫ ਨਜ਼ਰ ਆਉਂਦੀ ਹੈ: ਉਨ੍ਹਾਂ ਨੂੰ ਰਿਹਾਅ ਕਰਨ ਦੀ ਉੱਕਾ ਹੀ ਕੋਈ ਮਜਬੂਰੀ ਨਹੀਂ ਸੀ।

2014 'ਚ ਗੁਜਰਾਤ ਅਤੇ 2022 'ਚ ਕੇਂਦਰ ਸਰਕਾਰ ਦੇ ਪਾਸ ਕੀਤੇ ਦਿਸ਼ਾ-ਨਿਰਦੇਸ਼ ਸਪਸ਼ਟ ਤੌਰ 'ਤੇ ਬਲਾਤਕਾਰੀਆਂ ਤੇ ਹਤਿਆਰਿਆਂ ਨੂੰ ਸਜ਼ਾ 'ਚ ਛੋਟ ਦੇਣ ਉੱਪਰ ਰੋਕ ਲਾਉਂਦੇ ਹਨ (ਜੇ ਸਾਨੂੰ ਚੇਤੇ ਕਰਾਉਣ ਦੀ ਜ਼ਰੂਰਤ ਹੈ ਤਾਂ ਵਿਚਾਰ ਅਧੀਨ ਜੁਰਮ ਪੰਜ ਔਰਤਾਂ ਦਾ ਸਮੂਹਿਕ ਬਲਾਤਕਾਰ ਤੇ ਚੌਦਾਂ ਕਤਲ ਹਨ। ਇਸ ਘਿਨਾਉਣੇ ਜੁਰਮ ਦਾ ਸ਼ਿਕਾਰ ਹੋਣ ਵਾਲਿਆਂ 'ਚ ਤਿੰਨ ਸਾਲ ਦਾ ਬੱਚਾ ਅਤੇ ਇਕ ਦਿਨ ਦਾ ਨਵ-ਜੰਮਿਆ ਬਾਲ ਸ਼ਾਮਿਲ ਹੈ)। ਇਸ ਕੇਸ ਬਾਬਤ ਸੁਪਰੀਮ ਕੋਰਟ ਦੇ 1992 ਦੇ ਦਿਸ਼ਾ-ਨਿਰਦੇਸ਼ ਇਸ ਵਿਸ਼ੇ ਬਾਰੇ ਚੁੱਪ ਹਨ। ਇਸ ਨੇ ਸਮੀਖਿਆ ਕਮੇਟੀ ਨੂੰ ਕੇਂਦਰ ਅਤੇ ਰਾਜ, ਦੋਹਾਂ ਸਰਕਾਰਾਂ ਦੇ ਮੌਜੂਦਾ ਪੈਂਤੜੇ ਦੀ ਭਾਵਨਾ 'ਚ ਛੋਟ ਦੇਣ ਤੋਂ ਇਨਕਾਰ ਕਰਨ ਲਈ ਖੁੱਲ੍ਹੇ ਛੱਡ ਦਿੱਤਾ, ਭਾਵੇਂ ਉਹ ਇਸ ਲਿਖਤ ਦੇ ਪਾਬੰਦ ਨਹੀਂ ਸਨ। ਅਜਿਹਾ ਨਾ ਕਰਨਾ ਇੱਕੋ-ਇਕ ਉਨ੍ਹਾਂ ਦਾ ਫੈਸਲਾ ਸੀ।

ਵਕੀਲਾਂ ਨੂੰ ਹੋਰ ਨੁਕਤਿਆਂ ਉੱਪਰ ਬਹਿਸ ਕਰਨ ਦਿਓ ਜੋ ਵਕੀਲਾਂ ਨੇ ਉਠਾਏ ਹਨ। ਕੀ ਟਰਾਇਲ ਜੱਜ ਦੀ ਸਲਾਹ ਲਈ ਗਈ ਸੀ? ਜਾਂ ਕੇਂਦਰ ਸਰਕਾਰ ਦੀ? ਕੀ ਇਸ ਕੇਸ ਨੂੰ ਮਹਾਰਾਸ਼ਟਰ ਦੀ ਬਜਾਇ ਗੁਜਰਾਤ ਰੈਫਰ ਕਰਨਾ ਸਹੀ ਸੀ ਜਿੱਥੇ ਸੁਪਰੀਮ ਕੋਰਟ ਵੱਲੋਂ ਇਹ ਰਾਇ ਦਿੱਤੇ ਜਾਣ ਤੋਂ ਬਾਅਦ ਮੂਲ ਸੁਣਵਾਈ ਹੋਈ ਸੀ ਕਿ ਗੁਜਰਾਤ ਵਿਚ ਨਿਰਪੱਖ ਸੁਣਵਾਈ ਸੰਭਵ ਨਹੀਂ ਹੈ? ਜੇ ਆਖਿਰਕਾਰ ਪੂਰੀ ਪ੍ਰਕਿਰਿਆ ਨੂੰ ਕਾਨੂੰਨ ਦੇ ਅਨੁਸਾਰ ਮੰਨਿਆ ਜਾਂਦਾ ਹੈ ਤਾਂ ਇਹ ਸਭ ਤੋਂ ਭੈੜਾ ਨਤੀਜਾ ਹੋਵੇਗਾ। ਇਹ ਸੰਕੇਤ ਹੋਵੇਗਾ ਕਿ ਭਾਰਤ ਦੀ ਕਾਨੂੰਨੀ ਪ੍ਰਣਾਲੀ ਨਾਗਰਿਕਾਂ ਨੂੰ ਭਿਆਨਕ ਜੁਰਮਾਂ ਤੋਂ ਲੋੜੀਂਦੀ ਸੁਰੱਖਿਆ ਅਤੇ ਦਿਲਾਸਾ ਨਹੀਂ ਦਿੰਦੀ ਹੈ।

ਆਖਿਰਕਾਰ ਕਾਨੂੰਨ ਓਨੇ ਹੀ ਚੰਗੇ ਹੁੰਦੇ ਹਨ ਜਿੰਨਾ ਉਹ ਮਾਹੌਲ ਜਿਸ ਵਿਚ ਉਹ ਕੰਮ ਕਰਦੇ ਹਨ। ਆਓ ਫੈਸਲੇ ਕਰਨ ਵਾਲਿਆਂ ਤੋਂ ਸ਼ੁਰੂ ਕਰਦੇ ਹਾਂ। ਇਕ ਸੀਨੀਅਰ ਅਫਸਰ ਨੇ ਦੱਸਿਆ ਕਿ ਛੋਟ ਦੇਣ ਤੋਂ ਪਹਿਲਾਂ ਜੁਰਮ ਦੇ ਸੁਭਾਅ ਸਮੇਤ ਸਾਰੇ ਮਾਪਦੰਡਾਂ ਉੱਪਰ ਸੋਚ-ਵਿਚਾਰ ਕੀਤੀ ਗਈ ਸੀ। ਇਸ ਉਦਾਰ ਨਿਜ਼ਾਮ ਅਧੀਨ ਕਿਹੜਾ ਕਲਪਨਾਹੀਣ ਗਲਤ ਕੰਮ ਸਜ਼ਾ 'ਚ ਛੋਟ ਤੋਂ ਵਾਂਝਾ ਰਹਿ ਜਾਵੇਗਾ, ਇਹ ਹੈਰਾਨੀਜਨਕ ਹੈ? ਕਮੇਟੀ ਦੇ ਇਕ ਮੈਂਬਰ ਨੇ ਦੋਸ਼ੀਆਂ (ਜਿਨ੍ਹਾਂ ਦੇ ਅਪਰਾਧ ਬੋਧ ਬਾਰੇ ਉਸ ਨੇ ਸ਼ੱਕ ਕਰਨ ਦੀ ਖੁੱਲ੍ਹ ਲਈ) ਦੀ ਚੰਗੇ ਸੰਸਕਾਰਾਂ ਵਾਲੇ ਬ੍ਰਾਹਮਣਾਂ ਵਜੋਂ ਤਾਰੀਫ ਕੀਤੀ। ਭਾਰਤ ਅਤੇ ਸੰਸਾਰ ਬ੍ਰਾਹਮਣਾਂ ਦੀਆਂ ਸਭਾਵਾਂ ਨਾਲ ਭਰੇ ਪਏ ਹਨ। ਕਿਸੇ ਨੇ ਵੀ ਇਸ ਦਾ ਵਿਰੋਧ ਨਹੀਂ ਕੀਤਾ ਕਿ ਉਨ੍ਹਾਂ ਦੇ ਸੰਸਕਾਰ ਬਲਾਤਕਾਰ ਅਤੇ ਕਤਲ ਦੀ ਨਿੰਦਾ ਕਰਦੇ ਹਨ।

ਹੁਣ ਨਾਟਕ ਸਾਹਮਣੇ ਆਉਂਦਾ ਹੈ। ਜੇਲ੍ਹ ਤੋਂ ਬਾਹਰ ਨਿਕਲਣ 'ਤੇ ਮਰਦਾਂ ਨੂੰ ਹਾਰ ਪਹਿਨਾਏ ਗਏ ਅਤੇ ਮਿਠਾਈਆਂ ਖੁਆਈਆਂ ਗਈਆਂ। ਟੀ.ਵੀ. ਬਹਿਸਾਂ ਵਿਚ ਸੱਜੇ ਪੱਖੀ ਵਕੀਲਾਂ ਨੇ ਸਾਨੂੰ ਬਿਲਕੀਸ ਬਾਨੋ ਦੀ ਪੀੜਾ ਉਪਰ ਭਾਵੁਕ ਨਾ ਹੋਣ ਦੀ ਮੱਤਾਂ ਦਿੱਤੀਆਂ, ਭਾਵੇਂ ਉਨ੍ਹਾਂ ਨੇ ਦੋਸ਼ੀ ਕਰਾਰ ਦਿੱਤੇ ਵਿਅਕਤੀਆਂ ਵੱਲੋਂ ਜੇਲ੍ਹ 'ਚ ਗੁਜ਼ਾਰੇ 'ਪੰਦਰਾਂ ਲੰਮੇ ਸਾਲਾਂ' ਦਾ ਰੋਣਾ ਰੋਇਆ।

ਹਾਲਾਂਕਿ, ਅਸਲੀ ਸਵਾਲ ਵਿਆਪਕ ਜਨਤਾ ਨਾਲ ਸਬੰਧਿਤ ਹੈ। ਨਿਰਭੈ ਦੇ ਸੰਤਾਪ ਤੋਂ ਬਾਅਦ ਪੂਰੇ ਮੁਲਕ 'ਚ ਰੋਹ ਫੈਲ ਗਿਆ ਸੀ। ਹਾਥਰਸ ਕੇਸ ਨੇ ਕੁਝ ਇਸੇ ਤਰ੍ਹਾਂ ਦਾ ਗੁੱਸਾ ਪੈਦਾ ਕੀਤਾ। ਇਸ ਵਾਰ ਆਮ ਲੋਕਾਂ ਦਾ ਪ੍ਰਤੀਕਰਮ ਮੁਕਾਬਲਤਨ ਮੌਨ ਹੈ। ਇਹ ਸੱਚ ਹੈ ਕਿ ਪੂਰੇ ਭਾਰਤ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਕਲਕੱਤੇ ਅਤੇ ਇਸੇ ਤਰ੍ਹਾਂ ਹੋਰ ਕਈ ਸ਼ਹਿਰਾਂ 'ਚ ਬਹੁਤ ਸਾਰੇ ਇਕੱਠ ਅਤੇ ਰੈਲੀਆਂ ਹੋਈਆਂ ਹਨ; ਲੇਕਿਨ ਕੁਲ ਮਿਲਾ ਕੇ ਇਹ ਰੋਸ ਪ੍ਰਦਰਸ਼ਨ ਸਰਗਰਮ ਹਲਕਿਆਂ ਤੋਂ ਅੱਗੇ ਜਾ ਕੇ ਆਮ ਚੇਤਨਾ ਤੱਕ ਨਹੀਂ ਪਹੁੰਚੇ ਹਨ। ਕੀ ਇਸ ਨਾਲ ਵਿਆਪਕ ਭਾਰਤੀ ਅਵਾਮ ਬੁਰਾਈ ਵਿਚ ਸ਼ਾਮਿਲ ਹੋ ਜਾਂਦਾ ਹੈ?



ਬਿਲਕੀਸ ਬਾਨੋ ਕੇਸ ਦੇ ਅਪਰਾਧੀਆਂ ਨੂੰ ਮਠਿਆਈ ਖੁਆਉਣ ਦੀ ਝਲਕ।

ਕੁਝ ਧੁੰਦਲੇ ਹੋ ਗਏ ਕਾਰਕ ਸਪਸ਼ਟ ਹਨ। ਜੁਰਮ ਵੀਹ ਸਾਲ ਪਹਿਲਾਂ ਹੋਏ ਸਨ। ਉਹ ਵੀਹ ਸਾਲ ਲਗਾਤਾਰ ਭਿਆਨਕਤਾ ਨਾਲ ਭਰੇ ਹੋਏ ਹਨ ਜਿਸ ਨੇ ਸਾਡੇ ਰੋਹ ਦੀ ਭਾਵਨਾ ਨੂੰ ਸੁੰਨ ਕਰ ਦਿੱਤਾ ਹੈ। ਅਸੀਂ ਭੂਚਾਲ ਜਾਂ ਤੂਫਾਨ ਵਾਂਗ ਹੀ ਨਵੇਂ ਜ਼ੁਲਮਾਂ ਪ੍ਰਤੀ ਪ੍ਰਤੀਕਰਮ ਦਿੰਦੇ ਹਾਂ: ਕੁਦਰਤੀ, ਅਟੱਲ; ਜੇ ਸਾਡੇ ਘਰ ਦੇ ਨੇੜੇ ਨਾ ਹੋਵੇ ਤਾਂ ਗ਼ੈਰ-ਜ਼ਰੂਰੀ ਰੂਪ 'ਚ ਪ੍ਰੇਸ਼ਾਨ ਕਰਨ ਵਾਲਾ ਨਹੀਂ।

ਇਹ ਖਾਸ ਤਰਤੀਬ ਮੁੱਖ ਹਿੱਸਿਆਂ ਦੀ ਜ਼ਿੰਦਗੀ ਤੋਂ ਕਾਫੀ ਦੂਰ ਹੈ ਜਦਕਿ ਨਿਰਭੈ ਤਾਂ ਸ਼ਹਿਰ 'ਚ ਘੁੰਮਦੀ ਕੋਈ ਲੜਕੀ ਹੋ ਸਕਦੀ ਹੈ, ਬਿਲਕਿਸ ਬਾਨੋ ਦਾ ਸੰਤਾਪ ਸ਼ਹਿਰੀ ਮੱਧ ਵਰਗ ਨਾਲ ਸਾਂਝਾ ਨਹੀਂ ਹੈ। 'ਸਾਨੂੰ' ਆਪਣੇ ਆਪ ਨੂੰ ਸਿਰਫ ਉੱਥੇ ਤੱਕ ਹੀ ਉਲਝਾਉਣ ਦੀ ਜ਼ਰੂਰਤ ਹੁੰਦੀ ਹੈ ਜਿੱਥੋਂ ਤੱਕ ਅਸੀਂ ਆਪਣੀ ਸਮਾਜੀ ਚੇਤਨਾ ਨੂੰ ਸ਼ਾਮਿਲ ਕਰਨਾ ਚਾਹੁੰਦੇ ਹਾਂ। ਇਹ ਕਾਬਲੇ-ਤਾਰੀਫ ਹੈ ਲੇਕਿਨ ਇਹ ਮਨ ਨੂੰ ਉਸੇ ਤਰ੍ਹਾਂ ਰੋਹ ਅਤੇ ਵਿਰੋਧ ਉੱਪਰ ਕੇਂਦਰਤ ਨਹੀਂ ਕਰਦਾ ਹੈ।

ਅਸੀਂ ਇਹ ਸਬੰਧ ਨਾ ਜੁੜਦਾ ਹੋਣ ਉੱਪਰ ਸ਼ਾਇਦ ਹੀ ਕਿੰਤੂ-ਪ੍ਰੰਤੂ ਕਰ ਸਕਦੇ ਹਾਂ। ਇਹ ਵਧੇਰੇ ਭਾਗਸ਼ਾਲੀ ਸਮਾਜਾਂ ਵੱਲੋਂ ਕੁਲ ਵਿਰੋਧ ਅਤੇ ਸਰਗਰਮੀ 'ਚ ਅਟੱਲ (ਅਤੇ ਦਿਆਲੂ) ਕਾਰਕ ਹੈ। ਅੱਜ ਹਾਲਾਂਕਿ ਨਵਾਂ ਭਿਆਨਕ ਵਿਕਾਸ ਸਮਾਜੀ ਪਾੜੇ ਨੂੰ ਖਤਮ ਨਾ ਕਰਕੇ ਸਗੋਂ ਫੈਲਾ ਰਿਹਾ ਹੈ। ਜਮਾਤ, ਧਨ ਅਤੇ ਜੀਵਨ ਸ਼ੈਲੀ ਪੱਖੋਂ ਭਾਵੇਂ ਇਹ ਕਿੰਨਾ ਦੂਰ (ਦਰਅਸਲ ਸ਼ੋਸ਼ਣਕਾਰੀ) ਹੈ, ਵਿਸ਼ੇਸ਼ ਅਧਿਕਾਰਾਂ ਵਾਲੇ ਇਕ ਹਿੱਸੇ ਨੇ ਜਨਤਾ ਦੇ ਇਕ ਵੱਡੇ ਹਿੱਸੇ ਨਾਲ ਬਹੁਗਿਣਤੀਵਾਦੀ ਰਿਸ਼ਤਾ ਗੰਢ ਲਿਆ ਹੈ। ਇਸ ਗੱਠਜੋੜ ਲਈ ਸਮਾਜ 'ਚੋਂ ਛੇਕੇ ਘੱਟਗਿਣਤੀ ਲੋਕ ਅਜਨਬੀ, ਬੇਮੇਲ ਹਨ: ਦੁਸ਼ਮਣ, ਬੇਗਾਨੇ। ਬਿਲਕਿਸ ਵਾਂਗ ਜੋ ਇਸ ਵੰਡ ਤੋਂ ਪਾਰ ਹਨ, ਉਹ ਆਪਣੇ ਕਾਲਪਨਿਕ ਸਾਥੀ ਨਾਗਰਿਕਾਂ ਦੇ ਇਸ ਠੋਸ ਮੋਰਚੇ ਤੋਂ ਨਾ ਤਾਂ ਨਿਆਂ ਦੀ ਅਤੇ ਨਾ ਹੀ ਮਨੁੱਖੀ ਰਿਸ਼ਤੇ ਦੀ ਉਮੀਦ ਕਰ ਸਕਦੇ ਹਨ। ਪਿਛਲਿਆਂ ਦੀ ਮੌਨ ਸਹਿਮਤੀ ਉਸ ਨਾਲ ਜ਼ੁਲਮ ਕਰਨ ਦੇ ਵਾਲਿਆਂ ਨਾਲ ਹੈ।

ਅਸੀਂ ਇਹ ਨਹੀਂ ਦੱਸ ਸਕਦੇ ਕਿ ਕਿੰਨੇ ਭਾਰਤੀ ਇਸ ਤਰ੍ਹਾਂ ਅਤੇ ਕਿੰਨੇ ਵੱਖ-ਵੱਖ ਅੰਸ਼ਾਂ 'ਚ ਬਦਲ ਗਏ ਹਨ; ਲੇਕਿਨ ਨਿਰਸੰਦੇਹ, ਇਹ ਵੱਡੇ ਪੈਮਾਨੇ 'ਤੇ ਹੋ ਚੁੱਕਾ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਰੋਗ ਉਨ੍ਹਾਂ ਨਾਗਰਿਕਾਂ ਨੂੰ ਚਿੰਬੜਦਾ ਹੈ ਜੋ 'ਉਂਞ' ਜ਼ਿੰਮੇਵਾਰ ਅਤੇ ਸਾਊ ਹਨ: ਇਸ ਨੂੰ ਐਸੇ ਨਾਗਰਿਕਾਂ ਦੇ ਪਛਾਣ-ਚਿੰਨ੍ਹ ਦੇ ਰੂਪ 'ਚ ਦੇਖਿਆ ਜਾਂਦਾ ਹੈ। ਰੋਜ਼ਾਨਾ ਐਪੀਸੋਡ ਟੀ.ਵੀ. ਅਤੇ ਸੋਸ਼ਲ ਮੀਡੀਆ ਉੱਪਰ ਜ਼ਹਿਰ ਦੇ ਵਹਿਣ ਨੂੰ ਦਰਸਾਉਂਦੇ ਹੋਏ ਅਲਾਰਮ ਵਜਾ ਕੇ ਸੁਚੇਤ ਕਰਦੇ ਹਨ। ਮੈਨੂੰ ਚੇਤੇ ਆਉਂਦੀ ਹੈ ਕਤਾਰ 'ਚ ਖੜ੍ਹੀ ਇਕ ਦਾਦੀ ਦੀ ਅਕਾਰਨ, ਅਸਾਧਾਰਨ ਫਿਰਕੂ ਟਿੱਪਣੀ; ਬਾਜ਼ਾਰ ਤੋਂ ਘਰ ਜਾ ਰਹੇ ਸੱਭਿਆ ਸੋਚ ਵਾਲੇ ਗੁਆਂਢੀ ਦੀ ਬੇਕਾਬੂ ਸ਼ੇਖੀ; ਮੁਹੱਲਾ ਵਾਸੀਆਂ ਦੇ ਗਰੁੱਪ ਦਰਮਿਆਨ ਗੁਆਂਢ ਤੋਂ ਗ਼ੈਰ-ਹਾਜ਼ਰ ਫਿਰਕੇ ਬਾਰੇ ਪੱਖਪਾਤੀ ਵ੍ਹੱਟਸਐਪ ਸੰਦੇਸ਼।

ਇਹ ਪੁੱਛੇ ਜਾਣ 'ਤੇ ਕਿ ਕੀ ਉਹ ਸਮੂਹਿਕ ਬਲਾਤਕਾਰ ਅਤੇ ਬਾਲ ਹੱਤਿਆ ਦੀ ਹਮਾਇਤ ਕਰਦੇ ਹਨ, ਇਹ ਮਾਣਯੋਗ ਨਾਗਰਿਕ ਘੋਰ ਨਿੰਦਾ ਕਰਨਗੇ ਲੇਕਿਨ ਕਿਤੇ ਗਹਿਰਾਈ 'ਚ ਉਹ ਇਨ੍ਹਾਂ ਜੁਰਮਾਂ ਨੂੰ ਇਕ ਚੰਗੇ ਕਾਜ ਦੇ ਅੰਦਰ ਅਫਸੋਸਨਾਕ ਜ਼ਿਆਦਤੀਆਂ ਦੇ ਰੂਪ 'ਚ ਦੇਖਦੇ ਹਨ; ਅਤੇ ਉਨ੍ਹਾਂ ਵਿਚੋਂ ਇਕ ਅਗਿਆਤ ਗਿਣਤੀ ਹੈ ਜੋ ਖੁਦ ਇਸ ਤਰ੍ਹਾਂ ਦੇ ਕਾਰਿਆਂ ਨੂੰ ਅਮਲ 'ਚ ਨਹੀਂ ਤਾਂ ਸੋਚ 'ਚ ਕਰਦੀ ਹੈ, ਉਨ੍ਹਾਂ ਨੂੰ ਵੱਖਰਾ ਕਰਕੇ ਦਿਖਾਉਣਾ ਅਸੰਭਵ ਹੈ।

ਦਾਰਸ਼ਨਿਕ ਹੱਨਾ ਅਰੈਂਦਤ 'ਬੁਰਾਈ ਦੇ ਤੁੱਛ ਹੋਣ' ਦੀ ਗੱਲ ਕਰਦੀ ਹੈ। ਇਹ ਮਨੋ-ਸਥਿਤੀ ਹੈ ਜਿੱਥੇ ਲੋਕ ਸ਼ਰੇਆਮ ਬੁਰਾਈ ਬਣੇ ਬਿਨਾ ਬੁਰਾਈ ਕਰਦੇ ਹਨ: 'ਕਿਸੇ ਹੋਰ ਦੇ ਨਜ਼ਰੀਏ ਤੋਂ ਸੋਚਣ ਦੀ ਅਯੋਗਤਾ' ਨਾਲ ਏਨੇ ਹਾਲਾਤ ਅਨੁਕੂਲ ਢਲ ਚੁੱਕੇ ਆਮ ਲੋਕ। ਇਸ ਤਰ੍ਹਾਂ ਗ਼ੈਰ-ਇਨਸਾਨੀਅਤ ਸੱਤਾ, ਲਾਭ ਜਾਂ ਹਰਮਨਪਿਆਰਤਾ ਲਈ ਸਵੀਕਾਰਨਯੋਗ ਬਣ ਜਾਂਦੀ ਹੈ: ਵੋਟਾਂ ਲੈਣ ਲਈ, ਆਕਾ ਨੂੰ ਖੁਸ਼ ਕਰਨ ਲਈ, ਫਿਰਕੂ ਸ਼ਨਾਖਤ ਦੀ ਚਮਕ-ਦਮਕ ਦਾ ਆਨੰਦ ਲੈਣ ਲਈ। ਇਸ ਸੁੱਖ ਲਈ ਦੂਜਿਆਂ ਵੱਲੋਂ ਚੁਕਾਇਆ ਗਿਆ ਮੁੱਲ ਐਸੇ ਵਿਅਕਤੀ ਦੀ ਸਮਝ ਤੋਂ ਪਰੇ ਹੁੰਦਾ ਹੈ।

ਅਰੈਂਦਤ ਇਸ ਰੋਗ-ਵਿਗਿਆਨ ਨੂੰ ਪੂਰਨ ਵਿਕਸਿਤ ਰੂਪ 'ਚ ਨਾਜ਼ੀ ਯੁੱਧ ਅਪਰਾਧੀ ਐਡੋਲਫ ਇਚਮੈਨ 'ਚ ਦੇਖਦੀ ਹੈ ਲੇਕਿਨ ਵਾਇਰਸ ਹਰ ਥਾਂ ਹਰ ਕਿਸੇ ਦੇ ਅੰਦਰ ਛੁਪ ਕੇ ਬੈਠਾ ਹੈ। ਬੁਰਾਈ ਨੂੰ ਆਮ ਬਣਾਉਣ ਦੇ ਹਰ ਸਮਾਜ ਦੇ ਆਪਣੇ ਤਰੀਕੇ ਹੁੰਦੇ ਹਨ। ਭਾਰਤ ਵਿਚ ਅਸੀਂ ਉਸ ਨਿਸ਼ਾਨੇ ਲਈ ਮੁੱਖ ਨਵੀਂ ਯੁੱਧਨੀਤੀ ਨੂੰ ਮੁਕੰਮਲ ਕਰਨ 'ਚ ਲੱਗੇ ਹੋਏ ਹਾਂ, ਕਈ ਪਰਖੀਆਂ ਹੋਈਆਂ ਯੁੱਧਨੀਤੀਆਂ ਨੂੰ ਸ਼ਾਮਿਲ ਕਰਕੇ।

ਐਸੀ ਸਿਆਸਤ 'ਚ ਕੋਈ ਵੀ ਨਾਗਰਿਕ ਮਹਿਫੂਜ਼ ਨਹੀਂ ਹੁੰਦਾ ਜਿੱਥੇ ਬੁਰਾਈ ਨੂੰ ਐਨੀ ਲਾਪਰਵਾਹੀ ਨਾਲ ਆਪਣੇ ਅੰਦਰ ਸਮੋ ਲਿਆ ਜਾਂਦਾ ਹੈ। ਬਹੁਗਿਣਤੀਵਾਦ ਦੇ ਦਾਇਰੇ 'ਚ ਵੀ ਅਸੀਂ ਕਿਸੇ ਨਾ ਕਿਸੇ ਕਾਰਨ ਇਕ ਸਾਥੀ-ਮਨੁੱਖ ਦੀ ਨਫਰਤ ਅਤੇ ਹਿੰਸਾ ਦੇ ਪ੍ਰਭਾਵ ਹੇਠ ਸਹਿਜੇ ਹੀ ਕਿਸੇ ਹੋਰ ਦੇ ਬੇਗਾਨੇ ਅਤੇ ਵਿਰੋਧੀ ਬਣ ਜਾਂਦੇ ਹਾਂ। ਜ਼ਹਿਰ ਸਾਨੂੰ ਸਾਰਿਆਂ ਨੂੰ ਖਤਰੇ 'ਚ ਪਾ ਦਿੰਦਾ ਹੈ।

# ਸ਼ਹਿਰੀ ਪੰਜਾਬ ਅਤੇ ਸਿੱਖਿਆ

ਸ਼ਮੀਲਾ ਖ਼ਾਨ/ਨਵਨੀਤ ਕੌਰ

ਡਾ. ਮਨਦੀਪ ਕੌਰ ਨੇ ਹੁਣੇ-ਹੁਣੇ ਪੰਜਾਬੀ ਯੂਨਿਵਰਸਿਟੀ ਪਟਿਆਲਾ ਤੋਂ 'ਸ਼ਹਿਰੀ ਪੰਜਾਬ ਵਿਚ ਸੈਕੰਡਰੀ ਸਿੱਖਿਆ ਦਾ ਪਸਾਰਾ ਅਤੇ ਵਿਕਾਸ ਦਾ ਅਧਿਐਨ: 2001-15' ਵਿਸ਼ੇ 'ਤੇ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ ਹੈ। ਉਹ ਮਸਤੂਆਣਾ ਦੇ ਅਕਾਲ ਕਾਲਜ ਆਫ ਐਜੂਕੇਸ਼ਨ ਵਿਚ ਬਤੌਰ ਸਹਾਇਕ ਪ੍ਰੋਫੈਸਰ ਪੜ੍ਹਾ ਰਹੀ ਹੈ। ਆਪਣੇ ਪਰਿਵਾਰ ਵਿਚ ਸਕੂਲ-ਕਾਲਜ ਵਿਚ ਪਹੁੰਚਣ ਵਾਲੀ ਪਹਿਲੀ ਪੀੜ੍ਹੀ ਦੀ ਡਾ. ਮਨਦੀਪ ਕੌਰ ਦਾ ਸਫ਼ਰ ਕਾਮਯਾਬੀ ਅਤੇ ਸਿਰੜ ਦੀ ਮਿਸਾਲ ਹੈ। ਵਿਗਿਆਨ ਦੀ ਪੜ੍ਹਾਈ ਕਰਨ ਵਾਲੀ ਮਨਦੀਪ ਕੌਰ ਨੇ ਸਕੂਲ ਸਿੱਖਿਆ ਭਵਾਨੀਗੜ੍ਹ ਤੋਂ ਹਾਸਿਲ ਕੀਤੀ, ਨਾਨ ਮੈਡੀਕਲ ਦੀ ਬੀ.ਐੱਸਸੀ. ਰਿਪੂਦਮਨ ਕਾਲਜ ਅਤੇ ਰਾਸਾਇਣ ਵਿਗਿਆਨ ਦੀ ਐੱਮ.ਐੱਸਸੀ. ਪੰਜਾਬੀ ਯੂਨੀਵਰਸਿਟੀ ਤੋਂ ਕੀਤੀ। ਉਨ੍ਹਾਂ ਬੀ.ਐੱਡ. ਅਕਾਲ ਕਾਲਜ ਆਫ ਐਜੂਕੇਸ਼ਨ ਤੋਂ ਕਰਨ ਪਿੱਛੋਂ ਐੱਮ.ਐੱਡ. ਸਟੇਟ ਕਾਲਜ ਪਟਿਆਲਾ ਤੋਂ ਕੀਤੀ। ਇਸ ਤੋਂ ਬਾਅਦ ਪੀਐੱਚ.ਡੀ. ਡਾ. ਕੁਲਦੀਪ ਸਿੰਘ ਦੀ ਨਿਗਰਾਨੀ ਵਿਚ ਕੀਤੀ। ਆਪਣੇ ਪੀਐੱਚ.ਡੀ. ਵਿਸ਼ੇ ਤਹਿਤ ਉਨ੍ਹਾਂ ਸ਼ਹਿਰੀਕਰਨ ਦੇ ਰੁਝਾਨ ਅਤੇ ਸੈਕੰਡਰੀ ਸਿੱਖਿਆ ਦੇ ਪਸਾਰ ਨੂੰ ਸਮਝਣ ਦਾ ਤਰੱਦਦ ਕੀਤਾ ਹੈ। ਉਨ੍ਹਾਂ ਦੇ ਇਸ ਅਧਿਐਨ ਤੋਂ ਸਪਸ਼ਟ ਹੋਏ ਰੁਝਾਨ ਨਾਲ ਸਿੱਖਿਆ ਦੇ ਪਸਾਰੇ, ਵਿਕਾਸ ਅਤੇ ਪਹੁੰਚ ਬਾਰੇ ਕਈ ਨੁਕਤੇ ਸਾਹਮਣੇ ਆਉਂਦੇ ਹਨ। ਪੰਜਾਬੀ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵਿਚ ਪੱਤਰਕਾਰੀ ਦੀ ਸਿਖਲਾਈ ਹਾਸਿਲ ਕਰ ਰਹੀਆਂ ਵਿਦਿਆਰਥੀਆਂ ਸ਼ਮੀਲਾ ਖ਼ਾਨ ਅਤੇ ਨਵਨੀਤ ਕੌਰ ਨੇ ਮਨਦੀਪ ਕੌਰ ਨਾਲ ਉਨ੍ਹਾਂ ਦੀ ਖੋਜ ਬਾਰੇ ਇਹ ਗੱਲਬਾਤ ਕੀਤੀ ਹੈ:

ਸਵਾਲ: ਤੁਸੀਂ ਆਪਣੀ ਖੋਜ ਬਾਰੇ ਦੱਸੋ ਅਤੇ ਖੋਜ ਲਈ ਇਹ ਵਿਸ਼ਾ ਹੀ ਕਿਉਂ ਚੁਣਿਆ?

ਜਵਾਬ: ਮੇਰੀ ਖੋਜ ਦੇ ਵਿਸ਼ੇ ਦਾ ਕੇਂਦਰ ਸ਼ਹਿਰੀ ਪੰਜਾਬ ਹੈ। ਇਹ ਸ਼ਹਿਰੀ ਇਲਾਕੇ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਰਕਾਰੀ ਸਕੂਲ ਤੱਕ ਮਹਿਦੂਦ ਹੈ। ਮੇਰਾ ਇਸ ਵਿਸ਼ੇ ਦੀ ਚੋਣ ਕਰਨ ਦਾ ਮਕਸਦ ਇਹ ਹੈ ਕਿ ਪਿੰਡਾਂ ਵਿਚੋਂ ਲੋਕ ਤੇਜ਼ੀ ਨਾਲ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ ਕਿਉਂਕਿ ਸ਼ਹਿਰਾਂ ਵਿਚ ਪਿੰਡਾਂ ਨਾਲੋਂ ਵਧੇਰੇ ਸਹੂਲਤਾਂ ਹਨ। ਇਹ ਸਹੂਲਤਾਂ ਸਿਹਤ, ਰੁਜ਼ਗਾਰ ਅਤੇ ਸਿੱਖਿਆ ਪੱਖੋਂ ਵਧੇਰੇ ਹਨ। ਮੈਂ ਆਪਣੀ ਖੋਜ ਲਈ ਸਕੈਂਡਰੀ ਸਿੱਖਿਆ ਨੂੰ ਚੁਣਿਆ। ਮੇਰਾ ਲਈ ਸਵਾਲ ਸੀ ਕਿ ਜਿਵੇਂ-ਜਿਵੇਂ ਲੋਕ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਹਨ, ਕੀ ਇਸੇ ਤਰ੍ਹਾਂ ਸੈਕੰਡਰੀ ਸਿੱਖਿਆ ਵਿਚ ਵੀ ਵਾਧਾ ਹੋ ਰਿਹਾ ਹੈ? ਕੀ ਸ਼ਹਿਰੀਕਰਨ ਅਤੇ ਸੈਕੰਡਰੀ ਸਿੱਖਿਆ ਬਰਾਬਰ ਚੱਲ ਰਹੀਆਂ ਹਨ ਜਾਂ ਨਹੀਂ। ਇਹ ਪੱਖ ਮੇਰੀ ਇਸ ਖੋਜ ਵਿਚ ਸ਼ਾਮਿਲ ਹੈ।

ਸਵਾਲ: ਸ਼ਹਿਰੀ ਪੰਜਾਬ ਤੋਂ ਕੀ ਭਾਵ ਹੈ?

ਜਵਾਬ: ਸ਼ਹਿਰੀ ਪੰਜਾਬ ਤੋਂ ਭਾਵ ਸ਼ਹਿਰਾਂ ਦੇ ਵਸੇਬ ਅਤੇ ਸ਼ਹਿਰੀਕਰਨ ਵੱਲ ਵਧ ਰਹੇ ਪੰਜਾਬ ਤੋਂ ਹੈ। ਮੈਂ ਆਪਣੀ ਖੋਜ ਲਈ ਮਾਝੇ ਅਤੇ ਮਾਲਵੇ ਦੇ ਅਲੱਗ-ਅਲੱਗ ਇਲਾਕਿਆਂ ਨੂੰ ਚੁਣਿਆ। ਇਸ ਵਿਚ ਮੈਂ ਤਿੰਨ ਸ਼ਹਿਰਾਂ ਦੀ ਖੋਜ ਕੀਤੀ ਹੈ: ਪਟਿਆਲਾ, ਅੰਮ੍ਰਿਤਸਰ ਤੇ ਲੁਧਿਆਣਾ। ਇਹ ਤਿੰਨੇ ਸ਼ਹਿਰ ਸ਼ਹਿਰੀਕਰਨ ਦੇ ਰੁਝਾਨ ਤਹਿਤ ਲਗਾਤਾਰ ਵਧ ਰਹੇ ਹਨ। ਇਸ ਕਰਕੇ ਮੈਂ ਆਪਣੀ ਖੋਜ ਨੂੰ 'ਸ਼ਹਿਰੀ ਪੰਜਾਬ' ਦਾ ਨਾਮ ਦਿੱਤਾ ਹੈ।



ਡਾ. ਮਨਦੀਪ ਕੌਰ

ਸਵਾਲ: ਜਿਵੇਂ-ਜਿਵੇਂ ਆਬਾਦੀ ਵਿਚ ਵਾਧਾ ਹੋਇਆ ਹੈ, ਕੀ ਸਕੂਲਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ?

ਜਵਾਬ: ਸਕੂਲਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਪਰ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਵਿਚ। ਮੈਂ ਪ੍ਰਾਈਵੇਟ ਸਕੂਲ, ਸਰਕਾਰੀ ਸਕੂਲ ਅਤੇ ਗ੍ਰਾਂਟ-ਇਨ-ਏਡ ਸਕੂਲਾਂ ਦੀ ਜਾਣਕਾਰੀ ਇਕੱਠੀ ਕੀਤੀ ਹੈ। ਇਸ ਅਧਿਐਨ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲਾਂ ਤੱਕ ਸੀਮਤ ਰੱਖਿਆ ਹੈ। 1970 ਤੱਕ ਪੰਜਾਬ ਵਿਚ ਸਿਰਫ਼ ਸਰਕਾਰੀ ਸਕੂਲ ਸਨ ਅਤੇ 1990 ਤੋਂ ਬਾਅਦ ਜਿੰਨਾ ਵਾਧਾ ਸਕੂਲਾਂ ਵਿਚ ਹੋਇਆ ਹੈ, ਉਹ ਪ੍ਰਾਈਵੇਟ ਸਕੂਲਾਂ ਦਾ ਹੈ।

ਸਵਾਲ: ਤੁਸੀਂ ਆਪਣੀ ਖੋਜ ਦਾ ਆਧਾਰ ਕਿਸ ਵਰਗ ਨੂੰ ਬਣਾਇਆ?

ਜਵਾਬ: ਮੈਂ ਪਟਿਆਲੇ, ਅੰਮ੍ਰਿਤਸਰ ਅਤੇ ਲੁਧਿਆਣਾ ਦੇ ਕੁਲ ਪੰਜਤਾਲੀ ਸਕੂਲਾਂ ਦੀ ਜਾਣਕਾਰੀ ਇਕੱਠੀ ਕੀਤੀ ਹੈ। ਤਿੰਨਾਂ ਸ਼ਹਿਰਾਂ ਵਿਚੋਂ ਪੰਦਰਾਂ-ਪੰਦਰਾਂ ਸਕੂਲ ਅਤੇ ਇਨ੍ਹਾਂ ਵਿਚੋਂ ਪੰਜ ਸਰਕਾਰੀ ਸਕੂਲ, ਪੰਜ ਪ੍ਰਾਈਵੇਟ ਅਤੇ ਪੰਜ ਗ੍ਰਾਂਟ-ਇਨ-ਏਡ ਸਕੂਲ ਹਨ। ਮੈਂ ਵਿਦਿਆਰਥੀਆਂ ਨੂੰ ਜਾਤੀ ਆਧਾਰ ਉੱਤੇ ਨਿਖੇੜ ਕੇ ਦੇਖਿਆ ਤਾਂ ਇਹ ਨਤੀਜਾ ਨਿਕਲਿਆ ਕਿ ਸਰਕਾਰੀ ਸਕੂਲਾਂ ਵਿਚ ਦਲਿਤ ਤਬਕੇ ਅਤੇ ਪ੍ਰਾਈਵੇਟ ਸਕੂਲਾਂ ਵਿਚ ਦੂਜੇ ਤਬਕਿਆਂ ਦੇ ਜ਼ਿਆਦਾ ਵਿਦਿਆਰਥੀ ਹਨ।

ਸਵਾਲ: ਪੰਜਾਬ ਦੇ ਸਕੂਲਾਂ ਵਿਚ ਸਿੱਖਿਆ ਲਈ ਕਿਹੜੀ ਬੋਲੀ ਨੂੰ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ?

ਜਵਾਬ: ਸਰਕਾਰੀ ਸਕੂਲਾਂ ਵਿਚ ਤਾਂ ਪੰਜਾਬੀ ਨੂੰ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ। ਬਹੁਤ ਘੱਟ ਸਰਕਾਰੀ ਸਕੂਲ ਹਨ ਜਿਨ੍ਹਾਂ ਵਿਚ ਹਿੰਦੀ ਜਾਂ ਅੰਗਰੇਜ਼ੀ ਮਾਧਿਅਮ ਵਜੋਂ ਵਰਤੀਆਂ ਜਾਂਦੀਆਂ ਹਨ। ਦੂਜੇ ਪਾਸੇ ਪ੍ਰਾਈਵੇਟ ਸਕੂਲਾਂ ਵਿਚ ਅੰਗਰੇਜ਼ੀ ਅਤੇ ਕੁਝ ਸਕੂਲ ਵਿਚ ਹਿੰਦੀ ਤੇ ਪੰਜਾਬੀ ਮਾਧਿਅਮ ਹੈ।

ਸਵਾਲ: ਸਰਕਾਰੀ ਸੈਕੰਡਰੀ ਸਕੂਲ ਅਤੇ ਪ੍ਰਾਈਵੇਟ ਸਕੂਲਾਂ ਵਿਚੋਂ ਕਿਹੜੇ ਸਕੂਲਾਂ ਦੇ ਵਿਦਿਆਰਥੀਆਂ ਨੇ ਜ਼ਿਆਦਾ ਅਕਾਦਮਿਕ ਪ੍ਰਾਪਤੀਆਂ ਕੀਤੀਆਂ ਹਨ?

ਜਵਾਬ: ਮੇਰੀ ਖੋਜ ਵਿਚ ਇਹ ਨੁਕਤਾ ਵੀ ਸ਼ਾਮਿਲ ਰਿਹਾ ਹੈ। ਅਸੀਂ ਨੌਵੀਂ ਜਮਾਤ ਤੱਕ ਵਿਦਿਆਰਥੀਆਂ ਦਾ ਵਿਗਿਆਨ ਅਤੇ ਹਿਸਾਬ ਦੇ ਵਿਸ਼ਿਆਂ ਦਾ ਰੁਝਾਨ ਦੇਖਿਆ। ਇਹ ਵੀ ਦੇਖਿਆ ਕਿ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਵਧੇਰੇ ਸਰਗਰਮ ਹਨ।

ਸਵਾਲ: ਤੁਹਾਡੀ ਖੋਜ ਵਿਚੋਂ ਕੀ ਨਤੀਜੇ ਨਿਕਲ ਕੇ ਸਾਹਮਣੇ ਆਏ ਹਨ?

ਜਵਾਬ: 1970 ਤੋਂ ਬਾਅਦ ਕੋਈ ਵੀ ਸਰਕਾਰੀ ਸਕੂਲ ਨਵਾਂ ਨਹੀਂ ਉਸਾਰਿਆ ਗਿਆ ਅਤੇ ਨਾ ਹੀ ਲੋਕਾਂ ਨੇ ਮੰਗ ਕੀਤੀ। ਸਰਕਾਰੀ ਸਕੂਲਾਂ ਨੂੰ ਸਿਰਫ਼ ਅਪਗ੍ਰੇਡ ਕੀਤਾ ਗਿਆ ਹੈ। ਦੂਜੇ ਪਾਸੇ ਨਿੱਜੀਕਰਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਨਵੇਂ ਸਕੂਲ ਵੀ ਨਿੱਜੀ ਮਲਕੀਅਤ ਵਾਲੇ ਹੀ ਬਣ ਰਹੇ ਹਨ। ਸ਼ਹਿਰਾਂ ਵਿਚ ਕਈ ਅਜਿਹੇ ਵਾਰਡ ਵੀ ਹਨ ਜਿਨ੍ਹਾਂ ਵਿਚ ਇੱਕ ਵੀ ਸਰਕਾਰੀ ਸਕੂਲ ਨਹੀਂ ਹੈ। ਕਈ ਅਜਿਹੇ ਵਾਰਡ ਵੀ ਹਨ ਜਿਨ੍ਹਾਂ ਵਿਚ ਅੱਠ-ਅੱਠ ਸਕੂਲ ਹਨ।

ਸਵਾਲ: ਤੁਹਾਡੀ ਖੋਜ ਦੇ ਤੱਥਮੂਲਕ ਨਤੀਜੇ ਕੀ ਹਨ?

ਜਵਾਬ: ਲੁਧਿਆਣਾ ਵਿਚ 814, ਅੰਮ੍ਰਿਤਸਰ ਵਿਚ 613 ਅਤੇ ਪਟਿਆਲਾ ਵਿਚ 211 ਸਕੂਲ ਸਨ। 1970 ਤੋਂ ਬਾਅਦ ਪਟਿਆਲਾ ਅਤੇ 2000 ਤੋਂ ਬਾਅਦ ਲੁਧਿਆਣਾ ਤੇ ਅੰਮ੍ਰਿਤਸਰ ਵਿਚ ਕੋਈ ਨਵਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਹੀਂ ਬਣਿਆ। ਇਸੇ ਤਰ੍ਹਾਂ 1960 ਤੋਂ ਬਾਅਦ ਪਟਿਆਲਾ ਤੇ ਲੁਧਿਆਣਾ ਵਿਚ ਅਤੇ 1970 ਤੋਂ ਬਾਅਦ ਅੰਮ੍ਰਿਤਸਰ ਵਿਚ ਕੋਈ ਨਵਾਂ ਗ੍ਰਾਂਟ-ਇਨ-ਏਡ ਸੀਨੀਅਰ ਸੈਕੰਡਰੀ ਸਕੂਲ ਨਹੀਂ ਬਣਿਆ। ਤਕਰੀਬਨ ਸਾਰੇ ਸਕੂਲਾਂ ਵਿਚ ਪੰਜਾਬੀ ਮਾਧਿਅਮ ਵਿਚ ਸਿੱਖਿਆ ਦਿੱਤੀ ਜਾਂਦੀ ਹੈ। ਵੱਡੀ ਗਿਣਤੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਦੇ ਨਾਲ ਅੰਗਰੇਜ਼ੀ ਵੀ ਹੈ ਪਰ ਬਹੁਗਿਣਤੀ ਸਕੂਲ ਨਿਰੋਲ ਪੰਜਾਬੀ ਮਾਧਿਅਮ ਵਾਲੇ ਹਨ।

# ਸਾਂਝੇ ਪੰਜਾਬ ਦਾ ਲੋਕ ਕਵੀ ਉਸਤਾਦ ਦਾਮਨ

## ਕਲਾ ਪਰਿਕਰਮਾ

ਸੁਖਚੈਨ ਸਿੰਘ ਕੁਰੜ

ਮੇਰੇ ਖਿਆਲ ਅੰਦਰ ਉਹ ਸ਼ਾਇਰ ਸ਼ਾਇਰ ਹੁੰਦਾ,
ਖੰਡ ਨੂੰ ਖੰਡ ਜੋ ਜ਼ਹਿਰ ਨੂੰ ਜ਼ਹਿਰ ਆਖੇ,
ਜੋ ਕੁਝ ਹੁੰਦਾ ਏ ਹੋਵੇ ਨਾ ਡਰੇ ਹਰਗਿਜ਼,
ਰਹਿਮ ਨੂੰ ਰਹਿਮ ਜੋ ਕਹਿਰ ਨੂੰ ਕਹਿਰ ਆਖੇ।

ਇਨ੍ਹਾਂ ਸਤਰਾਂ ਨੂੰ ਆਪਣੇ ਆਖਰੀ ਸਾਹਾਂ ਤੱਕ ਨਿਭਾਉਣ ਵਾਲਾ ਚਿਰਾਗ਼ ਦੀਨ ਪੰਜਾਬੀ ਜ਼ੁਬਾਨ ਦਾ ਮਸ਼ਹੂਰ ਸ਼ਾਇਰ ਅਤੇ ਰਹੱਸਵਾਦੀ ਕਵੀ ਸੀ। ਚਿਰਾਗ਼ ਦੀਨ ਨਾਂ ਦਾ ਇਹ ਸ਼ਖਸ ਪੂਰੀ ਦੁਨੀਆ ਵਿਚ ਪੰਜਾਬੀ ਬੋਲੀ ਦੇ ਦਲੇਰ ਪੁੱਤ ਉਸਤਾਦ ਦਾਮਨ ਦੇ ਨਾਂ ਨਾਲ ਆਪਣੀ ਕਲਮ ਰਾਹੀਂ ਚਰਚਾ ਵਿਚ ਆਇਆ। ਇਸ ਸਦਕਾ ਉਸਤਾਦ ਦਾਮਨ ਦਾ ਨਾਂ ਰਹਿੰਦੀ ਦੁਨੀਆ ਤੱਕ ਸਾਂਝੇ ਪੰਜਾਬ ਦੇ ਲੋਕ ਕਵੀ ਵਜੋਂ ਹਮੇਸ਼ਾ ਸਤਿਕਾਰਿਆ ਜਾਂਦਾ ਰਹੇਗਾ।

ਚਿਰਾਗ਼ ਦੀਨ ਦਾ ਜਨਮ 4 ਸਤੰਬਰ 1911 ਨੂੰ ਮੀਆਂ ਮੀਰ ਬਖਸ਼ ਅਤੇ ਕਰੀਮ ਬੀਬੀ ਦੇ ਘਰ ਗ਼ਰੀਬ ਪਰਿਵਾਰ ਵਿਚ ਹੋਇਆ। ਅੰਮੀ ਨੇ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜ ਕੇ ਘਰ ਦਾ ਗੁਜ਼ਾਰਾ ਕੀਤਾ। ਘਰ ਦੇ ਹਾਲਾਤ ਨੂੰ ਸਮਝਦਿਆਂ ਚਿਰਾਗ਼ ਦੀਨ ਨੇ ਪਿਤਾ ਦਾ ਦਰਜ਼ੀ ਦੇ ਕੰਮ ਵਿਚ ਸਾਥ ਦਿੱਤਾ। ਕੰਮ ਕਰਦਿਆਂ ਲੋਕਾਂ ਦੀ ਮੰਗ 'ਤੇ ਨਵੇਂ ਫ਼ੈਸ਼ਨ ਦੇ ਪੈਂਟ-ਕੋਟ ਆਦਿ ਸਿਉਂ ਕੇ ਦੇਣੇ ਪਰ ਖੁਦ ਹਮੇਸ਼ਾ ਸ਼ੁੱਧ ਪੰਜਾਬੀ ਪਹਿਰਾਵਾ ਕੁੜਤਾ-ਚਾਦਰਾ, ਸਿਰ 'ਤੇ ਪਰਨਾ ਅਤੇ ਮੋਢੇ ਸਾਫਾ ਰੱਖਿਆ।

ਚਿਰਾਗ਼ ਦੀਨ ਨੇ ਦਸਵੀਂ ਤਕ ਦੀ ਪੜ੍ਹਾਈ ਦੇਵ ਸਮਾਜ ਸਕੂਲ ਤੋਂ ਕੀਤੀ। ਉਹ ਉਰਦੂ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਫ਼ਾਰਸੀ ਅਤੇ ਬੰਗਾਲੀ ਤੋਂ ਇਲਾਵਾ ਥੋੜ੍ਹੀ ਬਹੁਤੀ ਪਸ਼ਤੋ ਵੀ ਜਾਣਦੇ ਸਨ। ਬਹੁ-ਭਾਸ਼ਾਈ ਜਾਣਕਾਰ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾ ਲਈ ਹੱਦ ਤੋਂ ਵੱਧ ਸ਼ੈਦਾਈ ਸਨ। ਪੰਜਾਬੀ ਬੋਲੀ ਲਈ ਉਸਤਾਦ ਦਾਮਨ ਦਾ ਮੋਹ ਇਸ ਕਵਿਤਾ ਤੋਂ ਹੀ ਜਾਣਿਆ ਜਾ ਸਕਦਾ ਹੈ:

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।
ਗੋਦੀ ਜਿਦ੍ਹੀ 'ਚ ਪਲ ਕੇ ਜਵਾਨ ਹੋਇਉਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।
ਜੇ ਪੰਜਾਬੀ, ਪੰਜਾਬੀ ਈ ਕੂਕਣਾ ਈ,
ਜਿਥੇ ਖਲਾ ਖਲੋਤਾ ਏਂ ਥਾਂ ਛੱਡ ਦੇ।
ਮੈਨੂੰ ਇੰਝ ਲਗਦੈ, ਲੋਕੀਂ ਆਖਦੇ ਨੇ,
ਤੂੰ ਪੁੱਤਰਾ ਅਪਣੀ ਮਾਂ ਛੱਡ ਦੇ।

ਉਸਤਾਦ ਦਾਮਨ ਦੀ ਜ਼ਿੰਦਗੀ ਭਰ ਦੀ ਸਾਹਿਤਕ ਕਿਰਤ ਨੂੰ ਵਾਚਦਿਆਂ ਅਹਿਸਾਸ ਹੁੰਦਾ ਹੈ ਕਿ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਤੋਂ ਬਾਅਦ ਵੀਹਵੀਂ ਸਦੀ ਵਿਚ ਪੰਜਾਬੀ ਬੋਲੀ ਦੀਆਂ ਬਗ਼ਾਵਤੀ ਕਲਮਾਂ ਵਿਚ ਉਹ ਸ਼ੁਮਾਰ ਹੈ। ਜਦੋਂ ਜਦੋਂ ਵੀ ਦਾਮਨ ਨੂੰ ਪੰਜਾਬੀ ਵਿਚ ਲਿਖਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਉਦੋਂ ਹੀ ਉਨ੍ਹਾਂ ਨੇ ਆਪਣੀ ਕਲਮ ਰਾਹੀਂ ਇਸ ਦਾ ਜਵਾਬ ਦਿੱਤਾ:

ਇੱਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ,
ਉਰਦੂ ਵਿਚ ਕਿਤਾਬਾਂ ਦੇ ਠਣਦੀ ਰਹੇਗੀ।
ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਨਾ,
ਮੇਰੀ ਭੁੱਖ ਇਹੀ ਛਾਤੀ ਤਣਦੀ ਰਹੇਗੀ।
ਇਹਦੇ ਲੱਖ ਹਰੀਫ਼ ਪਏ ਹੋਣ ਪੈਦਾ,
ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਪੰਜਾਬੀ ਤੇ ਨਹੀਂ ਮਰਦੀ,
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।



ਉਸਤਾਦ ਦਾਮਨ

ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਲੋਕ ਮਸਲਿਆਂ ਬਾਰੇ ਸਮੇਂ-ਸਮੇਂ 'ਤੇ ਲਿਖਦਿਆਂ ਉਸਤਾਦ ਦਾਮਨ ਨੇ ਸਾਂਝੇ ਪੰਜਾਬ ਦੇ ਲੋਕ ਕਵੀ ਹੋਣ ਦਾ ਰੁਤਬਾ ਹਮੇਸ਼ਾ ਬਣਾਈ ਰੱਖਿਆ। ਗੱਲ ਪੰਜਾਬੀ ਭਾਸ਼ਾ ਦੀ ਹੋਵੇ ਜਾਂ ਆਮ ਲੋਕਾਈ ਮਸਲਿਆਂ ਨਾਲ ਇਨਸਾਨੀਅਤ ਦੀ ਦਾਮਨ ਨੇ ਆਪਣੀ ਸ਼ਾਇਰੀ ਅਣਖ ਨਾਲ ਕੀਤੀ। ਜਦੋਂ ਵੀ ਉਸਤਾਦ ਦਾਮਨ ਨੂੰ ਉਰਦੂ ਵਿਚ ਲਿਖਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਜਵਾਬ ਦਿੱਤਾ:

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ,
ਪੁੱਛਦੇ ਹੋ ਮੇਰੇ ਦਿਲ ਦੀ ਬੋਲੀ- ਹਾਂ ਜੀ ਹਾਂ ਪੰਜਾਬੀ ਏ

ਆਜ਼ਾਦੀ ਸੰਗਰਾਮ ਦੀ ਸਿਆਸਤ ਦੀ ਜਾਗ ਉਨ੍ਹਾਂ ਨੂੰ ਮੀਆਂ ਇਫ਼ਤਿਖਾਰਉੱਦੀਨ ਨੇ ਲਾਈ ਸੀ। ਦਰਅਸਲ, 1930 ਵਿਚ ਉਸਤਾਦ ਦਾਮਨ ਦੀ ਸ਼ਾਇਰੀ ਸੁਣਨ ਦਾ ਸਬੱਬ ਮੀਆਂ ਇਫ਼ਤਿਖਾਰਉੱਦੀਨ ਲਈ ਉਦੋਂ ਬਣਿਆ ਜਦੋਂ ਉਹ ਆਪਣੇ ਇੱਕ ਸੂਟ ਦੀ ਸਿਲਾਈ ਲਈ ਉਨ੍ਹਾਂ ਦੀ ਦੁਕਾਨ 'ਤੇ ਆਇਆ। ਸ਼ਾਇਰੀ ਤੋਂ ਪ੍ਰਭਾਵਿਤ ਹੋ ਕੇ ਮੀਆਂ ਨੇ ਇੱਕ ਜਲਸੇ ਦੌਰਾਨ ਕਵਿਤਾ ਸੁਣਾਉਣ ਲਈ ਦਾਮਨ ਨੂੰ ਸੱਦਾ ਦਿੱਤਾ। ਇਸ ਜਲਸੇ ਮੌਕੇ ਉਸਤਾਦ ਦਾਮਨ ਨੇ ਆਪਣੀ ਕਵਿਤਾ ਰਾਹੀਂ ਹਰ ਇਨਸਾਨੀਅਤਪਸੰਦ ਵਿਅਕਤੀ ਨੂੰ ਮੋਹ ਲਿਆ:

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ-ਵਿਚੀ,
ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।
ਜਿਉਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਉਸ ਮੌਕੇ ਉੱਥੇ ਹਾਜ਼ਰ ਪੰਡਤ ਨਹਿਰੂ ਨੇ ਭਾਵੁਕ ਹੋਕੇ ਉਸਤਾਦ ਦਾਮਨ ਨੂੰ ਗਲਵੱਕੜੀ ਵਿਚ ਲੈ ਲਿਆ ਤੇ 'ਆਜ਼ਾਦੀ ਦਾ ਸ਼ਾਇਰ' ਕਹਿ ਕੇ ਉਨ੍ਹਾਂ ਦੀ ਕਲਮ ਨੂੰ ਮਾਣ ਬਖਸ਼ਿਆ। ਦਾਮਨ ਦਾ ਪੰਜਾਬੀ ਭਾਸ਼ਾ ਲਈ ਮੋਹ ਜੱਗ ਜ਼ਾਹਰ ਹੈ। ਇਸ ਦੇ ਨਾਲ ਹੀ ਦਾਮਨ ਦੀ ਬਾਗ਼ੀਆਨਾ ਕਲਮ ਸਿੱਧੇ ਰੂਪ ਵਿਚ ਸਮੇਂ ਦੀਆਂ ਹਕੂਮਤਾਂ ਨੂੰ ਸਵਾਲ ਵੀ ਕਰਦੀ ਰਹੀ ਹੈ ਅਤੇ ਵਿਅੰਗਮਈ ਰੂਪ ਵਿਚ ਚੋਟ ਵੀ।

ਪੰਜਾਬ ਦੇ ਸੱਭਿਆਚਾਰ ਦੇ ਪੱਖ ਤੋਂ ਦਾਮਨ ਦੇ ਲਿਖੇ ਇੱਕ ਗੀਤ ਦੇ ਬੋਲ 'ਮੈਨੂੰ ਧਰਤੀ ਕਲੀ ਕਰਾ ਦੇ, ਮੈਂ ਨੱਚਾਂਗੀ ਸਾਰੀ ਰਾਤ' ਹਮੇਸ਼ਾਂ ਸਾਡੀਆਂ ਖੁਸ਼ੀਆਂ ਵਿਚ ਭਾਈਵਾਲ ਬਣ ਕੇ ਰਹੇ ਹਨ ਤੇ ਅੱਗੇ ਵੀ ਹਮੇਸ਼ਾ ਰਹਿਣਗੇ।


ਅੱਜ ਦੇ ਦੌਰ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੋਂ ਦੂਰ ਹੋ ਰਹੀ ਪੀੜ੍ਹੀ ਅਤੇ ਸਾਡੇ ਪੰਜਾਬ ਦੀ ਧਰਤੀ ਨਾਲ ਜੁੜੇ ਸਾਹਿਤਕਾਰਾਂ ਨੂੰ ਉਸਤਾਦ ਦਾਮਨ ਦੀ ਕਲਮ ਤੇ ਪੰਜਾਬੀ ਭਾਸ਼ਾ ਲਈ ਮੋਹ ਤੋਂ ਸੇਧ ਲੈਣ ਦੀ ਬਹੁਤ ਵੱਡੀ ਲੋੜ ਹੈ।

ਪੰਜਾਬੀ ਦਾ ਉਘੇ ਸ਼ਾਇਰ ਗੁਰਭਜਨ ਗਿੱਲ, ਉਸਤਾਦ ਦਾਮਨ ਬਾਰੇ ਲਿਖਦਾ ਹੈ ਕਿ 'ਉਸਤਾਦ ਦਾਮਨ ਦਰਵੇਸ਼ ਸ਼ਾਇਰ ਸੀ। ਉਸ ਨੇ ਰੱਜ ਕੇ ਸਾਂਝੇ ਪੰਜਾਬ ਦਾ ਦਰਦ ਗਾਇਆ। ਉਸ ਦੀ ਹਰ ਇਕ ਸਤਰ ਵਿਚੋਂ ਪੀੜ ਨੁੱਚੜਦੀ ਹੈ, ਜਿਵੇਂ ਵੇਲਣੇ 'ਚ ਗੰਨੇ ਨਹੀਂ, ਬੰਦੇ ਪੀੜੇ ਜਾ ਰਹੇ ਹੋਣ'।

ਉਸਤਾਦ ਦਾਮਨ ਦੇ ਜਿਉਂਦੇ ਜੀਅ ਉਨ੍ਹਾਂ ਦੀ ਕੋਈ ਵੀ ਪੁਸਤਕ ਪ੍ਰਕਾਸ਼ਿਤ ਨਾ ਹੋਣ ਬਾਰੇ ਪਤਾ ਲੱਗਦਾ ਹੈ। ਉਹ ਆਪਣੀਆਂ ਰਚਨਾਵਾਂ ਜ਼ੁਬਾਨੀ ਹੀ ਯਾਦ ਰੱਖਦੇ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਲਈ ਕੁਝ ਉਪਰਾਲੇ ਜ਼ਰੂਰ ਹੋਏ ਹਨ। ਉਸਤਾਦ ਦਾਮਨ ਬਾਰੇ ਜਿੰਨਾ ਵੀ ਲਿਖਿਆ ਜਾਵੇ, ਥੋੜ੍ਹਾ ਹੈ। ਉਨ੍ਹਾਂ ਦੀ ਸਾਹਿਤਕ ਦੇਣ ਹਮੇਸ਼ਾ ਹੀ ਪੰਜਾਬੀ ਭਾਸ਼ਾ ਵਿਚ ਧਰੂ ਤਾਰੇ ਵਾਂਗ ਚਮਕਦੀ ਰਹੇਗੀ। ਕਿਰਤੀ ਪੰਜਾਬੀਆਂ ਲਈ ਉਸਤਾਦ ਦੇ ਲਿਖੇ ਇਹ ਢੁਕਵੇਂ ਬੋਲ ਹਨ:

ਬਿਖਰੇ ਵਰਕਿਆਂ ਦੀ ਹੋ ਗਈ ਜਿਲਦਬੰਦੀ,
ਮੈਂ ਇੱਕ ਖੁੱਲ੍ਹੀ ਕਿਤਾਬ ਨੂੰ ਵੇਖਦਾ ਆਂ।
ਇਹ ਵਿਸਾਖੀ ਦੀਆਂ ਮਿਹਰਬਾਨੀਆਂ ਨੇ,
ਬੰਬੇ ਵਿਚ ਵੀ ਪੰਜਾਬ ਨੂੰ ਵੇਖਦਾ ਆਂ।





ਉਸਤਾਦ ਦਾਮਨ ਉਰਫ ਚਿਰਾਗ਼ ਦੀਨ ਦੇ ਤਿੰਨ ਵੱਖ-ਵੱਖ ਚਿੱਤਰ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਸਤੰਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-552



**ਪੁੱਠੇ ਮੰਜੇ ਖੜ੍ਹੇ ਕਰ ਲਏ, ਫਿਰ ਉੱਤੇ ਸਪੀਕਰ ਟੰਗੇ,**
**ਕਰਨੀ ਧਰਮਸਾਤ ਬੁੜ੍ਹੇ ਦੀ, ਭਾਵੇਂ ਦਿਨ ਨਹੀਂ ਚੰਗੇ**
**ਸ਼ਰੀਕੇ ਵਿਚ ਹੈ ਨੱਕ ਰੱਖਣੀ, ਦੋਮੂੰਹੇਂ ਲੋਕਾਂ ਦੇ ਡੰਗੇ,**
**ਲੱਡੂ-ਜਲੇਬੀ ਤੇ ਕੱਪੜੇ ਲੀੜੇ, ਆਪੇ ਖੁਦ ਸੂ.ਲੀ ਟੰਗੇ।**

### ਕੈਪਸ਼ਨ ਮੁਕਾਬਲਾ-550



ਬਹੁਤਿਆਂ ਖਾਤਰ ਚੀਜ਼ ਫਾਲਤੂ
ਜੌਹਰੀ ਹੀ ਕੋਈ ਕੀਮਤ ਪਾਵੇ।
ਕਲਾਕਾਰ ਦੀ ਅੱਖ ਪਾਰਖੂ
ਛੋਹ ਪੋਟਿਆਂ ਦੀ ਰੰਗ ਲਿਆਵੇ।
ਸਿਰ ਪਲੋਸਿਆਂ ਨਕਸ਼ ਉੱਭਰਦੇ
ਮੁਰਦੇ ਵਿਚ ਵੀ ਜਾਨ ਪੈ ਜਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਕਲਾਕਾਰ ਦੇ ਮਨ ਦੀ ਕਲਪਨਾ,
ਹੱਥ-ਕਲਾ ਨੇ ਰੂਪ ਬਣਾਇਆ।
ਕੋਈ ਅੱਖ ਮੈਨੂੰ ਬੇਬਸ ਦੱਸਦੀ,
ਕਿਸੇ ਨੇ ਮੈਨੂੰ ਦੇਵਤਾ ਬਣਾਇਆ।
ਮੈਂ ਹਾਂ ਪਾਤਰ ਅਜੋਕੇ ਯੁੱਗ ਦਾ,
ਸ਼ਕਲ ਮੇਰੀ ਬਦਲੇ,
ਸਮੇਂ ਦਾ ਛਾਇਆ।
***-ਗੁਰਦੇਵ ਸਿੰਘ ਛਪਾਲੀ***
***ਫੋਨ: 94176-49275***

---

ਬੁੱਤਘਾੜੇ ਕੀਤਾ ਰੂਪਮਾਨ
ਲੱਕੜ ਵਿਚ ਪਾਈ ਜਾਨ
ਤਰਾਸ਼ ਤਰਾਸ਼ ਕੀਤੀ ਕਮਾਲ
ਸੱਚਮੁੱਚ ਬਣਾਈ ਮਨੁੱਖੀ ਢਾਲ।
ਆਦਿ ਸਚੁ ਜੁਗਾਦਿ ਸੱਚ,
ਅੰਬਰਾਂ 'ਚੋਂ ਆਇਆ ਫਰਿਸ਼ਤਾ ਜਾਪੇ
ਸ਼ਾਂਤੀ ਦਾ ਦੂਤ ਬਣ ਆਇਆ
ਮੁੱਕ ਜਾਣੇ ਸਭ ਰੋਗ ਵਿਆਪੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***

---

ਲੱਗਦਾ ਇਹ ਤਾਂ
ਬਹੁਤ ਹੀ ਨਿੱਜੀ ਅਨੁਭਵ
ਜੋ ਕਲਾਕਾਰ ਨੇ
ਬੁੱਤ ਦੇ ਰੂਪ 'ਚ ਦਿਖਾ ਦਿੱਤਾ।
ਤੰਗੀਆਂ ਤੁਰਸ਼ੀਆਂ, ਉਲਾਮੇ, ਘਾਲਣਾ
ਖਾ ਸਮੁੰਦਰ 'ਚ ਛੱਲਾਂ ਦੇ ਲਫੇੜੇ
ਆਖਿਰ ਉਮਰੇ ਆ ਪਹੁੰਚਿਆ
ਬਿਰਧ ਅਵਸਥਾ
ਵਿਹਲ ਹੀ ਮਿਲੀ ਜਦ
ਹੁਣ ਦੁਸ਼ਵਾਰੀਆਂ ਤੋਂ
ਲੱਗਾ ਹਿਸਾਬ ਕਰਨ
ਕੀ ਖੱਟਿਆ, ਕਮਾਇਆ, ਗੁਆਇਆ
ਕੌਣ ਨਾਲ ਖੜ੍ਹਿਆ, ਕੌਣ ਹੋਇਆ ਦੂਰ
ਨਿਚੋੜ ਕਿ ਕੁਦਰਤ ਵਲੋਂ ਹੀ
ਆਦਮੀ ਖੁਦਗਰਜ਼ ਹੈ
ਹੋ ਵੀ ਸਕਦਾ
ਬੜਾ ਸਿਧਾਂਤਕਾਰ ਜਾਂ ਕੋਈ ਤਪੱਸਵੀ
ਜੋ ਸੁਰਤ-ਬੁੱਧੀ ਹੀ ਖੋਹ ਬੈਠਾ
ਕਈ ਵਾਰ ਤਾਂ ਝਉਲਾ ਪੈਂਦਾ
ਜਿਵੇਂ ਦੇਵਿੰਦਰ ਸਤਿਆਰਥੀ ਜਾਂ ਸੁਕਰਾਤ।
***-ਦਰਸ਼ਨ ਪਾਲ ਦੋਸਾਂਝ***

## ਤੀਆਂ ਸਮੁੰਦਰੋਂ ਪਾਰ ਦੀਆਂ

ਸਾਉਣ ਮਹੀਨਾ, ਸਰ੍ਹੋਆਂ ਖਿੜੀਆਂ,
ਪਾਰਕੀਂ ਪੀਂਘਾਂ ਪਾਈਆਂ।
ਨਾ ਕੋਈ ਸਾਂਝ ਦਿਲਾਂ ਦੀ ਲੱਗੇ,
ਨਾ ਹੁੰਦੀਆਂ ਮਨ ਆਈਆਂ।
ਝੂਟੇ ਬੇਸ਼ਕ ਲਏ ਬਥੇਰੇ,
ਪਰ ਪੀਂਘਾਂ ਨਹੀਂ ਚੜ੍ਹਾਈਆਂ।
ਨਾ ਹੀ ਹਿੱਕ ਦਾ ਜ਼ੋਰ ਲੱਗਿਆ,
ਨਾ ਸੱਸ ਦਾ ਚੂੰਡਾ ਤੋੜ ਲਿਆਈਆਂ।
ਨਾ ਸੱਸਾਂ ਦੀ ਕੀਤੀ ਚੁਗਲੀ
ਨਾ ਮਾਹੀ ਦੀਆਂ ਛੇੜ ਛੜਾਈਆਂ।
ਰਾਜ਼ਦਾਰ ਨਾ ਮਿਲੀ ਸਹੇਲੀ
ਮਨ ਦੀਆਂ ਮਨ 'ਚ ਹੀ ਦਬਾਈਆਂ।
ਮੁੱਖੜੇ ਉੱਪਰ ਚਮਕ ਨਾ ਆਈ
ਅੱਖੀਆਂ ਵੀ ਮੁਰਝਾਈਆਂ।
ਨਾ ਬੋਹੜ, ਨਾ ਛਾਂ ਬੋਹੜ ਦੀ
ਬਸ ਕਰਦੀਆਂ ਮਨ-ਪ੍ਰਚਾਈਆਂ।
ਬੇਬਸੀ ਦੇ ਆਲਮ ਦੇ ਵਿਚ,
ਬਸ ਹੁੰਦੀਆਂ ਡੰਗ ਟਪਾਈਆਂ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

# 'ਨਹੀਂ' - ਕਿਰਤ ਅਤੇ ਕਿਰਤੀਆਂ ਦੀ ਮਹਿਮਾ ਕਰਨ ਵਾਲੀ ਸ਼ਾਇਰੀ

ਪੁਸਤਕ ਚਰਚਾ

ਸਵਾਮੀ ਅੰਤਰ ਨੀਰਵ ਦੀ ਕਵਿਤਾ ਕਿਸੇ ਹੋਰ ਦੀ ਕਵਿਤਾ ਵਰਗੀ ਨਹੀਂ ਹੈ। ਉਸ ਵਰਗੀ ਕਵਿਤਾ ਕੇਵਲ ਓਹੀ ਲਿਖ ਸਕਦਾ ਹੈ। ਸਵਾਮੀ ਕਵਿਤਾ ਰਚਦਾ ਨਹੀਂ ਹੈ, ਉਹ ਖੁਦ ਹੀ ਕਵਿਤਾ ਹੈ। ਬੜਾ ਮੋਹਖੋਰਾ ਤੇ ਭਰਿਆ ਭਰਿਆ। ਉਹ ਕਿਸੇ ਮੇਰੇ ਵਰਗੇ ਦੀ ਮਾੜੀ ਤੋਂ ਮਾੜੀ ਕਵਿਤਾ ਪੜ੍ਹ ਸਕਦਾ ਹੈ। ਇਨਬਾਕਸ ਵਿਚ ਜਾ ਕੇ ਮੁੱਲਵਾਨ ਸੁਝਾਅ ਦੇ ਸਕਦਾ ਤੇ ਜੇ ਲੋੜ ਮਹਿਸੂਸ ਕਰੇ ਤਾਂ ਕਵਿਤਾ ਦੇ ਸੁਰਖੀ ਬਿੰਦੀ ਲਾ ਕੇ ਪੜ੍ਹਨਯੋਗ ਵੀ ਬਣਾ ਸਕਦਾ। ਇਹ ਉਸਦੀ ਕਵਿਤਾ ਅਤੇ ਕਵੀਆਂ ਨਾਲ ਮੁਹੱਬਤ ਹੈ। ਉਹ ਇੰਨਾ ਦਰਿਆ ਦਿਲ ਹੈ ਕਿ ਦਿਲ ਨੂੰ ਟੁੰਭ ਜਾਣ ਵਾਲੇ ਸ਼ੇਅਰ, ਵਾਕ



ਗੁਰਮੀਤ ਕੜਿਆਲਵੀ
ਫੋਨ: 98726-40994

ਜਾਂ ਕਿਸੇ ਬੰਦ 'ਤੇ 'ਵਾਹ!' ਵੀ ਆਖ ਸਕਦਾ ਤੇ "ਆਹ!" ਵੀ। ਜੇ ਕਵਿਤਾ ਜਾਂ ਸ਼ੇਅਰ ਅੰਦਰ ਖੁੱਭ ਜਾਵੇ ਤਾਂ ਇੰਜ ਵੀ ਆਖ ਸਕਦਾ, "ਯਾਰ ਅੱਜ ਤਾਂ ਦਿਨ ਬਣਾ ਦਿੱਤਾ।"

ਨੀਰਵ ਦੀ ਸ਼ਾਇਰੀ 'ਚੋਂ ਉਸ ਦੇ ਪੁਰਖੇ ਬੋਲਦੇ ਨੇ। ਦਾਦੀ/ਦਾਦਾ, ਨਾਨੀ/ਨਾਨਾ, ਬਾਬੇ ਦਾ ਬਾਬਾ, ਪੜਨਾਨਾ ਤੇ ਉਸ ਤੋਂ ਵੀ ਵੱਡੇ।

ਪਿਤਾ ਨੇ
ਦਸਵੰਧ ਕੱਢਣਾ ਦੱਸਿਆ ਸੀ
ਮਾਂ ਨੇ ਦਸਵੰਧ ਵਿਚ ਕੁਝ ਹੋਰ ਪਾਉਣਾ
ਨੇਕੀ ਬਾਰੇ ਇੰਨਾ ਹੀ ਜਾਣਦਾ

ਸਵਾਮੀ ਦੀ ਨਜ਼ਮ 'ਚ ਧੀ ਅਤੇ ਪਤਨੀ ਵੀ ਬੋਲਦੀਆਂ ਨੇ। ਹੋਰ ਤਾਂ ਹੋਰ ਸੀਰੀ (ਨੌਕਰ) ਦੀ ਪਤਨੀ ਵੀ ਬੋਲਦੀ ਹੈ ਜੋ ਹੋਰ ਕਿਸੇ ਸ਼ਾਇਰ ਦੀ ਕਵਿਤਾ 'ਚ ਬੋਲਦੀ ਕਦੇ ਸੁਣਾਈ ਨਹੀਂ ਦਿੱਤੀ। ਜੀਵਨ ਸਾਥਣ ਬਾਰੇ "ਧੂੜ" ਵਰਗੀ ਕਵਿਤਾ ਸਵਾਮੀ ਤੋਂ ਬਿਨਾ ਭਲਾ ਕੌਣ ਰਚ ਸਕਦਾ ਸੀ? ਉਹ ਨਿੱਕੀਆਂ ਨਿੱਕੀਆਂ ਜਿੱਤਾਂ ਸਾਂਭਦੀ ਸਾਥਣ ਨੂੰ 'ਸਿਕੰਦਰ' ਆਖਦਾ ਹੈ।

ਪਤਾ ਨਹੀਂ
ਕਿਵੇਂ ਦੇਖ ਸੁੰਘ ਲੈਂਦੀ
ਮੈਲ਼ੇ ਪਰਦੇ
ਬਦਰੰਗ ਕੰਧਾਂ
ਅਲਮਾਰੀ ਅੰਦਰ ਖਿਲਰੀਆਂ ਕਿਤਾਬਾਂ
ਧੁਰ ਨੁੱਕਰਾਂ 'ਚ ਲੁਕੀ ਧੂੜ

ਦੁੱਧ ਜਿਵੇਂ
ਉਸ ਤੋਂ ਪੁੱਛ ਕੇ ਕੜ੍ਹਦਾ

ਮਾਂ ਦੇ ਹੱਥਾਂ 'ਚੋਂ ਦੁੱਧ ਅਤੇ ਗੋਹੇ ਦੀ ਖੁਸ਼ਬੋਅ ਕੇਵਲ ਸਵਾਮੀ ਅੰਤਰ ਨੀਰਵ ਹੀ ਮਹਿਸੂਸ ਕਰ ਸਕਦਾ। ਨਿੱਕੀ ਜਿਹੀ ਨਜ਼ਮ "ਮੈਂ, ਬੇਟੀ ਅਤੇ ਗੁਲਦਸਤਾ" ਰਾਹੀਂ ਪੀੜ੍ਹੀਆਂ ਵਿਚਲੀ ਸੋਚ ਦੇ ਅੰਤਰ ਨੂੰ ਐਨੀ ਬਾਰੀਕੀ ਨਾਲ ਪੇਸ਼ ਕਰਨਾ ਉਸੇ ਦੇ ਹੀ ਵੱਸ 'ਚ ਹੈ।

"ਪਿਤਾ" ਨਜ਼ਮ ਦੁਨੀਆ ਦੀਆਂ ਉਨ੍ਹਾਂ ਬੇਹਤਰੀਨ ਨਜ਼ਮਾਂ 'ਚੋਂ ਇਕ ਹੈ ਜੋ ਲੇਖਕਾਂ ਨੇ ਆਪਣੇ ਬਾਪ ਬਾਰੇ ਲਿਖੀਆਂ ਹਨ। ਸਵਾਮੀ ਦੀ ਨਜ਼ਮ ਵਿਚਲਾ ਬਾਪ ਸਾਡੀ ਰਹਿਤਲ ਦਾ ਪ੍ਰਤੀਨਿਧ ਪਾਤਰ ਹੈ ਜੋ ਹੱਦ ਦਰਜੇ ਦਾ ਜ਼ਿੰਮੇਵਾਰ, ਕਿਰਤੀ, ਨਾਮਲੇਵਾ, ਨਰਮ ਅਤੇ ਸਖਤ ਜਾਨ ਹੈ। ਵੱਡੀਆਂ ਤੋਂ ਵੱਡੀਆਂ ਮੁਸ਼ਕਲਾਂ ਵੀ ਉਸਨੂੰ ਤੋੜ ਨਹੀਂ ਸਕਦੀਆਂ।

ਦੇਹ ਵਿਚ ਲੋਹਾ ਭਰੀ ਬੈਠੇ ਨੂੰ
ਮੈਂ ਕਦੀ ਰੋਂਦੇ ਨਹੀਂ ਵੇਖਿਆ
ਮਘਦਾ ਰੱਖਣ ਤਾਈਂ
ਬਾਲਣ ਦੀ ਥਾਂ, ਪਿਤਾ
ਚੁੱਲ੍ਹੇ ਵਿਚ ਆਪ ਲਗਦਾ

ਸਵਾਮੀ ਕੁਦਰਤ ਦੇ ਅਨੰਤ ਪਸਾਰੇ 'ਚ ਜੋ ਕੁਝ ਦਿਖਾਈ ਨਹੀਂ ਦਿੰਦਾ, ਉਸਨੂੰ ਸ਼ਬਦਾਂ ਨਾਲ ਤੁਹਾਡੀਆਂ ਅੱਖਾਂ ਅੱਗੇ ਖੜ੍ਹਾ ਕਰ ਦਿੰਦਾ ਹੈ। ਜੋ ਕੁਝ ਅਣਕਿਹਾ ਹੈ-ਉਸਨੂੰ ਜ਼ੁਬਾਨ ਦਿੰਦਾ ਹੈ। ਉਸ ਲਈ ਕੋਈ ਚੀਜ਼, ਜੀਵ ਜਾਂ ਵਰਤਾਰਾ ਛੋਟਾ ਜਾਂ ਖੀਣ ਨਹੀਂ ਹੈ। ਬੇਜਾਨ ਚੀਜ਼ਾਂ ਵਿਚ ਜਾਨ ਕਿਵੇਂ ਪਾਉਣੀ ਹੈ-ਉਹ ਇਹ ਹੁਨਰ ਜਾਣਦਾ ਹੈ। ਉਹ 'ਘੜੀ' ਦਰਿਆ, ਚਸ਼ਮਾ, ਪਹਾੜਾਂ 'ਤੇ ਡਿੱਗਦੀ ਸੁੱਚੀ ਬਰਫ, ਲੀਰਾਂ ਦੀ ਗੁੱਡੀ, ਡੂੰਡਰੀ ਵਾਲਾ ਕੱਪ, ਬੇਰੰਗ ਚਿੱਠੀ, ਪੱਗ, ਸੜਕ ਅਤੇ ਬਾਰੀ ਵਰਗੀ ਬੇਜਾਨ ਵਸਤੂ ਬਾਰੇ ਵੀ ਜਾਨਦਾਰ ਕਵਿਤਾ ਲਿਖ ਸਕਦੈ। ਦੇਸ਼ ਵੰਡ ਦੇ ਦੁਖਾਂਤ ਨੂੰ "ਲੀਰਾਂ ਦੀ ਗੁੱਡੀ" ਵਰਗੀ ਨਜ਼ਮ ਰਾਹੀਂ ਸੂਖਮ ਛੋਹਾਂ ਨਾਲ ਬਿਆਨ ਕਰ ਦਿੰਦਾ ਹੈ। ਡਿੱਗਦੀ ਸੁੱਚੀ ਬਰਫ਼ 'ਤੇ ਪੈ ਰਹੀ ਧੁੱਪ ਦੀ ਰੱਬ ਨਾਲ ਤੁਲਨਾ ਕਰਦਾ ਹੈ। ਉਸ ਲਈ ਸੁਰਨ ਦਰਿਆ ਦਾ ਸੁੱਚੜਾ ਪਾਣੀ ਕਿਸੇ ਬਾਲ ਦੇ ਅੱਥਰੂ ਜਿਹਾ ਹੈ।

ਕੁਦਰਤ ਨੂੰ ਮੁਹੱਬਤ ਕਰਨੀ ਸਿੱਖਣ ਲਈ ਸਵਾਮੀ ਦੀ ਕਵਿਤਾ ਪੜ੍ਹਨੀ ਜ਼ਰੂਰੀ ਹੈ। ਉਹ ਕੁੱਕੜੀ ਵਲੋਂ ਆਂਡਿਆਂ 'ਚੋਂ ਬੱਚੇ ਕੱਢਣ ਤੋਂ ਜੀਵ ਨਸਲ ਦੀ ਉਤਪਤੀ ਅਤੇ ਆਕਾਸ਼ੀ ਉਡਦੀ ਇੱਲ ਵਲੋਂ ਝਪਟ ਮਾਰ ਕੇ ਚੂਚਾ ਚੁੱਕ ਲਿਜਾਣ ਦੀ ਘਟਨਾ ਰਾਹੀਂ ਮਨੁੱਖ ਜਾਤੀ ਦੇ ਵਿਗਸਣ ਦੀ ਬਾਤ ਪਾ ਦਿੰਦਾ ਹੈ। ਸਵਾਮੀ ਦੀ ਸ਼ਾਇਰੀ ਉਗਮਣ ਵਿਗਸਣ ਦਾ ਭੇਤ ਜਾਨਣ ਦੀ ਸ਼ਾਇਰੀ ਹੈ। ਉਸ ਅਨੁਸਾਰ ਫੁੱਲ ਖਿੜਦੇ ਵੀ ਨੇ, ਮੁਰਝਾ ਵੀ ਜਾਂਦੇ ਨੇ ਪਰ ਭੈਅ ਤੋਂ ਮੁਕਤ ਰਹਿੰਦੇ ਹਨ।

ਸੂਰਜ ਚੜ੍ਹਿਆ ਹੈ
ਰਾਤ ਨਿਕਲੀ ਹੈ

ਮੇਰੇ ਪਿਉ ਦੇ ਦਾਦੇ ਵਾਂਗ
ਤੁਰ ਗਈ ਹੈ ਮੇਰੀ ਨਾਨੀ ਵੀ

ਰੁੱਖਾਂ 'ਤੇ
ਨਵੇਂ ਪੱਤੇ ਪੁੰਗਰ ਆਏ ਹਨ

ਮੈਂ
ਪਹਿਲੇ ਜਿਹਾ ਕਿਉਂ ਨਹੀਂ ਹਾਂ

ਮੈਂ ਕੀ ਜਾਣਦਾ ਹਾਂ
ਮੈਂ ਕੀ ਜਾਣ ਲਿਆ ਹੈ

ਸਵਾਮੀ ਦੀ ਸ਼ਾਇਰੀ ਵਿਚ ਕਿਰਤ ਅਤੇ ਕਿਰਤੀਆਂ ਦੀ ਰੱਜਵੀਂ ਮਹਿਮਾ ਹੈ। ਉਸਦੇ ਕਿਰਤੀ ਰਜ਼ਾ ਵਿਚ ਰਹਿਣ ਵਾਲੇ ਅਲਮਸਤ ਹਨ। ਉਨ੍ਹਾਂ ਲਈ ਰੁੱਤਾਂ "ਰੱਬ ਰੁੱਤਾਂ" ਹਨ। ਉਹ ਅੰਦਰੋਂ ਬਾਹਰੋਂ ਇਕੋ ਜਿਹੇ ਹਨ। ਵਲ਼ ਛਲ ਤੋਂ ਰਹਿਤ। ਗੰਨੇ ਵਰਗੀਆਂ ਲੱਤਾਂ ਬਾਹਾਂ ਵਾਲੇ ਬੁੱਢੇ ਕਿਸਾਨ ਦੀ ਖੰਘ 'ਚ ਬਲਦਾਂ ਦੇ ਸਾਹ ਵੱਜਦੇ ਹਨ:

ਬੁੱਢੇ ਕਿਸਾਨ ਦੀ ਖੰਘ ਵਿਚ
ਬਲਦਾਂ ਦੇ ਸਾਹ ਵੱਜਦੇ ਹਨ
ਖੰਘੂਰੇ 'ਚੋਂ, ਵਗਦੇ ਹਲ਼ ਦੀ
ਹੇਕ ਪੈਂਦੀ ਹੈ

*ਨਹੀਂ* ਵਿਚ ਥਾਂ ਥਾਂ ਕਿਰਤੀਆਂ ਦੇ ਚਿਤਰ ਉਲੀਕੇ ਪਏ ਹਨ। ਇਹ ਕਿਰਤੀ ਮਾਨਵੀ ਗੁਣਾਂ ਨਾਲ ਨੱਕੋ ਨੱਕ ਭਰੇ ਹੋਏ ਹਨ ਜੋ ਜੀਵ ਜੰਤੂਆਂ ਨੂੰ ਵੀ ਰੂਹ ਤੋਂ ਪਿਆਰਦੇ ਹਨ। ਸਵਾਮੀ ਦਾ 'ਡੇਅਰੀ ਵਾਲਾ ਸ਼ਾਮੂ' ਗਾਵਾਂ ਨੂੰ ਮਾਲਕ ਨਾਲੋਂ ਵੱਧ ਪਿਆਰ ਕਰਦਾ ਹੈ:

ਗਾਵਾਂ ਸ਼ਾਮੂ ਦੇ ਹੱਥਾਂ ਨੂੰ ਸਿਆਣਦੀਆਂ ਹਨ
ਉਹ ਜਦ ਕਿਤੇ ਛੁੱਟੀ ਜਾਂਦਾ ਏ
ਤਾਂ ਘੱਟ ਦੁੱਧ ਦੇਂਦੀਆ ਹਨ

*

ਸਵਾਮੀ ਕਿਰਤੀਆਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਹੈ। ਬੜੀ ਸਹਿਜਤਾ ਤੇ ਸੁਖਮਤਾ ਨਾਲ। ਉਹ ਨਾ ਉਚਾ ਬੋਲ ਬੋਲਦਾ ਹੈ ਤੇ ਨਾ ਹੀ ਉਸ ਕੋਲ ਨਾਅਰਾ ਹੈ। ਉਸ ਕੋਲ ਸੱਚੇ ਸੁੱਚੇ ਕਿਰਤੀਆਂ ਲਈ ਸੱਚੇ ਸੁੱਚੇ ਸ਼ਬਦ ਹਨ ਜੋ ਉਹ ਅਦਬ ਨਾਲ ਇਨ੍ਹਾਂ ਕਿਰਤੀਆਂ ਨੂੰ ਭੇਟ ਕਰ ਦਿੰਦਾ ਹੈ:

ਉਹ ਘੱਟ ਬੋਲਦੈ
ਇਕੋ ਕੀਮਤ ਲਾਉਂਦੈ
ਪੂਰਾ ਤੋਲਦੈ
(ਮੋਚੀ)

*

ਸਮਾਜ ਵਿਚਲੀਆਂ ਅਸਾਵੀਆਂ ਵੰਡਾਂ ਸ਼ਾਇਰ ਨੂੰ ਤੰਗ ਕਰਦੀਆਂ ਨੇ। ਸਮਾਜ ਵਿਚਲੀ ਵਰਗ ਵੰਡ ਨੂੰ "ਸਕੂਲ: ਪਹਿਲਾ ਦਿਨ" 'ਚ ਜਿੰਨੀ ਕੋਮਲਤਾ ਨਾਲ ਸਵਾਮੀ ਚਿਤਰਦਾ ਹੈ, ਉਹ ਬਾਕਮਾਲ ਹੈ। ਇਕ ਪਾਸੇ ਮਹਿੰਗੇ ਸਕੂਲ 'ਚ ਪੜ੍ਹਦੇ ਬੱਚੇ ਹਨ, ਦੂਜੇ ਪਾਸੇ ਸਰਕਾਰੀ ਪੇਂਡੂ ਸਕੂਲ 'ਚ ਪੜ੍ਹਨ ਵਾਲੇ ਸਾਧਨਹੀਣ ਵਰਗ ਦੇ ਬੱਚੇ ਜਿਨ੍ਹਾਂ ਲਈ ਟਿਫਨ ਟਾਈਆਂ ਦਾ ਕੋਈ ਅਰਥ ਨਹੀਂ।

ਨਵਾਂ ਬਸਤਾ
ਨਵਾਂ ਟਿਫ਼ਿਨ
ਵਰਦੀ, ਬੂਟ ਤੇ
ਟਾਈ ਲਾ, ਹੱਥ 'ਚ
ਚਾਕਲੇਟਾਂ ਦਾ ਡੱਬਾ ਫੜੀ
ਪਹਿਲੇ ਦਿਨ ਸਕੂਲ ਜਾਣ ਲਈ
ਤਿਆਰ ਹੈ ਬੱਚਾ

*

ਪੁਰਾਣੀ ਪਤਲੂਣ ਦੇ ਸੀਤੇ
ਖਾਲੀ ਬਸਤੇ ਵਿਚ
ਸਰਕਾਰੀ ਕਿਤਾਬਾਂ ਭਰਨ ਦੇ
ਸੁਪਨੇ ਲੈਂਦਾ
ਇਕੱਲੇ ਹੀ ਸਕੂਲ ਗਿਆ ਹੈ ਬੱਚਾ




ਮਾਸਟਰ ਕਿੱਕਰ ਸਿਉਂ ਨੇ
ਬੱਚੇ ਦਾ ਨਾਂ
ਚੂਹੜ ਸਿੰਘ ਲਿਖ ਛੱਡਿਆ ਹੈ।

**

ਸਵਾਮੀ ਦੀ "ਸਕੂਲ ਪ੍ਰੋਜੈਕਟ" ਵਾਲੀ ਨਜ਼ਮ ਦੇ ਉਚ ਵਰਗੀ ਮਾਪਿਆਂ ਦੇ ਬੱਚੇ ਨੇ ਸਕੂਲ ਪ੍ਰੋਜੈਕਟ ਦੀ ਕਾਪੀ ਵਿਚ ਮੱਝ, ਕੱਟੀ, ਕਿਸਾਨ, ਬਲਦ ਦੇ ਫੋਟੋ ਚਿਮੋਤਨੇ ਹਨ, ਵੱਖ ਵੱਖ ਫਸਲਾਂ ਤੇ ਫੁੱਲ ਫਲ ਇਕੱਠੇ ਕਰਨੇ ਹਨ, ਖੇਤੀ ਸੰਦਾਂ ਦੀਆਂ ਤਸਵੀਰਾਂ ਵਾਹੁਣੀਆਂ ਹਨ ਅਤੇ ਦੂਰੋਂ ਦੂਰੋਂ ਹੀ ਹੱਡਾਰੋੜੀ, ਸਕੂਲ, ਸਿਵੇ ਵੇਖਣੇ ਹਨ:

ਇਸੇ ਤਰ੍ਹਾਂ
ਦੂਰੋਂ ਦੂਰੋਂ ਵੇਖਣੇ ਹਨ ਹੱਡਾਰੋੜੀ
ਸਕੂਲ, ਸਿਵੇ ਅਤੇ
ਲਹਿੰਦੇ ਵੱਲ ਦੀ ਬਸਤੀ

ਗੰਦੇ ਬੱਚਿਆਂ ਦਾ ਸਾਥ
ਬਿਲਕੁਲ ਨਹੀਂ ਕਰਨਾ
ਨਾ ਖੇਡਣੀਆਂ ਹਨ
ਅਣਜਾਣ ਖੇਡਾਂ

ਕੋਸ਼ਿਸ਼ ਕਰਨੀ ਹੈ
ਖਾਣਾ ਘਰ ਦਾ ਖਾਣਾ ਹੈ
ਪਾਣੀ ਤਾਂ
ਘਰੋਂ ਹੀ ਲੈ ਕੇ ਜਾਣਾ ਹੈ।

*

ਸਵਾਮੀ ਨੇ ਇਸ ਕਵਿਤਾ 'ਚ ਕਿਧਰੇ ਵੀ ਥੁੜ੍ਹਾਂ ਮਾਰੇ ਪਰਿਵਾਰ ਦੇ ਬੱਚੇ ਦਾ ਜ਼ਿਕਰ ਨਹੀਂ ਕੀਤਾ ਪਰ ਕਵੀ ਦਾ ਕਾਵਿਕ ਹੁਨਰ ਵੇਖੋ ਕਿ ਉਸਨੇ ਉਚ ਵਰਗ ਦੇ ਬੱਚਿਆਂ ਦੇ ਚਿਤਰਨ ਰਾਹੀਂ ਹੀ ਸਮਾਜ ਵਿਚ ਪਾਈ ਜਾਂਦੀ ਧਰਤੀ ਤੇ ਅਸਮਾਨ ਵਰਗੀ ਵੰਡ ਨੂੰ ਪੇਸ਼ ਕਰ ਦਿੱਤਾ ਹੈ।

ਇਉਂ ਹੀ ਸਵਾਮੀ ਦੀ "ਡੂੰਡਰੀ ਵਾਲਾ ਕੱਪ" ਨਜ਼ਮ ਕਿਰਤੀ ਵਰਗ ਦੀ ਹੋਣੀ ਬਿਆਨ ਕਰਦੀ ਹੈ। ਕਿੰਨੀਆਂ ਹੀ ਪੀੜ੍ਹੀਆਂ ਲੰਘ ਗਈਆਂ ਹਨ-ਪਰ ਡੂੰਡਰੀ ਵਾਲਾ ਕੱਪ ਹੀ ਕਿਰਤੀ ਦਾ ਨਸੀਬ ਬਣਿਆ ਹੋਇਆ ਹੈ। (ਮਲਵਈ ਕੁੰਡੇ ਵਾਲੇ ਕੱਪ ਬਾਰੇ ਜਾਣਦੇ ਹੋਣਗੇ) ਕਿੱਕਰੀ ਟੰਗਿਆ ਇਹ ਕੱਪ ਰਾਮੇ, ਮਨੀ ਰਾਮ, ਭਰਛੇ ਵਰਗਿਆਂ ਦਾ ਨਸੀਬ ਹੈ ਜਿਸਨੂੰ ਉਹ ਲਾਹੁੰਦੇ, ਧੋਂਦੇ, ਚਾਹ ਪੀਂਦੇ ਫੇਰ ਧੋਂਦੇ ਤੇ ਟੰਗ ਦਿੰਦੇ ਹਨ। ਐਨਾ ਸਮਾਂ ਬੀਤ ਗਿਆ ਹੈ ਪਰ ਕੁਝ ਵੀ ਨਹੀਂ ਬਦਲਿਆ

ਕਦੀ ਵੀ ਕਿਤੇ ਵੀ
ਗਲਾਸ ਨੇ ਨਹੀਂ ਲਈ
ਬਿਨਾਂ ਡੂੰਡਰੀ ਵਾਲੇ ਕੱਪ ਦੀ ਜਗ੍ਹਾ

*

ਮੇਰੇ ਤੇ ਮੇਰੀ ਕਲਾਸ ਵਿਚ ਪੜ੍ਹਦੇ
ਰਾਮੇ ਦੇ ਮੁੰਡੇ ਵਿਚ ਬੱਸ
ਗਲਾਸ ਅਤੇ
ਬਿਨਾਂ ਡੂੰਡਰੀ ਵਾਲੇ
ਕੱਪ ਜਿੰਨਾ ਹੀ ਫ਼ਰਕ ਹੈ

*

ਸਵਾਮੀ ਦੀਆਂ ਬਹੁਤੀਆਂ ਕਵਿਤਾਵਾਂ ਗੁਆਚ ਰਹੀ ਸਵੈ-ਪਛਾਣ ਦੀਆਂ ਹਨ। ਪਿੰਡ ਆਪਣਾ ਆਪ ਗੁਆ ਕੇ ਸ਼ਹਿਰ 'ਚ ਬਦਲ ਰਿਹਾ ਹੈ। ਸ਼ਹਿਰ ਵੀ ਹੁਣ ਪਹਿਲਾਂ ਜਿਹਾ ਕਿੱਥੇ ਰਿਹਾ ਹੈ। ਮਨੁੱਖ ਨੂੰ ਉਸਦੀ ਪਛਾਣ ਤੋਂ ਵਿਰਵਾ ਕਰ ਦਿੱਤਾ ਗਿਆ ਹੈ ਤੇ ਉਸ ਤੋਂ ਦੇਸ਼ ਦਾ ਕਾਨੂੰਨ ਤੇ ਸਿਸਟਮ ਪਛਾਣ ਵਜੋਂ ਪਛਾਣ ਪੱਤਰ ਭਾਲਦੇ ਹਨ।

ਸਵਾਮੀ ਪਿਆਰ ਦਾ ਕਵੀ ਹੈ। 'ਪਿਆਰ ਕਿੱਥੇ ਕਿੱਥੇ' ਹੈ-ਇਹ ਜਾਣਨਾ ਹੋਵੇ ਤਾਂ ਉਸਦੀ ਇਸ ਸਿਰਲੇਖ ਵਾਲੀ ਨਜ਼ਮ ਪੜ੍ਹ ਸਕਦੇ ਓਂ

ਕਬਾੜ ਚੁਗਦਾ ਮੁੰਡਾ ਵੇਖ
ਕਬਾੜ ਚੁਗਦੀ ਕੁੜੀ ਦੇ
ਬੁੱਲ੍ਹਾਂ 'ਚੋਂ ਹਾਸਾ ਸਿੰਮਦਾ ਹੈ

ਝਟਕੋਈਆਂ ਦੀ ਕੁੜੀ ਨੂੰ
ਕਸਾਈਆਂ ਦੇ ਮੁੰਡੇ ਵਿਚ
ਨਾ ਲਹੂ ਦਿਸਦਾ ਨਾ ਮਾਸ
ਪੈਰਾਂ ਵਿਚ ਸਿਰੀ ਫਸਾਏ
ਛੁਰੀ ਨਾਲ
ਅੱਖਾਂ ਕੱਢਦੇ ਦੀਆਂ ਅੱਖਾਂ ਵਿਚ
ਝਾਕ ਸਕਦੀ ਹੈ ਤਾ-ਉਮਰ

*

ਸਵਾਮੀ ਦੀ ਕਵਿਤਾ ਆਮ ਮਨੁੱਖ ਦੀ ਕਵਿਤਾ ਹੈ ਜੋ ਸਵਾਮੀ ਦੇ ਸ਼ਬਦਾਂ ਅਨੁਸਾਰ "ਬੀਂ ਨੂੰ ਨਿਹਾਰਦਾ/ ਫਲ਼ ਦੀ ਉਡੀਕ ਵਿਚ/ ਪੁਸ਼ਤਾਂ ਗੁਜ਼ਾਰ ਦਿੰਦਾ" ਹੈ।

ਸਵਾਮੀ ਬੀਜ ਤੋਂ ਬਿਰਖ ਬਣਨ ਦੇ ਛਿਣਾਂ ਨੂੰ ਆਪਣੀ ਮੁੱਠੀ ਵਿਚ ਫੜ ਕੇ ਪਾਠਕ ਅੱਗੇ ਪਰੋਸ ਦਿੰਦਾ ਹੈ। ਉਸਦੇ ਸਾਹਮਣੇ ਸ਼ਬਦ ਆਪਣੇ ਸਾਰੇ ਜਲੌਅ ਲੈ ਕੇ ਹਾਜ਼ਰ ਹੋ ਜਾਂਦੇ ਨੇ ਤੇ ਉਸਦੀ ਮਰਜ਼ੀ ਅਨੁਸਾਰ ਕਲਾਬਾਜ਼ੀਆਂ ਲਗਾਉਂਦੇ ਹਨ। ਉਸ ਦੀ ਨਜ਼ਮ ਦਾ ਇਕ ਹੀ ਵਾਕ ਪੜ੍ਹਨ ਉਪਰੰਤ ਅੱਖਾਂ ਬੰਦ ਕਰ ਕੇ ਅਰਥਾਂ ਦੇ ਵਿਸ਼ਾਲ ਝਰਨੇ 'ਚ ਤਾਰੀਆਂ ਲਾਉਣੀਆਂ ਪੈਂਦੀਆਂ ਹਨ। ਉਹ 'ਵਾਹ' ਤੇ 'ਆਹ' ਤੋਂ ਪਾਰ ਦਾ ਕਵੀ ਹੈ। ਉਸ ਦੀ ਕਵਿਤਾ ਨੂੰ ਪੜ੍ਹਨਾ ਕੁਦਰਤ ਨੂੰ ਪੜ੍ਹਨ ਜਿਹਾ ਹੈ। ਜਿੰਨਾ ਕੁਦਰਤ ਨੂੰ ਮਾਨਣਾ ਅਨੰਦਮਈ ਹੈ-ਸਵਾਮੀ ਦੀ ਸ਼ਾਇਰੀ ਨੂੰ ਮਾਨਣਾ ਵੀ ਓਨਾ ਹੀ ਅਨੰਦਮਈ ਹੈ। ਜਿੰਨਾ ਔਖਾ ਹੈ ਕੁਦਰਤ ਦਾ ਭੇਦ ਪਾਉਣਾ, ਓਨਾ ਹੀ ਔਖਾ ਹੈ ਸਵਾਮੀ ਦੀ ਸ਼ਾਇਰੀ ਵਿਚਲੇ ਅਰਥਾਂ ਦੇ ਵਿਸ਼ਾਲ ਸਮੁੰਦਰ ਦੀ ਤਹਿ ਤਕ ਪੁੱਜਣਾ।

---

*(ਸਫਾ 14 ਦਾ ਬਾਕੀ)*

ਲਾਹਿਆ ਤਾਂ ਪੌੜੀਆਂ ਉਤਲਾ ਸ਼ੋਰਗੁਲ ਸੌਂ ਗਿਆ ਤੇ ਭਾਰਤੀ ਟੀਮ ਦੀ ਵੀ ਜਿਵੇਂ ਫੂਕ ਨਿਕਲ ਗਈ। 19ਵੇਂ ਮਿੰਟ 'ਚ ਪਾਕਿਸਤਾਨ ਦੀ ਟੀਮ ਨੇ ਇਕ ਹੋਰ ਗੋਲ ਕੀਤਾ ਤਾਂ ਜਾਣੋ ਦਰਸ਼ਕਾਂ ਦੇ ਮਾਪੇ ਹੀ ਮਰ ਗਏ ਤੇ ਤਿਰੰਗੀਆਂ ਝੰਡੀਆਂ ਬੁੱਕਲਾਂ 'ਚ ਲੁਕੋ ਲਈਆਂ ਗਈਆਂ। ਜਸਦੇਵ ਸਿੰਘ ਨੇ ਧੌਣ ਪਿੱਛੇ ਘੁਮਾ ਕੇ ਸਾਨੂੰ ਕਿਹਾ, "ਮੈਂ ਸਰਦਾਰ ਬੂਟਾ ਸਿੰਘ ਨੂੰ ਪਹਿਲਾਂ ਈ ਆਖਿਆ ਸੀ ਕਿ ਆਪਾਂ ਹੋਸਟ ਆਂ, ਆਪਾਂ ਨੂੰ ਝੰਡੀਆਂ ਵੰਡਣਾ ਸ਼ੋਭਾ ਨਹੀਂ ਦਿੰਦਾ।" ਉਸ ਨੇ ਇਹ ਵੀ ਕਿਹਾ, "ਆਮ ਵੇਖਿਆ ਗਿਐ ਕਿ ਜਦੋਂ ਭਾਰਤ-ਪਾਕਿਸਤਾਨ ਸਿਰ ਪਹਿਲਾ ਗੋਲ ਕਰੇ ਤਾਂ ਅਕਸਰ ਹਾਰਦੈ।"

ਜਿਵੇਂ-ਜਿਵੇਂ ਮੈਚ ਅੱਗੇ ਵਧਿਆ ਪਾਕਿਸਤਾਨੀ ਖਿਡਾਰੀ ਹੋਰ ਉਤੇ ਚੜ੍ਹਦੇ ਗਏ। ਉਨ੍ਹਾਂ ਨੇ ਉਪ੍ਰੋਥਲੀ ਸੱਤ ਗੋਲ ਕੀਤੇ। ਭਾਰਤੀ ਟੀਮ ਨੂੰ ਉਹਦੇ ਹੀ ਘਰ 'ਚ ਏਨੀ ਸ਼ਰਮਨਾਕ ਹਾਰ ਦਿੱਤੀ ਜਿਸ ਨੂੰ ਭਾਰਤੀ ਖਿਡਾਰੀ ਡਰਾਉਣੇ ਸੁਫਨੇ ਵਾਂਗ ਕਦੇ ਵੀ ਭੁੱਲ ਨਹੀਂ ਸਕਣਗੇ। ਉਦਣ ਜਸਦੇਵ ਸਿੰਘ ਨੂੰ ਮੈਂ ਡਾਢਾ ਉਦਾਸ ਵੇਖਿਆ। ਮੇਰੀ ਬਦਕਿਸਮਤੀ ਹੈ ਕਿ ਉਸ ਤੋਂ ਬਾਅਦ ਮੈਂ ਜਸਦੇਵ ਸਿੰਘ ਦੇ ਦਰਸ਼ਨ ਨਾ ਕਰ ਸਕਿਆ। ਦੇਸ਼ ਲਈ ਉਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਭਾਰਤ ਦੇ ਰਾਸ਼ਟਰਪਤੀ ਨੇ 1985 ਵਿਚ ਉਸ ਨੂੰ ਪਦਮ ਸ੍ਰੀ ਤੇ 2008 ਵਿਚ ਪਦਮ ਭੂਸ਼ਨ ਦੇ ਪੁਰਸਕਾਰ ਦਿੱਤੇ।

85ਵੇਂ ਸਾਲ ਦੀ ਉਮਰ ਤੋਂ ਉਹ ਭੁੱਲਣਰੋਗ ਦਾ ਸ਼ਿਕਾਰ ਹੋ ਗਿਆ ਸੀ ਅਤੇ ਪਾਰਕਿਨਸਨ ਦਾ ਮਰੀਜ਼ ਵੀ। ਉਹਦੇ ਹੱਥ ਕੰਬਣ ਲੱਗ ਪਏ ਸਨ ਪਰ ਆਵਾਜ਼ ਸਥਿਰ ਸੀ। ਉਸ ਨੇ ਚੁਰਾਸੀ ਕੱਟ ਲਈ ਸੀ ਤੇ 87ਵੇਂ ਸਾਲ 'ਚ ਪਹੁੰਚ ਗਿਆ ਸੀ। ਉਹ 'ਲਿਵਿੰਗ ਲੈਜਿੰਡ' ਸੀ। ਉਸ ਦੀ ਪਤਨੀ ਕ੍ਰਿਸ਼ਨਾ ਜਸਦੇਵ ਸਿੰਘ, ਪਤੀ ਦੀ ਸੇਵਾ ਸੰਭਾਲ ਵਿਚ ਲੱਗੀ ਹੋਈ ਸੀ। ਪੁੱਤਰ ਗੁਰਦੇਵ ਸਿੰਘ ਤੇ ਧੀ ਵੀ ਹਾਜ਼ਰ ਸਨ। ਗੁਰਦੇਵ ਸਿੰਘ ਨੇ ਆਪਣੇ ਪਿਤਾ ਦੀ ਕੁਮੈਂਟਰੀ ਦਾ ਬੈਟਨ ਉਹਦੇ ਜਿਉਂਦੇ ਜੀਅ ਫੜ ਲਿਆ ਸੀ। ਦਿੱਲੀ ਦਾ ਮੀਡੀਆ ਜਸਦੇਵ ਸਿੰਘ ਦੀ ਖ਼ਬਰਸਾਰ ਲੈਂਦਾ ਰਹਿੰਦਾ ਸੀ ਪਰ ਜਿਵੇਂ ਕਹਿੰਦੇ ਹਨ, ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ, ਗੁੱਡੀ ਸਦਾ ਨਾ ਜੱਗ 'ਤੇ ਚੜ੍ਹੀ ਰਹਿਣੀ। ਆਖ਼ਰ ਉਮਰ ਦੀ ਡੋਰ ਟੁੱਟ ਹੀ ਗਈ। 25 ਸਤੰਬਰ, 2018 ਨੂੰ 'ਕੁਮੈਂਟਰੀ ਦਾ ਬਾਬਾ ਬੋਹੜ' 87 ਸਾਲਾਂ ਦੇ ਸ਼ਾਨਾਮੱਤੇ ਜੀਵਨ ਦਾ ਆਖ਼ਰੀ ਸਾਹ ਲੈ ਕੇ ਆਪਣੀ ਪਤਨੀ, ਪੁੱਤਰ ਤੇ ਧੀ ਦੇ ਭਰੇ ਪਰਿਵਾਰ ਅਤੇ ਆਪਣੇ ਲੱਖਾਂ ਕਰੋੜਾਂ ਪ੍ਰਸ਼ੰਸਕਾਂ ਨੂੰ ਅਲਵਿਦਾ ਕਹਿ ਗਿਆ। ਮੁਹੰਮਦ ਇਕਬਾਲ ਦਾ ਇਹ ਸ਼ਿਅਰ ਉਹਦੇ ਉਤੇ ਪੂਰਾ ਢੁੱਕਦਾ ਹੈ:

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ

# ਕਿਸਾਨਾਂ ਦਾ ਕਰਜ਼ਾ ਅਤੇ ਭਾਰਤ ਸਰਕਾਰ

ਸਾਲ 2017 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਤਕਰੀਬਨ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਕਿਸਾਨੀ ਕਰਜ਼ੇ ਮੁਆਫ਼ ਕਰਨ ਦੇ ਵਾਅਦੇ ਇਸ ਲਈ ਜ਼ੋਰ-ਸ਼ੋਰ ਨਾਲ ਪ੍ਰਚਾਰੇ ਸਨ ਕਿਉਂ ਜੋ ਸਾਰੇ ਹੀ ਪ੍ਰਾਂਤਾਂ ਵਿਚ ਕਿਸਾਨੀ ਨਾਲ ਸਬੰਧਿਤ ਵੋਟਾਂ ਦੀ ਬਹੁਗਿਣਤੀ ਹੈ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਕਰਜ਼ਈ ਹਨ। ਪੰਜਾਬ ਅਤੇ ਯੂ.ਪੀ. ਵਿਚ ਇਸ ਨੂੰ ਜ਼ਿਆਦਾ ਜ਼ੋਰ ਨਾਲ ਉਭਾਰਿਆ ਗਿਆ ਅਤੇ ਵੋਟਾਂ ਬਟੋਰਨ ਵਿਚ ਇਸ ਦਾ ਚੰਗਾ ਪ੍ਰਭਾਵ ਵੀ ਪਿਆ। ਉਂਝ ਚੋਣਾਂ ਤੋਂ ਬਾਅਦ

**ਡਾ. ਸ. ਸ. ਛੀਨਾ**

ਕਰਜ਼ਾ ਮੁਆਫ਼ੀ ਹੀ ਉਨ੍ਹਾਂ ਸਰਕਾਰਾਂ ਦੀ ਮੁੱਖ ਚੁਣੌਤੀ ਬਣ ਗਈ ਅਤੇ ਪੰਜਾਬ ਵਿਚ 2022 ਦੀਆਂ ਚੋਣਾਂ ਵਿਚ ਕਾਂਗਰਸ ਦੀ ਹਾਰ ਦਾ ਇਕ ਵੱਡਾ ਕਾਰਨ ਇਹ ਵਾਅਦਾ ਪੂਰਾ ਨਾ ਕਰਨਾ ਵੀ ਬਣਿਆ।

ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਕੋਈ 90 ਹਜ਼ਾਰ ਕਰੋੜ ਤੋਂ ਉਪਰ ਕਿਸਾਨੀ ਕਰਜ਼ਾ ਸੀ, ਪੰਜਾਬ ਸਰਕਾਰ ਇਸ ਦਾ 10 ਫ਼ੀਸਦੀ ਵੀ ਮੁਆਫ਼ ਨਾ ਕਰ ਸਕੀ ਅਤੇ ਜਿਹੜਾ ਕਰਜ਼ਾ ਪੰਜ ਕਿਸ਼ਤਾਂ ਵਿਚ ਮੁਆਫ਼ ਕੀਤਾ, ਉਹ ਵਿਕਾਸ ਦੀ ਲਾਗਤ 'ਤੇ ਕੀਤਾ ਅਤੇ ਕਿਸੇ ਹੋਰ ਲੋਕ ਕਲਿਆਣ ਸਕੀਮ ਤੋਂ ਖ਼ਰਚ ਘਟਾ ਕੇ ਕੀਤਾ ਜਿਸ ਦਾ ਅਰਥ ਹੈ ਕਿ ਸੀਮਤ ਸਾਧਨਾਂ ਵਿਚੋਂ ਹੀ ਕੁਝ ਸਾਧਨ ਕਰਜ਼ਾ ਮੁਆਫ਼ ਕਰਨ ਲਈ ਵਰਤ ਲਏ। ਇਸ ਨਾਲ ਪ੍ਰਾਂਤ ਵਿਚ ਹੋਣ ਵਾਲੀ ਸਮੁੱਚੀ ਭਲਾਈ ਨੂੰ ਤਾਂ ਕੋਈ ਫ਼ਰਕ ਨਾ ਪਿਆ।

ਅਸਲ ਵਿਚ ਪ੍ਰਾਂਤਾਂ ਦੀਆਂ ਸਰਕਾਰਾਂ ਖਾਸਕਰ ਪੰਜਾਬ ਦੀ ਸਰਕਾਰ ਜਿਹੜੀ 3 ਲੱਖ ਕਰੋੜ ਰੁਪਏ ਦੀ ਕਰਜ਼ਈ ਹੈ, ਨੂੰ ਸਾਲਾਨਾ 20 ਹਜ਼ਾਰ ਕਰੋੜ ਰੁਪਏ ਦੇ ਬਰਾਬਰ ਵਿਆਜ ਦੀ ਅਦਾਇਗੀ ਕਰਨੀ ਪੈਂਦੀ ਹੈ। ਇਸ ਸੂਰਤ ਵਿਚ ਇਹ ਕਿਸ ਤਰ੍ਹਾਂ ਇੰਨਾ ਵੱਡਾ ਕਰਜ਼ਾ ਮੁਆਫ਼ ਕਰ ਸਕਦੀ ਸੀ। ਫਿਰ ਸਵਾਲ ਪੈਦਾ ਹੁੰਦਾ ਹੈ: ਕੀ ਕਿਸਾਨੀ ਕਰਜ਼ਾ ਮੁਆਫ਼ ਕਰਨ ਦੀ ਮੰਗ ਗ਼ਲਤ ਹੈ?

ਇਸ ਦਾ ਸਹੀ ਉੱਤਰ ਹੈ ਕਿ ਇਹ ਮੰਗ ਗ਼ਲਤ ਨਹੀਂ ਸਗੋਂ ਬਿਲਕੁਲ ਠੀਕ ਹੈ। ਕਰਜ਼ਾ ਮੁਆਫ਼ ਹੋਣਾ ਚਾਹੀਦਾ ਹੈ ਪਰ ਇਸ ਨੂੰ ਪ੍ਰਾਂਤਾਂ ਦੀਆਂ ਸਰਕਾਰਾਂ ਵਾਸਤੇ ਮੁਆਫ਼ ਕਰਨਾ ਜੇ ਅਸੰਭਵ ਨਹੀਂ ਤਾਂ ਬੜਾ ਹੀ ਮੁਸ਼ਕਿਲ ਹੈ। ਦੂਜੇ ਬੰਨੇ ਕੇਂਦਰ ਸਰਕਾਰ ਵਾਸਤੇ ਇਹ ਮੁਸ਼ਕਿਲ ਨਹੀਂ ਹੈ ਅਤੇ ਕੇਂਦਰ ਸਰਕਾਰ ਨੂੰ ਇਹ ਕਰਜ਼ਾ ਮੁਆਫ਼ ਵੀ ਕਰਨਾ ਚਾਹੀਦਾ ਹੈ।



ਇਹ ਤਾਂ ਨਹੀਂ ਹੋ ਸਕਦਾ ਕਿ ਕੇਂਦਰ ਸਰਕਾਰ ਇਕ ਪ੍ਰਾਂਤ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰ ਦੇਵੇ ਅਤੇ ਦੂਸਰਿਆਂ ਦਾ ਨਾ ਕਰੇ। ਜੇ ਉਹ ਮੁਆਫ਼ ਕਰੇਗੀ ਤਾਂ ਸਮੁੱਚੀ ਕਿਸਾਨੀ ਦਾ ਹੀ ਕਰੇਗੀ। ਅਸਲ ਵਿਚ ਭਾਰਤ ਦਾ ਵਿਕਾਸ ਅਸਾਵਾਂ ਹੋਇਆ ਹੈ। ਖੇਤੀ ਬਹੁਤ ਵਿਕਾਸ ਕਰ ਗਈ। ਖੇਤੀ ਵਿਚ ਤਾਂ ਕਈ ਫ਼ਸਲਾਂ ਦੀ ਉਪਜ ਦੁਨੀਆ ਦੇ ਵਿਕਸਤ ਦੇਸ਼ਾਂ ਦੀ ਉਪਜ ਦੇ ਬਰਾਬਰ ਪਹੁੰਚ ਗਈ। ਦੇਸ਼ ਕੋਲ ਖੇਤੀ ਲਈ ਦੁਨੀਆ ਦਾ ਸਿਰਫ਼ 2.4 ਫ਼ੀਸਦੀ ਖੇਤਰ ਹੈ ਜਦੋਂਕਿ ਵਸੋਂ 17.6 ਫ਼ੀਸਦੀ ਹੈ। ਪਾਣੀ ਦੇ ਸਾਧਨ ਦੁਨੀਆ ਦੇ ਸਾਧਨਾਂ ਦਾ ਸਿਰਫ਼ 4 ਫ਼ੀਸਦੀ ਹਨ ਪਰ ਇੰਨੀ ਵੱਡੀ ਵਸੋਂ ਹੋਣ ਦੇ ਬਾਵਜੂਦ ਭਾਰਤ ਦੀ ਖੇਤੀ ਨੇ ਨਾ ਸਿਰਫ਼ ਅਨਾਜ ਲੋੜਾਂ ਵਿਚ ਆਤਮ-ਨਿਰਭਰਤਾ ਪ੍ਰਾਪਤ ਕੀਤੀ ਸਗੋਂ ਇਹ ਅਨਾਜ ਬਰਾਮਦ ਕਰਨ ਵਾਲਾ ਦੇਸ਼ ਬਣਿਆ।

ਦੂਸਰੀ ਤਰਫ਼ ਉਦਯੋਗਕ ਵਿਕਾਸ ਵਿਚ ਇਸ ਕਰਕੇ ਮਗਰ ਰਹਿ ਗਿਆ ਕਿਉਂਕਿ ਖੇਤੀ ਆਧਾਰਿਤ ਉਦਯੋਗ ਵੀ ਵਿਕਸਤ ਨਾ ਹੋ ਸਕੇ। ਖੇਤੀ ਵਿਚ ਵਸੋਂ ਨੂੰ ਵਿਕਾਸ ਨਾਲ ਉਦਯੋਗਾਂ ਵੱਲ ਬਦਲਣਾ ਚਾਹੀਦਾ ਸੀ ਜਿਸ ਤਰ੍ਹਾਂ ਦੁਨੀਆ ਭਰ ਦੇ ਵਿਕਸਤ ਦੇਸ਼ਾਂ ਵਿਚ ਹੋਇਆ ਹੈ ਪਰ ਭਾਰਤ ਵਿਚ ਇਹ ਨਾ ਹੋ ਸਕਿਆ। ਅਜੇ ਵੀ ਖੇਤੀ ਵਿਚ 60 ਫ਼ੀਸਦੀ ਵਸੋਂ ਲੱਗੀ ਹੋਈ ਹੈ ਪਰ ਖੇਤੀ ਵਾਲੀ ਇਸ ਵਸੋਂ ਵੱਲੋਂ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਸਿਰਫ਼ 14 ਫ਼ੀਸਦੀ ਹਿੱਸਾ ਪਾਇਆ ਜਾਂਦਾ ਹੈ ਜਾਂ ਇਸ 60 ਫ਼ੀਸਦੀ ਵਸੋਂ ਦੇ ਹਿੱਸੇ ਸਿਰਫ਼ 14 ਫ਼ੀਸਦੀ ਆਮਦਨ ਆਉਂਦੀ ਹੈ ਜਦੋਂਕਿ ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ 86 ਫ਼ੀਸਦੀ ਆਮਦਨ ਆਉਂਦੀ ਹੈ।

ਇਸ ਦਾ ਅਰਥ ਹੈ ਕਿ ਖੇਤੀ ਵਾਲੀ ਵਸੋਂ ਦੀ ਆਮਦਨ ਗ਼ੈਰ-ਖੇਤੀ ਵਾਲੀ ਵਸੋਂ ਤੋਂ 4 ਗੁਣਾਂ ਤੋਂ ਵੀ ਘੱਟ ਹੈ। ਇਸ ਦਾ ਮੁੱਖ ਕਾਰਨ ਖੇਤੀ ਵਿਚ ਫੈਲੀ ਅਰਧ-ਬੇਰੁਜ਼ਗਾਰੀ ਹੈ। ਉਹ ਵਸੋਂ ਕੰਮ ਕਰਨਾ ਚਾਹੁੰਦੀ ਹੈ ਪਰ ਕੰਮ ਮਿਲਦਾ ਨਹੀਂ ਜਾਂ ਇਹ ਕਹਿ ਲਉ ਕਿ ਦੇਸ਼ ਦਾ ਆਰਥਿਕ ਢਾਂਚਾ ਇੰਨੀ ਵੱਡੀ ਵਸੋਂ ਲਈ ਰੁਜ਼ਗਾਰ ਪੈਦਾ ਕਰਨ ਵਿਚ ਅਸਮਰਥ ਰਿਹਾ ਹੈ। ਜਪਾਨ ਵਰਗੇ ਵਸੋਂ ਦੇ ਵੱਡੇ ਭਾਰ ਵਾਲੇ ਦੇਸ਼ ਵਿਚ ਜਿੱਥੇ ਔਸਤ ਜੋਤ ਦਾ ਆਕਾਰ ਭਾਰਤ ਦੀ ਔਸਤ ਜੋਤ ਦੇ ਤਕਰੀਬਨ ਬਰਾਬਰ ਹੈ, ਉੱਥੋਂ ਦੀ ਖੇਤੀ ਵਸੋਂ ਵੀ ਗ਼ੈਰ-ਖੇਤੀ ਵਸੋਂ ਦੇ ਬਰਾਬਰ ਆਮਦਨ ਕਮਾ ਰਹੀ ਹੈ ਕਿਉਂ ਜੋ ਉੱਥੇ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਨਹੀਂ। ਖੇਤਾਂ ਦੇ ਨਾਲ ਹੀ ਖੇਤੀ ਆਧਾਰਿਤ ਉਦਯੋਗਕ ਇਕਾਈਆਂ ਲੱਗੀਆਂ ਹੋਈਆਂ ਹਨ ਜਿਨ੍ਹਾਂ ਵਿਚ ਖੇਤੀ ਵਿਚ ਲੱਗੇ ਹੋਏ ਲੋਕ ਖੇਤੀ ਤੋਂ ਵਿਹਲੇ ਹੋ ਕੇ ਪਾਰਟ-ਟਾਈਮ ਕੰਮ ਕਰਦੇ ਹਨ।

ਇਹ ਵਿਵਸਥਾ ਭਾਰਤ ਵਿਚ ਨਹੀਂ ਬਣ ਸਕੀ। ਦੁਨੀਆ ਦੇ ਸਾਰੇ ਹੀ ਵਿਕਸਤ ਦੇਸ਼ਾਂ ਵਿਚ ਖੇਤੀ ਵਿਚ 5 ਫ਼ੀਸਦੀ ਤੋਂ ਵੱਧ ਵਸੋਂ ਨਹੀਂ ਲੱਗੀ ਹੋਈ ਅਤੇ ਉਹ ਦੇਸ਼ ਦੀ ਕੁੱਲ ਆਮਦਨ ਵਿਚੋਂ ਕਮਾਈ ਵੀ 5 ਫ਼ੀਸਦੀ ਹੀ ਕਰਦੀ ਹੈ। ਉਨ੍ਹਾਂ ਦੇਸ਼ਾਂ ਵਿਚ ਬੇਰੁਜ਼ਗਾਰੀ ਦੀ ਹਾਲਤ ਵਿਚ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ ਜਿਹੜਾ ਇੰਨਾ ਕੁ ਹੁੰਦਾ ਹੈ ਕਿ ਉਹ ਆਪਣਾ ਰਹਿਣ-ਸਹਿਣ ਬਣਾਈ ਰੱਖਦੇ ਹਨ ਪਰ ਇਸ ਤਰ੍ਹਾਂ ਦੀ ਵਿਵਸਥਾ ਭਾਰਤ ਵਿਚ ਨਹੀਂ ਬਣ ਸਕੀ। ਇਸ ਲਈ ਆਪਣੀਆਂ ਲੋੜਾਂ ਪੂਰੀਆਂ ਨਾ ਕਰਨ ਤੋਂ ਅਸਮਰਥ ਵਸੋਂ ਜੋ ਕਰਜ਼ੇ 'ਤੇ ਨਿਰਭਰ ਕਰਦੀ ਹੈ ਤਾਂ ਲੰਮੇ ਸਮੇਂ ਤੋਂ ਕਰਜ਼ੇ ਥੱਲੇ ਦੱਬੇ ਉਸ ਵਰਗ ਨੂੰ ਕਰਜ਼ਾ ਮੁਕਤ ਕਰਨਾ ਵੀ ਓਨੀ ਹੀ ਲੋਕ ਭਲਾਈ ਦੀ ਮੱਦ ਹੈ ਜਿੰਨੀ 67 ਫ਼ੀਸਦੀ ਵਸੋਂ ਲਈ ਮੁਫ਼ਤ ਅਨਾਜ ਅਤੇ ਹੋਰ ਸਬਸਿਡੀਆਂ ਦੀ ਸ਼ਕਲ ਵਿਚ ਦਿੱਤੀ ਵਿੱਤੀ ਮਦਦ।

ਪਿਛਲੇ ਸਮਿਆਂ ਵਿਚ ਕੋਈ 7 ਲੱਖ ਕਰੋੜ ਰੁਪਏ ਕੁਝ ਵੱਡੇ ਉਦਯੋਗਪਤੀਆਂ ਵੱਲੋਂ ਦੇਸ਼ ਦੇ ਬੈਂਕਾਂ ਨਾਲ ਫਰਾਡ ਕਰ ਕੇ ਮਾਰੇ ਹਨ ਜਿਨ੍ਹਾਂ ਵਿਚੋਂ ਕਈ ਵਿਦੇਸ਼ਾਂ ਵਿਚ ਭੱਜ ਗਏ ਹਨ। ਉਂਝ ਵੀ ਕਈ ਵਾਰ ਸਰਕਾਰ ਵੱਲੋਂ ਐੱਨਪੀਏ ਹੋਣ ਕਰਕੇ ਕਈ ਲੱਖ ਕਰੋੜ ਰੁਪਿਆਂ ਦੀ ਮੁਆਫ਼ੀ ਦਿੱਤੀ ਜਾਂਦੀ ਹੈ ਜਿਸ ਨੂੰ ਕਾਰਪੋਰੇਟ ਖੇਤਰ ਦੀਆਂ ਉਨ੍ਹਾਂ ਕੰਪਨੀਆਂ ਲਈ ਰਿਆਇਤ ਦਿੱਤੀ ਜਾਂਦੀ ਹੈ ਜਿਹੜੀਆਂ ਆਪਣਾ ਕਰਜ਼ਾ ਅਦਾ ਕਰਨ ਵਿਚ ਅਸਫ਼ਲ ਰਹੀਆਂ ਹਨ। ਦੇਸ਼ ਭਰ ਦੀ ਕੁੱਲ ਕਿਸਾਨੀ ਵਸੋਂ ਦਾ ਕਰਜ਼ਾ 8 ਲੱਖ ਕਰੋੜ ਰੁਪਏ ਦੇ ਬਰਾਬਰ ਹੋਵੇਗਾ ਅਤੇ ਸਮਾਜ ਦੇ ਇਸ ਵੱਡੀ ਵਰਗ ਦੀ ਰਾਹਤ ਲਈ ਕੀਤੀ ਗਈ ਮੁਆਫ਼ੀ ਕੋਈ ਗ਼ੈਰ-ਵਾਜਬ ਖ਼ਰਚ ਨਹੀਂ ਮੰਨਿਆ ਜਾ ਸਕਦਾ।

ਦੇਸ਼ ਦੇ ਵਪਾਰਕ ਅਤੇ ਸਰਕਾਰੀ ਬੈਂਕ ਕੇਂਦਰ ਸਰਕਾਰ ਦੇ ਅਧੀਨ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੇ ਹਨ। ਉਨ੍ਹਾਂ ਨਾਲ ਪ੍ਰਾਂਤਾਂ ਦੀਆਂ ਸਰਕਾਰਾਂ ਦਾ ਕੋਈ ਸਬੰਧ ਨਹੀਂ। ਪ੍ਰਾਂਤਾਂ ਦੀਆਂ ਸਰਕਾਰਾਂ ਸਿਰਫ਼ ਸਹਿਕਾਰੀ ਬੈਂਕਾਂ ਤੱਕ ਸਬੰਧਿਤ ਹਨ ਜਿਨ੍ਹਾਂ ਦੀ ਕਾਰਜ ਪੂੰਜੀ ਇੰਨੀ ਨਹੀਂ ਕਿ ਉਹ ਕਿਸਾਨੀ ਕਰਜ਼ੇ ਮੁਆਫ਼ ਕਰ ਸਕੇ। ਵੱਡੇ ਵੱਡੇ ਉਦਯੋਗਕ ਘਰਾਣਿਆਂ ਵੱਲੋਂ ਆਪਣੇ ਮੁਨਾਫ਼ੇ ਵਿਚੋਂ ਸਾਲ ਵਿਚ 2 ਫ਼ੀਸਦੀ ਰਕਮ ਸੀ.ਐੱਸ.ਆਰ. (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ) ਦੀ ਮੱਦ ਅਧੀਨ ਵੱਖ ਵੱਖ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਦੇਣ ਦੀ ਹਦਾਇਤ ਹੈ। ਇਹ ਕਾਰਪੋਰੇਟ ਕੇਂਦਰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹਨ। ਜੇ ਇਸ ਸੀ.ਐੱਸ.ਆਰ. ਨੂੰ ਕਿਸਾਨੀ ਕਰਜ਼ੇ ਦੂਰ ਕਰਨ ਲਈ ਵਰਤ ਲਿਆ ਜਾਵੇ ਤਾਂ ਇਹ ਬਰਾਬਰ ਦੀ ਸਾਰਥਕ ਕਾਰਵਾਈ ਕਹੀ ਜਾ ਸਕਦੀ ਹੈ।

ਕੌਮਾਂਤਰੀ ਸੰਸਥਾਵਾਂ ਜਿਵੇਂ ਐੱਫ.ਏ.ਓ. (ਖੁਰਾਕ ਅਤੇ ਖੇਤੀ ਸੰਸਥਾ) ਵਰਲਡ ਫੂਡ ਪ੍ਰੋਗਰਾਮ ਕੌਮਾਂਤਰੀ ਖੇਤੀ ਵਿਕਾਸ ਫੰਡ ਆਦਿ ਦਾ ਸਬੰਧ ਕੇਂਦਰੀ ਸਰਕਾਰ ਨਾਲ ਹੈ ਜਿਸ ਵਿਚ ਉਹ ਖੇਤੀ ਖੇਤਰ ਦੇ ਵਿਕਾਸ ਲਈ ਕੰਮ ਕਰਦੀਆਂ ਹਨ। ਜਿਨ੍ਹਾਂ ਪ੍ਰਾਂਤਾਂ ਵਿਚ ਖੇਤੀ ਕਰਜ਼ੇ ਦੀ ਸਮੱਸਿਆ ਜ਼ਿਆਦਾ ਹੈ, ਉਨ੍ਹਾਂ ਸੰਸਥਾਵਾਂ ਨੂੰ ਉਨ੍ਹਾਂ ਪ੍ਰਾਂਤਾਂ ਵਿਚ ਆਪਣੇ ਪ੍ਰੋਜੈਕਟਾਂ ਨੂੰ ਇਸ ਤਰ੍ਹਾਂ ਕੇਂਦਰਿਤ ਕਰਨਾ ਚਾਹੀਦਾ ਹੈ ਜਿਸ ਨਾਲ ਕਿਸਾਨਾਂ ਦੀ ਹਾਲਤ ਸੁਧਰੇ ਅਤੇ ਉਨ੍ਹਾਂ ਨੂੰ ਕਰਜ਼ੇ ਦੀ ਲੋੜ ਹੀ ਨਾ ਪਏ। ਰਾਜ ਇਕ ਸਮਾਜਿਕ ਸਮਝੌਤਾ ਹੈ ਜਿਸ ਵਿਚ ਰਾਜ ਸਮਾਜਿਕ ਭਲਾਈ ਲਈ ਵਚਨਬੱਧ ਹੈ, ਲੰਮੇ ਸਮੇਂ ਤੋਂ ਕਰਜ਼ੇ ਦੇ ਬੋਝ ਅਧੀਨ ਜੂਝ ਰਹੀ ਖੇਤੀ ਵਸੋਂ ਦੀ ਰਾਹਤ ਲਈ ਕਿਸਾਨੀ ਕਰਜ਼ੇ ਦੀ ਮੁਆਫ਼ੀ ਯੋਗ ਅਤੇ ਸਾਰਥਕ ਕਾਰਵਾਈ ਹੈ। ਇਸ 'ਤੇ ਕੇਂਦਰ ਨੂੰ ਧਿਆਨ ਦੇਣਾ ਚਾਹੀਦਾ ਹੈ।

# 2024 ਵਾਲੀਆਂ ਚੋਣਾਂ ਅਤੇ ਵਿਰੋਧੀ ਪਾਰਟੀਆਂ

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਿਰੋਧੀ ਧਿਰ ਜੋੜੋ ਮੁਹਿੰਮ 'ਚ ਲੱਗੇ ਹੋਏ ਹਨ ਪਰ ਕੀ ਵਿਰੋਧੀ ਧਿਰ ਨੂੰ ਜੋੜਨਾ ਸੌਖਾ ਹੈ? ਜੇ ਵਿਰੋਧੀ ਧਿਰ ਜੁੜ ਵੀ ਗਈ ਤਾਂ ਉਹ ਭਾਜਪਾ ਦਾ ਕੀ ਵਿਗਾੜ ਲਵੇਗੀ, ਕਿਉਂਕਿ ਖੇਤਰੀ ਦਲ ਆਪਸ 'ਚ ਜੁੜ ਕੇ ਵੀ ਇਕ-ਦੂਜੇ ਨੂੰ ਫਾਇਦਾ ਨਹੀਂ ਪਹੁੰਚਾ ਸਕਦੇ, ਕਿਉਂਕਿ ਉਨ੍ਹਾਂ ਦੇ ਪ੍ਰਭਾਵ ਖੇਤਰ ਵੱਖ-ਵੱਖ ਸੂਬਿਆਂ 'ਚ ਹਨ। ਭਾਵੇਂ ਮਮਤਾ ਬੈਨਰਜੀ ਬਿਹਾਰ 'ਚ ਮਹਾਂ ਗੱਠਜੋੜ ਨੂੰ

**ਓਪੇਂਦਰ ਪ੍ਰਸਾਦ**

ਕੀ ਫਾਇਦਾ ਪਹੁੰਚਾ ਸਕਦੀ ਹੈ ਜਾਂ ਬਿਹਾਰ ਦਾ ਮਹਾਂ ਗੱਠਜੋੜ ਉੜੀਸਾ 'ਚ ਨਵੀਨ ਪਟਨਾਇਕ ਨੂੰ ਕੀ ਫਾਇਦਾ ਪਹੁੰਚਾ ਸਕਦਾ ਹੈ?

ਵਿਰੋਧੀ ਧਿਰ ਨੂੰ ਇਕਜੁੱਟ ਕਰਨ ਦੀ ਮੁਹਿੰਮ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ ਜੋ ਨਾ ਤਾਂ ਕਦੇ ਆਪਣਾ ਉਦੇਸ਼ ਹਾਸਲ ਕਰਦੀ ਹੈ ਅਤੇ ਨਾ ਹੀ ਕਦੇ ਸਮਾਪਤ ਹੁੰਦੀ ਹੈ। ਹੁਣ ਵਿਰੋਧੀ ਧਿਰ ਨੂੰ ਇਕ ਕਰਨ ਦਾ ਇਹ ਬੀੜਾ ਨਿਤੀਸ਼ ਕੁਮਾਰ ਨੇ ਚੁੱਕਿਆ ਹੈ ਜੋ ਕੁਝ ਸਮਾਂ ਪਹਿਲਾਂ ਤੱਕ ਭਾਰਤੀ ਜਨਤਾ ਪਾਰਟੀ ਦੇ ਸਹਿਯੋਗ ਨਾਲ ਬਿਹਾਰ ਦੀ ਸਰਕਾਰ ਚਲਾ ਰਹੇ ਸਨ। ਹੁਣ ਭਾਜਪਾ ਨੂੰ ਕੇਂਦਰ ਦੀ ਸੱਤਾ ਤੋਂ ਹਟਾਉਣ ਦੀ ਮੁਹਿੰਮ 'ਚ ਉਹ ਲੱਗ ਗਏ ਹਨ ਪਰ ਮੁਹਿੰਮ ਦੀ ਸ਼ੁਰੂਆਤ 'ਚ ਹੀ ਉਨ੍ਹਾਂ ਨੂੰ ਇਕ ਝਟਕਾ ਲੱਗ ਚੁੱਕਾ ਹੈ।

ਇਹ ਝਟਕਾ ਦਿੱਤਾ ਹੈ ਉਨ੍ਹਾਂ ਨੂੰ ਤਿਲੰਗਾਨਾ ਦੇ ਮੁੱਖ ਮੰਤਰੀ ਕੇ.ਸੀ.ਆਰ. ਨੇ। ਉਹ ਪਟਨਾ ਜਾ ਕੇ ਨਿਤੀਸ਼ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਉਨ੍ਹਾਂ ਨੇ ਗ਼ੈਰ-ਕਾਂਗਰਸ, ਗ਼ੈਰ-ਭਾਜਪਾ ਮੋਰਚਾ ਬਣਾਉਣ ਦੀ ਸਲਾਹ ਦਿੱਤੀ। ਇਸ ਤਰ੍ਹਾਂ ਦੀ ਸਲਾਹ ਉਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਤੇਜਸਵੀ ਯਾਦਵ ਨੂੰ ਵੀ ਦਿੱਤੀ ਸੀ। ਉਸ ਸਮੇਂ ਤੇਜਸਵੀ ਯਾਦਵ ਦੀ ਕਾਂਗਰਸ ਨਾਲ ਨਾਰਾਜ਼ਗੀ ਚੱਲ ਰਹੀ ਸੀ ਪਰ ਉਸ ਸਮੇਂ ਵੀ ਤੇਜਸਵੀ ਨੇ ਉਨ੍ਹਾਂ ਨੂੰ ਮਨ੍ਹਾ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਹ ਕਾਂਗਰਸ ਨੂੰ ਨਹੀਂ ਛੱਡ ਸਕਦੇ। ਬਿਹਾਰ 'ਚ ਜਦੋਂ ਉਹ ਕਾਂਗਰਸ ਨੂੰ ਗੱਠਜੋੜ 'ਚ ਸੀਟਾਂ ਦੇਣ ਤੋਂ ਇਨਕਾਰ ਕਰ ਰਹੇ ਸਨ, ਉਦੋਂ ਵੀ ਕਹਿ ਰਹੇ ਸਨ ਕਿ ਕਾਂਗਰਸ ਦੇ ਨਾਲ ਉਨ੍ਹਾਂ ਦਾ ਕੌਮੀ ਪੱਧਰ 'ਤੇ ਗੱਠਜੋੜ ਹੈ ਪਰ ਵਿਧਾਨ ਸਭਾ ਉਪ ਚੋਣਾਂ 'ਚ ਉਹ ਕਾਂਗਰਸ ਲਈ ਸੀਟਾਂ ਛੱਡਣ ਲਈ ਵਚਨਬੱਧ ਨਹੀਂ ਹਨ। ਲਿਹਾਜ਼ਾ; ਕੇ.ਸੀ.ਆਰ. ਨੂੰ ਉਸ ਸਮੇਂ ਨਿਰਾਸ਼ਾ ਹੱਥ ਲੱਗੀ ਸੀ।

ਹੁਣ ਇਕ ਵਾਰ ਫਿਰ ਪਟਨਾ ਜਾ ਕੇ ਉਨ੍ਹਾਂ ਨੇ ਨਿਤੀਸ਼ ਦੇ ਸਾਹਮਣੇ ਗ਼ੈਰ-ਕਾਂਗਰਸ, ਗ਼ੈਰ-ਭਾਜਪਾ ਦਲਾਂ ਦਾ ਮੋਰਚਾ ਬਣਾਉਣ ਦਾ ਪ੍ਰਸਤਾਵ ਦਿੱਤਾ ਜਿਸ ਨੂੰ ਨਿਤੀਸ਼ ਨੇ ਅਸਵੀਕਾਰ ਕਰ ਦਿੱਤਾ। ਬਿਹਾਰ 'ਚ ਨਿਤੀਸ਼ ਦੀ ਹੀ ਸਰਕਾਰ ਹੈ ਅਤੇ ਉਸ ਸਰਕਾਰ 'ਚ ਕਾਂਗਰਸ ਵੀ ਸ਼ਾਮਿਲ ਹੈ। ਇਸ ਦੇ ਨਾਲ ਨਿਤੀਸ਼ ਨੂੰ ਇਹ ਵੀ ਪਤਾ ਹੈ ਕਿ ਆਪਣੇ ਘੋਰ ਪਤਨ ਦੇ ਇਸ ਕਾਲ 'ਚ ਵੀ ਕਾਂਗਰਸ ਭਾਜਪਾ ਦੇ ਖ਼ਿਲਾਫ਼ ਸਭ ਤੋਂ ਵੱਡੀ ਪਾਰਟੀ ਹੈ। ਇਸ ਲਈ ਉਸ ਨੂੰ ਵੱਖ ਕਰਕੇ ਭਾਜਪਾ ਦੇ ਖ਼ਿਲਾਫ਼ ਪ੍ਰਭਾਵੀ ਗੱਠਜੋੜ ਬਣਾਉਣਾ ਸੰਭਵ ਨਹੀਂ ਹੈ। ਦਰਅਸਲ ਕਾਂਗਰਸ ਦਾ ਵਿਸਥਾਰ ਜ਼ਿਆਦਾਤਰ ਸੂਬਿਆਂ 'ਚ ਹੈ ਅਤੇ ਉੱਥੋਂ ਦੇ ਖੇਤਰੀ ਦਲਾਂ ਦੇ ਖ਼ਿਲਾਫ਼ ਕਾਂਗਰਸ ਨੂੰ ਲੜਨਾ ਪੈਂਦਾ ਹੈ। ਇਸ ਲਈ ਵਿਰੋਧੀ ਧਿਰ ਗੱਠਜੋੜ ਦਾ ਮਤਲਬ ਕਾਂਗਰਸ ਦਾ ਵੱਖ-ਵੱਖ ਸੂਬਿਆਂ 'ਚ ਖੇਤਰੀ ਪਾਰਟੀਆਂ ਦੇ ਨਾਲ ਗੱਠਜੋੜ ਹੀ ਹੈ। ਇਸ ਦੇ ਬਾਰੇ ਅੰਤਿਮ ਫ਼ੈਸਲਾ ਕਾਂਗਰਸ ਹੀ ਲੈ ਸਕਦੀ ਹੈ, ਨਿਤੀਸ਼ ਕੁਮਾਰ ਜਾਂ ਕਿਸੇ ਹੋਰ ਪਾਰਟੀ ਦਾ ਨੇਤਾ ਨਹੀਂ। ਦਿੱਲੀ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਹਨ। ਇਨ੍ਹਾਂ ਦੋਵਾਂ ਸੂਬਿਆਂ 'ਚ ਕਾਂਗਰਸ ਨੂੰ ਹਰਾ ਕੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਬਣੀਆਂ ਹਨ। ਇਨ੍ਹਾਂ ਦੋਵਾਂ ਸੂਬਿਆਂ 'ਚ ਨਿਤੀਸ਼ ਦੀ ਪਾਰਟੀ ਦੀ ਕੋਈ ਹਾਜ਼ਰੀ ਹੀ ਨਹੀਂ ਹੈ। ਸਵਾਲ ਉੱਠਦਾ ਹੈ ਕਿ, ਕੀ ਇਨ੍ਹਾਂ ਦੋਵਾਂ ਸੂਬਿਆਂ 'ਚ ਕਾਂਗਰਸ ਦੇ ਨਾਲ ਆਮ ਆਦਮੀ ਪਾਰਟੀ ਦਾ ਗੱਠਜੋੜ ਨਿਤੀਸ਼ ਕਰਵਾ ਸਕਦੇ ਹਨ?

ਆਮ ਆਦਮੀ ਪਾਰਟੀ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ 'ਚ ਵੀ ਬਹੁਤ ਜ਼ੋਰ-ਸ਼ੋਰ ਨਾਲ ਚੋਣ ਮੁਹਿੰਮ 'ਚ ਲੱਗੀ ਹੋਈ ਹੈ। ਅਗਲੇ ਕੁਝ ਮਹੀਨਿਆਂ 'ਚ ਹੀ ਉੱਥੇ ਚੋਣਾਂ ਹੋਣੀਆਂ ਹਨ। ਉਨ੍ਹਾਂ ਦੋਵਾਂ ਸੂਬਿਆਂ 'ਚ ਕਾਂਗਰਸ ਮੁੱਖ ਵਿਰੋਧੀ ਪਾਰਟੀ ਹੈ। ਆਮ ਆਦਮੀ ਪਾਰਟੀ ਮੁਕਾਬਲੇ ਨੂੰ ਤਿਕੋਣਾ ਬਣਾ ਕੇ ਭਾਜਪਾ ਦਾ ਕੰਮ ਸੌਖਾ ਕਰ ਰਹੀ ਹੈ। ਨੁਕਸਾਨ ਤਾਂ ਕਾਂਗਰਸ ਦਾ ਹੀ ਹੋਣਾ ਹੈ, ਕਿਉਂਕਿ ਭਾਜਪਾ ਵਿਰੋਧੀ ਵੋਟਾਂ ਵੰਡੀਆਂ ਜਾਣੀਆਂ ਹਨ। ਕੀ ਨਿਤੀਸ਼ ਕੁਮਾਰ ਇਨ੍ਹਾਂ ਦੋਵਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਗੱਠਜੋੜ ਕਰਵਾ ਸਕਦੇ ਹਨ? ਇਸ ਦਾ ਸਵਾਲ ਹੀ ਨਹੀਂ ਉੱਠਦਾ। ਆਖ਼ਰ ਕਾਂਗਰਸ ਕਿਉਂ ਆਮ ਆਦਮੀ ਪਾਰਟੀ ਦੇ ਲਈ ਸੀਟਾਂ ਛੱਡੇਗੀ ਅਤੇ ਜੇਕਰ ਕੁਝ ਸੀਟਾਂ ਛੱਡ ਵੀ ਦਿੰਦੀ ਹੈ ਤਾਂ ਆਮ ਆਦਮੀ ਪਾਰਟੀ ਕੁਝ ਸੀਟਾਂ 'ਤੇ ਹੀ ਚੋਣਾਂ ਕਿਉਂ ਲੜੇਗੀ?

ਆਮ ਆਦਮੀ ਪਾਰਟੀ ਦੇ ਨਾਲ ਗੱਠਜੋੜ 'ਚ ਇਕ ਹੋਰ ਸਮੱਸਿਆ ਹੈ। ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾ ਕੇ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਲੜਨਾ ਚਾਹੁੰਦੀ ਹੈ। ਕੀ ਨਿਤੀਸ਼ ਕੁਮਾਰ ਵਿਰੋਧੀ ਗੱਠਜੋੜ ਨੂੰ ਇਸ ਦੇ ਲਈ ਤਿਆਰ ਕਰ ਸਕਣਗੇ? ਬਿਹਾਰ ਦੇ ਜੇ.ਡੀ.ਯੂ. ਨੇਤਾ ਤਾਂ ਨਿਤੀਸ਼ ਨੂੰ ਹੀ ਪ੍ਰਧਾਨ ਮੰਤਰੀ ਵਾਲੇ ਗੁਣਾਂ ਨਾਲ ਲਬਰੇਜ਼ ਨੇਤਾ ਦੱਸ ਰਹੇ ਹਨ, ਪਰ ਖ਼ੁਦ ਨਿਤੀਸ਼ ਕੁਮਾਰ ਪ੍ਰਧਾਨ ਮੰਤਰੀ ਉਮੀਦਵਾਰ ਬਣਨ ਦਾ ਦਾਅਵਾ ਨਹੀਂ ਕਰਦੇ, ਪਰ ਜੋ ਲੋਕ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਆਪਣਾ ਦਾਅਵਾ ਵਾਪਸ ਲੈਣ ਤੋਂ ਨਿਤੀਸ਼ ਕਿਵੇਂ ਰੋਕ ਸਕਦੇ ਹਨ? ਅਰਵਿੰਦ ਕੇਜਰੀਵਾਲ ਤੋਂ ਇਲਾਵਾ ਮਮਤਾ ਬੈਨਰਜੀ ਵੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦਾਅਵੇਦਾਰ ਹੈ। ਉਨ੍ਹਾਂ ਦੀ ਪਾਰਟੀ ਦੇ ਲੋਕ ਇਸੇ ਬਾਰੇ ਗੱਲਾਂ ਕਰਦੇ ਹਨ, ਹਾਲਾਂਕਿ ਉਨ੍ਹਾਂ ਨੇ ਖ਼ੁਦ ਅਜਿਹਾ ਸਾਫ਼-ਸਾਫ਼ ਕਦੇ ਨਹੀਂ ਕਿਹਾ ਪਰ ਮਮਤਾ ਬੈਨਰਜੀ ਦਾ ਵਿਰੋਧੀ ਧਿਰ ਨਾਲ ਗੱਠਜੋੜ ਕਰਨ ਦਾ ਮਤਲਬ ਕੀ ਹੋਵੇਗਾ? ਕੀ ਬੰਗਾਲ 'ਚ ਉਹ ਕਾਂਗਰਸ ਅਤੇ ਖੱਬੇ ਪੱਖੀ ਦਲਾਂ ਲਈ ਸੀਟਾਂ ਛੱਡੇਗੀ ਜਾਂ ਕਾਂਗਰਸ ਅਤੇ ਖੱਬੇ-ਪੱਖੀ ਦਲ ਆਸਾਮ, ਤ੍ਰਿਪੁਰਾ ਵਗੈਰਾ 'ਚ ਮਮਤਾ ਦੀ ਪਾਰਟੀ ਲਈ ਸੀਟਾਂ ਛੱਡ ਸਕਣਗੇ?

ਦੋਵੇਂ ਹੀ ਕੰਮ ਔਖੇ ਹਨ। ਆਪਣੇ ਮਜ਼ਬੂਤ ਗੜ੍ਹ ਬੰਗਾਲ ਦੀਆਂ ਸਾਰੀਆਂ ਸੀਟਾਂ 'ਤੇ ਚੋਣਾਂ ਲੜ ਕੇ ਮਮਤਾ ਜਿੱਤਣਾ ਚਾਹੇਗੀ, ਤਾਂ ਕਿ ਭਾਜਪਾ ਤੋਂ ਬਾਅਦ ਉਨ੍ਹਾਂ ਦੀ ਪਾਰਟੀ ਦੇ ਲੋਕ ਸਭਾ ਸੰਸਦ ਮੈਂਬਰਾਂ ਦੀ ਗਿਣਤੀ ਸਭ ਤੋਂ ਵੱਧ ਅਤੇ ਫ਼ਸਵੇਂ ਲੋਕ ਸਭਾ ਹਾਲਾਤ 'ਚ ਪ੍ਰਧਾਨ ਮੰਤਰੀ ਅਹੁਦੇ ਦਾ ਉਨ੍ਹਾਂ ਦਾ ਦਾਅਵਾ ਸਭ ਤੋਂ ਜ਼ਿਆਦਾ ਮਜ਼ਬੂਤ ਹੋਵੇ। ਉਹ ਇਹ ਵੀ ਸੋਚ ਰਹੀ ਹੋਵੇਗੀ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਕਾਂਗਰਸ ਦੇ ਸੰਸਦ ਮੈਂਬਰਾਂ ਦੀ ਗਿਣਤੀ 40 ਤੋਂ ਵੀ ਹੇਠਾਂ ਡਿਗ ਸਕਦੀ ਹੈ, ਕਿਉਂਕਿ ਕੇਰਲ 'ਚ ਇਸ ਵਾਰ ਕਾਂਗਰਸ ਵਲੋਂ 2019 ਵਾਲਾ ਪ੍ਰਦਰਸ਼ਨ ਦੁਹਰਾਉਣਾ ਸੰਭਵ ਨਹੀਂ ਹੋ ਸਕੇਗਾ ਅਤੇ ਪੰਜਾਬ 'ਚ ਵੀ ਸ਼ਾਇਦ ਉਸ ਨੂੰ ਆਪਣੀਆਂ ਵਰਤਮਾਨ ਸੀਟਾਂ ਗੁਆਉਣੀਆਂ ਪੈਣ।

ਇਸ ਲਈ ਨਿਤੀਸ਼ ਕੁਮਾਰ ਦਾ ਕੰਮ ਸੌਖਾ ਨਹੀਂ ਹੈ। ਸੱਚ ਕਿਹਾ ਜਾਵੇ, ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵਿਰੋਧੀ ਧਿਰ 'ਚ ਪੂਰਨ ਗੱਠਜੋੜ ਹੋ ਸਕਣਾ ਲਗਭਗ ਅਸੰਭਵ ਹੈ, ਜਿਨ੍ਹਾਂ ਸੂਬਿਆਂ 'ਚ ਭਾਜਪਾ ਤੋਂ ਇਲਾਵਾ ਕਾਂਗਰਸ ਹੀ ਇਕਲੌਤੀ ਪਾਰਟੀ ਹੈ, ਉੱਥੇ ਕਾਂਗਰਸ ਕਿਸੇ ਹੋਰ ਨੂੰ ਸੀਟਾਂ ਨਹੀਂ ਦੇਵੇਗੀ ਅਤੇ ਜਿੱਥੇ ਖੇਤਰੀ ਪਾਰਟੀਆਂ ਮਜ਼ਬੂਤ ਹਨ, ਉੱਥੇ ਉਹ ਇਕ-ਅੱਧੇ ਅਪਵਾਦ ਨੂੰ ਛੱਡ ਕੇ ਕਾਂਗਰਸ ਨੂੰ ਸੀਟਾਂ ਨਹੀਂ ਦੇਣਗੀਆਂ। ਵੱਖ-ਵੱਖ ਖੇਤਰੀ ਪਾਰਟੀਆਂ ਦੇ ਗੱਠਜੋੜ ਦਾ ਕੋਈ ਮਤਲਬ ਹੀ ਨਹੀਂ, ਕਿਉਂਕਿ ਤਾਮਿਲਨਾਡੂ ਦੇ ਸਟਾਲਿਨ ਬਿਹਾਰ ਦੇ ਨਿਤੀਸ਼ ਕੁਮਾਰ ਅਤੇ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਨੂੰ ਗੱਠਜੋੜ ਕੀ ਫਾਇਦੇ ਦੇ ਸਕਦਾ ਹੈ? ਦੂਜੇ ਤਰੀਕੇ ਨਾਲ ਦੇਖੀਏ ਤਾਂ ਕੇਜਰੀਵਾਲ, ਨਿਤੀਸ਼ ਕੁਮਾਰ ਅਤੇ ਮਮਤਾ ਬੈਨਰਜੀ ਤਾਮਿਲਨਾਡੂ 'ਚ ਸਟਾਲਿਨ ਨਾਲ ਗੱਠਜੋੜ ਕਰ ਕੇ ਉਨ੍ਹਾਂ ਨੂੰ ਕੀ ਫਾਇਦਾ ਪਹੁੰਚਾ ਸਕਦੇ ਹਨ?

ਇਸ ਲਈ ਭਾਜਪਾ ਵਿਰੋਧੀ, ਵਿਰੋਧੀ ਧਿਰਾਂ ਦੇ ਨੇਤਾਵਾਂ ਨੂੰ ਵਿਆਪਕ ਗੱਠਜੋੜ ਦੇ ਮੋਹ ਤੋਂ ਬਚ ਕੇ ਆਪਣੇ-ਆਪਣੇ ਗੜ੍ਹਾਂ 'ਚ ਭਾਜਪਾ ਨੂੰ ਹਰਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਬਿਹਾਰ ਦਾ ਮਹਾਂ ਗੱਠਜੋੜ ਬਿਹਾਰ 'ਚ ਭਾਜਪਾ ਦੀਆਂ ਸੀਟਾਂ ਜ਼ੀਰੋ ਕਰ ਦੇਵੇ, ਮਮਤਾ ਬੈਨਰਜੀ ਪੱਛਮੀ ਬੰਗਾਲ 'ਚ ਭਾਜਪਾ ਦੀਆਂ ਸੀਟਾਂ ਜ਼ੀਰੋ ਕਰ ਦੇਵੇ, ਉੜੀਸਾ 'ਚ ਨਵੀਨ ਪਟਨਾਇਕ ਭਾਜਪਾ ਦੀਆਂ ਸੀਟਾਂ ਜ਼ੀਰੋ ਕਰ ਦੇਣ, ਦਿੱਲੀ 'ਚ ਕੇਜਰੀਵਾਲ ਭਾਜਪਾ ਦੀਆਂ ਸੀਟਾਂ ਜ਼ੀਰੋ ਕਰ ਦੇਣ ਤਾਂ ਫਿਰ ਭਾਜਪਾ ਬਹੁਮਤ ਦੇ ਅੰਕੜੇ ਤੋਂ ਬਹੁਤ ਦੂਰ ਰਹਿ ਜਾਵੇਗੀ।

# ਸਿਖਰਲੀ ਅਦਾਲਤ ਵਲੋਂ ਸਿੱਖਾਂ ਦੇ ਕਕਾਰਾਂ ਸਬੰਧੀ ਅਰਥ-ਭਰਪੂਰ ਟਿੱਪਣੀ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

"ਸ਼ੁਕਰੀਆ, ਜਨਾਬੇਆਲਾ ('ਮਾਈ ਲਾਰਡਜ਼')!"

ਅੰਗਰੇਜ਼ੀ ਦੇ ਮਹਾਨ ਲੇਖਕ ਵਿਲੀਅਮ ਸ਼ੇਕਸਪੀਅਰ ਨੇ ਆਪਣੇ ਇਕ ਪ੍ਰਸਿੱਧ ਨਾਟਕ 'ਹੈਮਲਿਟ' ਵਿਚ ਕਿਹਾ ਹੈ ਕਿ 'ਪਹਿਰਾਵਾ ਮਨੁੱਖ ਦੀ ਪਹਿਚਾਨ ਹੈ'।

ਉਰਦੂ ਸ਼ਾਇਰ ਖੁਸ਼ਬੀਰ ਸਿੰਘ 'ਸ਼ਾਦ' ਦਾ ਇਕ ਸ਼ੇਅਰ ਹੈ:

ਯੇਹ ਤੇਰਾ ਤਾਜ ਨਹੀਂ ਹਮਾਰੀ ਪਗੜੀ ਹੈ,
ਯੇਹ ਸਰ ਕੇ ਸਾਥ ਹੀ ਉਤਰੇਗੀ ਸਰ ਕਾ ਹਿੱਸਾ ਹੈ"।

ਸੁਰਜੀਤ ਪਾਤਰ ਦੀਆਂ ਸਤਰਾਂ ਹਨ-

ਪੱਗ ਦੇ ਹੁੰਦਿਆਂ-ਸੁੰਦਿਆਂ, ਫਾਰਸੀ ਤੋਂ ਦਸਤਾਰ ਆਈ
ਨਾ ਸਿਰਫ ਆਈ, ਪੱਗ ਤੋਂ ਜ਼ਿਆਦਾ ਸ਼ਾਨਾਂ-ਮਤੀ ਬਣ ਗਈ
ਤੇ ਸਿੰਘਾਂ ਨੇ ਉਸ ਵਿਚ ਆਪਣੀ ਸਿਰਜਣਾ ਵੀ ਰਲਾਈ
ਤੇ ਦਸ ਪੇਚਾਂ ਦੀ ਪੱਗ ਦਸ-ਤਾਰ ਬਣ ਗਈ।

ਪਾਠਕ-ਜਨੋਂ, ਅਸੀਂ ਇਹ ਲੇਖ ਕੋਈ ਸ਼ੇਅਰੋ-ਸ਼ਾਇਰੀ ਕਰਨ ਲਈ ਨਹੀਂ ਲਿਖ ਰਹੇ, ਸਗੋਂ ਦੇਸ਼ ਦੀ ਸਰਬਉਚ ਅਦਾਲਤ ਵਲੋਂ ਕਿਸੇ ਹੋਰ ਕੇਸ ਦੀ ਸੁਣਵਾਈ ਸਮੇਂ ਸਿੱਖਾਂ ਦੇ ਪੰਜ ਕਕਾਰਾਂ, ਖਾਸ ਕਰਕੇ ਪਗੜੀ ਸਬੰਧੀ ਕੀਤੀ ਗਈ ਬਾ-ਕਮਾਲ ਟਿੱਪਣੀ ਬਾਰੇ ਲਿਖ ਰਹੇ ਹਾਂ।

ਗੱਲ ਇਉਂ ਹੈ ਕਿ ਕਰਨਾਟਕ ਦੀ ਭਾਜਪਾ ਸਰਕਾਰ ਵਲੋਂ 5 ਫਰਵਰੀ ਨੂੰ ਆਪਣੇ ਇਕ ਹੁਕਮ ਰਾਹੀਂ ਉਸ ਪ੍ਰਾਂਤ ਦੇ ਸਰਕਾਰੀ ਵਿਦਿਅਕ ਅਦਾਰਿਆਂ ਵਿਚ ਮੁਸਲਿਮ ਲੜਕੀਆਂ ਵਲੋਂ 'ਹਿਜਾਬ' ਪਹਿਨਣ ਉਪਰ ਪਾਬੰਦੀ ਲਗਾ ਦਿੱਤੀ ਗਈ ਸੀ, ਜਿਸ ਨੂੰ ਕਰਨਾਟਕ ਦੀ ਹਾਈ ਕੋਰਟ ਨੇ ਆਪਣੇ 15 ਮਾਰਚ ਦੇ ਹੁਕਮਾਂ ਤਹਿਤ ਬਰਕਰਾਰ ਰੱਖਿਆ।

ਇਸ ਫੈਸਲੇ ਨੂੰ 23 ਵੱਖ ਵੱਖ ਪਟੀਸ਼ਨਾਂ ਰਾਹੀਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ, ਜਿਸ ਦੀ ਸੁਣਵਾਈ ਦੋ-ਮੈਂਬਰੀ ਬੈਂਚ ਕਰ ਰਿਹਾ ਹੈ। ਇਸ ਦੀ ਅਗਵਾਈ ਜਸਟਿਸ ਹੇਮੰਤ ਗੁਪਤਾ ਕਰ ਰਹੇ ਹਨ ਅਤੇ ਇਸ ਦੇ ਦੂਸਰੇ ਮੈਂਬਰ ਸੁਧਾਂਸ਼ੂ ਧੂਲੀਆ ਹਨ। ਇਨ੍ਹਾਂ ਪਟੀਸ਼ਨਾਂ ਦੀ ਪੈਰਵੀ ਕਰ ਰਹੇ ਕਈ ਵਕੀਲ 'ਹਿਜਾਬ' ਦੇ ਪੱਖ ਵਿਚ ਦਲੀਲਾਂ ਦਿੰਦੇ ਹੋਏ ਕਈ ਵਾਰ ਸਿੱਖਾਂ ਦੁਆਰਾ ਬੰਨ੍ਹੀ ਜਾਂਦੀ ਪੱਗ, ਪਹਿਨੇ ਜਾਂਦੇ ਕੜੇ, ਇਸਾਈ ਮਤ ਨੂੰ ਮੰਨਣ ਵਾਲਿਆਂ ਵਲੋਂ ਪਹਿਨੇ ਜਾਂਦੇ ਕਰਾਸ, ਹਿੰਦੂ ਮਤ ਦੇ ਅਨੁਆਈਆਂ ਵਲੋਂ ਮੱਥੇ 'ਤੇ ਲਾਏ ਜਾਂਦੇ ਤਿਲਕ, ਬਿੰਦੀ, ਮੰਗਲਸੂਤਰ, ਰੁਦਰਾਖਸ਼ ਆਦਿ ਦਾ ਕਈ ਵਾਰ ਹਵਾਲਾ ਦੇ ਚੁੱਕੇ ਹਨ। ਇਹ ਹਵਾਲਾ ਇਹ ਦਾਅਵਾ ਕਰਨ ਲਈ ਦਿੱਤਾ ਜਾ ਰਿਹਾ ਹੈ ਕਿ ਇਸਲਾਮ ਮਤ ਨੂੰ ਮੰਨਣ ਵਾਲਿਆਂ ਦੇ ਹਿਜਾਬ ਉਪਰ ਪਾਬੰਦੀ ਲਗਾ ਕੇ ਅਤੇ ਉਪਰੋਕਤ ਧਰਮਾਂ ਨੂੰ ਮੰਨਣ ਵਾਲਿਆਂ ਦੇ ਬਿਆਨੇ ਗਏ ਦ੍ਰਿਸ਼ਟਮਾਨ ਧਾਰਮਿਕ ਚਿੰਨ੍ਹਾਂ ਦੀ ਆਗਿਆ ਦੇ ਕੇ ਵਿਤਕਰਾ ਕੀਤਾ ਜਾ ਰਿਹਾ ਹੈ। 8 ਸਤੰਬਰ ਨੂੰ ਇਸ ਕੇਸ ਦੀ ਹੋਈ ਸੁਣਵਾਈ ਵੇਲੇ ਜਦ ਫਿਰ ਇਹ ਮਸਲਾ ਉਭਾਰਿਆ ਗਿਆ ਤਾਂ ਮਾਣਯੋਗ ਜੱਜਾਂ ਨੇ ਹਿਜਾਬ-ਪੱਖੀ ਕੇਸ ਦੀ ਪੈਰਵੀ ਕਰ ਰਹੇ ਵਕੀਲ ਮੁਹੰਮਦ ਨਿਜ਼ਾਮੁਦੀਨ ਪਾਸ਼ਾ ਨੂੰ ਸਾਫ ਸ਼ਬਦਾਂ ਵਿਚ ਕਹਿ ਦਿੱਤਾ ਕਿ ਉਸ ਨੂੰ ਸਿੱਖ ਧਰਮ ਅਤੇ ਇਸਲਾਮ ਦਾ ਮੁਕਾਬਲਾ ਨਹੀਂ ਕਰਨਾ ਚਾਹੀਦਾ।

ਮਾਣਯੋਗ ਜੱਜਾਂ ਨੇ ਕਿਹਾ: 'ਸਿੱਖ ਧਰਮ ਦੇ ਅਧਿਕਾਰਾਂ ਜਾਂ ਰਹੁ-ਰੀਤਾਂ ਦਾ (ਦੂਸਰੇ ਧਰਮ) ਨਾਲ ਮੁਕਾਬਲਾ ਕਰਨਾ ਮੁਨਾਸਬ ਨਹੀਂ। ਇਨ੍ਹਾਂ (ਸਿੱਖ ਧਰਮ ਦੀਆਂ) ਰਵਾਇਤਾਂ ਦਾ ਬਿਲਕੁਲ ਮੁਕਾਬਲਾ ਨਾ ਕਰੋ ਕਿਉਂਕਿ ਇਹ 100 ਸਾਲ ਤੋਂ ਵਧੇਰੇ ਸਮੇਂ ਤੋਂ (ਕਾਨੂੰਨੀ) ਮਾਨਤਾ ਪ੍ਰਾਪਤ\ਪ੍ਰਵਾਨਤ ਹਨ। ਸਿੱਖ ਧਰਮ ਦੇ 5 ਕਕਾਰ-ਕੇਸ, ਕੜਾ, ਕੰਘਾ, ਕੱਛਾ, ਕਿਰਪਾਨ- ਚੰਗੀ ਤਰ੍ਹਾਂ ਸਥਾਪਤ ਹੋ ਚੁੱਕੀਆਂ ਆਸਥਾਵਾਂ ਹਨ'।

ਇਹ ਮਹੱਤਵਪੂਰਨ ਟਿੱਪਣੀ, ਜਿਸ ਦੇ ਬੜੇ ਦੂਰਗਾਮੀ ਪ੍ਰਭਾਵ ਪੈਣਗੇ, ਜਸਟਿਸ ਹੇਮੰਤ ਗੁਪਤਾ ਨੇ ਉਦੋਂ ਕੀਤੀ ਜਦ ਇਕ ਪਟੀਸ਼ਨਕਰਤਾ ਦੇ ਵਕੀਲ ਨਿਜ਼ਾਮ ਪਾਸ਼ਾ ਨੇ ਹਿਜਾਬ ਦਾ ਪੱਖ ਮਜ਼ਬੂਤ ਕਰਨ ਲਈ ਸਿੱਖ ਰਵਾਇਤਾਂ ਦਾ ਹਵਾਲਾ ਦਿੰਦਿਆਂ ਇਸਲਾਮ ਅਤੇ ਸਿੱਖ ਧਰਮ ਵਿਚਲੀਆਂ ਸਭਿਆਚਾਰਕ ਅਤੇ ਧਾਰਮਿਕ ਆਸਥਾਵਾਂ ਵਿਚ ਸਮਾਨਅੰਤਰਤਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਹਿਤ ਸੰਵਿਧਾਨ ਦੇ ਅਨੁਸ਼ੇਦ 25 ਦਾ ਹਵਾਲਾ ਦਿੱਤਾ ਗਿਆ ਜੋ ਸਿੱਖ ਧਰਮ ਨੂੰ ਮੰਨਣ ਵਾਲਿਆਂ ਨੂੰ ਧਰਮ ਦੀ ਆਜ਼ਾਦੀ ਦੇ ਮੌਲਿਕ ਅਧਿਕਾਰਾਂ ਤਹਿਤ ਕਿਰਪਾਨ ਪਹਿਨਣ ਦਾ ਹੱਕ ਦਿੰਦਾ ਹੈ।

ਜਦ ਵਕੀਲ ਪਾਸ਼ਾ ਨੇ ਇਹ ਦਾਅਵਾ ਕੀਤਾ ਕਿ ਇਸ ਅਨੁਸ਼ੇਦ ਵਿਚ ਸਿਰਫ ਕਿਰਪਾਨ ਸ਼ਬਦ ਦਾ ਹੀ ਜ਼ਿਕਰ ਹੈ, ਬਾਕੀ ਕਕਾਰਾਂ ਦਾ ਨਹੀਂ ਤਾਂ ਬੈਂਚ ਨੇ ਤੁਰੰਤ ਤਿੱਖਾ ਉੱਤਰ ਦਿੰਦਿਆ ਵਕੀਲ ਨੂੰ ਕਿਹਾ, 'ਜੋ ਅਸੀਂ ਕਹਿ ਰਹੇ ਹਾਂ ਉਹ ਇਹ ਹੈ…ਕਿਰਪਾ ਕਰ ਕੇ ਸਿੱਖ ਧਰਮ ਨਾਲ ਮੁਕਾਬਲਾ ਨਾ ਕਰੋ। ਬਸ ਇਹ ਸੌ ਹੱਥ ਰਸਾ ਸਿਰੇ 'ਤੇ ਗੰਢ ਹੈ। ਅਸੀਂ ਇਹੀ ਕਹਿ ਰਹੇ ਹਾਂ'।

ਦੋ-ਮੈਂਬਰੀ ਬੈਂਚ ਨੇ ਇਸ ਸਬੰਧੀ ਦੇਸ਼ ਦੀ ਸਿਖਰਲੀ ਅਦਾਲਤ ਦੇ ਪੰਜ-ਮੈਂਬਰੀ ਬੈਂਚ ਦੀ ਇਕ ਪਹਿਲੀ ਰੂਲਿੰਗ ਦਾ ਹਵਾਲਾ ਦਿੰਦਿਆਂ ਵਕੀਲ ਨੂੰ ਦੱਸਿਆ ਕਿ- 'ਪੰਜ-ਜੱਜਾਂ ਦੇ ਬੈਂਚ ਨੇ ਆਪਣੇ ਇਕ ਫੈਸਲੇ ਤਹਿਤ ਇਹ ਕਿਹਾ ਹੈ ਕਿ ਸਿੱਖਾਂ ਲਈ ਪੱਗ ਬੰਨ੍ਹਣਾ ਅਤੇ ਕਿਰਪਾਨ ਪਹਿਨਣਾ ਜ਼ਰੂਰੀ ਹੈ। ਇਸੇ ਲਈ ਅਸੀਂ ਕਹਿ ਰਹੇ ਹਾਂ ਕਿ ਸਿੱਖ ਧਰਮ ਨਾਲ ਮੁਕਾਬਲਾ ਕਰਨਾ ਗੈਰ-ਵਾਜਿਬ ਹੈ। ਸਿੱਖਾਂ ਦੇ 5 ਕਕਾਰਾਂ ਨੂੰ ਲਾਜ਼ਮੀ\ਅਧਿਦੇਸ਼ਾਤਮਕ ਕਰਾਰ ਦਿੱਤਾ ਜਾ ਚੁੱਕਾ ਹੈ'।

ਪਾਸ਼ਾ ਨੇ ਆਪਣੀਆਂ ਦਲੀਲਾਂ ਵਿਚ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਸਿੱਖ ਧਰਮ ਵਿਚ ਵਾਲ ਰੱਖਣਾ ਅਤੇ ਪੱਗ ਬੰਨ੍ਹਣਾ ਉਨ੍ਹਾਂ ਦੇ 5 ਸਿਧਾਂਤਾਂ 'ਚੋਂ ਇਕ ਹੈ, ਓਸੇ ਤਰ੍ਹਾਂ ਕੁਰਾਨ ਵਿਚ ਅੱਲ੍ਹਾ ਦੇ ਬਚਨ ਨੂੰ ਮੰਨਣਾ ਤੌਹੀਦ ਦਾ ਹਿੱਸਾ ਹੈ, ਜੋ ਕਿ ਇਸਲਾਮ ਦੇ 5 ਥੰਮ੍ਹਾਂ 'ਚੋਂ ਇਕ ਹੈ। ਇਸ ਲਈ ਮੌਜੂਦਾ ਸਥਿਤੀ ਵਿਤਕਰੇ ਵਾਲੀ ਹੈ।

ਇਸ ਤੋਂ ਪਹਿਲਾਂ ਬੈਂਚ ਅੱਗੇ ਹਿਜਾਬ-ਪੱਖੀ ਪੈਰਵੀ ਕਰਦਿਆਂ ਇਕ ਹੋਰ ਪਟੀਸ਼ਨਰ ਦੇ ਵਕੀਲ ਦੇਵਾਦਤ ਕਾਮਤ ਨੇ ਦਾਅਵਾ ਕੀਤਾ ਕਿ ਇਹ (ਹਿਜਾਬ) ਸੰਵਿਧਾਨ ਦੇ ਅਨੁਸ਼ੇਦ 19 (ਜਿਸ ਦੇ ਅੰਤਰਗਤ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ), 21 (ਜੀਣ ਦੀ ਆਜ਼ਾਦੀ) ਅਤੇ 25




(ਧਰਮ ਦੀ ਆਜ਼ਾਦੀ) ਦੇ ਮੌਲਿਕ ਅਧਿਕਾਰਾਂ ਤਹਿਤ ਸੁਰੱਖਿਅਤ ਹੈ।

ਸਾਨੂੰ ਮੁਸਲਿਮ ਲੜਕੀਆਂ ਵਲੋਂ ਹਿਜਾਬ ਪਹਿਨਣ ਜਾਂ ਨਾਂ ਪਹਿਨਣ ਸਬੰਧੀ ਕੋਈ ਇਤਰਾਜ਼ ਨਹੀਂ। ਇਹ ਇਸਲਾਮਿਕ ਆਸਥਾਵਾਂ ਦਾ ਮਸਲਾ ਹੈ। ਬਾਕੀ ਜੋ 2-ਮੈਂਬਰੀ ਬੈਂਚ ਫੈਸਲਾ ਕਰੇਗਾ ਉਸ ਉਪਰ ਵੀ ਨਿਰਭਰ ਕਰਦਾ ਹੈ।

ਪਰ ਸਾਨੂੰ ਹਿਜਾਬ-ਪੱਖੀ ਪਟੀਸ਼ਨਕਰਤਾ ਦੇ ਵਕੀਲ ਵਲੋਂ ਸੁਪਰੀਮ ਕੋਰਟ ਵਿਚ ਵਾਰ-ਵਾਰ ਪਗੜੀ ਦਾ ਮਸਲਾ ਉਛਾਲਣਾ ਚੰਗਾ ਨਹੀਂ ਲੱਗਾ। ਤੁਸੀਂ ਆਪਣੀਆਂ ਧਾਰਮਿਕ ਆਸਥਾਵਾਂ\ਅਧਿਕਾਰਾਂ ਦੀ ਜੰਮ-ਜੰਮ ਪੈਰਵੀ ਕਰੋ ਪਰ ਦੂਸਰੇ ਧਰਮ ਦੀਆਂ ਮਾਣ-ਮਰਿਆਦਾਵਾਂ ਅਤੇ ਆਸਥਾਵਾਂ ਉਪਰ ਸਵਾਲ ਕਰਨਾ ਬਹੁਤ ਹੀ ਅਸ਼ੋਭਨੀਕ ਅਤੇ ਗੈਰ-ਵਾਜਿਬ ਹੈ।

ਦਸਤਾਰ ਸਿੱਖ ਦਾ ਸ਼ਿੰਗਾਰ ਹੈ, ਆਨ, ਬਾਨ ਤੇ ਸ਼ਾਨ ਹੈ। ਇਹ ਸੱਚੇ ਪਾਤਸ਼ਾਹ, ਜੋ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸ ਵਲੋਂ ਸਾਡੇ ਸਿਰਾਂ ਉਪਰ ਸਜਾਇਆ ਗਿਆ ਇਕ ਇਲਾਹੀ ਤਾਜ ਹੈ! ਰਾਜਿਆਂ ਦੇ ਸਿਰਾਂ ਉਪਰ ਤਾਜ ਰਾਜਸ਼ਾਹੀਆਂ ਵੇਲੇ ਰੱਖੇ ਜਾਂਦੇ ਸਨ ਪਰ ਸਿੱਖ ਦੇ ਸਿਰ ਉਪਰ ਇਹ ਤਾਜ ਸੱਚੀਆਂ ਪਾਤਸ਼ਾਹੀਆਂ ਨੇ ਸੁਸ਼ੋਭਿਤ ਕੀਤਾ ਹੈ!

ਦਸਤਾਰ ਸਿੱਖ ਦੇ ਨਿਆਰੇਪਨ, ਨਿਰਾਲੇਪਨ ਅਤੇ ਨਿਵੇਕਲੇਪਨ ਦੀ ਨਿਸ਼ਾਨੀ ਹੈ। ਇਹ ਸਿੱਖ ਆਸਥਾ, ਅਜ਼ਮਤ ਅਤੇ ਅਣਖ ਦੀ ਪ੍ਰਤੀਕ ਹੈ। ਇਹ ਸਿੱਖ ਦਾ ਸਭ ਤੋਂ ਵੱਧ ਦ੍ਰਿਸ਼ਟੀਗੋਚਰ, ਪ੍ਰਗਟਵਾਂ ਅਤੇ ਪਹਿਚਾਣਯੋਗ ਪਹਿਰਾਵਾ ਹੈ। ਇਸੇ ਲਈ ਸਿੱਖਾਂ ਨੇ ਇਸ ਦੀ ਖਾਤਰ ਆਪਣੀਆਂ ਖੋਪਰੀਆਂ ਤਾਂ ਲੁਹਾ ਲਈਆਂ ਪਰ ਇਸ ਨੂੰ ਆਂਚ ਨਹੀਂ ਆਉਣ ਦਿੱਤੀ!

ਸਭ ਗੁਰੂ ਸਾਹਿਬਾਨ ਦਸਤਾਰਧਾਰੀ ਸਨ, ਭਾਵੇਂ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਅਤੇ ਦਸਵੀ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਨਾਲ ਦਸਤਾਰ ਵਿਸ਼ੇਸ਼ ਤੌਰ 'ਤੇ ਜੁੜੀ ਹੋਈ ਹੈ। ਛੇਵੀਂ ਪਾਤਸ਼ਾਹੀ ਦੀ ਦਸਤਾਰ ਦੀ ਖੂਬਸੂਰਤੀ ਬਾਰੇ ਤਾਂ ਇਕ ਟੂਕ ਆਮ ਕਹੀ ਜਾਂਦੀ ਹੈ- 'ਪੱਗ ਤੇਰੀ, ਕੀ ਜਹਾਂਗੀਰ ਦੀ'।

ਦਸਵੇਂ ਪਾਤਸ਼ਾਹ ਨੇ ਤਾਂ ਖਾਲਸਾ ਪੰਥ ਸਜਾ ਕੇ ਅੰਮ੍ਰਿਤਧਾਰੀ ਸਿੱਖਾਂ ਲਈ 5 ਕਕਾਰ ਪਹਿਨਣੇ ਲਾਜ਼ਮੀ ਕਰ ਦਿੱਤੇ ਸਨ ਪਰ ਪੱਗ\ਪਗੜੀ ਤਾਂ ਗੈਰ-ਸਿੱਖ ਵੀ ਬੰਨ੍ਹਦੇ ਹਨ\ਸਨ। ਲੜਕੇ ਦੀ ਦਸਤਾਰਬੰਦੀ ਦੀ ਰਸਮ, ਵਿਆਹ ਵੇਲੇ ਰੰਗਦਾਰ ਪਗੜੀਆਂ ਬੰਨ੍ਹਣਾ ਅਤੇ ਕਿਸੇ ਦੇ ਮਰਨ ਉਪਰੰਤ ਰਸਮ ਪਗੜੀ ਕਰਨਾ ਅਤੇ ਵੱਡੇ ਜੀਅ ਦੇ ਸਿਰ ਪੱਗ ਬੰਨ੍ਹੇ ਜਾਣ ਦੀਆਂ ਰਸਮਾਂ ਸਾਡੇ ਜਨਮ, ਜਵਾਨੀ ਅਤੇ ਮਰਨ ਤੀਕ ਨਾਲ ਨਾਲ ਨਿਭਦੀਆਂ ਹਨ।

ਦਸਤਾਰ ਫਾਰਸੀ ਦੇ ਸ਼ਬਦ 'ਦਸਤ-ਏ-ਯਾਰ' ਤੋਂ ਆਇਆ ਜਿਸ ਦਾ ਅਰਥ ਹੈ 'ਖੁਦਾ\ਰੱਬ ਦਾ ਹੱਥ'। ਦਰਬਾਰ ਸਾਹਿਬ ਦੇ ਸਾਬਕਾ ਗ੍ਰੰਥੀ ਅਤੇ ਨਾਮਵਰ ਕਥਾ-ਵਾਚਕ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਦਮਦਮੀ ਟਕਸਾਲ ਵਾਲੇ\ਮੰਜੀ ਸਾਹਿਬ ਵਾਲੇ, ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਸਾਹਿਬ ਤੋਂ ਅੰਮ੍ਰਿਤ ਵੇਲੇ ਆਉਂਦੇ 'ਹੁਕਮਨਾਮੇ' ਦੀ ਕਥਾ ਦੌਰਾਨ ਇਸ ਦਾ ਅਰਥ ਦਸ-ਤਾਰ ਭਾਵ ਪਗੜੀ ਦੇ ਦਸ-ਪੇਚ ਕਰਦੇ ਹਨ।

ਸ਼ਬਦ ਪੱਗ\ਪਗੜੀ, ਜੋ ਪੰਜਾਬੀ ਵਿਚ ਵੀ ਪ੍ਰਚੱਲਿਤ ਹਨ, ਹਿੰਦੀ\ਸੰਸਕ੍ਰਿਤ 'ਚੋਂ ਆਏ ਹਨ। ਇਨ੍ਹਾਂ ਬਾਰੇ ਪੰਜਾਬੀ ਮੁਹਾਵਰੇ\ਅਖਾਣ\ਲੋਕਗੀਤ ਵੀ ਬਹੁਤ ਹਨ-ਪੱਗ ਦੀ ਲਾਜ ਰੱਖਣੀ, ਪੱਗ ਉਛਾਲਣੀ, ਪੱਗ ਰੋਲਣੀ, ਪੱਗ ਵਟਾਉਣੀ, ਪੈਰਾਂ 'ਤੇ ਪੱਗ ਰੱਖਣੀ, ਪੱਗੋ-ਹੱਥੀ ਹੋਣਾ, ਪੱਗ ਨੂੰ ਹੱਥ ਪਾਉਣਾ, ਪੱਗ ਬੰਨ੍ਹਣੀ, ਵੇ ਟੇਡੀ ਪਗੜੀ ਵਾਲਿਆ, ਮੈਂ ਨਾ ਤੇਰੇ ਰਹਿੰਦੀ, ਤੈਨੂੰ ਪੱਗ ਬੰਨ੍ਹਣੀ ਨਾ ਆਵੇ, ਤੂੰ ਕਾਹਦਾ ਏਂ ਸ਼ੌਕੀਨ ਮੁੰਡਿਆ ਆਦਿ।

ਬਾਰਵੀਂ\ਤੇਰ੍ਹਵੀਂ ਸਦੀ ਦੇ ਸੂਫੀ ਭਗਤ ਸ਼ੇਖ ਫਰੀਦ ਵਲੋਂ ਕੀਤਾ ਗਿਆ ਪੱਗ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਬਾਣੀ ਵਿਚ ਮੌਜੂਦ ਹੈ,

"ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ॥

ਸ਼ਹੀਦ ਭਗਤ ਸਿੰਘ ਦੇ ਚਾਚਾ ਸ. ਅਜੀਤ ਸਿੰਘ ਨੇ ਤਾਂ 'ਪਗੜੀ ਸੰਭਾਲ ਜੱਟਾ' ਨਾਮ ਦੀ ਇਕ ਲਹਿਰ ਹੀ ਚਲਾਈ ਸੀ। ਪਗੜੀ ਨੂੰ ਅੰਗਰੇਜ਼ੀ ਵਿਚ 'ਟਰਬਨ' ਕਹਿੰਦੇ ਹਨ। ਇਹ ਸ਼ਬਦ ਵੀ ਫਾਰਸੀ ਮੂਲ ਦੇ 'ਦਲਬੰਦ', ਤੁਰਕੀ ਦੇ 'ਤਲਬੰਤ', ਮੱਧ-ਸੋਲ੍ਹਵੀਂ ਸਦੀ ਦੇ ਫਰੈਂਚ 'ਟਰਬੰਟ' ਤੋਂ ਹੁੰਦਾ ਹੋਇਆ ਅੰਗਰੇਜ਼ੀ ਦਾ 'ਟਰਬਨ' ਬਣਿਆ।

ਪਗੜੀ ਸਿੱਖ ਦਾ ਧਾਰਮਿਕ ਚਿੰਨ੍ਹ ਹੀ ਨਹੀਂ ਸਗੋਂ ਉਸ ਦਾ ਸਭਿਆਚਾਰਕ ਸ਼ਮਲਾ ਹੈ, ਸਾਡੀ ਪੈਜ-ਪਤ, ਠਾਠ-ਠੁੱਕ, ਟੌਹਰ-ਟਸ਼ਨ ਹੈ! ਇਹ ਕਿੰਝ ਸਾਡੀ ਨਿਵੇਕਲੀ ਪਹਿਚਾਨ ਬਣਦੀ ਹੈ, ਸੰਖੇਪ ਵਿਚ ਇਸ ਦੀਆਂ ਦੋ ਉਦਾਹਰਨਾਂ ਦਿੰਦੇ ਹਾਂ।

ਅਸੀਂ ਗੋਆ ਗਏ। ਬੀਚਾਂ ਉਪਰ ਅਨੇਕਾਂ ਸਿੱਖ ਜੋੜੇ ਸਨ ਪਰ ਉਨ੍ਹਾਂ ਸਾਰਿਆਂ ਨੇ ਸਿਰਾਂ ਉਪਰ ਕ੍ਰਿਕਟ ਕੈਪਾਂ (ਟੋਪੀਆਂ) ਪਾਈਆਂ ਹੋਈਆਂ ਸਨ। ਸਿਰਫ ਅਸੀਂ ਦੋ ਜਣੇ ਹੀ ਦਸਤਾਰਧਾਰੀ ਸਾਂ। ਲੋਕਾਂ ਨੇ ਸਭ ਤੋਂ ਵੱਧ ਫੋਟੋਆਂ ਸਾਡੇ ਨਾਲ ਖਿਚਵਾਈਆਂ। ਕਰਨਾਟਕਾ (ਜਿੱਥੇ ਹੁਣ ਹਿਜਾਬ ਦਾ ਮਸਲਾ ਖੜ੍ਹ ਗਿਆ ਹੈ) ਵਾਲਿਆਂ ਨੇ ਸਭ ਤੋਂ ਵੱਧ ਖਿਚਵਾਈਆਂ!

ਬਹੁਤ ਸਾਲ ਪਹਿਲਾਂ ਸਾਡਾ ਇਕ ਵਿਦਿਅਕ ਟਰਿੱਪ ਚੈਕੋਸਲਵਾਕੀਆ ਗਿਆ। 15 ਦਿਨ ਠਹਿਰਨ ਉਪਰੰਤ ਜਦ ਅਸੀਂ ਵਾਪਸ ਪਰਤਣ ਲੱਗੇ ਤਾਂ ਦੁਭਾਸ਼ਣ ਨੇ ਮੈਨੂੰ ਕਿਹਾ, 'ਮਿਸਟਰ ਸਿੰਘ, ਪਿਛਲੇ ਪੰਦਰਵਾੜੇ ਦੌਰਾਨ ਤੁਸੀਂ ਸਾਡੇ ਮੁਲਕ ਵਿਚ ਅਜਿਹੇ ਸ਼ਖਸ ਰਹੇ ਹੋ ਜਿਨ੍ਹਾਂ ਦੀਆਂ ਸਭ ਤੋਂ ਵੱਧ ਫੋਟੋਆਂ ਖਿੱਚੀਆਂ ਗਈਆਂ ਹਨ'! ਅਸੀਂ ਉਸ ਨੂੰ ਕਿਹਾ ਕਿ ਇਸ ਦਾ ਮਤਲਬ ਇਹ ਹੋਇਆ ਕਿ ਸਾਡੀ ਦਸਤਾਰ ਨੇ ਸਾਨੂੰ ਸਟਾਰ ਬਣਾ ਦਿੱਤਾ! ਉਸ ਨੇ ਝਟ-ਪਟ ਵੱਡੀ ਸਾਰੀ 'ਹਾਂ' ਵਿਚ ਜਵਾਬ ਦਿੱਤਾ!

ਸੋ, ਸ਼ੁਕਰੀਆ, ਜਨਾਬੇਆਲੀ (ਮਾਈ ਲਾਰਡ)! ਸਿੱਖਾਂ ਦੀ ਪਗੜੀ ਸਮੇਤ ਪੰਜੇ ਕਕਾਰਾਂ ਦੀ ਨਿਆਇਕ ਹਿਫਾਜ਼ਤ ਕਰਨ ਲਈ!

# ਸੰਗੀਤਕ ਖੇਤਰ ਦਾ ਚਰਚਿਤ ਨਾਂ - ਦੇਬੂ ਸੁਖਦੇਵ

**ਸੂਫੀ ਬਲਬੀਰ**

ਸੰਗੀਤਕ ਖੇਤਰ ਵਿਚ ਦੇਬੂ ਸੁਖਦੇਵ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਦੇਬੂ ਨੇ ਆਪਣੀ ਸਖ਼ਤ ਮਿਹਨਤ ਤੇ ਲਗਨ ਨਾਲ ਆਪਣਾ ਵੱਖਰਾ ਤੇ ਸਨਮਾਨਯੋਗ ਮੁਕਾਮ ਹਾਸਲ ਕੀਤਾ ਹੈ। ਦੇਬੂ ਜ਼ਿੰਦਗੀ ਵਿਚ ਕਿੰਨੀ ਵਾਰੀ ਚੇਲੇ ਤੋਂ ਉਸਤਾਦ ਤੇ ਹੋਰ ਸਿੱਖਣ ਦੀ ਚਾਹਤ ਵਿਚ ਫਿਰ ਚੇਲਾ ਬਣਿਆ ਤੇ ਅੱਜ ਸੰਗੀਤ ਖੇਤਰ ਵਿਚ ਉਸਤਾਦ ਦੇ ਤੌਰ 'ਤੇ ਸਥਾਪਿਤ ਨਾਮ ਹੈ।

ਦੇਬੂ ਸੁਖਦੇਵ ਦਾ ਜਨਮ ਪਿੰਡ ਵਿਲਾ ਕੋਠੀ ਜ਼ਿਲ੍ਹਾ ਕਪੂਰਥਲਾ ਦੇ ਵਾਸੀ ਪਿਤਾ ਸ. ਬਲਕਾਰ ਸਿੰਘ ਤੇ ਮਾਤਾ ਸ੍ਰੀਮਤੀ ਗੁਰਮੀਤ ਕੌਰ ਦੇ ਘਰ ਹੋਇਆ। ਪਿਤਾ ਜੀ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ ਇਸ ਕਰਕੇ ਦੇਬੂ ਨੂੰ ਸੰਗੀਤ ਦੀ ਗੁੜ੍ਹਤੀ ਘਰ ਵਿਚੋਂ ਹੀ ਮਿਲੀ।

ਦੇਬੂ ਨੇ ਸਭ ਤੋਂ ਪਹਿਲਾਂ ਤਬਲੇ ਦੀ ਸਿੱਖਿਆ ਉਸਤਾਦ ਬਲਬੀਰ ਸਿੰਘ ਜੀ ਤੋਂ ਪ੍ਰਾਪਤ ਕੀਤੀ ਤੇ ਆਪਣੇ ਪਿਤਾ ਜੀ ਨਾਲ ਕੀਰਤਨ ਵਿਚ ਕਈ ਸਾਲ ਤਬਲੇ 'ਤੇ ਸੰਗਤ ਕੀਤੀ। ਦੇਬੂ ਦੇ ਪਿਤਾ ਜੀ ਨੇ ਉਸ ਦੀ ਸੰਗੀਤ ਪ੍ਰਤੀ ਲਗਨ ਨੂੰ ਵੇਖਦਿਆਂ ਉਚੇਰੀ ਸੰਗੀਤਕ ਸਿੱਖਿਆ ਲਈ ਉਸਤਾਦ ਜਨਾਬ ਕੇ.ਲ. ਤਹੀਨ ਦੇ ਲੜ ਲਾ ਦਿੱਤਾ। ਉਨ੍ਹਾਂ ਦੀ ਸੰਗਤ ਵਿਚ ਸਖ਼ਤ ਰਿਆਜ਼ ਤੇ ਮਿਹਨਤ ਕਰ ਕੇ ਦੇਬੂ ਨੇ ਆਵਾਜ਼ ਤੇ ਤਬਲੇ ਵਿਚ ਵਿਸ਼ਾਰਦ ਦੀ ਡਿਗਰੀ ਵੀ ਹਾਸਲ ਕੀਤੀ।

ਐਨਾ ਕੁਝ ਪ੍ਰਾਪਤ ਕਰਨ ਤੋਂ ਬਾਅਦ ਵੀ ਦੇਬੂ ਟਿਕ ਕੇ ਬੈਠਣ ਵਾਲਾ ਨਹੀਂ ਸੀ ਤੇ ਸੰਗੀਤਕਾਰ ਬਣਨ ਦੀ ਚਾਹਤ ਲੈ ਕੇ ਘਰ ਦਾ ਆਰਾਮ ਛੱਡ ਕੇ ਚੰਡੀਗੜ੍ਹ ਆ ਬੈਠਾ ਤੇ ਫਿਰ ਨਵਾਂ ਸਖਤ ਸੰਘਰਸ਼ ਸ਼ੁਰੂ ਹੋਇਆ। ਦੇਬੂ ਨੇ ਪੱਕੇ ਪੈਰੀਂ ਹੋਣ ਲਈ ਬਹੁਤ ਮਿਹਨਤ ਕੀਤੀ। ਏਥੇ ਰਹਿੰਦਿਆਂ ਉਸ ਨੇ ਅਣਗਿਣਤ ਸੰਗੀਤ ਵਿਦਿਆਰਥੀਆਂ ਨੂੰ ਵੋਕਲ, ਤਬਲੇ ਤੇ ਗਿਟਾਰ ਦੀ ਟ੍ਰੇਨਿੰਗ ਦਿੱਤੀ।

ਦੇਬੂ ਘਰੋਂ ਤਾਂ ਸੰਗੀਤਕਾਰ ਬਣਨ ਲਈ ਨਿਕਲਿਆ ਸੀ ਪਰ ਕੌਣ ਜਾਣਦਾ ਸੀ ਕਿ ਉਹਦੀ ਮੰਜ਼ਿਲ ਕੀ ਸੀ। ਜਦੋਂ ਰਿਕਾਰਡਿੰਗ ਸਟੂਡੀਓ ਵਿਚ ਆਉਣਾ ਜਾਣਾ ਸ਼ੁਰੂ ਹੋਇਆ ਤਾਂ ਉਹਦੇ ਅੰਦਰ ਆਡੀਓ ਇੰਜੀਨੀਅਰ ਬਣਨ ਦੀ ਰੀਝ ਜਾਗ ਪਈ ਤੇ ਇਹੀ ਰੀਝ ਉਹਨੂੰ ਭਾਰਤ ਦੇ ਮਸ਼ਹੂਰ ਮਿਕਸਿੰਗ ਇੰਜੀਨੀਅਰ ਜਨਾਬ ਯਿਸੂ ਦਾਸ ਕੋਲ ਦਿੱਲੀ ਲੈ ਗਈ। ਦੇਬੂ ਦੀ ਲਗਨ ਤੇ ਦੀਵਾਨਗੀ ਨੂੰ ਵੇਖਦਿਆਂ ਜਨਾਬ ਯਿਸੂ ਦਾਸ ਨੇ ਇਸ ਨੂੰ ਆਪਣਾ ਚੇਲਾ ਸਵੀਕਾਰ ਕਰ ਲਿਆ ਤੇ ਬਾਕਾਇਦਾ ਟ੍ਰੇਨਿੰਗ ਦੇ ਕੇ ਆਡੀਓ ਇੰਜੀਨੀਅਰ ਦਾ ਡਿਪਲੋਮਾ ਪ੍ਰਦਾਨ



ਕੀਤਾ। ਯਿਸੂ ਦਾਸ ਨੇ ਦੇਬੂ ਦੀ ਇਮਾਨਦਾਰੀ ਤੇ ਲਗਨ ਨੂੰ ਨੂੰ ਵੇਖਦਿਆਂ ਆਪਣਾ ਅਸਿਸਟੈਂਟ ਬਣਾ ਲਿਆ ਜਿੱਥੇ ਦੇਬੂ ਲਈ ਸਿੱਖਣ ਵਾਸਤੇ ਇਹ ਸੁਨਹਿਰੀ ਮੌਕਾ ਹੋ ਨਿਬੜਿਆ।

ਕਰੀਬ ਚਾਰ ਸਾਲ ਉਨ੍ਹਾਂ ਨਾਲ ਕੰਮ ਕਰ ਕੇ ਦੇਬੂ ਆਡੀਓ ਇੰਜੀਨੀਅਰ ਦੇ ਤੌਰ 'ਤੇ ਮਿਕਸਿੰਗ ਤੇ ਮਾਸਟਰਿੰਗ ਦਾ ਮਾਸਟਰ ਬਣ ਗਿਆ। ਹੋਰ ਜ਼ਿਆਦਾ ਸਿੱਖਣ ਦੀ ਭੁੱਖ ਦੇਬੂ ਨੂੰ ਬਾਲੀਵੁੱਡ ਲੈ ਗਈ ਤੇ ਇੱਥੇ ਵੀ ਉਸਨੇ ਬਹੁਤ ਕੁਝ ਸਿੱਖਿਆ ਤੇ ਵੱਖ-ਵੱਖ ਸੰਗੀਤਕਾਰਾਂ ਨਾਲ ਕੰਮ ਕੀਤਾ।

ਮਿਹਨਤ ਤੇ ਸੰਘਰਸ਼ ਦੀ ਭੱਠੀ ਵਿਚ ਤਪ ਕੇ ਦੇਬੂ ਮਿੱਟੀ ਤੋਂ ਸੋਨਾ ਤੇ ਸੋਨੇ ਤੋਂ ਕੁੰਦਨ ਬਣ ਚੁੱਕਿਆ ਸੀ। ਹੁਣ ਉਹਨੂੰ ਲੱਗਿਆ ਕਿ ਪੰਜਾਬ ਦੀ ਮਿੱਟੀ ਉਹਨੂੰ ਆਵਾਜ਼ਾਂ ਮਾਰ ਰਹੀ ਹੈ ਤੇ ਉਸ ਨੇ ਵਾਪਸ ਮੁਹਾਲੀ ਆ ਕੇ ਆਪਣਾ ਰਿਕਾਰਡਿੰਗ ਸਟੂਡੀਓ ਸਥਾਪਿਤ ਕੀਤਾ ਤੇ ਆਪਣੇ ਕੰਮ ਵਿਚ ਪੂਰੀ ਤਨਦੇਹੀ ਨਾਲ ਜੁਟ ਗਿਆ।

ਅੱਜ ਆਲਮ ਇਹ ਹੈ ਕਿ ਮਿਕਸਿੰਗ ਤੇ ਮਾਸਟਰਿੰਗ ਦੇ ਖੇਤਰ ਵਿਚ ਦੇਬੂ ਦਾ ਉੱਚਾ ਤੇ ਆਪਣਾ ਅਲੱਗ ਹੀ ਮੁਕਾਮ ਹੈ। ਦੇਬੂ ਪੰਜਾਬ ਦੇ ਗਾਇਕਾਂ ਤੇ ਸੰਗੀਤਕਾਰਾਂ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਤੇ ਹਰਿਆਣਵੀ ਕਲਾਕਾਰਾਂ ਦੀ ਪਹਿਲੀ ਪਸੰਦ ਹੈ। ਦੇਬੂ ਤੋਂ ਮਿਕਸਿੰਗ ਤੇ ਮਾਸਟਰਿੰਗ ਕਰਾਉਣ ਲਈ ਕਲਾਕਾਰ ਹਫ਼ਤਿਆਂ ਦੀ ਉਡੀਕ ਵੀ ਖੁਸ਼ੀ ਨਾਲ ਕਰਦੇ ਹਨ।

ਦੇਬੂ ਹੁਣ ਤਕ ਪੰਜਾਬੀ ਦੇ ਕਈ ਮਸ਼ਹੂਰ ਸੰਗੀਤਕਾਰਾਂ ਤੇ ਗਾਇਕਾਂ ਨਾਲ ਕੰਮ ਕਰ ਚੁੱਕਾ ਹੈ ਜਿਨ੍ਹਾਂ ਵਿਚ ਸੁਖਸ਼ਿੰਦਰ ਸ਼ਿੰਦਾ ਇੰਗਲੈਂਡ, ਸੁਰਜੀਤ ਖਾਨ, ਸ਼ੈਰੀ ਮਾਨ, ਜੱਸੀ ਗਿੱਲ, ਰਣਜੀਤ ਬਾਵਾ, ਸੂਫੀ ਬਲਬੀਰ, ਹਿੰਮਤ ਸੰਧੂ, ਕਮਲ ਖਾਨ, ਮਾਸ਼ਾ ਅਲੀ ਤੇ ਹੋਰ ਬਹੁਤ ਸਾਰੇ ਸ਼ਾਮਲ ਹਨ। ਦੇਬੂ ਦੇ ਮਿਕਸ ਤੇ ਮਾਸਟਰ ਕੀਤੇ ਬਹੁਤ ਸਾਰੇ ਗੀਤ ਡੀ ਜੇ 'ਤੇ ਵੱਜਦੇ ਤੇ ਲੋਕਾਂ ਦੇ ਬੁੱਲ੍ਹਾਂ 'ਤੇ ਨੱਚਦੇ ਨੇ।

ਜ਼ਿਕਰਯੋਗ ਹੈ ਕਿ ਦੇਬੂ ਦੇ ਬਹੁਤ ਸਾਰੇ ਸੰਗੀਤਕ ਚੇਲੇ ਹਨ ਜੋ ਉਨ੍ਹਾਂ ਤੋਂ ਮਿਕਸਿੰਗ ਮਾਸਟਰਿੰਗ ਤੇ ਮਿਊਜ਼ਿਕ ਅਰੇਜਰ ਦੀ ਟ੍ਰੇਨਿੰਗ ਲੈ ਕੇ ਆਪਣਾ ਮੁਕਾਮ ਬਣਾ ਚੁੱਕੇ ਨੇ ਤੇ ਇਹ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਦੇਬੂ ਸੁਖਦੇਵ ਇਕ ਆਡੀਓ ਇੰਜੀਨੀਅਰ ਹੀ ਨਹੀਂ ਪੂਰੀ ਸੰਸਥਾ ਹੈ। ਉਹ ਬਹੁਪੱਖੀ ਕਲਾਕਾਰ ਹੋਣ ਦੇ ਨਾਲ-ਨਾਲ ਬਹੁਤ ਹੀ ਸੁਹਿਰਦ ਇਨਸਾਨ ਤੇ ਯਾਰਾਂ ਦਾ ਯਾਰ ਵੀ ਹੈ।

ਦੇਬੂ ਇਨ੍ਹੀਂ ਦਿਨੀਂ ਆਪਣੀ ਜੀਵਨ ਸਾਥਣ ਪ੍ਰੀਆ ਦੇ ਨਾਲ ਮੁਹਾਲੀ ਵਿਖੇ ਖੁਸ਼ਹਾਲ ਜ਼ਿੰਦਗੀ ਮਾਣ ਰਿਹਾ ਹੈ। ਦੇਬੂ ਤੋਂ ਭਵਿੱਖ ਵਿਚ ਵੀ ਬਹੁਤ ਉਮੀਦਾਂ ਨੇ। ਰੱਬ ਕਰੇ ਉਹ ਨਵੇਂ ਨਵੇਂ ਕੀਤਰੀਮਾਨ ਸਥਾਪਿਤ ਕਰਦਾ ਜਾਵੇ!!

# ਸਿੱਖੀ ਪਛਾਣ ਨੂੰ ਖੋਰਾ?

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੀ ਭਾਰਤ ਫੇਰੀ ਦੌਰਾਨ ਉਨ੍ਹਾਂ ਧੀ ਵਲੋਂ ਆਪਣੇ ਬੱਚਿਆਂ ਨੂੰ ਦਿੱਲੀ ਘੁਮਾਉਣ ਜਾਣ ਮੌਕੇ ਲਾਲ ਕਿਲ੍ਹੇ ’ਤੇ ਵਾਪਰੀਆਂ ਕੁਝ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਕਰਕੇ ਉਨ੍ਹਾਂ ਦੇ ਮਨ ਨੂੰ ਡਾਢੀ ਠੇਸ ਪੁੱਜਦੀ ਹੈ।***

ਅੱਜ-ਕੱਲ੍ਹ ਪੰਜਾਬ ਆਇਆ ਹੋਇਆ ਹਾਂ। ਆਪਣੀ ਮਿੱਟੀ ਨੂੰ ਨਤਮਸਤਕ ਹੋਣ ਅਤੇ ਆਪਣੀ ਵਿਰਾਸਤ ਦੀ ਪ੍ਰਕਰਮਾ ਕਰਨ। ਚੰਗਾ ਲੱਗਦਾ ਹੈ ਆਪਣੀਆਂ ਜੜ੍ਹਾਂ ਨਾਲ ਵਾਰ ਵਾਰ ਜੁੜਨਾ ਅਤੇ ਇਸ ਦੀ ਪ੍ਰਕਰਮਾ ਨਾਲ ਖੁਦ ਨੂੰ ਸ਼ਰਸ਼ਾਰ ਕਰਨਾ। ਇਸ ਦੀ ਯਾਦ ਨੂੰ ਆਪਣੀ ਚੇਤਿਆਂ ਵਿਚ ਨਵਿਆਉਣਾ। ਵਧੀਆ ਲੱਗਦਾ ਹੈ ਆਪਣੇ ਪੁਰਖਿਆਂ ਦੀ ਛੋਹ ਮਾਨਣ ਵਾਲੀ ਪਿੰਡ ਦੀ ਜੂਹ ਵਿਚ ਪੈਰ ਧਰਨਾ ਅਤੇ ਇਸ ਵਿਚੋਂ ਉਨ੍ਹਾਂ ਦੇ ਮੁੜ੍ਹਕੇ ਦੀ ਸੁਗੰਧ ਨੂੰ ਮਹਿਸੂਸ ਕਰਨਾ।

ਮੇਰੇ ਪੰਜਾਬ ਆਉਣ ਕਰਕੇ ਹੀ ਮੇਰੀ ਵੱਡੀ ਬੇਟੀ ਆਪਣੇ ਬੱਚਿਆਂ ਨਾਲ ਤਿੰਨ ਕੁ ਹਫ਼ਤਿਆਂ ਲਈ ਇੰਡੀਆ ਆਈ ਹੋਈ ਹੈ ਤਾਂ ਕਿ ਜਵਾਨ ਹੋ ਰਹੇ ਬੱਚਿਆਂ ਨੂੰ ਆਪਣੇ ਬਜ਼ੁਰਗਾਂ ਦੀ ਧਰਤੀ ਨਾਲ ਜੋੜਿਆ ਜਾਵੇ। ਉਹ ਆਪਣੇ ਦਾਦੇ, ਨਾਨਿਆਂ ਅਤੇ ਮਾਪਿਆਂ ਦੀ ਜਨਮ ਭੌਂ ਨਾਲ ਮੁਹੱਬਤ ਦਾ ਰਿਸ਼ਤਾ ਬਣਾਈ ਰੱਖਣਾ ਚਾਹੁੰਦੀ ਹੈ। ਉਨ੍ਹਾਂ ਦੀ ਸਾਂਝ ਆਪਣੀ ਉਸ ਮਿੱਟੀ ਨਾਲ ਬਣੀ ਰਹੇ ਜਿਸ ਵਿਚੋਂ ਉਠ ਕੇ ਉਨ੍ਹਾਂ ਦੇ ਬਜ਼ੁਰਗਾਂ ਅਤੇ ਮਾਪਿਆਂ ਨੇ ਅਮਰੀਕਾ ਵਿਚ ਆਪਣੀ ਪਛਾਣ ਸਿਰਜਣ ਲਈ ਖ਼ੂਬ ਮਿਹਨਤ ਕੀਤੀ ਸੀ। ਉਹ ਹੁਣ ਵੀ ਅਮਰੀਕਾ ਦੇ ਮਾਣਮੱਤੇ ਸ਼ਹਿਰੀ ਬਣ ਕੇ ਵੀ ਭਾਵਨਾਤਮਕ ਤੌਰ ‘ਤੇ ਆਪਣੇ ਪੰਜਾਬ ਅਤੇ ਪਿੰਡ ਨਾਲ ਜੁੜੇ ਹੋਏ ਹਨ।

ਬੇਟੀ ਦਾ ਮਨ ਸੀ ਕਿ ਉਹ ਆਪਣੇ ਬੱਚਿਆਂ ਨੂੰ ਤਿੰਨ ਕੁ ਦਿਨ ਇੰਡੀਆ ਦੀ ਰਾਜਧਾਨੀ, ਵਿਰਾਸਤੀ ਸ਼ਹਿਰ ਅਤੇ ਸਭਿਆਚਾਰਕ ਕੇਂਦਰ ਦਿੱਲੀ ਦੀ ਸੈਰ ਕਰਵਾਏ। ਇਸ ਦੀਆਂ ਦੇਖਣ ਯੋਗ ਥਾਵਾਂ ਦਿਖਾਏ ਤਾਂ ਕਿ ਉਨ੍ਹਾਂ ਨੂੰ ਦਿਲੀ ਦੀ ਵਿਰਾਸਤ ਅਤੇ ਇਸ ਨਾਲ ਜੁੜੇ ਸਿੱਖ ਇਤਿਹਾਸ ਦੀ ਪੂਰੀ ਜਾਣਕਾਰੀ ਹੋਵੇ। ਉਹ ਆਪਣੇ ਪਿੱਤਰਾਂ ਦੀਆਂ ਮਾਣਮੱਤੀਆਂ ਪ੍ਰਾਪਤੀਆਂ ‘ਤੇ ਨਾਜ਼ ਕਰ ਸਕਣ।

ਉਹ ਪਰਿਵਾਰ ਸਮੇਤ ਅਮਰੀਕਾ ਤੋਂ ਦਿੱਲੀ ਪਹੁੰਚ ਕੇ ਤਿੰਨ ਦਿਨ ਦਿੱਲੀ ਵਿਚ ਹੀ ਠਹਿਰਨ ਅਤੇ ਇਕ ਦਿਨ ਆਗਰਾ ਘੁੰਮਣ ਦਾ ਪ੍ਰੋਗਰਾਮ ਬਣਾ ਕੇ ਹੋਟਲ ਵਿਚ ਠਹਿਰਦੀ ਹੈ। ਮੈਂ ਪੰਜਾਬ ਤੋਂ ਦਿੱਲੀ ਆ ਜਾਂਦਾ ਹਾਂ ਤਾਂ ਕਿ ਸਾਰਾ ਪਰਿਵਾਰ ਇਕੱਠਾ ਹੋ ਕੇ ਦਿੱਲੀ ਅਤੇ ਇਸ ਦੀਆਂ ਇਤਿਹਾਸਕ ਥਾਵਾਂ ਅਤੇ ਗੁਰਦੁਆਰਿਆਂ ਦੇ ਦਰਸ਼ਨ ਕਰ ਸਕੇ। ਗੁਰਦੁਆਰਿਆਂ ਦੇ ਦਰਸ਼ਨ ਕਰਨ ਅਤੇ ਇੰਡੀਆ ਗੇਟ ਆਦਿ ਦੇਖਣ ਤੋਂ ਬਾਅਦ ਮਨ ਵਿਚ ਆਉਂਦਾ ਹੈ ਕਿ ਲਾਲ ਕਿਲ੍ਹਾ ਅਤੇ ਕੁਤੁਬ ਮੀਨਾਰ ਨੂੰ ਦੇਖਿਆ ਜਾਵੇ ਅਤੇ ਇਸਦੀ ਇਤਿਹਾਸਕ ਮਹੱਤਤਾ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਜਾਵੇ।

ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਕ ਵਿਖੇ ਮੱਥਾ ਟੇਕ ਕੇ ਬਾਹਰ ਨਿਕਲਦੇ ਹਾਂ ਤਾਂ ਡਰਾਈਵਰ ਦੱਸਦਾ ਹੈ ਕਿ ਤੁਸੀਂ ਤੁਰ ਕੇ ਹੀ ਸਾਹਮਣੇ ਲਾਲ ਕਿਲ੍ਹੇ ਤੀਕ ਜਾ ਸਕਦੇ ਹੋ। ਕਿਲ੍ਹਾ ਦੇਖਣ ਤੋਂ ਬਾਅਦ ਫ਼ੋਨ ਕਰ ਦੇਣਾ। ਮੈਂ ਵਾਪਸ ਆ ਕੇ ਤੁਹਾਨੂੰ ਲੈ ਲਵਾਂਗਾ। ਗਰਮੀ ਵਿਚ ਪਸੀਨੇ ਨਾਲ ਗੜੁੱਚ ਹੋਣ ਦੇ ਬਾਵਜੂਦ ਬੱਚਿਆਂ ਨੂੰ ਲਾਲ ਕਿਲ੍ਹਾ ਦੇਖਣ ਦਾ ਬਹੁਤ ਚਾਅ ਸੀ।

ਲਾਲ ਕਿਲ੍ਹੇ ਦੀ ਦਾਖਲਾ ਟਿਕਟ ਲੈਣ ਲਈ ਬੇਟੀ ਲਾਈਨ ਵਿਚ ਲੱਗਦੀ ਹੈ ਤਾਂ ਇਹ ਦੇਖ ਕੇ ਹੈਰਾਨ ਹੋ ਜਾਂਦੀ ਹੈ ਕਿ ਵਿਦੇਸ਼ੀ ਨਾਗਰਿਕਾਂ ਲਈ ਦਾਖਲਾ ਟਿਕਟ ਦੀ ਕੀਮਤ 980 ਰੁਪਏ ਹੈ ਜਦਕਿ ਭਾਰਤੀ ਨਾਗਰਿਕਾਂ ਲਈ ਸਿਰਫ਼ 80 ਰੁਪਏ ਹੈ। ਬੇਟੀ ਨੂੰ ਸਮਝ ਨਹੀਂ ਆ ਰਿਹਾ ਕਿ ਟਿਕਟ ਦੀ ਕੀਮਤ ਵਿਚ ਇੰਨਾ ਫਰਕ ਕਿਉਂ ਹੈ? ਕੀ ਸਰਕਾਰ ਦੀ ਅੰਦਰਲੀ ਮਨਸ਼ਾ ਹੈ ਕਿ ਵਿਦੇਸ਼ੀ ਸੈਲਾਨੀਆਂ ਨੂੰ ਇਤਿਹਾਸਕ ਸਥਾਨ ਦੇਖਣ ਤੋਂ ਨਿਰਉਤਸ਼ਾਹਿਤ ਕੀਤਾ ਜਾਵੇ? ਜਾਂ ਇਹ ਉਨ੍ਹਾਂ ਦੀ ਆਰਥਿਕ ਲੁੱਟ ਹੈ? ਵਿਦੇਸ਼ ਵਿਚ ਕਿਸੇ ਵੀ ਦੇਖਣਯੋਗ ਸਥਾਨ ‘ਤੇ ਅਜਿਹਾ ਵਿਤਕਰਾ ਨਹੀਂ ਹੈ। ਹਾਂ ਬਜ਼ੁਰਗਾਂ ਅਤੇ ਵਿਦਿਆਰਥੀਆਂ ਲਈ ਰਿਆਇਤੀ ਦਰਾਂ ਹੁੰਦੀਆਂ ਹਨ। ਇਸ ਬਾਰੇ ਬਹੁਤ ਸਾਰੇ ਪ੍ਰਸ਼ਨ ਮਨ ਵਿਚ ਲੈ ਕੇ ਬੇਟੀ ਟਿਕਟਾਂ ਲੈ ਕੇ ਪਰਤਦੀ ਹੈ। (ਬਾਅਦ ਵਿਚ ਦੇਖਿਆ ਕਿ ਕੁਤੁਬ ਮੀਨਾਰ ਦੀ ਦਾਖਲਾ ਟਿਕਟ ਵੀ ਵਿਦੇਸ਼ੀ ਨਾਗਰਕਿਾਂ ਲਈ 600 ਰੁਪਏ ਹੈ ਅਤੇ ਭਾਰਤੀਆਂ ਲਈ ਸਿਰਫ਼ 40 ਰੁਪਏ ਹੈ। ਆਜਹਾ ਹੀ ਅੰਤਰ ਤਾਜ ਮਹੱਲ ਦੇਖਣ ਲਈ ਟਿਕਟ ਵਿਚ ਵੀ ਹੈ)। ਉਸਦੀ ਸੋਚ ਵਿਚ ਬਹੁਤ ਸਾਰੇ ਗਿਲੇ/ਸ਼ਿਕਵੇ ਪੈਦਾ ਹੁੰਦੇ ਹਨ। ਪਰ ਉਸਦਾ ਵਿਚਾਰ ਹੈ ਕਿ ਚਲੋ ਬੱਚਿਆਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਦੀ ਇਹ ਕੋਈ ਬਹੁਤੀ ਜ਼ਿਆਦਾ ਕੀਮਤ ਨਹੀਂ। ਮੈਨੂੰ ਪੁੱਛਦੀ ਹੈ ਕਿ ਜੇ ਵਿਦੇਸ਼ੀਆਂ ਨੂੰ ਇਸ ਵਿਤਕਰੇ ਬਾਰੇ ਪਤਾ ਲੱਗੇ ਤਾਂ ਉਨ੍ਹਾਂ ਦੇ ਮਨਾਂ ਵਿਚ ਭਾਰਤ ਸਰਕਾਰ ਅਤੇ ਭਾਰਤੀਆਂ ਦੀ ਮਾਨਸਿਕਤਾ ਬਾਰੇ ਉਗੀਆਂ ਸ਼ੰਕਾਵਾਂ ਕਿਹੜਾ ਰੂਪ ਧਾਰਨੀਆਂ? ਕੀ ਇਹ ਸ਼ੰਕਾਵਾਂ ਸੈਲਾਨੀਆਂ ਦੀ ਆਮਦ ਨੂੰ ਵਧਾਉਣਗੀਆਂ ਜਾਂ ਘਟਾਉਣਗੀਆਂ? ਕੀ ਸੈਲਾਨੀਆਂ ਦੇ ਮਨਾਂ ਵਿਚ ਭਾਰਤ ਵਿਚ ਉਨ੍ਹਾਂ ਨਾਲ ਹੋ ਰਹੀ ਆਰਥਿਕ ਲੁੱਟ ਬਾਰੇ ਰੋਸ ਨਹੀਂ ਪੈਦਾ ਹੋਵੇਗਾ? ਕੀ ਉਹ ਕਿਸੇ ਹੋਰ ਦੇਸ਼ ਨੂੰ ਆਪਣੇ ਸੈਰ-ਸਪਾਟੇ ਦੀ ਜਗ੍ਹਾ ਬਣਾਉਣਗੇ?

ਅਸੀਂ ਜਦ ਲਾਲ ਕਿਲ੍ਹੇ ਵਿਚ ਦਾਖਲ ਹੋਣ ਲੱਗਦੇ ਹਾਂ ਤਾਂ ਗੇਟ ‘ਤੇ ਤਾਇਨਾਤ ਸਕਿਉਰਿਟੀ ਵਾਲੇ ਬੇਟੀ ਦੇ ਪਰਸ ਦੀ ਤਲਾਸ਼ੀ ਲੈਂਦੇ ਹਨ। ਉਹ ਬੇਟੀ ਦੇ ਪਰਸ ਵਿਚੋਂ ਦੋ ਕੇਸਰੀ ਪਟਕੇ ਕੱਢ ਲੈਂਦੇ ਹਨ ਜਿਹੜੇ ਮੇਰੀ ਬੇਟੀ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਮੱਥਾ ਟੇਕਣ ਲਈ ਆਪਣੀਆਂ ਬੱਚੀਆਂ ਦੇ ਸਿਰਾਂ ‘ਤੇ ਬੰਨ੍ਹਣ ਲਈ ਖਰੀਦੇ ਸਨ ਅਤੇ ਮੱਥਾ ਟੇਕਣ ਤੋਂ ਬਾਅਦ ਇਹ ਦੋਵੇਂ ਪਟਕੇ ਆਪਣੇ ਬੈਗ ਵਿਚ ਪਾ ਲਏ ਸਨ। ਸਕਿਉਰਿਟੀ ਅਫਸਰ ਇਸ ਲਈ ਬਜ਼ਿੱਦ ਹੈ ਕਿ ਉਹ ਪਟਕੇ ਬੈਗ ਵਿਚ ਲੈ ਕੇ ਲਾਲ ਕਿਲ੍ਹਾ ਦੇਖਣ ਨਹੀਂ ਜਾ ਸਕਦੀ। ਇਨ੍ਹਾਂ ਪਟਕਿਆਂ ਨੂੰ ਸਾਡੇ ਕੋਲ ਜਮ੍ਹਾਂ ਕਰਵਾਉਣਾ ਪਵੇਗਾ ਵਰਨਾ ਅਸੀਂ ਤੁਹਾਨੂੰ ਅੰਦਰ ਨਹੀਂ ਜਾਣ ਦੇਣਾ। ਬੇਟੀ ਨੂੰ ਬਹੁਤ ਹੈਰਾਨੀ ਹੁੰਦੀ ਹੈ ਕਿ ਕੀ ਬੱਚਿਆਂ ਦੇ ਸਿਰ ‘ਤੇ ਬੰਨ੍ਹਣ ਵਾਲੇ ਪਟਕੇ ਵੀ ਕੋਈ ਖਤਰਨਾਕ ਵਸਤ ਬਣ ਗਏ ਨੇ? ਇਨ੍ਹਾਂ ਪਟਕਿਆਂ ਤੋਂ ਲਾਲ ਕਿਲ੍ਹੇ ਨੂੰ ਕੀ ਖ਼ਤਰਾ ਹੋ ਸਕਦਾ ਹੈ? ਸਰਕਾਰੀ ਤੰਤਰ ਨੇ ਪਟਕੇ ‘ਤੇ ਹੀ ਪ੍ਰਸ਼ਨ ਚਿੰਨ੍ਹ ਕਿਉਂ ਲਗਾਇਆ? ਕੀ ਇਹ ਧਾਰਮਿਕ ਆਜ਼ਾਦੀ ਵਿਚ ਖਲਲ ਨਹੀਂ? ਕੀ ਸਰਕਾਰ ਨੂੰ ਹੁਣ ਪਟਕਿਆਂ ਤੋਂ ਵੀ ਖੌਫ਼ ਆਉਂਦਾ ਹੈ? ਬੇਟੀ ਤਰਕ ਨਾਲ ਪੁੱਛਦੀ ਹੈ ਕਿ ਕੀ ਇਹ ਸਰਕਾਰੀ ਹੁਕਮ ਹੈ ਤਾਂ ਇਸਨੂੰ ਦਿਖਾਇਆ ਜਾਵੇ। ਅਫਸਰ ਕਹਿੰਦਾ ਹੈ ਕਿ ਸਰਕਾਰੀ ਹੁਕਮ ਤਾਂ ਨਹੀਂ ਪਰ ਇਹ ਸਾਡੇ ਉਪਰਲੇ ਅਫਸਰਾਂ ਦਾ ਹੁਕਮ ਹੈ ਕਿ ਤੁਸੀਂ ਪਟਕੇ ਲੈ ਕੇ ਅੰਦਰ ਨਹੀਂ ਜਾ ਸਕਦੇ? ਬੇਟੀ ਸੋਚਦੀ ਹੈ ਕਿ ਇਹ ਅਫਸਰਾਂ ਦਾ ਕੇਹਾ ਫੁਰਮਾਨ ਹੈ ਕਿ ਸਾਡੇ ਨਾਲ ਗੈਰਾਂ ਤੋਂ ਵੀ ਬਦਤਰ ਵਰਤਾਓ ਕੀਤਾ ਜਾ ਰਿਹਾ ਹੈ। ਬੇਟੀ ਪਟਕੇ ਅਫਸਰ ਨੂੰ ਦੇਣ ਤੋਂ ਇਨਕਾਰ ਕਰ, ਲਾਲ ਕਿਲ੍ਹੇ ਦੇ ਅੰਦਰ ਨਾ ਜਾਣ ਦਾ ਫੈਸਲਾ ਕਰਦੀ, ਪਟਕਿਆਂ ਨੂੰ ਬੈਗ ਵਿਚ ਪਾ ਲੈਂਦੀ ਹੈ। ਅਸੀਂ ਸਾਰੇ ਲਾਲ ਕਿਲ੍ਹਾ ਦੇਖਣ ਤੋਂ ਬਗੈਰ ਹੀ ਵਾਪਸ ਪਰਤ ਆਉਂਦੇ ਹਾਂ।

ਵਾਪਸੀ ‘ਤੇ ਮੈਂ ਆਪਣੀਆਂ ਦੋਹਤਰੀਆਂ ਅਤੇ ਦੋਹਤੇ ਦੇ ਚਿਹਰਿਆਂ ‘ਤੇ ਉਕਰੀ ਮਾਯੂਸੀ ਅਤੇ ਬੇਟੀ ਦੇ ਮੁੱਖ ‘ਤੇ ਉਕਰੇ ਗੁੱਸੇ ਦੀ ਇਬਾਰਤ ਪੜ੍ਹਨ ਵਿਚ ਰੁੱਝ ਜਾਂਦਾ ਹੈ। ਸੋਚਦਾ ਹਾਂ ਕਿ ਅਮਰੀਕਾ ਦੇ ਜੰਮਪਲ ਮੇਰੇ ਦੋਹਤਾ/ਦੋਹਤਰੀਆਂ ਕੀ ਸੋਚਦੇ ਹੋਣਗੇ? ਕੀ ਉਹ ਫਿਰ ਕਦੇ ਦਿੱਲੀ ਆਉਣ ਅਤੇ ਲਾਲ ਕਿਲ੍ਹਾ ਦੇਖਣ ਬਾਰੇ ਸੋਚਣਗੇ ਜਿਸ ਕਿਲ੍ਹੇ ‘ਤੇ ਕਦੇ ਕੇਸਰੀ ਨਿਸ਼ਾਨ ਝੂਲਦਾ ਰਿਹਾ ਸੀ? ਕੀ ਉਨ੍ਹਾਂ ਦਾ ਇਹੀ ਕਸੂਰ ਹੈ ਕਿ ਉਨ੍ਹਾਂ ਨੇ ਆਪਣੇ ਧਾਰਮਿਕ ਅਕੀਦੇ ਦੀ ਪੂਰਤੀ ਲਈ ਪਟਕੇ ਖਰੀਦੇ ਸਨ ਅਤੇ ਉਹ ਮੇਰੀ ਬੇਟੀ ਦੇ ਬੈਗ ਵਿਚ ਸਨ?

ਇਹ ਬੱਚੇ ਕਿਹੋ ਜਿਹਾ ਪ੍ਰਭਾਵ ਲੈ ਕੇ ਅਮਰੀਕਾ ਨੂੰ ਪਰਤਣਗੇ? ਉਹ ਜਦ ਅਮਰੀਕਾ ਵਿਚ ਆਪਣੇ ਜਮਾਤੀਆਂ ਨਾਲ ਦਿੱਲੀ ਦੀ ਇਸ ਘਟਨਾ ਬਾਰੇ ਚਰਚਾ ਕਰਨਗੇ ਤਾਂ ਭਾਰਤ ਅਤੇ ਇਸਦੀ ਅਫਸਰਸ਼ਾਹੀ ਦਾ ਕੇਹਾ ਬਿੰਬ ਅਮਰੀਕਾ ਦੇ ਗੋਰੇ ਵਿਦਿਆਰਥੀਆਂ ਦੇ ਮਨਾਂ ਵਿਚ ਪੈਦਾ ਹੋਵੇਗਾ? ਕੀ ਉਨ੍ਹਾਂ ਦੀ ਨਵੀਂ ਪਨੀਰੀ ਭਾਰਤ ਵਿਚ ਆਉਣ ਬਾਰੇ ਕਦੇ ਸੋਚੇਗੀ?

ਮੈਂ ਇਹ ਵੀ ਸੋਚਦਾ ਹਾਂ ਕਿ ਬੜੇ ਮਾਣ ਨਾਲ ਆਪਣੇ ਬੱਚਿਆਂ ਨੂੰ ਦਿੱਲੀ ਘੁਮਾਉਣ ਦਾ ਸੁਪਨਾ ਲੈ ਕੇ ਆਈ ਮੇਰੀ ਬੇਟੀ ਦੇ ਮਨ ਵਿਚ ਕੀ ਬੀਤਦੀ ਹੋਵੇਗੀ? ਉਹ ਸਿੱਖ ਲੀਡਰਸ਼ਿਪ ਬਾਰੇ ਕੀ ਸੋਚਦੀ ਹੋਵੇਗੀ ਜਿਸ ਨੇ ਸਿੱਖੀ ਦੀ ਪਛਾਣ ਨੂੰ ਖੋਰਾ ਲਾਉਣ ਅਤੇ ਇਸ ਦੀ ਅਮੀਰ ਪਛਾਣ ਨੂੰ ਨਿਘਾਰਨ ਵਿਚ ਕੋਈ ਕਸਰ ਨਹੀਂ ਛੱਡੀ? ਕੀ ਸਿੱਖ ਪਛਾਣ ਦੇ ਅਲੰਬਰਦਾਰ ਅਤੇ ਚੌਧਰ ਦੇ ਦਮਗਜ਼ੇ ਮਾਰਨ ਵਾਲੇ ਕੋਈ ਮੁਨਾਸਬ ਜਵਾਬ ਦੇਣਗੇ ਕਿ ਕਿਉਂ ਸਕਿਉਰਿਟੀ ਵਾਲੇ ਬੱਚੇ ਦੇ ਸਿਰ ‘ਤੇ ਬੰਨ੍ਹਣ ਵਾਲੇ ਪਟਕੇ ਦੇ ਅੰਦਰ ਜਾਣ ਤੋਂ ਵੀ ਤ੍ਰਿਹਿੰਦੇ ਨੇ? ਕਿਹੜੇ ਅਫਸਰ ਨੇ ਜੋ ਅਜਿਹੇ ਹੁਕਮਾਂ ਰਾਹੀਂ ਸਿੱਖੀ ਦੀ ਪਛਾਣ ਨੂੰ ਖਤਮ ਕਰਨ ‘ਤੇ ਤੁਲੇ ਹੋਏ ਨੇ? ਕਿਉਂ ਉਨ੍ਹਾਂ ਨੂੰ ਸਿੱਖੀ ਦੇ ਪਹਿਰਾਵੇ ਤੋਂ ਨਫਰਤ ਹੈ? ਕੀ ਇਹੀ ਨਫ਼ਰਤ ਹੌਲੀ ਹੌਲੀ ਦਸਤਾਰ ਦੀ ਤਲਾਸ਼ੀ ਜਾਂ ਦਸਤਾਰ ਉਤਾਰ ਕੇ ਹੀ ਲਾਲ ਕਿਲ੍ਹੇ ਵਿਚ ਦਾਖ਼ਲ ਹੋਣ ਦੀ ਨੌਬਤ ਤੀਕ ਤਾਂ ਨਹੀਂ ਪਹੁੰਚ ਜਾਵੇਗੀ? ਯਾਦ ਰੱਖਣਾ! ਹੁਕਮਰਾਨਾਂ ਦੀਆਂ ਅਜਿਹੀਆਂ ਨਿੱਕੀਆਂ-ਨਿੱਕੀਆਂ ਚਾਲਾਂ ਹੀ ਬਹੁਤ ਵੱਡੇ ਅਰਥ ਰੱਖਦੀਆਂ ਨੇ ਅਤੇ ਇਨ੍ਹਾਂ ਰਾਹੀਂ ਉਹ ਭਵਿੱਖ ਨੂੰ ਆਪਣੀ ਮਰਜ਼ੀ ਅਨੁਸਾਰ ਮੋੜਾ ਦੇ ਸਕਦੇ ਹਨ।

ਹੌਲੀ ਹੌਲੀ ਨਿਰਾਸ਼ਾ ਨਾਲ ਭਰੇ ਕਦਮਾਂ ਨਾਲ ਲਾਲ ਕਿਲ੍ਹੇ ਤੋਂ ਬਾਹਰ ਨਿਕਲ ਕੇ ਜਦ ਲਾਲ ਕਿਲ੍ਹੇ ਵੱਲ ਝਾਤੀ ਮਾਰਦਾ ਹਾਂ ਤਾਂ ਖੁਦ ‘ਤੇ ਹੀ ਨਮੋਸ਼ੀ ਹੋਣ ਲੱਗਦੀ ਹੈ। ਸੋਚਦਾ ਹਾਂ ਕਿ ਕੀ ਪਿਛਲੇ ਦਿਨੀਂ ਲਾਲ ਕਿਲ੍ਹੇ ਵਿਚ ਸਰਕਾਰ ਵਲੋਂ ਧਾਰਮਿਕ ਸਮਾਗਮ ਕਰਵਾਉਣ ਵੇਲੇ ਸਿਰ ‘ਤੇ ਬੰਨ੍ਹੇ ਹੋਏ ਪਟਕਿਆਂ ਨਾਲ ਵੀ ਇੰਝ ਹੀ ਹੋਇਆ ਹੋਵੇਗਾ? ਕੀ ਉਹ ਪਟਕੇ ਕਿਸੇ ਖਾਸ ਵਿਚਾਰਧਾਰਾ ਨਾਲ ਸਬੰਧਤ ਸਨ ਜਾਂ ਇਨ੍ਹਾਂ ਨੂੰ ਖਾਸ ਵਿਧੀ ਨਾਲ ਤਿਆਰ ਕੀਤਾ ਗਿਆ ਸੀ? ਇਨ੍ਹਾਂ ਪਟਕਿਆਂ ਨੂੰ ਅੰਦਰ ਕਿਉਂ ਜਾਣ ਦਿੱਤਾ ਗਿਆ? ਲੀਡਰਾਂ ਵਲੋਂ ਕੀਤਾ ਜਾ ਰਿਹਾ ਇਹ ਧਾਰਮਿਕ ਅਡੰਬਰ ਸਿੱਖ ਲੀਡਰਾਂ ਦਾ ਉਹ ਕੋਹਝਾ ਰੂਪ ਜ਼ਾਹਰ ਕਰਦਾ ਹੈ ਜਿਸਨੂੰ ਲੁਕਾਉਣ ਲਈ ਇਹ ਲੀਡਰ ਕਈ ਪਰਤਾਂ ਵਿਚ ਜਿਉਂਦੇ ਹਨ। ਵਿਦੇਸ਼ਾਂ ਵਿਚ ਏਅਰਪੋਰਟਾਂ ‘ਤੇ ਹੁੰਦੀ ਦਸਤਾਰ ਦੀ ਤਲਾਸ਼ੀ ਬਾਰੇ ਤਾਂ ਇਹੀ ਲੀਡਰ ਬਹੁਤ ਬਿਆਨਬਾਜ਼ੀ ਕਰਦੇ ਹਨ। ਪਰ ਅਸੀਂ ਆਪਣੇ ਆਪ ‘ਤੇ ਕਦੇ ਵੀ ਸ਼ਰਮਿੰਦੇ ਨਹੀਂ ਹੁੰਦੇ ਜਦ ਸਾਡੇ ਹੀ ਦੇਸ਼ ਵਿਚ ਸਾਡੇ ਧਾਰਮਿਕ ਚਿੰਨ੍ਹਾਂ ਦੀ ਦੁਰਗਤੀ ਕੀਤੀ ਜਾਂਦੀ ਹੈ ਜਾਂ ਇਸ ਦੀ ਅਵੱਗਿਆਂ ਕਰਨ ਵਿਚ ਧਾਰਮਿਕ ਕੱਟੜਤਾ ਦਾ ਕਰੂਰ ਚਿਹਰਾ ਸਾਹਮਣੇ ਆਉਂਦਾ ਹੈ।

ਦਰਅਸਲ ਜਦ ਕੋਈ ਲੀਡਰ ਕੌਮ ਦੀ ਕੀਮਤ ‘ਤੇ ਨਿੱਜੀ ਮੁਫਾਦ ਪੂਰੇ ਕਰਨ ਅਤੇ ਖੁਦ ਨੂੰ ਨਿਲਾਮ ਕਰਨ ਦੇ ਰਾਹ ਤੁਰ ਪਵੇ ਤਾਂ ਰਾਜ ਕਰੇਂਦੀਆਂ ਪਾਰਟੀਆਂ ਲਈ ਬਹੁਤ ਆਸਾਨ ਹੁੰਦਾ ਹੈ ਅਜਿਹੇ ਲੀਡਰਾਂ ਦਾ ਮੁੱਲ ਲਾਉਣਾ। ਵਿਕੇ ਹੋਏ ਲੀਡਰ ਸਿਰਫ਼ ਚਾਪਲੂਸੀ ਦਾ ਹੀ ਨਾਮਕਰਨ ਹੋ ਜਾਂਦੇ ਨੇ।

ਇਹ ਘਟਨਾ ਦੇਖਣ ਨੂੰ ਬਹੁਤ ਨਿੱਕੀ ਜਿਹੀ ਹੈ ਪਰ ਮੇਰੇ ਸੰਵੇਦਨਸ਼ੀਲ ਮਨ ਵਿਚ ਬਹੁਤ ਤੌਖ਼ਲੇ ਪੈਦਾ ਕਰ ਗਈ ਹੈ। ਇਨ੍ਹਾਂ ਤੌਖ਼ਲਿਆਂ ਵਿਚੋਂ ਸਭ ਤੋਂ ਵੱਡਾ ਤੌਖ਼ਲਾ ਹੈ ਸਿੱਖੀ ਪਛਾਣ ਦਾ। ਇਸ ਲਈ ਸਿੱਖ ਲੀਡਰ ਕਿੰਨਾ ਕੁ ਸੰਜੀਦਾ ਨੇ? ਕੀ ਸਿੱਖ ਪਛਾਣ ਨੂੰ ਲੱਗ ਰਿਹਾ ਇਹ ਖੋਰਾ ਕਦੇ ਰੁਕੇਗਾ ਵੀ ਕਿ ਨਹੀਂ? ਕੀ ਸਿੱਖ ਚਿੰਤਕਾਂ ਨੇ ਇਸਨੂੰ ਕਦੇ ਗੰਭੀਰਤਾ ਨਾਲ ਲਿਆ ਹੈ? ਕੀ ਦਿੱਲੀ ਵਿਚ ਵੱਸਦੇ ਸਿੱਖਾਂ ਨੂੰ ਇਸ ਬਾਰੇ ਗਿਆਨ ਹੈ ਕਿ ਬੈਗ ਵਿਚ ਪਟਕੇ ਹੋਣ ‘ਤੇ ਤੁਹਾਨੂੰ ਲਾਲ ਕਿਲ੍ਹੇ ਵਿਚ ਜਾਣ ਤੋਂ ਰੋਕਿਆ ਜਾਵੇਗਾ ਜਾਂ ਉਹ ਸੱਭ ਕੁਝ ਜਾਣਦੇ ਹੋਏ ਵੀ ਅਗਿਆਨੀ ਹੋਣ ਦਾ ਢੌਂਗ ਕਰ ਰਹੇ ਹਨ?







ਮਨ ਵਿਚ ਇਹ ਵੀ ਸੋਚਦਾ ਹਾਂ ਕਿ ਕੀ ਅਜਿਹਾ ਕਦਮ ਪ੍ਰਦੇਸਾਂ ਵਿਚ ਜੰਮੇ ਪਲੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਤੋਂ ਮੁਨਕਰੀ ਤਾਂ ਨਹੀਂ? ਕੀ ਸਰਕਾਰੀ ਤੰਤਰ ਇਹ ਚਾਹੁੰਦਾ ਹੈ ਕਿ ਭਾਰਤੀ ਮੂਲ ਦੇ ਬੱਚੇ ਆਪਣੇ ਪਿੱਤਰੀ ਦੇਸ਼ ਨੂੰ ਨਾ ਮੁੜਨ ਅਤੇ ਆਪਣੀਆਂ ਜੜ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ ਭੁੱਲ ਜਾਣ? ਇਹ ਬੇਗਾਨਗੀ ਬੱਚਿਆਂ ਦੇ ਮਨਾਂ ‘ਤੇ ਕੀ ਅਸਰ ਕਰੇਗੀ ਇਹ ਤਾਂ ਭਵਿੱਖ ਵਿਚ ਪਤਾ ਲੱਗੇਗਾ। ਪਰ ਇਕ ਗੱਲ ਯਕੀਨੀ ਹੈ ਕਿ ਬੱਚੇ ਆਪਣੇ ਨਾਲ ਇਹ ਨਾ-ਭੁੱਲਣਯੋਗ ਯਾਦ ਲੈ ਕੇ ਜਾਣਗੇ ਜਿਹੜੀ ਆਪਣੇ ਬਜ਼ੁਰਗਾਂ ਦੀਆਂ ਕੀਤੀਆਂ ਕੁਤਾਹੀਆਂ ਜਾਂ ਮੌਜੂਦਾ ਸਿੱਖ ਲੀਡਰਾਂ ਵਲੋਂ ਪਾਲੇ ਜਾ ਰਹੇ ਰਾਜ-ਧਰਮ ‘ਤੇ ਇਕ ਵੱਡਾ ਪ੍ਰਸ਼ਨ ਚਿੰਨ੍ਹ ਜ਼ਰੂਰ ਲਾਉਣਗੀਆਂ।

ਮਨ ਬਹੁਤ ਪੀੜਤ ਹੈ। ਇਸ ਪੀੜਾ ਨੂੰ ਘਟਾਉਣ ਲਈ ਮੈਂ ਬੇਟੀ ਨੂੰ ਦਿੱਲੀ ਦੇਖਣ ਦਾ ਵਿਚਾਰ ਤਿਆਗ ਕੇ ਪੰਜਾਬ ਨੂੰ ਜਾਣ ਦੀ ਸਲਾਹ ਦਿੰਦਾ ਹਾਂ। ਅਗਲੇ ਦਿਨ ਹੀ ਅਸੀਂ ਪੰਜਾਬ ਆ ਜਾਂਦੇ ਹਾਂ ਜਿੱਥੇ ਮੈਂ ਚਾਹੁੰਦਾ ਹਾਂ ਕਿ ਬੱਚੇ ਆਪਣੇ ਨਾਨਕੇ ਘਰ ਆ ਕੇ, ਇਸ ਬੀਤੀ ਹੋਈ ਘਟਨਾ ਨੂੰ ਭੁੱਲ ਕੇ, ਨਿੱਕੀਆਂ ਨਿੱਕੀਆਂ ਖੁਸ਼ੀਆਂ ਵਿਚੋਂ ਜੀਵਨ ਦੀਆਂ ਬਹੁਤ ਹੀ ਪਿਆਰੀਆਂ ਤੇ ਅਮੁੱਲ ਯਾਦਾਂ ਨੂੰ ਚੇਤਿਆਂ ਵਿਚ ਵਸਾ ਲੈਣ ਤਾਂ ਕਿ ਉਹ ਆਉਣ ਵਾਲੇ ਸਮੇਂ ਵਿਚ ਆਪਣੀ ਵਿਰਾਸਤ ਅਤੇ ਨਾਨਕੇ ਘਰ ਨਾਲ ਹਮੇਸ਼ਾ ਜੁੜੇ ਰਹਿਣ। ਇਹ ਹੀ ਮੇਰੀ ਦਿਲੀ ਤਮੰਨਾ ਸੀ ਜਦ ਮੈਂ ਉਨ੍ਹਾਂ ਨੂੰ ਅਮਰੀਕਾ ਤੋਂ ਪੰਜਾਬ ਆਉਣ ਦੀ ਤਾਕੀਦ ਕੀਤੀ ਸੀ।

# ਅਮਰੀਕਾ ਫਿਰ ਪਾਕਿਸਤਾਨ ਨੂੰ ਪਲੋਸਣ ਲੱਗੈ ਤਾਂ ਭਾਰਤ ਨੂੰ ਸੋਚਣਾ ਪਵੇਗਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਲ-ਪਲ ਬਦਲਦੀ ਦੁਨੀਆ ਵਿਚ ਕਿੱਥੇ ਅਤੇ ਕਦੋਂ ਕੀ ਕੁਝ ਬਦਲ ਜਾਵੇ, ਕਹਿਣਾ ਮੁਸ਼ਕਲ ਹੁੰਦਾ ਹੈ। ਹਾਲਾਤ ਦੇ ਤਾਜ਼ੇ ਸੰਕੇਤ ਸਮਝੇ ਜਾਣ ਤਾਂ ਏਦਾਂ ਲੱਗਦਾ ਹੈ ਕਿ ਇਸ ਬਦਲਦੀ ਦੁਨੀਆ ਵਿਚ ਭਾਰਤ-ਪਾਕਿਸਤਾਨ-ਅਮਰੀਕਾ ਦੀ ਤਿਕੋਣ ਵੀ ਫਿਰ ਕਿਸੇ ਤਬਦੀਲੀ ਦਾ ਰਾਹ ਪੱਧਰਾ ਕਰਨ ਵਾਲੀ ਹੋ ਸਕਦੀ ਹੈ। ਪਾਕਿਸਤਾਨ ਨੂੰ ਅਮਰੀਕਾ ਵੱਲੋਂ ਮੁਫਤ ਦਿੱਤੇ ਹੋਏ ਐੱਫ-ਸੋਲਾਂ ਜੰਗੀ ਜਹਾਜ਼ਾਂ ਦਾ ਫਲੀਟ ਅੱਪ-ਗਰੇਡ ਕਰਨ ਦੀਆਂ ਅਮਰੀਕਾ ਤੋਂ ਮਿਲੀਆਂ ਨਵੀਆਂ ਖਬਰਾਂ ਦੱਸ ਰਹੀਆਂ ਹਨ ਕਿ ਅਮਰੀਕਾ ਦਾ ਅਜੋਕਾ ਰਾਸ਼ਟਰਪਤੀ ਭਾਰਤ ਨਾਲੋਂ ਪਾਕਿਸਤਾਨ ਨੂੰ ਪਹਿਲ ਦੇਣ ਦੀ ਪੁਰਾਣੀ ਅਮਰੀਕੀ ਨੀਤੀ ਉੱਤੇ ਚੱਲਣ ਦੇ ਲਈ ਆਧਾਰ ਤਿਆਰ ਕਰ ਰਿਹਾ ਹੈ। ਕੁਝ ਲੋਕ ਇਸ ਮੋੜੇ ਤੋਂ ਪਹਿਲਾਂ ਹੀ ਕਹਿਣ ਲੱਗ ਪਏ ਸਨ ਕਿ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਭਾਰਤ ਵੱਲੋਂ ਰੂਸ ਦਾ ਪੱਖ ਲੈਣਾ ਅਮਰੀਕਾ ਨੂੰ ਚੁਭ ਸਕਦਾ ਹੈ ਅਤੇ ਇਸ ਕਾਰਨ ਦੁਵੱਲੀ ਸਾਂਝ ਵਿਚ ਤਰੇੜਾਂ ਇੱਕ ਵਾਰ ਫਿਰ ਦੋਵਾਂ ਦੇ ਸੰਬੰਧਾਂ ਵਿਚ ਪੁਰਾਣੇ ਪਾੜੇ ਤੱਕ ਪਹੁੰਚ ਸਕਦੀਆਂ ਹਨ। ਏਦਾਂ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕੀਤੇ ਬਿਨਾਂ ਇਸ ਨੂੰ ਇੱਕੋ ਇੱਕ ਕਾਰਨ ਨਹੀਂ ਮੰਨਿਆ ਜਾ ਸਕਦਾ, ਸਗੋਂ ਕਈ ਕਾਰਨਾਂ ਦੀ ਲੜੀ ਵਿਚੋਂ ਇੱਕ ਕੜੀ ਹੀ ਮੰਨਣਾ ਚਾਹੀਦਾ ਹੈ, ਕਿਉਂਕਿ ਉਲਝਣਾਂ ਕਈ ਹੋਰ ਵੀ ਦਿਖਾਈ ਦੇਂਦੀਆਂ ਹਨ।

ਪਹਿਲੀ ਗੱਲ ਇਹ ਕਿ ਰੂਸ-ਯੂਕਰੇਨ ਜੰਗ ਵਿਚ ਭਾਰਤ ਦਾ ਸਟੈਂਡ ਅਮਰੀਕਾ ਨੂੰ ਕਿੰਨਾ ਵੀ ਚੁਭਦਾ ਹੋਵੇ, ਪਰ ਸਟੈਂਡ ਇਹ ਗਲਤ ਨਹੀਂ ਕਿਹਾ ਜਾ ਸਕਦਾ। ਭਾਰਤ ਦੀ ਆਪਣੀ ਨੀਤੀ ਹੈ, ਜਿਸ ਮੁਤਾਬਕ ਚੱਲਣਾ ਉਸ ਦਾ ਹੱਕ ਵੀ ਹੈ ਅਤੇ ਲੋੜ ਵੀ। ਜੰਗ ਛੇੜਨ ਲਈ ਰੂਸ ਨੂੰ ਗਲਤ ਮੰਨਣਾ ਹੋਰ ਗੱਲ ਹੈ, ਪਰ ਅਮਰੀਕਾ ਦੇ ਆਖੇ ਇਸ ਜੰਗ ਦੌਰਾਨ ਰੂਸ ਨਾਲ ਵਿਰੋਧ ਲਈ ਬਦੋਬਦੀ ਆਪਣੀ ਲੱਤ ਫਸਾਉਣਾ ਤੇ ਭਵਿੱਖ ਵਾਸਤੇ ਵੀ ਦੁਵੱਲੇ ਸੰਬੰਧਾਂ ਨੂੰ ਖਰਾਬ ਕਰ ਲੈਣਾ ਭਾਰਤ ਲਈ ਅਕਲਮੰਦੀ ਨਹੀਂ। ਅਮਰੀਕਾ ਦੇ ਇੱਕ ਮਾਹਰ ਨੇ ਆਪਣੀ ਪਾਰਲੀਮੈਂਟ ਦੀ ਕਮੇਟੀ ਅੱਗੇ ਆਖਿਆ ਹੈ ਕਿ ਭਾਰਤ ਕਿਉਂਕਿ ਰੂਸ ਤੋਂ ਬਹੁਤ ਸਾਰਾ ਜੰਗੀ ਸਾਮਾਨ ਖਰੀਦਦਾ ਰਿਹਾ ਹੈ, ਉਸ ਸਾਮਾਨ ਦੇ ਕਲ-ਪੁਰਜ਼ਿਆਂ ਅਤੇ ਖਰੀਦੇ ਹੋਏ ਸਾਮਾਨ ਦੇ ਅਗਲੇ ਵਿਕਾਸ ਲਈ ਉਸ ਨੂੰ ਰੂਸ ਨਾਲ ਸੰਬੰਧ ਰੱਖਣੇ ਪੈਣੇ ਹਨ। ਇਹ ਇੱਕ ਅਹਿਮ ਪੱਖ ਹੈ ਅਤੇ ਦੂਸਰਾ ਪੱਖ ਇਹ ਹੈ ਕਿ ਜਦੋਂ ਨਵੇਂ ਆਜ਼ਾਦ ਹੋਏ ਭਾਰਤ ਦੀ ਬਾਂਹ ਪੱਛਮੀ ਦੇਸ਼ਾਂ ਨੇ ਨਹੀਂ ਸੀ ਫੜੀ ਤੇ ਉਡੀਕਦੇ ਸਨ ਕਿ ਇਹ ਉਨ੍ਹਾਂ ਅੱਗੇ ਝੁਕ ਕੇ ਮਦਦ ਮੰਗੇਗਾ, ਉਸ ਵਕਤ ਰੂਸ ਨੇ ਇਸ ਦੀ ਹੱਦੋਂ ਬਾਹਰੀ ਮਦਦ ਕੀਤੀ ਸੀ। ਅਮਰੀਕਾ ਦੇ ਸੋਹਲੇ ਗਾਉਣ ਵਾਲੇ ਅਟਲ ਬਿਹਾਰੀ ਵਾਜਪਾਈ ਤੇ ਬਾਅਦ ਵਿਚ ਨਰਿੰਦਰ ਮੋਦੀ ਵਰਗੇ ਆਗੂ ਵੀ ਰੂਸ ਤੋਂ ਦੂਰੀ ਨਹੀਂ ਪਾ ਸਕੇ ਤਾਂ ਇਸ ਦਾ ਇੱਕ ਕਾਰਨ ਇਤਿਹਾਸ ਦੇ ਉਸ ਪੜਾਅ ਉੱਤੇ ਰੂਸ ਵੱਲੋਂ ਕੀਤੀ ਮਦਦ ਤੇ ਉਸ ਦੇ ਬਦਲੇ ਭਾਰਤ ਤੋਂ ਕੋਈ ਮੋੜਵੀਂ ਮੰਗ ਨਾ ਕਰਨ ਦੇ ਰੂਸ ਵਾਲਿਆਂ ਦੇ ਵਿਹਾਰ ਦੇ ਮੁਕਾਬਲੇ ਅਮਰੀਕਾ ਦਾ ਉਲਟਾ ਰਿਕਾਰਡ ਸੀ। ਉਹ ਭਾਰਤ ਨੂੰ ਸੰਸਾਰ ਰਾਜਨੀਤੀ ਵਿਚ ਕਈ ਹੋਰ ਦੇਸ਼ਾਂ ਵਾਂਗ ਆਪਣੇ ਮੋਹਰੇ ਵਜੋਂ ਵਰਤਣਾ ਚਾਹੁੰਦੇ ਸਨ ਤੇ ਅਮਰੀਕਾ ਦੀ ਇਸ ਨੀਤੀ ਅਧੀਨ ਜਦੋਂ ਭਾਰਤ



ਨਹੀਂ ਚੱਲਿਆ ਤਾਂ ਇਸ ਦੇ ਮੁਕਾਬਲੇ ਉਹ ਪਾਕਿਸਤਾਨ ਨੂੰ ਪਲੋਸਦੇ ਰਹੇ ਸਨ।

ਦੂਸਰੀ ਸੰਸਾਰ ਜੰਗ ਦੇ ਸਮੇਂ ਤੱਕ ਸੰਸਾਰ ਦੇ ਪੂੰਜੀਵਾਦੀ ਬਲਾਕ ਦੇ ਦੇਸ਼ਾਂ ਦਾ ਆਗੂ ਬ੍ਰਿਟੇਨ ਹੁੰਦਾ ਸੀ, ਪਰ ਜੰਗ ਦੌਰਾਨ ਅਮਰੀਕੀ ਚੁਸਤੀ ਕਾਰਨ ਬ੍ਰਿਟੇਨ ਸਮੇਤ ਯੂਰਪੀ ਖੇਤਰ ਦੇ ਸਾਰੇ ਪ੍ਰਮੁੱਖ ਦੇਸ਼ ਕਮਜ਼ੋਰ ਹੋ ਗਏ ਅਤੇ ਸੰਸਾਰ ਭਰ ਦੀ ਸਰਦਾਰੀ ਦੀ ਭੂਮਿਕਾ ਅਮਰੀਕਾ ਦੇ ਹੱਥ ਆ ਗਈ ਸੀ। ਉਸ ਜੰਗ ਦੇ ਅੰਕੜੇ ਕੱਢ ਕੇ ਵੇਖੇ ਜਾਣ ਤਾਂ ਯੂਰਪ ਦੇ ਬੜੇ ਛੋਟੇ-ਛੋਟੇ ਦੇਸ਼ਾਂ ਦਾ ਜਿੰਨਾ ਜਾਨੀ ਨੁਕਸਾਨ ਹੋਇਆ ਸੀ, ਭਖਵੇਂ ਜੰਗੀ ਮੈਦਾਨ ਖੇਤਰ ਤੋਂ ਦੂਰ ਬੈਠੇ ਅਮਰੀਕਾ ਦਾ ਉਨ੍ਹਾਂ ਮੁਕਾਬਲੇ ਬਹੁਤ ਹੀ ਮਾਮੂਲੀ ਨੁਕਸਾਨ ਹੋਇਆ ਸੀ। ਸਭ ਤੋਂ ਵੱਧ ਮਾਰ ਖਾਧੇ ਦੇਸ਼ਾਂ ਵਿਚ ਰੂਸ ਵੀ ਸੀ, ਜਿਸ ਦੀ ਕੁੱਲ ਆਬਾਦੀ ਦਾ ਪੌਣੇ ਤੇਰਾਂ ਫੀਸਦੀ ਜੰਗ ਵਿਚ ਮਾਰਿਆ ਗਿਆ ਸੀ, ਯੂਕਰੇਨ ਦੇ ਸਾਢੇ ਸੋਲਾਂ ਫੀਸਦੀ ਦੇ ਕਰੀਬ ਲੋਕ ਮਾਰੇ ਗਏ ਤੇ ਬੈਲਾਰੂਸ ਦੀ ਚੌਥਾ ਹਿੱਸਾ ਆਬਾਦੀ ਜੰਗ ਨੇ ਖਾ ਲਈ ਸੀ। ਜੰਗ ਲਾਉਣ ਵਾਲੇ ਜਰਮਨੀ ਵਿਚ ਅੱਠ ਫੀਸਦੀ ਲੋਕ ਮਰਨ ਦੀ ਨੌਬਤ ਆਈ ਤੇ ਪਹਿਲੇ ਹੱਲੇ ਵਿਚ ਦਬੱਲੇ ਗਏ ਫਰਾਂਸ ਦੇ ਪੰਜ ਫੀਸਦੀ ਤੇ ਗਰੀਸ ਦੇ ਸੱਤ-ਅੱਠ ਫੀਸਦੀ ਦੇ ਕਰੀਬ ਲੋਕ ਮਾਰੇ ਗਏ ਸਨ। ਅਮਰੀਕੀ ਧਿਰ ਵੱਲੋਂ ਜੰਗ ਵਿਚ ਮੋਹਰੀ ਬਣੇ ਹੋਏ ਬ੍ਰਿਟੇਨ ਦੇ ਵੀ ਇੱਕ ਫੀਸਦੀ ਲੋਕ ਜੰਗ ਦੀ ਭੇਟ ਚੜ੍ਹ ਗਏ ਸਨ। ਦੂਸਰੇ ਪਾਸੇ ਅਮਰੀਕਾ ਦੇ ਇੱਕ ਫੀਸਦੀ ਵੀ ਨਹੀਂ, ਅੱਧਾ ਫੀਸਦੀ ਵੀ ਨਹੀਂ, ਇੱਕ ਫੀਸਦੀ ਦਾ ਤੀਸਰਾ ਹਿੱਸਾ 0.32 ਫੀਸਦੀ ਲੋਕਾਂ ਦੀ ਜਾਨ ਗਈ ਸੀ, ਕਿਉਂਕਿ ਅਮਰੀਕਾ ਦੂਰੋਂ ਖੜੋਤਾ ਇਹ ਜੰਗ ਲੜਦਾ ਨਹੀਂ ਸੀ, ਜੰਗ ਦੀ ਕਮਾਂਡ ਕਰਨ ਦੀ ਆਪੇ ਸੰਭਾਲੀ ਹੋਈ ਭੂਮਿਕਾ ਨਿਭਾਉਂਦਾ ਭਵਿੱਖ ਦੇ ਨਕਸ਼ੇ ਉਲੀਕ ਰਿਹਾ ਸੀ।

ਅਸੀਂ ਉਸ ਜੰਗ ਬਾਰੇ ਹੋਰ ਬਹੁਤਾ ਕੁਝ ਕਹਿਣ ਦੀ ਥਾਂ ਭਾਰਤ-ਅਮਰੀਕਾ ਸੰਬੰਧਾਂ ਵਿਚ ਆ ਰਹੇ ਪਿੱਛਲ-ਖੁਰੀ ਮੋੜ ਦੇ ਸੰਬੰਧ ਵਿਚ ਤਿੰਨ ਗੱਲਾਂ ਹੋਰ ਵਿਚਾਰ ਸਕਦੇ ਹਾਂ। ਪਹਿਲੀ ਇਹ ਕਿ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਨੂੰ ਉਸ ਦੇਸ਼ ਦੀ ਰਾਸ਼ਟਰਪਤੀ ਚੋਣ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਓਥੇ ਕੀਤੇ 'ਹਾਊਡੀ ਮੋਦੀ' ਸ਼ੋਅ ਵਿਚ ਕਹੀ ਗਈ 'ਅਬ ਕੀ ਬਾਰ, ਟਰੰਪ ਸਰਕਾਰ' ਦੀ ਗੱਲ ਭੁੱਲਦੀ ਨਹੀਂ। ਉਹ ਅਮਰੀਕਾ ਦੇ ਚੋਣ ਪ੍ਰਬੰਧ ਵਿਚ ਬਾਹਰ ਤੋਂ ਦਿੱਤਾ ਗਿਆ ਇਹੋ ਜਿਹਾ ਸਿੱਧਾ ਦਖਲ ਸੀ, ਜਿਸ ਦੀ ਨੁਕਤਾਚੀਨੀ ਭਾਰਤ ਵਿਚ ਵੀ ਹੋਈ ਸੀ ਅਤੇ ਕਿਹਾ ਗਿਆ ਸੀ ਕਿ ਇਹ ਹਰਕਤ ਭਵਿੱਖ ਵਿਚ ਅਮਰੀਕਾ ਨਾਲ ਸੰਬੰਧਾਂ ਵਿਚ ਕੁੜੱਤਣ ਪੈਦਾ ਕਰ ਸਕਦੀ ਹੈ। ਦੂਸਰਾ ਇਹ ਕਿ ਪਿਛਲੇ ਸਾਲ ਇੱਕ ਸਮਝੌਤੇ ਤਹਿਤ ਅਫਗਾਨਿਸਤਾਨ ਦਾ ਰਾਜ ਭਾਵੇਂ ਅਮਰੀਕਾ ਨੇ ਤਾਲਿਬਾਨ ਨੂੰ ਸੌਂਪ ਦਿੱਤਾ ਸੀ, ਪਰ ਤਾਲਿਬਾਨ ਦੇ ਇੱਕੋ ਸਾਲ ਦੇ ਰਾਜ ਨੇ ਇਹ ਚਿੰਤਾ ਫਿਰ ਲਾਈ ਪਈ ਹੈ ਕਿ ਕੱਲ੍ਹ-ਕਲੋਤਰ ਨੂੰ ਓਥੇ ਪੁਆੜਾ ਪੈ ਸਕਦਾ ਹੈ ਤੇ ਏਦਾਂ ਦੇ ਵਕਤ ਗਵਾਂਢ ਵਿਚ ਪੈਂਦੇ ਪਾਕਿਸਤਾਨ ਦੀ ਮਦਦ ਅਮਰੀਕਾ ਨੂੰ ਮੰਗਣੀ ਪੈ ਸਕਦੀ ਹੈ। ਤਾਲਿਬਾਨ ਨੇ ਇਸ ਸਾਲ ਦੌਰਾਨ ਅਮਰੀਕਾ ਹੀ ਨਹੀਂ, ਪਾਕਿਸਤਾਨ ਨਾਲ ਵੀ ਸਰਹੱਦੀ ਮੁੱਦਿਆਂ ਸਮੇਤ ਕਈ ਗੱਲਾਂ ਉੱਤੇ ਆਢਾ ਲਾਉਣ ਤੋਂ ਝਿਜਕ ਨਹੀਂ ਵਿਖਾਈ ਤੇ ਉਨ੍ਹਾਂ ਦੀ ਇਸ ਵਿਰੋਧਤਾ ਨੂੰ ਅਮਰੀਕਾ ਆਪਣੇ ਲਈ ਸੁਖਾਵੀਂ ਮੰਨ ਸਕਦਾ ਹੈ। ਪਾਕਿਸਤਾਨ ਦੇ ਹਾਲਾਤ ਵੀ ਇਸ ਵਕਤ ਰਾਜਸੀ ਪੱਖੋਂ ਏਦਾਂ ਦੇ ਹਨ ਕਿ ਫੌਜ ਤੇ ਸਰਕਾਰ ਦੋਵੇਂ ਫਿਰ ਅਮਰੀਕਾ ਵੱਲ ਝੁਕ ਰਹੀਆਂ ਹਨ।

ਇਸ ਲੇਖੇ ਵਿਚ ਇੱਕ ਗੱਲ ਹੋਰ ਚੇਤੇ ਕਰਨ ਵਾਲੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਜਿੱਦਾਂ ਦਾ ਵੀ ਹੋਵੇ, ਉਹ ਇਸਲਾਮਿਕ ਅਤਿਵਾਦ ਵਿਰੁੱਧ ਹਰ ਹੱਦ ਤੱਕ ਜਾ ਸਕਦਾ ਸੀ। ਉਸ ਨੇ ਇੱਕ ਵਾਰੀ ਅਚਾਨਕ ਸਾਊਦੀ ਅਰਬ ਜਾਣ ਦਾ ਇੱਕਤਰਫਾ ਐਲਾਨ ਕਰ ਦਿੱਤਾ ਤੇ ਸਾਰੇ ਪ੍ਰਮੁੱਖ ਇਸਲਾਮੀ ਦੇਸ਼ਾਂ ਦੇ ਰਾਜ-ਕਰਤਿਆਂ ਨੂੰ ਵੀ ਓਥੇ ਆਉਣ ਦਾ ਸੱਦਾ ਦੇ ਦਿੱਤਾ ਸੀ। ਇਸ ਤੋਂ ਪਹਿਲਾਂ ਉਹ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਦੇ ਖਿਲਾਫ ਇਹ ਬਿਆਨ ਦਾਗ ਚੁੱਕਾ ਸੀ ਕਿ ਉਹ ਆਪਣੇ ਬਾਪ ਦੇ ਪੈਸੇ ਨਾਲ ਅਮਰੀਕਾ ਦੀ ਰਾਜਨੀਤੀ ਵਿਚ ਦਖਲ ਦੇਣ ਦਾ ਯਤਨ ਕਰਦਾ ਹੈ ਅਤੇ ਇਸ ਬਿਆਨ ਨਾਲ ਦੁਵੱਲੇ ਸੰਬੰਧਾਂ ਉੱਤੇ ਕੀ ਪ੍ਰਭਾਵ ਪੈਣਾ ਹੈ, ਉਹ ਵੀ ਉਸ ਨੂੰ ਪਤਾ ਸੀ। ਉਸ ਦੇ ਸੱਦੇ ਤੋਂ ਇਸਲਾਮੀ ਦੇਸ਼ਾਂ ਦੇ ਹਾਕਮਾਂ ਨੇ ਸੋਚ ਲਿਆ ਕਿ ਉਹ ਸ਼ਾਇਦ ਉਨ੍ਹਾਂ ਨਾਲ ਕੋਈ ਸਾਂਝ ਦਾ ਰਾਹ ਕੱਢਣਾ ਚਾਹੁੰਦਾ ਹੈ। ਇਸ ਕਰ ਕੇ ਉਹ ਸਾਰੇ ਪੂਰੀ ਤਰ੍ਹਾਂ ਤਿਆਰ ਹੋ ਕੇ ਓਧਰ ਚਲੇ ਗਏ। ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਸਾਊਦੀ ਅਰਬ ਜਾਂਦਿਆਂ ਜਹਾਜ਼ ਵਿਚ ਵੀ ਆਪਣਾ ਓਥੇ ਪੜ੍ਹਨ ਵਾਲਾ ਭਾਸ਼ਣ ਤਿੰਨ ਵਾਰ ਕੱਟ-ਵੱਢ ਕਰ ਕੇ ਸ਼ਿੰਗਾਰਦੇ ਰਹੇ, ਪਰ ਡੋਨਾਲਡ ਟਰੰਪ ਦੀ ਬੈਠਕ ਵਿਚ 'ਨ੍ਹਾਤੀ-ਧੋਤੀ' ਵਾਲੀ ਹਾਲਤ ਹੋ ਗਈ। ਉਸ ਨੇ ਕਿਸੇ ਨੂੰ ਬੋਲਣ ਦਾ ਮੌਕਾ ਨਹੀਂ ਸੀ ਦਿੱਤਾ ਤੇ ਇੱਕ-ਤਰਫਾ ਭਾਸ਼ਣ ਕਰ ਕੇ ਸਿਰਫ ਇਹ ਆਖਿਆ ਸੀ ਕਿ ਇਸਲਾਮੀ ਦੇਸ਼ਾਂ ਦੇ ਆਗੂ ਇਹ ਸੋਚ ਲੈਣ ਕਿ ਅਤਿਵਾਦ ਨੂੰ ਸ਼ਹਿ ਦਿੱਤੀ ਸਿਰਫ ਬਾਕੀ ਸੰਸਾਰ ਲਈ ਨਹੀਂ, ਉਨ੍ਹਾਂ ਲਈ ਵੀ ਘਾਟੇਵੰਦੀ ਹੈ। ਮੀਟਿੰਗ ਵਿਚ ਕਿਸੇ ਵੀ ਹੋਰ ਨੂੰ ਮੌਕਾ ਦਿੱਤੇ ਬਗੈਰ ਉਸ ਨੇ ਆਪਣਾ ਭਾਸ਼ਣ ਸੁਣਾ ਕੇ ਸਮਾਪਤੀ ਕਰ ਦਿੱਤੀ ਤੇ ਸਾਰੇ ਸੰਸਾਰ ਦੇ ਲੋਕਾਂ ਨੂੰ ਅਮਰੀਕਾ ਦੀ ਸਰਕਾਰ ਵੱਲੋਂ ਜਿਹੜਾ ਸੰਦੇਸ਼ ਦੇਣਾ ਚਾਹੁੰਦਾ ਸੀ, ਉਹ ਦੇ ਕੇ ਤੁਰ ਗਿਆ ਸੀ। ਟਰੰਪ ਦੇ ਮੁਕਾਬਲੇ ਡੈਮੋਕ੍ਰੈਟਿਕ ਪਾਰਟੀ ਦੇ ਆਗੂ ਜੋ ਬਾਇਡਨ ਨੂੰ ਇਸ ਮਾਮਲੇ ਵਿਚ ਓਨਾ ਸਖਤ ਨਹੀਂ ਸਮਝਿਆ ਜਾਂਦਾ ਅਤੇ ਅਤਿਵਾਦ ਬਾਰੇ ਬੋਲਣ ਨਾਲੋਂ ਵੱਧ ਚੋਣਵੇਂ ਨਿਸ਼ਾਨੇ ਫੁੰਡਦੇ ਰਹਿਣ ਦੀ ਪੁਰਾਣੀ ਅਮਰੀਕੀ ਨੀਤੀ ਉੱਤੇ ਚੱਲਦਾ ਦਿਸਦਾ ਹੈ। ਇਹ ਅਜੋਕੀ ਨੀਤੀ ਅਮਰੀਕੀ ਲੋਕਾਂ ਨੂੰ ਜਾਂ ਰਾਸ਼ਟਰਪਤੀ ਜੋ ਬਾਇਡਨ ਨੂੰ ਕਿੰਨੀ ਕੁ ਸੂਤ ਬੈਠਦੀ ਹੈ, ਇਸ ਬਾਰੇ ਪਤਾ ਨਹੀਂ, ਪਰ ਪਾਕਿਸਤਾਨੀ ਹਕੂਮਤ ਅਤੇ ਪਾਕਿਸਤਾਨ ਦੀ ਫੌਜ ਦੇ ਪਰਖੇ ਹੋਏ ਚੌਖਟੇ ਵਿਚ ਪੂਰੀ ਫਿੱਟ ਬੈਠ ਕੇ ਭਵਿੱਖ ਦੇ ਸੰਬੰਧਾਂ ਦਾ ਰੁਖ਼ ਬਦਲ ਸਕਦੀ ਹੈ।

ਸ਼ਾਇਦ ਇਹੋ ਕਾਰਨ ਹੈ ਕਿ ਅਮਰੀਕਾ ਦੇ ਪਾਕਿਸਤਾਨ-ਮੋਹ ਵਿਚ ਇਹ ਨਵਾਂ ਉਬਾਲਾ ਏਥੋਂ ਤੱਕ ਚਲਾ ਗਿਆ ਹੈ ਕਿ ਅਮਰੀਕਾ ਅਚਾਨਕ ਪਾਕਿਸਤਾਨੀ ਫੌਜ ਦੇ ਪੁਰਾਣੇ ਹੋ ਚੁੱਕੇ ਐੱਫ ਸੋਲਾਂ ਜੰਗੀ ਜਹਾਜ਼ਾਂ ਨੂੰ ਹੋਰ ਵਿਕਸਤ ਕਰਨ ਦੀ ਪੇਸ਼ਕਸ਼ ਕਰਨ ਲੱਗ ਪਿਆ ਹੈ। ਇਹ ਜਹਾਜ਼ ਜਦੋਂ ਛੱਤੀ ਕੁ ਸਾਲ ਪਹਿਲਾਂ ਪਾਕਿਸਤਾਨ ਨੂੰ ਪਹਿਲੀ ਵਾਰੀ ਅਮਰੀਕਾ ਨੇ ਦੇਣੇ ਸਨ ਤਾਂ ਓਦੋਂ ਇਹ ਆਧੁਨਿਕਤਾ ਦੀ ਸਿਖਰ ਮੰਨੇ ਜਾਂਦੇ ਸਨ ਅਤੇ ਭਾਰਤ ਨੇ ਅਮਰੀਕਾ ਵੱਲੋਂ ਇਹ ਜਹਾਜ਼ ਦੇਣ ਦਾ ਤਿੱਖਾ ਵਿਰੋਧ ਕੀਤਾ ਸੀ। ਓਦੋਂ ਅਮਰੀਕਾ ਗਏ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਜਦੋਂ ਪੱਤਰਕਾਰਾਂ ਨੇ ਕਿਹਾ ਕਿ ਤੁਸੀਂ ਇਨ੍ਹਾਂ ਜਹਾਜ਼ਾਂ ਦੀ ਮਾਰ ਤੋਂ ਬਹੁਤ ਤ੍ਰਹਿਕਦੇ ਹੋ ਤਾਂ ਉਸ ਨੇ ਕਿਹਾ ਸੀ ਕਿ ਗੱਲ ਤ੍ਰਹਿਕਣ ਦੀ ਨਹੀਂ, ਅਮਰੀਕਾ ਨੇ ਪਾਕਿਸਤਾਨ ਨੂੰ ਜਹਾਜ਼ ਮੁਫਤ ਦੇਣੇ ਹਨ, ਸਾਨੂੰ ਇਸ ਦੇ ਮੁਕਾਬਲੇ ਲਈ ਹੋਰ ਕਿਤੋਂ ਇਸ ਦੀ ਟੱਕਰ ਦੇ ਪ੍ਰਬੰਧ ਕਰਨ ਲਈ ਪੈਸੇ ਖਰਚਣੇ ਪੈਣੇ ਹਨ, ਜਿਸ ਨਾਲ ਸਾਡੇ ਲੋਕਾਂ ਉੱਤੇ ਬੋਝ ਪਵੇਗਾ। ਭਾਰਤ ਨੂੰ ਲੀਹ ਤੋਂ ਲਾਹੁਣ ਲਈ ਅਮਰੀਕਾ ਨੇ ਪਾਕਿਸਤਾਨ ਨੂੰ ਜਿੱਦਾਂ ਓਦੋਂ ਇਹ ਜੰਗੀ ਜਹਾਜ਼ ਭੇਜ ਕੇ ਮਛਰਾਇਆ ਸੀ, ਇੱਕ ਵਾਰ ਫਿਰ ਉਸੇ ਨੀਤੀ ਉੱਤੇ ਚੱਲ ਕੇ ਓਦੋਂ ਦੇ ਦਿੱਤੇ ਹੋਏ ਜਹਾਜ਼ਾਂ ਨੂੰ ਮਾਡਰਨਾਈਜ਼ ਕਰਨ ਦਾ ਐਲਾਨ ਕਰ ਦਿੱਤਾ ਹੈ। ਪੰਜਾਬੀ ਬੋਲੀ ਦਾ ਅਖਾਣ ਹੈ ਕਿ 'ਕੱਟਾ ਕਿੱਲੇ ਦੇ ਜ਼ੋਰ ਉੱਤੇ ਤੀਂਘੜਦਾ ਹੈ', ਅਤੇ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਪਾਕਿਸਤਾਨੀ ਹਕੂਮਤ ਨੂੰ ਬਾਹਰੋਂ ਕਿਸੇ ਨੇ ਏਦਾਂ ਦੀ ਕੋਈ ਮਦਦ ਦਿੱਤੀ ਹੈ, ਉਸ ਦੇ ਪਿੱਛੇ ਭਾਰਤ-ਵਿਰੋਧ ਦੀ ਨੀਤੀ ਹੁੰਦੀ ਸੀ। ਇਸ ਵਾਰੀ ਵੀ ਅਮਰੀਕਾ ਕੋਈ ਚੈਰਿਟੀ ਦਾ ਕੰਮ ਕਰਨ ਲਈ ਪਾਕਿਸਤਾਨ ਦੀ ਮਦਦ ਕਰਨ ਨਹੀਂ ਤੁਰਿਆ, ਇਸ ਮਦਦ ਦੀ ਤਹਿ ਵਿਚ ਜਿਹੜਾ ਕੂੜ-ਕਬਾੜ ਲੁਕਿਆ ਪਿਆ ਹੈ, ਉਹ ਭਾਰਤ ਦੇ ਭਵਿੱਖ ਲਈ ਸੁਖਾਵਾਂ ਨਹੀਂ ਹੋ ਸਕਦਾ।

# ਵਾਰਿਸ ਦੀ ਹੀਰ ਤੇ ਕਰਮ ਸਿੰਘ ਬਠਿੰਡਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਵਾਰਿਸ ਸ਼ਾਹ ਦੀ ਜਨਮ ਸ਼ਤਾਬਦੀ ਦੇ ਸਮਾਗਮਾਂ ਨੇ ਉਸ ਦੀ ਹੀਰ ਦੇ ਕਈ ਰਸੀਆਂ ਨੂੰ ਮੁੜ ਚੇਤੇ ਕਰਵਾ ਦਿੱਤਾ ਹੈ। ਬਠਿੰਡਾ ਦੇ ਜੰਮਪਲ ਜੀਤ ਜੋਸ਼ੀ ਨੇ ਆਸਟਰੇਲੀਆ ਦੀ ਦੂਰ ਦੁਰੇਡੀ ਧਰਤੀ ਤੋਂ ਪ੍ਰੋ. ਕਰਮ ਸਿੰਘ ਬਠਿੰਡਾ ਦੀ ਹੀਰ ਪ੍ਰਸਤੀ ਦਾ ਵੇਰਵਾ ਮੀਡੀਆ ਰਾਹੀਂ ਸਾਂਝਾ ਕੀਤਾ ਹੈ। ਕਰਮ ਸਿੰਘ ਦੀ ਜਨਮ ਸ਼ਤਾਬਦੀ ਦਾ ਸਾਲ ਵੀ ਹੈ। ਉਨ੍ਹਾਂ ਦਾ ਜਨਮ ਤਿੰਨ ਮਈ 1922 ਨੂੰ ਮਾਲਵਾ ਦੀ ਅਨਮੋਲ ਬਸਤੀ ਬਠਿੰਡਾ ਵਿਚ ਹੋਇਆ ਸੀ।

ਕਰਮ ਸਿੰਘ ਖੁਦ ਕਵੀ ਸਨ ਤੇ ਉਨ੍ਹਾਂ ਨੇ ਸੋਹਣੀ ਮਹੀਵਾਲ ਬਾਰੇ 1100 ਪੰਨਿਆਂ ਦਾ ਵੱਡ-ਆਕਾਰੀ ਕਿੱਸਾ ਲਿਖ ਕੇ ਬਠਿੰਡਾ ਦਾ ਨਾਂ ਇਕ ਵਾਰੀ ਫੇਰ ਰਾਸ਼ਟਰ ਦੇ ਨਕਸ਼ੇ ਉੱਤੇ ਲੈ ਆਂਦਾ ਸੀ। ਉਨ੍ਹਾਂ ਤੋਂ ਪਹਿਲਾਂ ਫਕੀਰੀ ਵੇਸ ਵਾਲੇ ਸੰਤ ਧਿਆਨ ਸਿੰਘ ਨੇ 'ਮਲਕੀ' ਨਾਂ ਦਾ ਕਿੱਸਾ ਲਿਖ ਕੇ ਅਪਣੀ ਜਨਮ ਭੌਂ ਨੂੰ ਰੁਸ਼ਨਾਇਆ ਸੀ। ਬਠਿੰਡਾ ਦਾ ਇਕ ਹੋਰ ਕਵੀ ਗੰਗਾ ਸਿੰਘ ਭੂੰਦੜ ਵੀ ਹੋਇਆ ਹੈ ਜਿਸ ਨੇ ਪ੍ਰੰਪਰਾਗਤ ਹੀਰਾਂ ਨਾਲੋਂ ਵੱਖਰਾ ਹੀਰ ਦਾ ਕਿੱਸਾ ਲਿਖ ਕੇ ਕਿੱਸਾ ਕਾਵਿ ਵਿਚ ਨਿਵੇਕਲਾ ਵਾਧਾ ਕੀਤਾ ਹੈ। ਉਸ ਦੀ ਰਚਨਾ ਕਲੀਆਂ ਵਿਚ ਹੋਣ ਕਾਰਨ ਸਭ ਤੋਂ ਵੱਖਰੀ ਹੈ।

ਜੀਤ ਜੋਸ਼ੀ ਨੇ ਕਰਮ ਸਿੰਘ ਰਚਿਤ 'ਕਾਰਵਾਂ' 'ਵੱਡ ਸਾਰੰਗੀ ਵਜਦੀ ਮਾਲਵੇ', 'ਮੱਲਾਂ ਦੀਆਂ ਗੱਲਾਂ' ਦਾ ਵੀ ਜ਼ਿਕਰ ਕੀਤਾ ਹੈ। ਖਾਸ ਕਰਕੇ 'ਢੱਡ ਸਾਰੰਗੀ ਵਜਦੀ ਮਾਲਵੇ' ਦਾ ਜਿਸ ਵਿਚ ਕਰਮ ਸਿੰਘ ਨੇ ਗੰਗਾ ਸਿੰਘ ਦੀ ਹੀਰ ਦੀਆਂ ਕੁਝ ਕਲੀਆਂ ਮਾਣ ਨਾਲ ਸ਼ਾਮਲ ਕੀਤੀਆਂ ਹਨ। ਭਾਸ਼ਾ ਵਿਭਾਗ ਪੰਜਾਬ ਨੇ ਉਨ੍ਹਾਂ ਕੋਲੋਂ ਬਠਿੰਡਾ ਸ਼ਹਿਰ ਬਾਰੇ ਪੂਰਨ ਪੁਸਤਕ ਲਿਖਵਾਈ ਹੈ ਜਿਸ ਵਿਚ ਉਪ੍ਰੋਕਤ ਜਾਣਕਾਰੀ ਤੋਂ ਬਿਨਾਂ, ਕਿਲਾ ਮੁਬਾਰਕ ਬਠਿੰਡਾ, ਹਜ਼ਰਤ ਹਾਜੀ ਰਤਨ, ਮਹਾਂਦਾਨੀ ਤੇ ਬ੍ਰਹਮ ਗਿਆਨੀ ਗੰਗਾ ਰਾਮ, ਇਲਾਹੀ ਦਰਵੇਸ਼ ਭਾਈ ਮੂਲ ਚੰਦ, ਬਾਬਾ ਭੁੱਖੜ ਦਾਸ ਤੇ ਬਾਬਾ ਕਾਲੂ ਨਾਥ ਨਥਾਣੇ ਵਾਲਿਆਂ ਦੀ ਜਾਣ-ਪਛਾਣ ਤੋਂ ਬਿਨਾ ਕਿਲਾ ਮੁਬਾਰਕ ਬਠਿੰਡਾ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਹੈ। ਕਰਮ ਸਿੰਘ ਦਾ ਸਾਰਾ ਪਰਿਵਾਰ ਆਪਣੇ ਪਿਤਾ ਵਾਂਗ ਮਿਲਾਪੜਾ ਤੇ ਪਰਉਪਕਾਰੀ ਹੈ। ਦੋਨੋਂ ਬੇਟੇ ਫਤਿਹ ਸਿੰਘ ਤੇ ਗੋਪਾਲ ਸਿੰਘ ਦਾਨੀ ਪਿਤਾ ਵਾਂਗ ਉਨ੍ਹਾਂ ਦੀ ਧਾਰਨਾ 'ਸੱਜਣਾਂ ਦੀ ਮਿਜ਼ਮਾਨੀ ਖਾਤਰ, ਲਹੂ ਜਿਗਰ ਦਾ ਛਾਣੀਦਾ' ਉੱਤੇ ਪਹਿਰਾ ਦੇ ਰਹੇ ਹਨ।

ਜਿਥੋਂ ਤਕ ਪ੍ਰੋ. ਕਰਮ ਸਿੰਘ ਤੇ ਵਾਰਿਸ ਸ਼ਾਹ ਦਾ ਸੰਬੰਧ ਹੈ। ਉਹ ਹਰ ਗੱਲ ਦਾ ਬਾਨਣ ਬੰਨ੍ਹਣ ਲਈ ਹੀਰ ਵਿਚੋਂ ਕਿਸੇ ਨਾ ਕਿਸੇ ਟੋਟਕੇ ਦਾ ਸਹਾਰਾ ਲੈ ਲੈਂਦੇ ਸਨ। 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ' ਜਾਂ ਵਾਰਿਸ ਸ਼ਾਹ ਦਾ 'ਦੱਬੀਏ ਮੋਤੀਆਂ ਨੂੰ ਫੁੱਲ ਅੱਗ ਦੇ ਵਿਚ ਨਾ ਸਾੜੀਏ ਜੀ' ਤੇ ਜਾਂ 'ਫਿਰ ਵਾਰਿਸ ਸ਼ਾਹ ਲੁਕਾਈਏ ਖਲਕ ਕੋਲੋਂ ਭਾਵੇਂ ਆਪਣਾ ਹੀ ਗੁੜ ਖਾਈਏ ਜੀ'। ਉਨ੍ਹਾਂ ਕੋਲ ਵਾਰਿਸ ਸ਼ਾਹ ਦੀਆਂ ਤੁਕਾਂ ਦਾ ਢੇਰ ਸਾਰਾ ਖਜ਼ਾਨਾ ਸੀ।

### ਏਕੇ ਦਾ ਬੁੱਤ ਸਰਦਾਰ ਪਟੇਲ

ਭਾਰਤ ਦੀ ਵਰਤਮਾਨ ਸਰਕਾਰ ਨੇ ਨਰਬਦਾ ਨਦੀ ਦੇ ਕਿਨਾਰੇ ਸਰਦਾਰ ਸਰੋਵਰ ਡੈਮ ਦੇ ਨੇੜੇ ਸੁਤੰਤਰ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਬ ਭਾਈ ਪਟੇਲ ਦਾ 182 ਫੁੱਟ ਉੱਚਾ ਯੂਨਿਟੀ ਸਟੈਚੂ (ਏਕਤਾ ਸਤੰਭ) ਬਣਾਇਆ ਹੈ ਜਿਸਦੀ ਉਸਾਰੀ ਵਿਚ 182 ਵਿਧਾਨਕਾਰਾਂ ਨੇ ਆਪਣਾ ਸਹਿਯੋਗ ਦਿੱਤਾ ਹੈ। ਇਹ ਸਤੰਭ ਅਮਰੀਕਾ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ 128 ਫੁੱਟ ਉੱਚੇ ਸਟੈਚੂ ਆਫ ਲਿਬਰਟੀ (ਸੁਤੰਤਰਤਾ ਸਤੰਭ) ਨਾਲੋਂ ਵੀ 54 ਫੁੱਟ ਉੱਚਾ ਹੈ। ਖ਼ੂਬੀ ਇਹ ਕਿ ਏਥੇ ਦਿਨ ਰਾਤ ਦੋ ਤੇਜ਼ ਰਫਤਾਰ ਐਸਕੇਲੇਟਰਜ਼ (ਬਿਜਲੀ ਲਿਫਟਾਂ) ਦਾ ਪ੍ਰਬੰਧ ਹੈ, ਜਿਹੜੀਆਂ ਇਕ ਮਿੰਟ ਵਿਚ ਯਾਤਰੀਆਂ ਨੂੰ ਬੁੱਤ ਦੀ ਛਾਤੀ ਤੱਕ ਲੈ ਜਾਂਦੀਆਂ ਹਨ। ਏਨੀਆਂ ਉੱਚੀਆਂ ਕਿ ਥੱਲੇ ਵੇਖਿਆਂ ਧਰਤੀ ਉੱਤੇ ਚੱਲ ਰਹੀਆਂ ਮੋਟਰ ਗੱਡੀਆਂ ਚੀਚ ਵਹੁਟੀਆਂ ਦਿਖਾਈ ਦਿੰਦੀਆਂ ਹਨ।

ਬੁੱਤ ਦੇ ਨੇੜੇ ਹੀ ਅਜਾਇਬਘਰ ਵੀ ਹੈ ਤੇ ਚਾਰ ਚੁਫੇਰੇ ਫੁੱਲਾਂ ਦੀ ਵਾਦੀ ਬਣਾਈ ਗਈ ਹੈ। ਹਰ ਸ਼ਾਮ ਸਾਢੇ ਸੱਤ ਵਜੇ ਲੇਜ਼ਰ ਸ਼ੋਅ (ਧੀਮੀ ਗਤੀ ਪ੍ਰਦਰਸ਼ਨ) ਦਾ ਆਨੰਦ ਮਾਨਣਾ ਹੋਵੇ ਤਾਂ ਬੈਠਣ ਲਈ 200 ਬੈਂਚਾਂ ਦਾ ਪ੍ਰਬੰਧ ਹੈ।

ਨੇੜੇ ਹੀ ਕ੍ਰਿਸ਼ਨ ਭਗਵਾਨ ਦਾ ਪੋਇਚਾ ਮੰਦਰ ਵੀ ਹੈ ਜਿੱਥੇ ਧਰਮ ਆਸਥਾ ਵਾਲੇ ਯਾਤਰੀ ਨਤਮਸਤਕ ਹੁੰਦੇ ਹਨ। ਏਥੇ ਦਰਸ਼ਕਾਂ ਤੇ ਯਾਤਰੀਆਂ ਦੇ ਰਹਿਣ ਤੇ ਸੁਸਤਾਉਣ ਲਈ ਤੰਬੂ ਬਸਤੀ ਦਾ ਪ੍ਰਬੰਧ ਹੈ ਜਿੱਥੇ ਦੂਰ ਦੁਰੇਡੇ ਦੇ ਯਾਤਰੀ ਰੈਣ ਬਸੇਰਾ ਕਰ ਸਕਦੇ ਹਨ। ਚੇਤੇ ਰਹੇ ਕਿ ਹਰ ਸੁਵਿਧਾ ਲਈ ਟੌਲ ਟੈਕਸ ਦੇਣਾ ਪੈਂਦਾ ਹੈ। ਕਾਹਲੀ ਕਰਨ ਵਾਲਿਆਂ ਨੂੰ 1050 ਤੇ ਬਾਕੀਆਂ ਨੂੰ 380 ਰੁਪਏ।

ਸਾਡੀ ਜਾਣੂ ਤੇ ਰਾਜਨੀਤੀ ਵਿਗਿਆਨ ਦੀ ਪ੍ਰੋਫੈਸਰ ਕਮਲਪ੍ਰੀਤ ਆਪਣੇ ਛੋਟੇ ਬੇਟੇ ਨੂੰ ਨਾਲ ਲੈ ਕੇ ਪਿਛਲੇ ਹਫਤੇ ਉਥੋਂ ਹੋ ਕੇ ਆਈ ਹੈ। ਉਹ ਸਭ ਕਾਸੇ ਦਾ ਅਜਿਹਾ ਨਕਸ਼ਾ ਖਿੱਚਦੀ ਹੈ ਕਿ ਸੁਣਨ ਵਾਲਾ ਸਰਦਾਰ ਸਰੋਵਰ ਡੈਮ, ਫੁੱਲਾਂ ਦੀ ਵਾਦੀ ਤੇ ਏਕਤਾ ਸਤੰਭ ਦਾ ਨਜ਼ਾਰਾ ਮਾਨਣ ਲੱਗਦਾ ਹੈ।

ਰੇਲ ਗੱਡੀ ਰਾਹੀਂ ਜਾਣਾ ਹੋਵੇ ਤਾਂ ਇਸ ਥਾਂ ਨੂੰ ਏਕਤਾ ਨਗਰ ਦਾ ਸਟੇਸ਼ਨ ਲੱਗਦਾ ਹੈ ਜਿੱਥੇ ਮੋਟਰ ਰਿਕਸ਼ਾ ਵਾਲੀਆਂ ਮਹਿਲਾਵਾਂ ਤੁਹਾਡੀ ਉਡੀਕ ਵਿਚ ਤਿਆਰ-ਬਰ-ਤਿਆਰ ਹੁੰਦੀਆਂ ਹਨ। ਜਾਓ ਤੇ ਮਾਣੋ।

**ਅੰਤਿਕਾ**

ਉਲਫਤ ਬਾਜਵਾ

ਡਾਇਰੀ 'ਤੇ ਲਿਖ ਲਿਖ ਕੇ, ਮੇਰਾ ਨਾਂ ਤੱਕ ਵੀ ਭੁੱਲ ਜਾਨੈਂ,
ਤੈਨੂੰ ਯਾਦ ਜ਼ੁਬਾਨੀ ਸੱਜਣਾ, ਗੈਰਾਂ ਦੇ ਸਿਰਨਾਵੇਂ।

# ਪੈਦਰੋ ਅਤੇ ਇਨੇਜ਼ ਦੀ ਅਦੁੱਤੀ ਪਿਆਰ ਕਥਾ

***ਪੁਰਤਗਾਲ ਦੇ ਸ਼ਹਿਜ਼ਾਦੇ ਪੈਦਰੋ ਅਤੇ ਉਸ ਦੀ ਨੌਕਰਾਣੀ ਕਨੀਜ਼ ਡੀ-ਕਾਸਟਰੋ ਦੀ ਪ੍ਰੇਮ ਕਹਾਣੀ ਮੁਗਲ ਬਾਦਸ਼ਾਹ ਅਕਬਰ ਦੇ ਸ਼ਹਿਜ਼ਾਦੇ ਸਲੀਮ ਅਤੇ ਅਨਾਰਕਲੀ ਦੀ ਕਹਾਣੀ ਨਾਲ ਮਿਲਦੀ ਜੁਲਦੀ ਹੈ। ਇਨ੍ਹਾਂ ਦੋਹਾਂ ਪ੍ਰੇਮ ਕਹਾਣੀਆਂ ਵਿਚਕਾਰ ਬਹੁਤ ਸਾਰੇ ਵਖਰੇਵੇਂ ਵੀ ਹਨ। ਇਸ ਲੇਖ ਵਿਚ 14ਵੀਂ ਦੇ ਸ਼ੁਰੂ ਵਿਚ ਹੋਈ ਇਸ ਪ੍ਰੇਮ ਕਹਾਣੀ ਦੇ ਵੱਖ-ਵੱਖ ਪਹਿਲੂਆਂ ਬਾਰੇ ਚਰਚਾ ਕੀਤੀ ਗਈ ਹੈ।***

ਸਲੀਮ ਅਤੇ ਅਨਾਰਕਲੀ ਦੀ ਕਹਾਣੀ ਅਸੀਂ ਸਾਰਿਆਂ ਨੇ ਸੁਣੀ ਹੈ। ਇਸ ਪ੍ਰੇਮ ਕਹਾਣੀ ਉਪਰ ਬਣੀ ਮਸ਼ਹੂਰ ਫਿਲਮ 'ਮੁਗਲ-ਏ-ਆਜ਼ਮ' ਬਾਰੇ ਵੀ ਅਸੀਂ ਜਾਣਦੇ ਹੀ ਹਾਂ ਪਰ ਬਿਲਕੁਲ ਉਸੇ ਤਰ੍ਹਾਂ ਦੀ ਪ੍ਰੇਮ ਕਹਾਣੀ ਅਕਬਰ ਤੋਂ 200 ਸਾਲ ਪਹਿਲਾਂ ਸੱਤ ਸਮੁੰਦਰ ਪਾਰ ਪੁਰਤਗਾਲ ਵਿਚ ਪ੍ਰਵਾਨ ਚੜ੍ਹੀ। ਅਨਾਰਕਲੀ ਅਤੇ ਸਲੀਮ ਦੀ ਕਹਾਣੀ ਵਾਂਗ ਇਸ ਕਹਾਣੀ ਵਿਚ ਵੀ ਤਿੰਨ ਪਾਤਰ ਹਨ। ਬਾਦਸ਼ਾਹ, ਸ਼ਹਿਜ਼ਾਦਾ ਅਤੇ ਕਨੀਜ਼। ਅਕਬਰ ਦੀ ਥਾਂ ਬਾਦਸ਼ਾਹ ਅਲਫਾਂਸ, ਸਲੀਮ ਦੀ ਥਾਂ ਸ਼ਹਿਜ਼ਾਦੇ ਦੇ ਕਿਰਦਾਰ ਵਿਚ ਪੈਦਰੋ ਜਾਂ ਪੀਟਰ ਹੈ। ਦਾਸੀ ਦੇ ਰੂਪ ਵਿਚ ਅਨਾਰਕਲੀ ਦੀ ਥਾਂ ਇਨੇਜ਼ ਡੀ-ਕਾਸਟਰੋ ਹੈ। ਕਹਾਣੀ ਦੀਆਂ ਬਹੁਤ ਸਾਰੀਆਂ ਬਾਰੀਕੀਆਂ ਹਨ ਜੋ ਥੋੜ੍ਹੀਆਂ ਅਲੱਗ ਹਨ;



ਗੀਤ ਚਤੁਰਵੇਦੀ

ਨਾਵਾਂ ਅਤੇ ਹਾਲਾਤ ਵਿਚ ਵੀ ਥੋੜ੍ਹਾ ਵਖਰੇਵਾਂ ਹੈ ਪਰ ਇਸ ਪੁਰਤਗਾਲੀ ਬਾਦਸ਼ਾਹ ਦੇ ਪੁੱਤਰ ਪੈਦਰੋ ਅਤੇ ਇਨੇਜ਼ ਦੀ ਪ੍ਰੇਮ ਕਹਾਣੀ ਪੜ੍ਹ ਕੇ ਮੁਗਲ ਸਲਤਨਤ ਦੀ ਮਸ਼ਹੂਰ ਦਾਸਤਾਨ-ਏ-ਇਸ਼ਕ ਦਾ ਯਾਦ ਆਉਣਾ ਲਾਜ਼ਮੀ ਹੈ।

ਇਹ ਘਟਨਾ ਅੱਜ ਤੋਂ ਤਕਰੀਬਨ 700 ਸਾਲ ਪਹਿਲਾਂ ਸੰਨ 1310 ਦੀ ਹੈ। ਪੁਰਤਗਾਲ ਦੇ ਰਾਜ ਸਿੰਘਾਸਣ 'ਤੇ ਬਾਦਸ਼ਾਹ ਅਲਫਾਂਸੋ ਬੈਠਾ ਸੀ ਜੋ ਲੋਕਾਂ ਵਿਚ ਬਹੁਤ ਮਸ਼ਹੂਰ ਸੀ ਅਤੇ ਲੋਕਾਂ ਦਾ ਹਰਮਨ-ਪਿਆਰਾ ਵੀ ਸੀ। ਜਨਤਾ ਉਸ ਦਾ ਪ੍ਰਭਾਵ ਵੀ ਕਬੂਲਦੀ ਸੀ। ਉਸ ਬਾਦਸ਼ਾਹ ਦੀ ਕੋਸ਼ਿਸ਼ ਹੁੰਦੀ ਸੀ ਕਿ ਗਵਾਂਢੀ ਰਾਜਾਂ ਨਾਲ ਉਨ੍ਹਾਂ ਦੇ ਸਬੰਧ ਹਮੇਸ਼ਾ ਦੋਸਤਾਨਾ ਰਹਿਣ। ਪੁਰਾਣੇ ਸਮਿਆਂ ਵਿਚ ਵੀ ਅਜੋਕੀ ਰਾਜਨੀਤੀ ਵਾਂਗ ਦੂਜੇ ਰਾਜਾਂ ਨਾਲ ਸਬੰਧ ਵਧੀਆ ਰੱਖਣ ਲਈ ਵਿਆਹ-ਸ਼ਾਦੀਆਂ ਦਾ ਰਾਹ ਅਪਣਾਇਆ ਜਾਂਦਾ ਸੀ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਬਾਦਸ਼ਾਹ ਅਲਫਾਂਸੋ ਨੇ ਆਪਣੇ ਸ਼ਹਿਜ਼ਾਦੇ ਪੈਦਰੋ ਦਾ ਵਿਆਹ ਗਵਾਂਢੀ ਰਾਜ ਕਾਸਤੀਆ ਦੀ ਰਾਜ ਕੁਮਾਰੀ ਕੌਂਸਟੈਂਸ ਨਾਲ ਤੈਅ ਕਰਵਾ ਦਿੱਤਾ। ਕਾਸਤੀਆ ਸਪੇਨ ਦਾ ਹਿੱਸਾ ਹੈ ਅਤੇ ਉਸ ਜ਼ਮਾਨੇ ਵਿਚ ਬਹੁਤ ਸੰਪਨ ਰਾਜ ਹੁੰਦਾ ਸੀ। ਵਿਆਹ ਸਮੇਂ ਉਥੋਂ ਦੇ ਬਾਦਸ਼ਾਹ ਨੇ ਬਹੁਤ ਸਾਰਾ ਦਾਜ, ਸਾਜ਼ੋ-ਸਾਮਾਨ ਅਤੇ ਨੌਕਰ-ਚਾਕਰ ਦਹੇਜ ਦੇ ਰੂਪ ਵਿਚ ਭੇਜੇ। ਸਾਡੀ ਇਸ ਕਹਾਣੀ ਦੀ ਮੁੱਖ ਪਾਤਰ ਜਾਂ ਨਾਇਕਾ ਇਨੇਜ਼ ਡੀ-ਕਾਸਟਰੋ ਨੌਕਰਾਣੀਆਂ ਦੇ ਉਸੇ ਸਮੂਹ ਵਿਚ ਸ਼ਾਮਲ ਸੀ।

ਉਸ ਸਮੇਂ ਸ਼ਹਿਜ਼ਾਦੇ ਪੈਦਰੋ ਦੀ ਉਮਰ 20 ਸਾਲ ਅਤੇ ਉਸ ਦੀ ਪਤਨੀ ਕੌਂਸਟੈਂਸ ਦੀ ਉਮਰ 17 ਸਾਲ ਅਤੇ ਇਨੇਜ਼ ਡੀ-ਕਾਸਟਰੋ ਦੀ ਉਮਰ ਸਿਰਫ 15 ਸਾਲ ਸੀ। ਇਨੇਜ਼ ਇੰਨੀ ਜ਼ਿਆਦਾ ਸੁੰਦਰ ਸੀ ਕਿ ਉਸ ਦੇ ਮੁਕਾਬਲੇ ਕੌਂਸਟੈਂਸ ਫਿੱਕੀ ਪੈਂਦੀ ਸੀ। ਸ਼ਹਿਜ਼ਾਦਾ ਪੈਦਰੋ ਇਨੇਜ਼ ਨੂੰ ਦੇਖਦਿਆ ਹੀ ਉਸ ਦੇ ਪਿਆਰ ਵਿਚ ਮੋਹਿਤ ਹੋ ਗਿਆ ਅਤੇ ਆਪਣੀ ਪਤਨੀ ਨੂੰ ਭੁੱਲਦਾ ਗਿਆ। ਹੌਲੀ-ਹੌਲੀ ਦੋਨਾਂ ਦਾ ਪਿਆਰ ਪ੍ਰਵਾਨ ਚੜ੍ਹ ਗਿਆ।

ਜਦ ਇਸ ਗੱਲ ਬਾਰੇ ਕੌਂਸਟੈਂਸ ਨੂੰ ਪਤਾ ਲੱਗਿਆ ਤਾਂ ਕੌਂਸਟੈਂਸ ਨੇ ਆਪਣੇ ਪਤੀ ਅਤੇ ਨੌਕਰਾਣੀ ਦੇ ਇਸ ਰਿਸ਼ਤੇ ਨੂੰ ਦਬਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਸਫਲ ਨਾ ਹੋ ਸਕੀ। ਪੈਦਰੋ ਅਤੇ ਇਨੇਜ਼ ਨੂੰ ਕਿਸੇ ਦਾ ਡਰ ਨਹੀਂ ਸੀ, ਦੋਨੋਂ ਖੁੱਲ੍ਹੇਆਮ ਮਿਲਦੇ, ਇੱਕ-ਦੂਜੇ ਨੂੰ ਪਿਆਰ ਕਰਦੇ। ਉਹ ਕਦੇ ਮਹਿਲ ਵਿਚ ਮਿਲਦੇ, ਕਦੇ ਬਾਗ ਵਿਚ ਜਾਂ ਕਦੇ ਦੂਰ ਨਿੱਕਲ ਜਾਂਦੇ। ਇਸ ਖੁੱਲ੍ਹਮ-ਖੁੱਲ੍ਹੇ ਪਿਆਰ ਦਾ ਚਾਰੇ ਪਾਸੇ ਰੌਲਾ ਪੈ ਗਿਆ, ਰੌਲਾ ਪੈਣਾ ਸੁਭਾਵਕ ਵੀ ਸੀ। ਸਾਰੇ ਰਾਜ ਵਿਚ ਹਰ ਇਕ ਦੇ ਮੂੰਹ 'ਤੇ ਉਨ੍ਹਾਂ ਦੀ ਮੁਹੱਬਤ ਦੀ ਗੱਲ ਹੀ ਹੁੰਦੀ ਸੀ। ਰਾਜਕੁਮਾਰ ਦਾ ਕਿਸੇ ਨੌਕਰਾਣੀ ਦੇ ਪਿਆਰ ਵਸ ਪੈ ਜਾਣਾ ਉਸ ਸਮੇਂ ਇਹ ਕੋਈ ਛੋਟੀ ਗੱਲ ਨਹੀਂ ਸੀ। ਰਾਜ ਦਰਬਾਰ ਵਿਚ ਵੀ ਇਹ ਗੱਲ ਪਹੁੰਚਦਿਆਂ ਦੇਰ ਨਾ ਲੱਗੀ। ਰਾਜ ਦਰਬਾਰ ਵਿਚ ਗੱਲ ਪਹੁੰਦਿਆਂ ਹੀ ਜਿਵੇਂ ਭੂਚਾਲ ਆ ਗਿਆ ਹੋਵੇ। ਬਾਦਸ਼ਾਹ ਨੂੰ ਵੀ ਇਹ ਸਾਰੀਆਂ ਗੱਲਾਂ ਦੱਸੀਆਂ ਗਈਆਂ। ਬਾਦਸ਼ਾਹ ਅਲਫਾਂਸੋ ਬਹੁਤ ਗੁੱਸੇ ਵਿਚ ਸੀ। ਇਸ ਮਸਲੇ ਨੂੰ ਹੱਲ ਕਰਨ ਲਈ ਮੰਤਰੀਆਂ ਦੀ ਸਭਾ ਬੁਲਾਈ ਗਈ। ਸਾਰਿਆਂ ਨੇ ਰਾਜਕੁਮਾਰ ਨੂੰ ਸਮਝਾਇਆ ਕਿ ਜਾਂ ਤਾਂ ਇਹ ਕਿੱਸਾ ਇੱਥੇ ਹੀ ਖਤਮ ਕਰ ਦਿਓ, ਜੇਕਰ ਖਤਮ ਨਹੀਂ ਕਰ ਸਕਦੇ ਤਾਂ ਇਸ ਗੱਲ ਨੂੰ ਲੋਕਾਂ ਤੱਕ ਨਾ ਜਾਣ ਦਿਓ।

ਇਸ ਸਾਰੀ ਘਟਨਾ ਦੌਰਾਨ ਜੇਕਰ ਸਭ ਤੋਂ ਵੱਧ ਦੁੱਖ ਸੀ ਤਾਂ ਉਹ ਸੀ ਰਾਣੀ ਕੌਂਸਟੈਂਸ ਨੂੰ। ਉਸ ਦੇ ਦੁੱਖ ਦੀ ਸੀਮਾ ਨਹੀਂ ਸੀ। ਉਹ ਆਪਣੀ ਕਿਸਮਤ ਅਤੇ ਮੁਕੱਦਰ 'ਤੇ ਰੋਂਦੀ ਰਹਿੰਦੀ। ਦੁਖੀ ਅਤੇ ਉਦਾਸ ਰਹਿਣ ਕਾਰਨ ਉਸ ਦਾ ਚਿਹਰਾ ਪੀਲਾ ਪੈ ਗਿਆ ਸੀ। ਇਹ ਖਬਰ ਉੱਡਦੀ-ਉੱਡਦੀ ਉਸ ਦੇ ਪੇਕੇ ਕਾਸਤੀਆ ਵਿਚ ਵੀ ਪਹੁੰਚ ਗਈ। ਉਹ ਲੋਕ ਵੀ ਬਹੁਤ ਜ਼ਿਆਦਾ ਗੁੱਸੇ ਹੋਏ। ਕਈ ਦੂਜੇ ਰਾਜਾਂ ਨਾਲ ਮਿਲ ਕੇ ਉਨ੍ਹਾਂ ਨੇ ਬਾਦਸ਼ਾਹ ਅਲਫਾਂਸੋ 'ਤੇ ਦਬਾਅ ਪਾਉਣਾ ਸ਼ੁਰੂ ਕੀਤਾ ਕਿ ਪੈਦਰੋ ਨੂੰ ਸਮਝਾ ਕੇ ਇਸ ਮਸਲੇ ਨੂੰ ਹੱਲ ਕਰੋ। ਜੇ ਅਜਿਹਾ ਨਾ ਹੋਇਆ ਅਤੇ ਉਨ੍ਹਾਂ ਦੀ ਧੀ ਕੌਂਸਟੈਂਸ ਦਾ ਘਰ ਉੱਜੜ ਗਿਆ ਤਾਂ ਜੰਗ ਹੋਵੇਗੀ ਜਿਸ ਦੀ ਜ਼ਿੰਮੇਵਾਰੀ ਬਾਦਸ਼ਾਹ ਅਲਫਾਂਸੋ ਦੀ ਹੋਵੇਗੀ।

ਬਾਦਸ਼ਾਹ ਅਲਫਾਂਸੋ ਵੀ ਮੁਗਲ-ਏ-ਆਜ਼ਮ ਤੋਂ ਘੱਟ ਨਹੀਂ ਸੀ। ਉਹ ਆਪਣੀ ਇੱਜ਼ਤ ਆਬਰੂ ਨੂੰ ਲੈ ਕੇ ਹਮੇਸ਼ਾ ਸੰਜੀਦਾ ਰਹਿੰਦਾ ਸੀ ਅਤੇ ਇਨਸਾਫ ਲਈ ਕਿਸੇ ਨੂੰ ਵੀ ਸਜ਼ਾ ਦੇ ਸਕਦਾ ਸੀ। ਪਹਿਲਾਂ ਤਾਂ ਬਾਦਸ਼ਾਹ ਨੇ ਪੈਦਰੋ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਜਦ ਸ਼ਹਿਜ਼ਾਦਾ ਪੈਦਰੋ ਨਾ ਮੰਨਿਆ ਤਾਂ ਉਸ ਨੂੰ ਰਾਜ ਤੋਂ ਬਾਹਰ ਕੱਢ ਦਿੱਤਾ।

ਸ਼ਹਿਜ਼ਾਦਾ ਪੈਦਰੋ ਵੀ ਸਾਹਿਬ-ਏ-ਆਲਮ ਤੋਂ ਘੱਟ ਨਹੀਂ ਸੀ। ਉਸ ਦਾ ਆਪਣਾ ਰਸੂਖ ਸੀ, ਆਪਣੀ ਸ਼ਕਤੀ ਸੀ, ਸੱਤਾ ਸੀ, ਆਪਣੀ ਸੈਨਾ ਸੀ, ਜਗ੍ਹਾ-ਜਗ੍ਹਾ ਉਸ ਦੇ ਸ਼ੁਭਚਿੰਤਕ ਮੌਜੂਦ ਸਨ। ਉਸ ਨੇ ਰਾਜ ਦੇ ਬਾਹਰ ਇੱਕ ਮੱਠ ਵਿਚ ਇਨੇਜ਼ ਡੀ-ਕਾਸਟਰੋ ਨੂੰ ਰੱਖਣ ਦਾ ਇੰਤਜ਼ਾਮ ਕਰ ਦਿੱਤਾ ਅਤੇ ਚੋਰੀ-ਚੋਰੀ ਉਸ ਨੂੰ ਆ ਕੇ ਮਿਲਦਾ। ਸ਼ਹਿਜ਼ਾਦੇ ਦੀ ਇਹ ਜੁਰਅਤ ਦੇਖ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ। ਉਸ ਨੇ ਮੱਠ ਦੇ ਬਾਹਰ ਬਹੁਤ ਤਕੜਾ ਪਹਿਰਾ ਲਗਾ ਦਿੱਤਾ। ਚਿੜੀ ਵੀ ਬਾਦਸ਼ਾਹ ਦੀ ਇਜਾਜ਼ਤ ਬਿਨਾ ਮੱਠ ਵਿਚ ਦਾਖਲ ਨਹੀਂ ਹੋ ਸਕਦੀ ਸੀ। ਹਰ ਗੱਲ ਦੀ ਖਬਰ ਬਾਦਸ਼ਾਹ ਅਲਫਾਂਸੋ ਨੂੰ ਮਿਲਦੀ ਪਰ ਇਸ਼ਕ ਕਰਨ ਵਾਲਿਆਂ ਨੂੰ ਕੌਣ ਰੋਕ ਸਕਦਾ ਸੀ? ਸ਼ਹਿਜ਼ਾਦਾ ਕੋਈ ਨਾ ਕੋਈ ਢੰਗ ਵਰਤ ਕੇ ਇਨੇਜ਼ ਡੀ-ਕਾਸਟਰੋ ਨੂੰ ਮਿਲ ਲੈਂਦਾ। ਉਹ ਕਦੇ ਖਿੜਕੀਆਂ ਦੇ ਉਪਰ



*ਪੈਦਰੋ ਅਤੇ ਇਨੇਜ਼ ਡੀ-ਕਾਸਟਰੋ ਦਾ ਇਕ ਚਿੱਤਰ।*

ਚੜ੍ਹ ਕੇ ਪਹਿਰੇਦਾਰਾਂ ਨੂੰ ਚਕਮਾ ਦੇ ਦਿੰਦਾ ਅਤੇ ਕਦੇ ਪਹਿਰੇਦਾਰਾਂ ਨੂੰ ਵੱਡੀਆਂ ਰਿਸ਼ਵਤਾਂ ਦੇ ਕੇ ਆਪਣੀ ਮੁਹੱਬਤ ਕੋਲ ਚਲਾ ਜਾਂਦਾ।

ਇਧਰ ਮਹਿਲ ਵਿਚ ਕੌਂਸਟੈਂਸ ਇਹ ਸਭ ਸਹਿਣ ਨਾ ਕਰ ਸਕੀ। ਹਰ ਸਮੇਂ ਉਹ ਦੁਖੀ ਅਤੇ ਚਿੰਤਤ ਰਹਿੰਦੀ। ਉਸ ਦੇ ਵਿਆਹ ਨੂੰ 5 ਸਾਲ ਵੀ ਨਹੀਂ ਸਨ ਹੋਏ ਕਿ ਭਰੀ ਜਵਾਨੀ ਵਿਚ ਉਸ ਦੀ ਮੌਤ ਹੋ ਗਈ। ਸ਼ਹਿਜ਼ਾਦਾ ਪੈਦਰੋ ਨੂੰ ਡਰ ਤਾਂ ਕਿਸੇ ਗੱਲ ਦਾ ਪਹਿਲਾਂ ਵੀ ਨਹੀਂ ਸੀ ਪਰ ਉਸ ਘਟਨਾ ਤੋਂ ਬਾਅਦ ਤਾਂ ਸ਼ਹਿਜ਼ਾਦਾ ਪੈਦਰੋ ਨੂੰ ਜੋ ਪਹਿਲਾਂ ਥੋੜ੍ਹਾ-ਬਹੁਤ ਡਰ ਸੀ, ਉਹ ਵੀ ਖਤਮ ਹੋ ਗਿਆ। ਉਹ ਖੁੱਲ੍ਹ ਕੇ ਇਨੇਜ਼ ਨਾਲ ਰਹਿਣ ਲੱਗਿਆ। ਉੱਧਰ ਅਲਫਾਂਸੋ ਵੀ ਬਹੁਤ ਜ਼ਿੱਦੀ ਬਾਦਸ਼ਾਹ ਸੀ। ਉਸ ਨੇ ਪੈਦਰੋ ਨੂੰ ਕਿਹਾ ਕਿ ਜੇਕਰ ਇਨੋਜ਼ ਨਾਲ ਰਹਿਣਾ ਹੈ ਤਾਂ ਸਾਰੀ ਉਮਰ ਲਈ ਮਹਿਲ ਦੇ ਦਰਵਾਜ਼ੇ ਤੇਰੇ ਲਈ ਬੰਦ ਹਨ। ਪੈਦਰੋ ਜਿਵੇਂ ਆਪਣੇ ਬਾਪ ਤੋਂ ਵੀ ਜ਼ਿੱਦੀ ਸੀ, ਉਸ ਨੇ ਉਸੇ ਮੱਠ ਵਿਚ ਆਪਣੇ ਲਈ ਅਲੱਗ ਤੋਂ ਜਗ੍ਹਾ ਬਣਾ ਲਈ ਅਤੇ ਉੱਥੇ ਰਹਿਣ ਲੱਗਿਆ।

ਇਸ ਤੋਂ ਬਾਅਦ ਇਸ ਰਾਜ ਪਰਿਵਾਰ ਵਿਚ ਭਿਆਨਕ ਰਾਜਨੀਤੀ ਸ਼ੁਰੂ ਹੋ ਗਈ। ਪੈਦਰੋ ਨੇ ਇਨੇਜ਼ ਨੂੰ ਆਪਣੀ ਪਤਨੀ ਦਾ ਜਾਇਜ਼ ਦਰਜਾ ਦੇ ਦਿੱਤਾ ਜਦੋਂਕਿ ਬਾਦਸ਼ਾਹ ਨੇ ਕਿਹਾ ਕਿ ਮੈਂ ਇਸ ਨੂੰ ਨੌਕਰਾਣੀ ਤੋਂ ਵੱਧ ਕੁਝ ਵੀ ਨਹੀਂ ਮੰਨਦਾ। ਪੈਦਰੋ ਰਾਜਕੁਮਾਰ ਤਾਂ ਹੈ ਹੀ ਸੀ, ਉਸ ਨੇ ਆਪਣੀ ਸ਼ਕਤੀ, ਸੱਤਾ ਅਤੇ ਸੰਪਰਕਾਂ ਦੇ ਆਧਾਰ 'ਤੇ ਜ਼ਰੂਰਤ ਅਤੇ ਐਸ਼ੋ-ਆਰਾਮ ਦੀਆਂ ਸਾਰੀਆਂ ਚੀਜ਼ਾਂ ਇਨੇਜ਼ ਡੀ-ਕਾਸਟਰੋ ਲਈ ਉੱਥੇ ਮੁਹੱਈਆ ਕਰਵਾ ਦਿੱਤੀਆਂ ਤਾਂ ਜੋ ਇਨੇਜ਼ ਮਹਾਰਾਣੀ ਵਾਂਗ ਆਪਣਾ ਜੀਵਨ ਬਤੀਤ ਕਰ ਸਕੇ। ਬਾਦਸ਼ਾਹ ਵੀ ਸਮੇਂ-ਸਮੇਂ 'ਤੇ ਕੋਈ ਨਾ ਕੋਈ ਅਜਿਹਾ ਦਾਅ ਚੱਲਦਾ ਕਿ ਮੱਠ ਦੀਆਂ ਸਾਰੀਆਂ ਸੁੱਖ ਸਹੂਲਤਾਂ ਵਾਪਿਸ ਲੈ ਲੈਂਦਾ ਅਤੇ ਪੈਦਰੋ ਤੇ ਇਨੇਜ਼ ਨੂੰ ਅਜਿਹੀ ਹਾਲਤ ਵਿਚ ਪਹੁੰਚਾ ਦਿੰਦਾ ਕਿ ਉਨ੍ਹਾਂ ਨੂੰ ਗੁਜ਼ਾਰਾ ਕਰਨਾ ਔਖਾ ਹੋ ਜਾਂਦਾ ਪਰ ਪੈਦਰੋ ਉਹ ਸਭ ਸੁੱਖ ਸਹੂਲਤਾਂ ਦੁਬਾਰਾ ਹਾਸਲ ਕਰ ਲੈਂਦਾ।


ਪਿਉ ਪੁੱਤਰ ਵਿਚ ਗਰਮਾ-ਗਰਮੀ ਅਤੇ ਤਣਾਅ ਲਗਾਤਾਰ ਵਧਦਾ ਗਿਆ ਜਿਸ ਨਾਲ ਪੂਰੇ ਰਾਜ ਦਾ ਮਾਹੌਲ ਖਰਾਬ ਹੁੰਦਾ ਗਿਆ। ਅਲਫਾਂਸੋ ਨਿੱਤ ਨਵੀਆਂ ਤਰਕੀਬਾਂ ਸੋਚਦਾ, ਰੋਜ਼ਾਨਾ ਨਵੇਂ-ਨਵੇਂ ਰਿਸ਼ਤੇ ਭੇਜਦਾ, ਕਦੇ ਆਪਣੇ ਸ਼ਹਿਜ਼ਾਦੇ ਪੈਦਰੋ ਦੇ ਨਵੇਂ ਵਿਆਹ ਲਈ ਰਿਸ਼ਤਾ ਭੇਜਦਾ ਅਤੇ ਕਦੇ ਇਨੇਜ਼ ਲਈ ਕਿਸੇ ਮੁੰਡੇ ਦਾ ਰਿਸ਼ਤਾ ਭੇਜ ਦਿੰਦਾ। ਉਹ ਕਿਸੇ ਵੀ ਤਰੀਕੇ ਨਾਲ ਉਨ੍ਹਾਂ ਦੋਹਾਂ ਦੀ ਜੋੜੀ ਤੋੜਨਾ ਚਾਹੁੰਦਾ ਸੀ ਪਰ ਪੈਦਰੋ ਅਤੇ ਇਨੇਜ਼ ਤਾਂ ਜਿਵੇਂ ਪਿਆਰ ਦੇ ਪੱਕੇ ਬੰਧਨ ਵਿਚ ਬੰਨ੍ਹੇ ਗਏ ਸਨ। ਪੈਦਰੋ ਨੇ ਬਾਕਾਇਦਾ ਕਸਮ ਹੀ ਖਾ ਲਈ ਸੀ ਕਿ ਇਨੇਜ਼ ਤੋਂ ਬਿਨਾ ਉਹ ਕਿਸੇ ਲੜਕੀ ਵੱਲ ਦੇਖੇਗਾ ਵੀ ਨਹੀਂ।

ਇਸ ਦੌਰਾਨ ਇਨੇਜ਼ ਦੇ ਦੋ ਬੱਚੇ ਪੈਦਾ ਹੋਏ ਜੋ ਬੇਹੱਦ ਖੂਬਸੂਰਤ ਸਨ। ਪੁਰਤਗਾਲ ਦਾ ਰਾਜ ਦੋ ਹਿੱਸਿਆ ਵਿਚ ਵੰਡਿਆ ਗਿਆ। ਕਈ ਲੋਕ ਸ਼ਹਿਜ਼ਾਦੇ ਵੱਲ ਹੋ ਗਏ ਅਤੇ ਆਦੇਸ਼ ਲੈਣ ਲਈ ਮੱਠ ਵੱਲ ਜਾਂਦੇ ਤੇ ਕਈ ਲੋਕ ਪਹਿਲਾਂ ਵਾਂਗ ਬਾਦਸ਼ਾਹ ਨਾਲ ਸਨ। ਇਹ ਸਭ ਹੁੰਦਿਆਂ 10 ਸਾਲ ਬੀਤ ਗਏ ਪਰ ਮਸਲਾ ਹੱਲ ਨਾ ਹੋਇਆ। ਬਾਦਸ਼ਾਹ ਅਲਫਾਂਸੋ ਦੇ ਸਬਰ ਨੇ ਜਵਾਬ ਦੇ ਦਿੱਤਾ। ਇਕ ਦਿਨ ਉਸ ਨੇ ਗੁਪਤ ਰੂਪ ਵਿਚ ਹਤਿਆਰੇ ਭੇਜ ਦਿੱਤੇ। ਇਹ ਹਤਿਆਰੇ ਇੰਨੇ ਜ਼ਿਆਦਾ ਖਤਰਨਾਕ ਸਨ ਕਿ ਮੱਠ ਦੀ ਸੁਰੱਖਿਆ ਚੀਰ ਕੇ ਮਹਾਰਾਣੀ ਇਨੇਜ਼ ਦੇ ਕਮਰੇ ਵਿਚ ਦਾਖਲ ਹੋ ਗਏ। ਉਸ ਸਮੇਂ ਮਹਾਰਾਣੀ ਆਪਣੇ ਬੱਚਿਆਂ ਨਾਲ ਖੇਡ ਰਹੀ ਸੀ। ਹਤਿਆਰਿਆਂ ਨੇ ਬੱਚਿਆਂ ਦੇ ਸਾਹਮਣੇ ਹੀ ਤੇਜ਼ ਹਥਿਆਰਾਂ ਨਾਲ ਇਨੇਜ਼ ਦਾ ਗਲਾ ਵੱਢ ਕੇ ਮਾਰ ਦਿੱਤਾ ਅਤੇ ਫਰਾਰ ਹੋ ਗਏ।

ਆਪਣੀ ਪਤਨੀ ਦਾ ਵੱਢਿਆ ਸਿਰ ਦੇਖ ਕੇ ਸ਼ਹਿਜ਼ਾਦਾ ਪੈਦਰੋ ਗੁੱਸੇ ਨਾਲ ਪਾਗਲ ਹੋ ਗਿਆ। ਉਸ ਨੇ ਆਪਣੇ ਲੋਕਾਂ ਨੂੰ ਇਕੱਠਾ ਕੀਤਾ ਅਤੇ ਸੈਨਾਪਤੀ ਨੂੰ ਹਮਲੇ ਲਈ ਤਿਆਰ ਹੋਣ ਲਈ ਕਿਹਾ ਅਤੇ ਰਾਤੋ-ਰਾਤ ਬਾਪ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਯੁੱਧ ਦਾ ਕੋਈ ਫੈਸਲਾ ਨਹੀਂ ਸੀ ਹੋ ਰਿਹਾ, ਦੋਨੋਂ ਪਾਸਿਆਂ ਦੀ ਫੌਜ ਮਜ਼ਬੂਤ ਸੀ। ਨਾ ਕੋਈ ਜਿੱਤ ਰਿਹਾ ਸੀ ਅਤੇ ਨਾ ਹੀ ਕੋਈ ਹਾਰ ਰਿਹਾ ਸੀ। ਸਵੇਰੇ ਯੁੱਧ ਸ਼ੁਰੂ ਹੁੰਦਾ, ਰਾਤ ਤੱਕ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਲੋਕ ਮਾਰੇ ਜਾਂਦੇ, ਰਾਤ ਨੂੰ ਦੋਹਾਂ ਪਾਸਿਆਂ ਦੇ ਲੋਕ ਸੋਗ ਮਨਾਉਂਦੇ ਅਤੇ ਅਗਲੇ ਦਿਨ ਫਿਰ ਜੰਗ ਸ਼ੁਰੂ ਹੋ ਜਾਂਦੀ। ਇਸੇ ਦੌਰਾਨ ਇੱਕ ਦਿਨ ਅਚਾਨਕ ਬਾਦਸ਼ਾਹ ਅਲਫਾਂਸੋ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਸ ਦੀ ਮੌਤ ਹੋ ਗਈ। ਬਾਦਸ਼ਾਹ ਦੀ ਵਸੀਅਤ ਪੜ੍ਹੀ ਗਈ। ਵਸੀਅਤ ਵਿਚ ਉਸ ਨੇ ਆਪਣਾ ਸਾਰਾ ਰਾਜ ਆਪਣੇ ਪੁੱਤਰ ਪੈਦਰੋ ਦੇ ਨਾਮ ਕੀਤਾ ਹੋਇਆ ਸੀ।

ਇਸ ਤਰ੍ਹਾਂ ਪੈਦਰੋ ਪੁਰਤਗਾਲ ਦਾ ਰਾਜਾ ਬਣ ਗਿਆ। ਰਾਜ ਸਿੰਘਾਸਣ 'ਤੇ ਬੈਠਦਿਆਂ ਹੀ ਸਭ ਤੋਂ ਪਹਿਲਾਂ ਉਸ ਨੇ ਹੁਕਮ ਦਿੱਤਾ ਕਿ ਉਨ੍ਹਾਂ ਹਤਿਆਰਿਆਂ ਨੂੰ ਲੱਭਿਆ ਜਾਵੇ ਜਿਨ੍ਹਾਂ ਨੇ ਬਾਦਸ਼ਾਹ ਦੇ ਕਹਿਣ 'ਤੇ ਇਨੇਜ਼ ਦਾ ਕਤਲ ਕੀਤਾ ਸੀ। ਇੱਕ-ਇੱਕ ਨੂੰ ਲੱਭ-ਲੱਭ ਕੇ ਮਰਵਾਇਆ ਗਿਆ। ਰਾਜਾ ਪੈਦਰੋ ਨੇ ਆਪਣੇ ਹੱਥਾਂ ਨਾਲ ਉਨ੍ਹਾਂ ਦੀਆਂ ਲਾਸ਼ਾਂ ਚੀਰੀਆਂ ਅਤੇ ਉਨ੍ਹਾਂ ਦੇ ਦਿਲ ਕੱਢ ਕੇ ਗਿਰਝਾਂ ਤੇ ਕਾਵਾਂ ਨੂੰ ਖੁਆਏ। ਇਸ ਤਰ੍ਹਾਂ ਉਸ ਦਾ ਪਾਗਲਪਨ ਸ਼ਾਂਤ ਹੋਇਆ ਅਤੇ ਉਸ ਨੇ ਮਾਤਮ ਮਨਾਉਣਾ ਸ਼ੁਰੂ ਕੀਤਾ। ਇਨੇਜ਼ ਦੀ ਯਾਦ ਵਿਚ ਉਹ ਰੋਂਦਾ ਰਹਿੰਦਾ। ਇਨੇਜ਼ ਜਦ ਜਿਉਂਦੀ ਸੀ ਤਾਂ ਲੋਕਾਂ ਨੇ ਉਸ ਨੂੰ ਸ਼ਹਿਜ਼ਾਦੀ ਅਤੇ ਮਹਾਰਾਣੀ ਮੰਨਣ ਤੋਂ ਇਨਕਾਰ ਕਰ ਦਿਤਾ ਸੀ ਪਰ ਮਰਨ ਤੋਂ ਬਾਅਦ ਇਨੇਜ਼ ਨੂੰ ਮਹਾਰਾਣੀ ਐਲਾਨਿਆ ਗਿਆ। ਜਗ੍ਹਾ-ਜਗ੍ਹਾ ਉਸ ਦੇ ਨਾਮ ਦੀਆਂ ਤਖਤੀਆਂ, ਮੂਰਤੀਆਂ ਅਤੇ ਚਿੱਤਰ ਬਣਵਾਏ ਗਏ ਜੋ ਪੁਰਤਗਾਲ ਵਿਚ ਕੁਝ ਥਾਵਾਂ 'ਤੇ ਅੱਜ ਵੀ ਦੇਖਣ ਨੂੰ ਮਿਲ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਉਸ ਨੇ ਇਨੇਜ਼ ਦੀ ਦੇਹ ਨੂੰ ਕਬਰ ਵਿਚੋਂ ਕੱਢ ਕੇ ਰਾਜ ਸਿੰਘਾਸਣ 'ਤੇ ਬਿਠਾ ਦਿੱਤਾ ਅਤੇ ਬਾਕਾਇਦਾ ਮਹਾਰਾਣੀ ਦੇ ਰੂਪ ਵਿਚ ਉਸ ਦਾ ਰਾਜ ਤਿਲਕ ਕੀਤਾ। ਇਸ ਬਾਰੇ ਯੂਰਪ ਦੇ ਮਹਾਨ ਫਰਾਂਸੀਸੀ ਚਿੱਤਰਕਾਰ ਨੇ ਪੇਂਟਿੰਗ ਬਣਾਈ ਸੀ ਜੋ ਲਿਓਨ ਦੇ ਮਿਊਜ਼ੀਅਮ 'ਚ ਪਈ ਹੈ।

ਜਿਸ ਤਰ੍ਹਾਂ ਭਾਰਤੀ ਉਪ ਮਹਾਦੀਪ ਦੇ ਸਾਹਿਤ, ਸਿਨੇਮਾ ਅਤੇ ਕਲਾ ਵਿਚ ਅਨਾਰਕਲੀ ਦਾ ਵਰਣਨ ਕਈ ਤਰ੍ਹਾਂ ਨਾਲ ਕੀਤਾ ਗਿਆ ਹੈ, ਉਸੇ ਤਰ੍ਹਾਂ ਪੁਰਤਗਾਲ ਵਿਚ ਵੀ ਸਾਹਿਤ ਅਤੇ ਕਲਾ ਵਿਚ ਇਨੇਜ਼ ਨੂੰ ਵੱਖ-ਵੱਖ ਤਰ੍ਹਾਂ ਨਾਲ ਰੂਪਮਾਨ ਕੀਤਾ ਗਿਆ ਹੈ। ਮੱਧ ਯੁਗ ਵਿਚ ਇਨੇਜ਼ 'ਤੇ ਬਹੁਤ ਸਾਰੇ ਨਾਟਕ, ਓਪੇਰਾ ਅਤੇ ਕਵਿਤਾਵਾਂ ਲਿਖੀਆਂ ਗਈਆਂ। ਬਹੁਤ ਸਾਰੇ ਚਿੱਤਰਕਾਰਾਂ ਨੇ ਇਨੇਜ਼ ਡੀ-ਕਾਸਟਰੋ ਦੇ ਜੀਵਨ ਦੇ ਤਕਰੀਬਨ ਸਾਰੇ ਮਹੱਤਵਪੂਰਨ ਪੱਖਾਂ ਬਾਰੇ ਚਿੱਤਰਕਾਰੀ ਕੀਤੀ। ਉਸ ਦੀ ਕਹਾਣੀ ਕਲਾਕਾਰਾਂ ਨੂੰ ਕੁਝ ਨਵਾਂ ਰਚਣ ਲਈ ਪ੍ਰੇਰਦੀ ਹੈ। 2018 ਵਿਚ ਪੈਦਰੋ ਅਤੇ ਇਨੇਜ਼ ਦੇ ਜੀਵਨ 'ਤੇ 'ਪੈਦਰੋ-ਇਨੇਜ਼: ਦਿ ਡੈੱਥ ਕੁਈਨ' ਨਾਮਕ ਫਿਲਮ ਵੀ ਬਣੀ।







*ਬਾਦਸ਼ਾਹ ਅਲਫਾਂਸੋ ਅੱਗੇ ਫਰਿਆਦ ਕਰ ਰਹੀ ਇਨੇਜ਼ ਡੀ-ਕਾਸਟਰੋ ਦਾ ਇਕ ਚਿੱਤਰ ਅਤੇ ਪੈਦਰੋ ਤੇ ਇਨੇਜ਼ ਡੀ-ਕਾਸਟਰੋ ਦੇ ਮਕਬਰੇ ਜੋ ਆਹਮੋ-ਸਾਹਮਣੇ ਹਨ।*

# ਸਾਂਝੇ ਪੰਜਾਬ ਦਾ ਲੋਕ ਕਵੀ ਉਸਤਾਦ ਦਾਮਨ

ਮੇਰੇ ਖ਼ਿਆਲ ਅੰਦਰ ਉਹ ਸ਼ਾਇਰ ਸ਼ਾਇਰ ਹੁੰਦਾ,
ਖੰਡ ਨੂੰ ਖੰਡ ਜੋ ਜ਼ਹਿਰ ਨੂੰ ਜ਼ਹਿਰ ਆਖੇ,
ਜੋ ਕੁਝ ਹੁੰਦਾ ਏ ਹੋਵੇ ਨਾ ਡਰੇ ਹਰਗਿਜ਼,
ਰਹਿਮ ਨੂੰ ਰਹਿਮ ਜੋ ਕਹਿਰ ਨੂੰ ਕਹਿਰ ਆਖੇ।

ਇਨ੍ਹਾਂ ਸਤਰਾਂ ਨੂੰ ਆਪਣੇ ਆਖ਼ਰੀ ਸਾਹਾਂ ਤਕ ਨਿਭਾਉਣ ਵਾਲਾ ਚਿਰਾਗ਼ ਦੀਨ ਪੰਜਾਬੀ ਜ਼ੁਬਾਨ ਦਾ ਮਸ਼ਹੂਰ ਸ਼ਾਇਰ ਅਤੇ ਰਹੱਸਵਾਦੀ ਕਵੀ ਸੀ। ਚਿਰਾਗ਼ ਦੀਨ ਨਾਂ ਦਾ ਇਹ ਸ਼ਖ਼ਸ ਪੂਰੀ ਦੁਨੀਆਂ ਵਿਚ ਪੰਜਾਬੀ ਬੋਲੀ ਦੇ ਇਕ ਦਲੇਰ ਪੁੱਤ ਉਸਤਾਦ ਦਾਮਨ ਦੇ ਨਾਂ ਨਾਲ ਆਪਣੀ ਕਲਮ ਰਾਹੀਂ ਚਰਚਾ ਵਿਚ ਆਇਆ। ਇਸ ਸਦਕਾ ਉਸਤਾਦ ਦਾਮਨ ਦਾ ਨਾਂ ਰਹਿੰਦੀ ਦੁਨੀਆਂ ਤਕ ਸਾਂਝੇ ਪੰਜਾਬ ਦੇ ਲੋਕ ਕਵੀ ਵਜੋਂ ਹਮੇਸ਼ਾਂ ਸਤਿਕਾਰਿਆ ਜਾਂਦਾ ਰਹੇਗਾ।

ਸੁਖਚੈਨ ਸਿੰਘ ਕੁਰੜ

ਚਿਰਾਗ਼ ਦੀਨ ਦਾ ਜਨਮ 4 ਸਤੰਬਰ, 1911 ਨੂੰ ਮੀਆਂ ਮੀਰ ਬਖ਼ਸ਼ ਅਤੇ ਕਰੀਮ ਬੀਬੀ ਦੇ ਘਰ ਇਕ ਗ਼ਰੀਬ ਪਰਿਵਾਰ ਵਿਚ ਹੋਇਆ। ਅੰਮੀ ਨੇ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜ ਕੇ ਘਰ ਦਾ ਗੁਜ਼ਾਰਾ ਕੀਤਾ। ਘਰ ਦੇ ਹਾਲਾਤ ਨੂੰ ਸਮਝਦਿਆਂ ਚਿਰਾਗ਼ ਦੀਨ ਨੇ ਪਿਤਾ ਦਾ ਦਰਜ਼ੀ ਦੇ ਕੰਮ ਵਿਚ ਸਾਥ ਦਿੱਤਾ। ਕੰਮ ਕਰਦਿਆਂ ਲੋਕਾਂ ਦੀ ਮੰਗ 'ਤੇ ਨਵੇਂ ਫ਼ੈਸ਼ਨ ਦੇ ਪੈਂਟ-ਕੋਟ ਆਦਿ ਸਿਉਂ ਕੇ ਦੇਣੇ ਪਰ ਖ਼ੁਦ ਹਮੇਸ਼ਾਂ ਸ਼ੁੱਧ ਪੰਜਾਬੀ ਪਹਿਰਾਵਾ ਕੁੜਤਾ-ਚਾਦਰਾ, ਸਿਰ 'ਤੇ ਪਰਨਾ ਅਤੇ ਮੋਢੇ ਸਾਫਾ ਰੱਖਿਆ।

ਚਿਰਾਗ਼ ਦੀਨ ਨੇ ਦਸਵੀਂ ਤਕ ਦੀ ਪੜ੍ਹਾਈ ਦੇਵ ਸਮਾਜ ਸਕੂਲ ਤੋਂ ਕੀਤੀ। ਉਹ ਉਰਦੂ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਫ਼ਾਰਸੀ ਅਤੇ ਬੰਗਾਲੀ ਤੋਂ ਇਲਾਵਾ ਥੋੜ੍ਹੀ ਬਹੁਤੀ ਪਸ਼ਤੋ ਵੀ ਜਾਣਦੇ ਸਨ। ਬਹੁ-ਭਾਸ਼ਾਈ ਜਾਣਕਾਰ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾ ਲਈ ਹੱਦ ਤੋਂ ਵੱਧ ਸ਼ੈਦਾਈ ਸਨ। ਪੰਜਾਬੀ ਬੋਲੀ ਲਈ ਉਸਤਾਦ ਦਾਮਨ ਦਾ ਮੋਹ ਇਸ ਕਵਿਤਾ ਤੋਂ ਹੀ ਜਾਣਿਆ ਜਾ ਸਕਦਾ ਹੈ:

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ।

ਗੋਦੀ ਜਿਦ੍ਹੀ 'ਚ ਪਲ ਕੇ ਜਵਾਨ ਹੋਇਉਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।

ਜੇ ਪੰਜਾਬੀ, ਪੰਜਾਬੀ ਈ ਕੂਕਣਾ ਈ,
ਜਿਥੇ ਖਲਾ ਖਲੋਤਾ ਏਂ ਥਾਂ ਛੱਡ ਦੇ।
ਮੈਨੂੰ ਇੰਝ ਲਗਦੈ, ਲੋਕੀਂ ਆਖਦੇ ਨੇ,
ਤੂੰ ਪੁੱਤਰਾ ਅਪਣੀ ਮਾਂ ਛੱਡ ਦੇ।

ਉਸਤਾਦ ਦਾਮਨ ਦੀ ਜ਼ਿੰਦਗੀ ਭਰ ਦੀ ਸਾਹਿਤਕ ਕਿਰਤ ਨੂੰ ਵਾਚਦਿਆਂ ਅਹਿਸਾਸ ਹੁੰਦਾ ਹੈ ਕਿ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਤੋਂ ਬਾਅਦ ਵੀਹਵੀਂ ਸਦੀ ਵਿਚ ਪੰਜਾਬੀ ਬੋਲੀ ਦੀਆਂ ਬਗ਼ਾਵਤੀ ਕਲਮਾਂ ਵਿਚ ਉਹ ਸ਼ੁਮਾਰ ਹੈ। ਜਦੋਂ ਜਦੋਂ ਵੀ ਦਾਮਨ ਨੂੰ ਪੰਜਾਬੀ ਵਿਚ ਲਿਖਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਉਦੋਂ ਹੀ ਉਨ੍ਹਾਂ ਨੇ ਆਪਣੀ ਕਲਮ ਰਾਹੀਂ ਇਸ ਦਾ ਜਵਾਬ ਦਿੱਤਾ:

ਇੱਥੇ ਬੋਲੀ ਪੰਜਾਬੀ ਹੀ ਬੋਲੀ ਜਾਵੇਗੀ,
ਉਰਦੂ ਵਿਚ ਕਿਤਾਬਾਂ ਦੇ ਠਣਦੀ ਰਹੇਗੀ।
ਇਹਦਾ ਪੁੱਤਰ ਹਾਂ ਇਹਦੇ ਤੋਂ ਦੁੱਧ ਮੰਗਨਾ,
ਮੇਰੀ ਭੁੱਖ ਇਹੀ ਛਾਤੀ ਤਣਦੀ ਰਹੇਗੀ।
ਇਹਦੇ ਲੱਖ ਹਰੀਫ਼ ਪਏ ਹੋਣ ਪੈਦਾ,
ਦਿਨ-ਬ-ਦਿਨ ਇਹਦੀ ਸ਼ਕਲ ਬਣਦੀ ਰਹੇਗੀ।



ਉਦੋਂ ਤੀਕ ਪੰਜਾਬੀ ਤੇ ਨਹੀਂ ਮਰਦੀ,
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਲੋਕ ਮਸਲਿਆਂ ਬਾਰੇ ਸਮੇਂ-ਸਮੇਂ 'ਤੇ ਲਿਖਦਿਆਂ ਉਸਤਾਦ ਦਾਮਨ ਨੇ ਸਾਂਝੇ ਪੰਜਾਬ ਦੇ ਲੋਕ ਕਵੀ ਹੋਣ ਦਾ ਰੁਤਬਾ ਹਮੇਸ਼ਾਂ ਬਣਾਈ ਰੱਖਿਆ। ਗੱਲ ਪੰਜਾਬੀ ਭਾਸ਼ਾ ਦੀ ਹੋਵੇ ਜਾਂ ਆਮ ਲੋਕਾਈ ਮਸਲਿਆਂ ਨਾਲ ਇਨਸਾਨੀਅਤ ਦੀ ਦਾਮਨ ਨੇ ਆਪਣੀ ਸ਼ਾਇਰੀ ਅਣਖ ਨਾਲ ਕੀਤੀ। ਜਦੋਂ ਵੀ ਉਸਤਾਦ ਦਾਮਨ ਨੂੰ ਉਰਦੂ ਵਿਚ ਲਿਖਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਆਪਣੀ ਕਵਿਤਾ ਰਾਹੀਂ ਜਵਾਬ ਦਿੱਤਾ:

ਉਰਦੂ ਦਾ ਮੈਂ ਦੋਖੀ ਨਾਹੀਂ ਤੇ
ਦੁਸ਼ਮਣ ਨਹੀਂ ਅੰਗਰੇਜ਼ੀ ਦਾ,
ਪੁੱਛਦੇ ਹੋ ਮੇਰੇ ਦਿਲ ਦੀ ਬੋਲੀ-
ਹਾਂ ਜੀ ਹਾਂ ਪੰਜਾਬੀ ਏ।

ਆਜ਼ਾਦੀ ਸੰਗਰਾਮ ਦੀ ਸਿਆਸਤ ਦੀ ਜਾਗ ਉਨ੍ਹਾਂ ਨੂੰ ਮੀਆਂ ਇਫ਼ਤਿਖ਼ਾਰਉਦੀਨ ਨੇ ਲਾਈ ਸੀ। ਦਰਅਸਲ, 1930 ਵਿਚ ਉਸਤਾਦ ਦਾਮਨ ਦੀ ਸ਼ਾਇਰੀ ਸੁਣਨ ਦਾ ਸਬੱਬ ਮੀਆਂ ਇਫ਼ਤਿਖ਼ਾਰਉਦੀਨ ਲਈ ਉਦੋਂ ਬਣਿਆ ਜਦੋਂ ਉਹ ਆਪਣੇ ਇਕ ਸੂਟ ਦੀ ਸਿਲਾਈ ਲਈ ਉਨ੍ਹਾਂ ਦੀ ਦੁਕਾਨ 'ਤੇ ਆਇਆ। ਸ਼ਾਇਰੀ ਤੋਂ ਪ੍ਰਭਾਵਿਤ ਹੋ ਕੇ ਮੀਆਂ ਨੇ ਇਕ ਜਲਸੇ ਦੌਰਾਨ ਕਵਿਤਾ ਸੁਣਾਉਣ ਲਈ ਦਾਮਨ ਨੂੰ ਸੱਦਾ ਦਿੱਤਾ। ਇਸ ਜਲਸੇ ਮੌਕੇ ਦਾਮਨ ਨੇ ਆਪਣੀ ਕਵਿਤਾ ਰਾਹੀਂ ਹਰ ਇਨਸਾਨੀਅਤਪਸੰਦ ਵਿਅਕਤੀ ਨੂੰ ਮੋਹ ਲਿਆ:

ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ-ਵਿਚੀ,
ਖੋਏ ਤੁਸੀਂ ਵੀ ਓ ਤੇ ਖੋਏ ਅਸੀਂ ਵੀ ਆਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।

ਕੁਝ ਉਮੀਦ ਏ ਜ਼ਿੰਦਗੀ ਮਿਲ ਜਾਵੇਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।
ਜਿਉਂਦੀ ਜਾਨ ਵੀ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।

ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਉਸ ਮੌਕੇ ਉੱਥੇ ਹਾਜ਼ਰ ਪੰਡਤ ਨਹਿਰੂ ਨੇ ਭਾਵੁਕ ਹੋ ਕੇ ਉਸਤਾਦ ਦਾਮਨ ਨੂੰ ਗਲਵੱਕੜੀ ਵਿਚ ਲੈ ਲਿਆ ਤੇ 'ਆਜ਼ਾਦੀ ਦਾ ਸ਼ਾਇਰ' ਕਹਿ ਕੇ ਉਨ੍ਹਾਂ ਦੀ ਕਲਮ ਨੂੰ ਮਾਣ ਬਖ਼ਸ਼ਿਆ। ਦਾਮਨ ਦਾ ਪੰਜਾਬੀ ਭਾਸ਼ਾ ਲਈ ਮੋਹ ਜੱਗ ਜ਼ਾਹਰ ਹੈ। ਇਸ ਦੇ ਨਾਲ ਹੀ ਦਾਮਨ ਦੀ ਬਾਗ਼ੀਆਨਾ ਕਲਮ ਸਿੱਧੇ ਰੂਪ ਵਿਚ ਸਮੇਂ ਦੀਆਂ ਹਕੂਮਤਾਂ ਨੂੰ ਸਵਾਲ ਵੀ ਕਰਦੀ ਰਹੀ ਹੈ ਅਤੇ ਵਿਅੰਗਮਈ ਰੂਪ ਵਿਚ ਚੋਟ ਵੀ।

ਸਾਡੇ ਸੱਭਿਆਚਾਰ ਦੇ ਪੱਖ ਤੋਂ ਦਾਮਨ ਦੇ ਲਿਖੇ ਇਕ ਗੀਤ ਦੇ ਬੋਲ 'ਮੈਨੂੰ ਧਰਤੀ ਕਲੀ ਕਰਾ ਦੇ, ਮੈਂ ਨੱਚਾਂਗੀ ਸਾਰੀ ਰਾਤ' ਹਮੇਸ਼ਾਂ ਸਾਡੀਆਂ ਖ਼ੁਸ਼ੀਆਂ ਵਿਚ ਭਾਈਵਾਲ ਬਣ ਕੇ ਰਹੇ ਹਨ ਤੇ ਅੱਗੇ ਵੀ ਹਮੇਸ਼ਾਂ ਰਹਿਣਗੇ।

ਅੱਜ ਦੇ ਦੌਰ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੋਂ ਦੂਰ ਹੋ ਰਹੀ ਪੀੜ੍ਹੀ ਅਤੇ ਸਾਡੇ ਪੰਜਾਬ ਦੀ ਧਰਤੀ ਨਾਲ ਜੁੜੇ ਸਾਹਿਤਕਾਰਾਂ ਨੂੰ ਉਸਤਾਦ ਦਾਮਨ ਦੀ ਕਲਮ ਤੇ ਪੰਜਾਬੀ ਭਾਸ਼ਾ ਲਈ ਮੋਹ ਤੋਂ ਸੇਧ ਲੈਣ ਦੀ ਬਹੁਤ ਵੱਡੀ ਲੋੜ ਹੈ।

ਪੰਜਾਬੀ ਸ਼ਾਇਰ ਗੁਰਭਜਨ ਗਿੱਲ, ਉਸਤਾਦ ਦਾਮਨ ਬਾਰੇ ਲਿਖਦਾ ਹੈ ਕਿ 'ਉਸਤਾਦ ਦਾਮਨ ਦਰਵੇਸ਼ ਸ਼ਾਇਰ ਸੀ। ਉਸ ਨੇ ਰੱਜ ਕੇ ਸਾਂਝੇ ਪੰਜਾਬ ਦਾ ਦਰਦ ਗਾਇਆ। ਉਸ ਦੀ ਹਰ ਸਤਰ 'ਚੋਂ ਪੀੜ ਨੁੱਚੜਦੀ ਹੈ, ਜਿਵੇਂ ਵੇਲਣੇ 'ਚ ਗੰਨੇ ਨਹੀਂ, ਬੰਦੇ ਪੀੜੇ ਜਾ ਰਹੇ ਹੋਣ'।

ਉਸਤਾਦ ਦਾਮਨ ਦੇ ਜਿਉਂਦੇ ਜੀਅ ਉਨ੍ਹਾਂ ਦੀ ਕੋਈ ਪੁਸਤਕ ਪ੍ਰਕਾਸ਼ਿਤ ਨਾ ਹੋਣ ਬਾਰੇ ਪਤਾ ਲੱਗਦਾ ਹੈ। ਉਹ ਹਮੇਸ਼ਾ ਜ਼ੁਬਾਨੀ ਹੀ ਯਾਦ ਰੱਖਦੇ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਲਈ ਕੁਝ ਉਪਰਾਲੇ ਜ਼ਰੂਰ ਹੋਏ ਹਨ। ਉਸਤਾਦ ਦਾਮਨ ਬਾਰੇ ਜਿੰਨਾ ਵੀ ਲਿਖਿਆ ਜਾਵੇ, ਥੋੜ੍ਹਾ ਹੈ। ਉਨ੍ਹਾਂ ਦੀ ਸਾਹਿਤਕ ਦੇਣ ਹਮੇਸ਼ਾਂ ਹੀ ਪੰਜਾਬੀ ਭਾਸ਼ਾ ਵਿਚ ਧਰੂ ਤਾਰੇ ਵਾਂਗ ਚਮਕਦੀ ਰਹੇਗੀ। ਕਿਰਤੀ ਪੰਜਾਬੀਆਂ ਲਈ ਉਸਤਾਦ ਦੇ ਲਿਖੇ ਇਹ ਢੁਕਵੇਂ ਬੋਲ ਹਨ:

ਬਿਖਰੇ ਵਰਕਿਆਂ ਦੀ ਹੋ ਗਈ ਜਿਲਦਬੰਦੀ,
ਮੈਂ ਇਕ ਖੁੱਲ੍ਹੀ ਕਿਤਾਬ ਨੂੰ ਵੇਖਦਾ ਆਂ।
ਇਹ ਵਿਸਾਖੀ ਦੀਆਂ ਮਿਹਰਬਾਨੀਆਂ ਨੇ,
ਬੰਬੇ ਵਿਚ ਵੀ ਪੰਜਾਬ ਨੂੰ ਵੇਖਦਾ ਆਂ।

## ਕਾਵਿ-ਕਿਆਰੀ

### ਅੰਦਰ ਝਾਤ

ਧਰਤ ਦੀ ਗੋਦ 'ਚੋਂ ਲੱਭ ਕੇ ਸੋਨਾ ਚਾਂਦੀ,
ਫਿਰ ਹੀਰੇ ਮੋਤੀਆਂ ਦੇ, ਲੈ ਖ਼ੁਆਬ ਬੈਠਾ।

ਅਕਾਸ਼ 'ਤੇ ਮਾਰ ਉਡਾਰੀ ਭਾਲ ਕੇ ਗ੍ਰਹਿ,
ਮੱਥੇ 'ਚੋਂ ਦੇਖਦਾ ਸੀ ਜੋ, ਲੈ ਜਵਾਬ ਬੈਠਾ।

ਅੰਦਰ ਦੀ ਖੋਜ 'ਚੋਂ ਪੰਜ ਵੈਰੀ ਲੱਭ ਲਏ,
ਸਾਗਰ ਨੂੰ ਰਿੜਕ, ਕੱਢ ਕੇ ਸ਼ਰਾਬ ਬੈਠਾ।

ਨਾ ਚਿੰਤਾ ਘਟੀ ਨਾ ਹੀ ਤ੍ਰਿਸ਼ਨਾ ਬੁੱਝਦੀ,
ਕਰਮਾਂ ਦਾ ਲੇਖਾ ਜੋਖਾ, ਲੈ ਹਿਸਾਬ ਬੈਠਾ।

ਹਉਮੈ ਦੀ ਕਰ ਸਵਾਰੀ ਭੁੱਲਿਆ ਸਭ ਨੂੰ,
ਝੂਠ ਦਾ ਪੁਲੰਦਾ ਚੁੱਕ, ਬਣ ਨਵਾਬ ਬੈਠਾ।

ਨਫ਼ਰਤ ਦੀ ਹਨ੍ਹੇਰੀ ਦਾ ਮੰਜ਼ਰ ਹੈ ਚੁਫ਼ੇਰੇ,
ਅਰਮਾਂ ਬੇਕਸਾਂ ਦੇ, ਭੁੰਨ ਕੇ ਕਬਾਬ ਬੈਠਾ।

ਲੈ ਰਾਜਾਂ ਦੇ ਸੁਫ਼ਨੇ ਕਰ ਜ਼ੁਲਮ ਇੰਤਹਾ,
ਹਾਅ ਬਦਨਸੀਬਾਂ ਦੀ, ਲੈ ਜਨਾਬ ਬੈਠਾ।

ਇੱਕੀਵੀਂ ਸਦੀ ਨੂੰ ਲੱਗੇ ਅਤੀਤ ਉਸਨੂੰ,
ਕਰਮਾਂ-ਪਖੰਡਾਂ ਵਾਲੀ, ਲੈ ਕਿਤਾਬ ਬੈਠਾ।

ਯੁੱਗ ਵਿਗਿਆਨ ਦਾ ਜਾਪੇ ਫ਼ਜ਼ੂਲ ਹੁਣ,
ਅਲਾਪ ਤਾਂਡਵ ਦਾ, ਲੈ ਅਸਬਾਬ ਬੈਠਾ।

*-ਸੇਵਾ ਸਿੰਘ 'ਨੂਰਪੁਰੀ'*

---

### ਰੰਗ ਬਦਲਦੀ ਦੁਨੀਆ

ਦੁਨੀਆ ਸੋਹਣੀਆਂ ਸ਼ਕਲਾਂ ਪਿੱਛੇ
ਭੱਜੀ ਫਿਰਦੀ ਏ
ਅਕਲਾਂ ਵਲੋਂ ਲਗਦਾ ਜਿਵੇਂ,
ਅਪਾਹਜ ਹੋ ਗਈ ਏ।
ਕਦਰ ਨਹੀਂ ਇਹ ਕਰਦੀ ਚੰਦਰੀ,
ਚਿੱਟੇ ਧੌਲਿਆਂ ਦੀ
ਧੌਲੇ ਛੱਡ ਕੇ ਧੇਲਿਆਂ ਦੀ,
ਮੁਹਤਾਜ ਹੋ ਗਈ ਏ।

ਮਾਂ ਤਰਸਦੀ ਮਿਲਣ ਵਾਸਤੇ,
ਪੁੱਤ ਪਰਦੇਸੀਆ ਨੂੰ
ਜੋ FACE TIME ਦੇ ਮੇਲਿਆਂ ਦੀ,
ਮੁਹਤਾਜ ਹੋ ਗਈ ਏ
ਹੀਰ ਲਾਈਕ ਨੀ ਕਰਦੀ,
ਮੱਝਾਂ ਵਾਲੇ ਰਾਂਝਣ ਨੂੰ
ਉਹ ਕਾਰਾਂ ਵਾਲੇ ਸਹੇਲਿਆਂ ਦੀ,
ਮੁਹਤਾਜ ਹੋ ਗਈ ਏ।

ਟਿਕ-ਟੌਕ ਨੇ ਦੁਨੀਆ ਸਾਰੀ
ਕਮਲੀ ਕਰ ਦਿੱਤੀ
ਇਹ ਕੈਂਸਰ ਜਿਹੀ ਬਿਮਾਰੀ,
ਬੇਇਲਾਜ ਹੋ ਗਈ ਏ।
ਸ਼ਾਮ ਸਵੇਰੇ ਪੋਸਟ ਪਾ ਕੇ,
ਗਾਲ੍ਹਾਂ ਕੱਢ ਕੱਢ ਲੜਦੇ ਆ
Facebook ਵੀ ਵਿਹਲਿਆਂ ਦੀ,
ਮੁਹਤਾਜ ਹੋ ਗਈ ਏ।

ਤਾਜ ਮਹਿਲ ਵਿਚ ਜਾ ਕੇ ਕਸਮਾਂ,
ਖਾਧੀਆਂ ਸੀ ਜਿਸਨੇ
ਉਹ ਵੀ ਚੰਦਰੀ ਗੈਰਾਂ ਦੀ,
ਮੁਮਤਾਜ ਹੋ ਗਈ ਏ
ਕਹਿੰਦੀ ਸੀ ਜੋ ਤੇਰੇ ਪੱਗ ਦੀ
ਝਾਲਰ ਆਂ ਸੱਜਣਾ
ਡਾਨਸੀਵਾਲੀਆ ਕਿਸੇ ਦੇ ਸਿਰ ਦਾ,
ਤਾਜ ਹੋ ਗਈ ਏ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

---

### ਪਿਆਰ ਦਾ ਆਗਾਜ਼

ਤੇਰੇ ਮੇਰੇ ਪਿਆਰ ਦਾ ਆਗਾਜ਼ ਹੋ ਗਿਆ।
ਜ਼ਿੰਦਗੀ ਦਾ ਵੱਖਰਾ ਮਿਜ਼ਾਜ ਹੋ ਗਿਆ।
ਜੋ ਵੀ ਅਸੀਂ ਚਾਹਿਆ ਰਿਹਾ ਉਹੀ ਮਿਲਦਾ,
ਲੱਗਦਾ ਏ ਰੱਬ ਦਾ ਲਿਹਾਜ਼ ਹੋ ਗਿਆ।

ਸੰਗੀ ਸਾਥੀ ਸਾਨੂੰ ਸਾਰੇ ਕਹਿਣ ਲੱਗ ਪਏ,
ਜੀਉਣ ਦਾ ਅਲੱਗ ਹੈ ਅੰਦਾਜ਼ ਹੋ ਗਿਆ।
ਰੋਮ-ਰੋਮ ਸਾਡਾ ਨਸ਼ਿਆਇਆ ਰਹਿੰਦਾ ਏ,
ਅੰਗ-ਅੰਗ ਸਾਡਾ ਕੋਈ ਸਾਜ਼ ਹੋ ਗਿਆ।

ਹੀਰੇ ਵਾਂਗੂੰ ਸਾਨੂੰ ਤੁਸਾਂ ਨੇ ਤਰਾਸ਼ਿਆ,
ਮੁਹੱਬਤ ਤੇਰੀ 'ਤੇ ਸਾਨੂੰ ਨਾਜ਼ ਹੋ ਗਿਆ।
ਸਾਡੀ ਜ਼ਿੰਦਗੀ 'ਚ ਤੇਰਾ ਆਉਣਾ ਸ਼ੁੱਭ ਏ,
ਸਾਡਾ ਸਾਰਾ ਸਿੱਧਾ ਕੰਮਕਾਜ ਹੋ ਗਿਆ।

ਤੇਰੀ ਸਿਹਤਯਾਬੀ ਲਈ ਦੁਆਵਾਂ ਮੰਗਦਾ,
ਸਾਡੇ ਸਿਰ ਵਾਲਾ ਤੂੰ ਤੇ ਤਾਜ ਹੋ ਗਿਆ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*
*ਫੋਨ: +13604481989*

# ਡਾਰੋਂ ਵਿਛੜੀ ਕੂੰਜ

ਕਹਾਣੀ

***ਅਮਰੀਕਾ ਵੱਸਦੀ ਲੇਖਕਾ ਲਾਜ ਨੀਲਮ ਸੈਣੀ ਦੀ ਕਹਾਣੀ 'ਡਾਰੋਂ ਵਿਛੜੀ ਕੂੰਜ' ਵਿਚ ਰਿਸ਼ਤਿਆਂ ਦਾ ਰਾਗ, ਪਰਵਾਸ ਦੀ ਪਰਵਾਜ਼ ਅਤੇ ਜ਼ਿੰਦਗੀ ਦੀ ਜੁਸਤਜੂ ਹੈ। ਇਸ ਵਿਚ ਜ਼ਿੰਦਗੀ ਦੇ ਨੈਣਾਂ ਵਿਚ ਹਰ ਪਲ ਪਲਮਦੇ ਸੁਪਨੇ ਹਨ ਜੋ ਲਗਾਤਾਰ ਅੰਗੜਾਈਆਂ ਭਰਦੇ ਹਨ। ਇਹ ਅਸਲ ਵਿਚ ਧੜਕਦੀ ਜ਼ਿੰਦਗੀ ਦੀਆਂ ਬਾਤਾਂ ਹਨ।***

ਮੈਂ ਪਿਛਲੇ ਕੁਝ ਦਿਨਾਂ ਤੋਂ ਮੋਰੀ ਐਵਿਨਿਊ ਤੋਂ ਲੰਘਦਿਆਂ ਪੰਛੀਆਂ ਦੀਆਂ ਡਾਰਾਂ ਨੂੰ ਅਸਮਾਨ ਵਿਚ ਉਡਦਿਆਂ ਤੱਕਦੀ ਹਾਂ। 'ਇਹ ਪੰਛੀ ਏਥੇ ਕਿਵੇਂ ਆ ਗਏ? ਪਹਿਲਾਂ ਤਾਂ ਕਦੀ ਨਹੀਂ ਦੇਖੇ, ਅਸਮਾਨ ਉਪਰ ਉਡਦੇ ਕਿੰਨੇ ਸੁਹਣੇ ਲੱਗਦੇ ਹਨ।' ਜੀਅ ਕਰਦੈ ਕਾਰ ਨੂੰ ਇਕ ਪਾਸੇ ਖੜ੍ਹੀ ਕਰ ਕੇ, ਇਨ੍ਹਾਂ ਨੂੰ ਜੀ ਭਰ ਕੇ ਤੱਕਾਂ ਪਰ ਕੰਮ 'ਤੇ ਸਮੇਂ ਸਿਰ ਪਹੁੰਚਣ ਦੇ ਖਿਆਲ ਨਾਲ ਇਸ ਇੱਛਾ ਨੂੰ ਮਨ ਵਿਚ ਹੀ ਦਬਾ ਲੈਂਦੀ ਹਾਂ...।

ਕੰਮ 'ਤੇ ਪੁੱਜ ਕੇ ਇਹ ਡਾਰਾਂ ਘੰਟਿਆਂ ਬੱਧੀ ਮੇਰੀਆਂ ਅੱਖਾਂ ਸਾਹਮਣੇ ਘੁੰਮਦੀਆਂ ਹਨ। ਮੈਨੂੰ ਕੁਝ ਯਾਦ ਕਰਵਾਉਂਦੀਆਂ ਹਨ। ਪੰਛੀਆਂ ਦੀਆਂ ਇਨ੍ਹਾਂ ਡਾਰਾਂ ਨੂੰ ਲੈ ਕੇ ਮੇਰੇ ਦਿਲ ਵਿਚ ਰਹਿ-ਰਹਿ ਕੇ ਭਾਵਨਾਵਾਂ ਦਾ ਵਾਵਰੋਲਾ ਉਠ ਰਿਹੈ।



ਅੱਜ ਸਕੂਲ ਤੋਂ ਵਾਪਸ ਘਰ ਆ ਕੇ ਚਾਹ ਪੀਣ ਲੱਗੀ ਤਾਂ ਬਹੁਤ ਪਿੱਛੇ ਪਹੁੰਚ ਗਈ ਹਾਂ: ਆਪਣੇ ਵਤਨ, ਆਪਣੇ ਪਿੰਡ, ਆਪਣੇ

**ਲਾਜ ਨੀਲਮ ਸੈਣੀ**
**ਫੋਨ: 510-502-0551**

ਘਰ, ਬਚਪਨ ਵਿਚ...। ਰੋਜ਼ ਸ਼ਾਮ ਢਲੀ 'ਤੇ ਕੂੰਜਾਂ ਦੀਆਂ ਡਾਰਾਂ ਇਕ ਤੋਂ ਬਾਅਦ ਇਕ ਕੋਠੇ ਉਪਰੋਂ ਲੰਘਦੀਆਂ।

ਮੈਂ ਆਪਣੇ ਭੈਣ-ਭਰਾ ਨਾਲ ਛੱਤ 'ਤੇ ਖੜ੍ਹ ਡਾਰ ਮੱਲਣ ਖੇਡਦੀ। ਅਸੀਂ ਤਿੰਨੇ ਡਾਰ ਵਿਚਲੀਆਂ ਕੂੰਜਾਂ ਨੂੰ ਗਿਣਨਾ ਸ਼ੁਰੂ ਕਰਦੇ। ਸਭ ਤੋਂ ਵੱਡੀ ਡਾਰ ਵੱਲ ਉਂਗਲ ਕਰ-ਕਰ ਕੇ ਕਹਿੰਦੇ, "ਇਹ ਡਾਰ ਮੇਰੀ ਆ, ਔਹ ਡਾਰ ਮੇਰੀ ਆ...।"

ਇਕ ਦਿਨ ਅਚਾਨਕ ਅਸਮਾਨ ਉਪਰੋਂ ਦੋ ਡਾਰਾਂ ਲੰਘੀਆਂ। ਉਨ੍ਹਾਂ ਤੋਂ ਬਾਅਦ ਇਕ ਕੂੰਜ ਇਕੱਲੀ ਉਚੀ-ਉਚੀ ਕੁਰਲਾਉਂਦੀ ਇੱਧਰ-ਉੱਧਰ ਘੁੰਮਣ ਲੱਗੀ। ਅਸੀਂ ਤਿੰਨੇ ਹੈਰਾਨ ਹੋ ਕੇ ਉਸ ਵੱਲ ਤੱਕ ਰਹੇ ਸੀ ਕਿਉਂਕਿ ਇਸ ਤੋਂ ਪਹਿਲਾਂ ਅਸੀਂ ਕਦੀ ਕਿਸੇ ਕੂੰਜ ਨੂੰ ਏਦਾਂ ਕੁਰਲਾਉਂਦੇ ਨਹੀਂ ਸੀ ਤੱਕਿਆ। ਇੰਨੇ ਨੂੰ ਮੰਮੀ ਉਪਰ ਆ ਗਏ। ਸਾਨੂੰ ਉਸ ਕੂੰਜ ਵੱਲ ਤੱਕਦੇ ਦੇਖ ਬੋਲੇ, "ਲੱਗਦੈ, ਆਹ ਕੂੰਜ ਆਪਣੀ ਡਾਰ 'ਚੋਂ ਵਿਛੜ ਗਈ ਆ।" ਮੰਮੀ ਇਹ ਆਖ ਕੇ ਚਲੇ ਗਏ ਤੇ ਮੈਂ ਉਥੇ ਖੜ੍ਹੀ ਕਿੰਨੀ ਦੇਰ ਉਸ ਕੂੰਜ ਦੇ ਡਾਰ 'ਚੋਂ ਵਿਛੜਨ ਦੇ ਅਰਥ ਲੱਭਦੀ ਰਹੀ।

ਕੁਝ ਦਿਨਾਂ ਬਾਅਦ ਮੈਂ ਪਿੰਡ 'ਚ ਆਪਣੀਆਂ ਸਹੇਲੀਆਂ ਜੀਤੀ ਅਤੇ ਭੋਲੀ ਨਾਲ ਇਕ ਵਿਆਹ ਵਿਚ ਸ਼ਾਮਲ ਹੋਈ। ਵਿਆਹ ਵਿਚ ਸਾਰੇ ਲੋਕ ਬਹੁਤ ਸਜੇ-ਧਜੇ ਫਿਰ ਰਹੇ ਸਨ। ਮੈਂ ਪਹਿਲੀ ਵਾਰੀ ਕਿਸੇ ਕੁੜੀ ਨੂੰ ਲਾਲ ਕੱਪੜਿਆਂ ਵਿਚ ਤਿਆਰ ਹੋਏ ਦੇਖਿਆ ਸੀ। ਸਾਰਾ ਮਾਹੌਲ ਬਹੁਤ ਵਧੀਆ ਸੀ। ਮੇਰੇ ਕੱਪੜੇ ਤਾਂ ਹਮੇਸ਼ਾ ਦੀ ਤਰ੍ਹਾਂ ਹੀ ਮੰਮੀ ਨੇ ਬਹੁਤ ਸੁਹਣੇ ਪਾਏ ਹੋਏ ਸਨ। ਬਰਾਤ ਰੋਟੀ ਖਾਣ ਲੱਗੀ ਤਾਂ ਔਰਤਾਂ ਗਾਉਣ ਲੱਗੀਆਂ। ਹੱਥ ਵਿਚ ਲੱਡੂਆਂ ਦਾ ਥਾਲ ਫੜੀ, ਕੋਲੋਂ ਦੀ ਲੰਘਦੀ ਹੋਈ ਤਾਈ ਤੇਜੋ ਬੋਲੀ, "ਕੁੜੇ ਕੁੜੀਓ-ਵਹੁਟੀਓ! ਦੱਬ ਕੇ ਸਿੱਠਣੀਆਂ ਦੇ ਲਓ ਨਵੇਂ ਕੁੜਮਾਂ ਨੂੰ! ਆਹ ਪੁਰਾਣਾ ਜਵਾਈ ਵੀ ਸੁੱਕਾ ਨਾ ਜਾਵੇ! ਹੁਣੇ ਮੌਕਾ!"

ਮੈਂ ਸਹੇਲੀਆਂ ਵਿਚ ਖੜ੍ਹੀ ਨੇ ਸਿੱਠਣੀਆਂ ਬੜੇ ਧਿਆਨ ਨਾਲ ਸੁਣੀਆਂ। ਇਨ੍ਹਾਂ ਦੇ ਅਰਥ ਲੱਭਣ ਲਈ ਜਰਬਾਂ-ਤਕਸੀਮਾਂ ਦੇਣੀਆਂ ਸ਼ੁਰੂ ਕੀਤੀਆਂ।

ਰੋਟੀ-ਖਾਣ ਤੋਂ ਬਾਅਦ ਬਰਾਤ ਲੜਕੀ ਵਾਲੇ ਘਰ ਆਣ ਪਹੁੰਚੀ। ਲੜਕੀ ਦੇ ਭਰਾ ਉਸ ਨੂੰ ਵਿਆਂਦੜ ਮੁੰਡੇ ਦੇ ਮਗਰ ਤੋਰਨ ਲੱਗੇ। ਵਿਆਹ ਵਾਲੀ ਕੁੜੀ, ਲਾੜੇ ਦੇ ਮਗਰ ਤੁਰੀ, ਘੁੰਡ ਵਿਚ ਲਿਪਟੀ ਉਚੀ-ਉਚੀ ਰੋ ਰਹੀ ਸੀ,

"ਅੱਜ ਰੋਂਦੀ ਜਾਂਦੀ ਜੀ, ਵੀਰ ਜੀ!
ਕੂੰਜ ਵਿਛੜ ਗਈ ਡਾਰ 'ਚੋਂ।"

ਔਰਤਾਂ ਪਿੱਛੇ-ਪਿੱਛੇ ਗਾਉਂਦੀਆਂ ਤੇ ਨੀਰ ਵਹਾਉਂਦੀਆਂ ਤੁਰੀਆਂ ਜਾ ਰਹੀਆਂ ਸਨ। ਡੋਲੀ ਤੋਰਨ ਵੇਲੇ ਮਾਹੌਲ ਇੰਨਾ ਕਰੁਣਾਮਈ ਸੀ ਕਿ ਮੇਰਾ ਬਾਲ ਮਨ ਪੰਘਰ ਗਿਆ ਅਤੇ ਹਮੇਸ਼ਾਂ ਖਿੜਿਆ ਰਹਿਣ ਵਾਲਾ ਚਿਹਰਾ ਮੁਰਝਾ ਗਿਆ। ਮੈਂ ਜੀਤੀ ਅਤੇ ਭੋਲੀ ਨੂੰ ਬਿਨਾਂ ਕੁਝ ਕਹੇ ਵਾਪਸ ਘਰ ਆ ਗਈ। ਇਸ ਗੀਤ ਦੇ ਬੋਲ ਮੇਰੇ ਦਿਲ ਵਿਚ ਘਰ ਕਰਕੇ ਮੇਰੇ ਅਵਚੇਤਨ ਵਿਚ ਪਰਵੇਸ਼ ਕਰ ਗਏ...।

ਮੈਂ ਵੱਡੀ ਹੋਈ। ਮੰਮੀ-ਡੈਡੀ ਨਾਲ ਪਿੰਡ ਅਤੇ ਰਿਸ਼ਤੇਦਾਰੀਆਂ ਵਿਚ ਬਹੁਤ ਸਾਰੇ ਵਿਆਹ ਖਾਧੇ। ਰਸਾਲੇ ਅਤੇ ਕਿਤਾਬਾਂ ਪੜ੍ਹੀਆਂ। ਇਨ੍ਹਾਂ ਗੀਤਾਂ ਦੇ ਅਰਥ ਲੱਭ ਲਏ। ਹੁਣ ਤਾਂ ਮੈਂ ਆਪ ਕਵਿਤਾਵਾਂ ਲਿਖਦੀ, ਬੋਲਦੀ ਅਤੇ ਭਾਸ਼ਣ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਂਦੇ ਵਕਤ 'ਆਓ ਬਦਲੀਏ ਇਹ ਰਿਵਾਜ, ਨਾ ਲਈਏ ਨਾ ਦਈਏ ਦਾਜ' ਜਿਹੇ ਵਿਸ਼ੇ ਹੀ ਚੁਣਦੀ।

ਇਕ ਦਿਨ ਜਦੋਂ ਕਾਲਜ ਪਹੁੰਚੀ ਤਾਂ ਮੇਰੀਆਂ ਦੋਵਾਂ ਸਹੇਲੀਆਂ ਜੀਤੀ ਤੇ ਭੋਲੀ ਦੇ ਨਾਲ ਇਕ ਹੋਰ ਕੁੜੀ ਵਿੰਦਰ ਜੋ ਮੈਨੂੰ ਚੰਗੀ ਲੱਗਦੀ ਸੀ, ਸਾਡੇ ਗਰੁੱਪ ਵਿਚ ਸ਼ਾਮਲ ਹੋ ਗਈ। ਉਹ ਹਰ ਵਕਤ ਸਾਡੇ ਨਾਲ ਰਹਿਣ ਲੱਗੀ। ਅਸੀਂ ਸਾਰੇ ਪੀਰੀਅਡ ਇਕੱਠੇ ਲਾਉਂਦੀਆਂ। ਵਿਹਲੇ ਪੀਰੀਅਡ ਕੋਈ ਕੋਨਾ ਦੇਖ ਕੇ ਜਾ ਬੈਠਦੀਆਂ ਸਾਂ। ਇਕ ਦਿਨ ਜਦੋਂ ਇਕਨਾਮਿਕਸ ਦਾ ਪੀਰੀਅਡ ਲਗਾਉਣ ਜਾ ਰਹੀਆਂ ਸਾਂ ਤਾਂ ਪ੍ਰੋ. ਗਿੱਲ ਨੇ ਆਵਾਜ਼ ਮਾਰ ਕੇ ਕਿਹਾ, "ਕੂੰਜਾਂ ਦੀ ਡਾਰ ਕਿੱਧਰ ਜਾ ਰਹੀ ਆ? ਅੱਜ ਪੀਰੀਅਡ ਨਈਂ ਲੱਗੇਗਾ।"

ਮੈਂ ਹਾਜ਼ਰ ਜਵਾਬ ਹੋ ਕੇ ਕਿਹਾ ਸੀ, "ਕੂੰਜਾਂ ਦੀ ਡਾਰ ਕਿੱਧਰ ਜਾਏਗੀ? ਪੀਰੀਅਡ ਨਾ ਲੱਗਿਆ ਤਾਂ ਮੁੜ ਗਰਾਊਂਡ ਵਿਚ ਜਾ ਬੈਠੇਗੀ ਤੇ ਅਗਲਾ ਪੀਰੀਅਡ ਲਗਾਉਣ ਤੋਂ ਬਾਅਦ ਘਰ ਚਲੀ ਜਾਵੇਗੀ। ਹੋਰ ਇਸ ਡਾਰ ਵਿਚਾਰੀ ਨੇ ਕਿੱਥੇ ਜਾਣਾ, ਸਰ?

ਪ੍ਰੋ. ਗਿੱਲ ਨੇ ਜਵਾਬ ਸੁਣ ਕੇ ਜ਼ੋਰ ਨਾਲ ਠਹਾਕਾ ਮਾਰਦੇ ਕਿਹਾ ਸੀ, "ਜਾਓ! ਫਿਰ ਅੱਜ ਗਰਾਊਂਡ 'ਚ ਉਡਾਰੀਆਂ ਮਾਰੋ" ਤੇ ਅਸੀਂ ਸਭ ਗਰਾਊਂਡ 'ਚੋਂ ਉਡਦੀਆਂ ਚਾਰੇ ਕੂੰਟਾਂ ਵਿਚ ਉਡ ਗਈਆਂ। ਮੈਂ ਅਮਰੀਕਾ ਆ ਗਈ, ਭੋਲੀ ਇਟਲੀ, ਜੀਤੀ ਨਾਲ ਦੇ ਪਿੰਡ ਕੁਰਾਲੇ ਅਤੇ ਵਿੰਦਰ ਨੇ ਵਿਆਹ ਨਾ ਕਰਵਾਇਆ...।

ਮੇਰਾ ਚਾਹ ਦਾ ਕੱਪ ਖਾਲੀ ਹੋ ਗਿਐ ਪਰ ਮੈਂ ਯਾਦਾਂ ਦੇ ਮੋਤੀ ਪਰੋਂਦੀ ਹੋਈ ਹਾਰ ਦੀ ਲੜੀ ਲੰਮੀ ਕਰ ਰਹੀ ਹਾਂ।

ਉਹ ਕਾਲਜ ਦੇ ਮਸਤੀ ਭਰੇ ਦਿਨ, ਨਾ ਕੰਮ ਦਾ ਫਿਕਰ ਤੇ ਨਾ ਬੱਚੇ ਦੀ ਚਿੰਤਾ, ਖਾਓ-ਪੀਓ-ਮੌਜ ਉਡਾਓ...ਕਿੰਨਾ ਕੁਝ ਪਿੱਛੇ ਰਹਿ ਗਿਆ...। ਮੈਂ ਆਪਣੇ ਹੀ ਮਨ ਨਾਲ ਗੱਲਾਂ ਕਰ ਰਹੀ ਹਾਂ। ਕਿਵੇਂ ਇਕ ਦਿਨ ਪੋਲੀਟੀਕਲ ਸਾਇੰਸ ਦਾ ਪੀਰੀਅਡ ਲਾਉਣ ਜਾਂਦੇ ਭੇਡ-ਚੁੱਟੇ ਆਸ਼ਕ ਨਾਲ ਟੱਕਰ ਹੋ ਗਈ ਸੀ। ਜੀਤੀ ਨੇ ਤਾਂ ਉਸਦੀ ਮਾਂ-ਭੈਣ ਗਿਣ ਦਿੱਤੀ। ਥੋੜ੍ਹਾ ਅੱਗੇ ਜਾ ਕੇ ਸਪੋਰਟਸ ਵਾਲੇ ਮਿਲ ਪਏ। ਅਸੀਂ ਨੀਵੀਆਂ ਪਾ ਲਈਆਂ। ਫਿਰ ਵੀ ਉਨ੍ਹਾਂ ਵਿਚੋਂ ਇਕ ਉਚੀ ਆਵਾਜ਼ 'ਚ ਬੋਲਿਆ, "ਕਹਿੰਦੇ! ਨਮੇ 'ਥੇਟਰ 'ਚ ਫਿਲਮ ਬਹੁਤ ਵਧੀਆ ਲੱਗੀ ਆ।"

"ਚਲੋ ਅੱਜ ਈ ਚੱਲਦੇ ਆਂ ਦੇਰ ਕਾਹਦੀ?" ਦੂਜਾ ਬੋਲਿਆ।

ਮੈਂ ਆਪਣੇ ਕਦਮ ਹੋਰ ਤੇਜ਼ ਕਰ ਲਏ ਪਰ ਜੀਤੀ ਨੇ ਉਚੀ ਸੁਰ ਕਰਦੇ ਕਿਹਾ, "ਫਿਲਮ ਤਾਂ ਸੱਚੀਂ ਬਹੁਤ ਸੁਹਣੀ ਆ। ਹੁਣ ਦੇਖ ਕੇ ਈ ਮੁੜਿਓ! ਮਾਂ ਦਿਓ ਦੀਨਿਓ!!"

"ਔਂਛਾ ਤੇਰੀ ਦੇਖੀ ਲੱਗਦੀ ਆ। ਕੀ ਨਾਂ ਫਿਲਮ ਦਾ...?" ਮੈਂ ਗੁੱਸੇ ਭਰੀਆਂ ਨਜ਼ਰਾਂ ਨਾਲ ਇਕ ਵਾਰੀ ਉਨ੍ਹਾਂ ਵੱਲ ਤੇ ਦੂਜੀ ਵਾਰੀ ਜੀਤੀ ਵੱਲ ਤੱਕਿਆ ਪਰ ਜੀਤੀ ਮੇਰੀ ਪ੍ਰਵਾਹ ਕੀਤੇ ਬਿਨਾਂ ਬੋਲੀ, "ਤੇਰੀ ਬੀਬੀ ਤੇ ਮੇਰਾ ਭਾਪਾ...ਅੱਜ ਦਾ ਸ਼ੋਅ ਦੇਖਣਾ ਨਾ ਭੁੱਲਿਓ।"

ਮੈਂ ਇਸ ਘਟਨਾ ਤੋਂ ਥੋੜ੍ਹਾ ਪ੍ਰੇਸ਼ਾਨ ਹੋ ਕੇ ਜੀਤੀ ਨਾਲ ਨਾਰਾਜ਼ ਹੋ ਗਈ ਤਾਂ ਜੀਤੀ ਬੋਲੀ, "ਨਵ ਤੂੰ ਸੁਹਣੀ ਈ ਬਹੁਤ ਆਂ, ਏਸ ਵਿਚ ਮੁੰਡਿਆਂ ਦਾ ਵੀ ਕੀ ਕਸੂਰ? ਹਾ-ਹਾ-ਹਾ ਜੇ ਮੈਂ ਵੀ ਮੁੰਡਾ ਹੁੰਦੀ ਤਾਂ ਸ਼ਾਇਦ ਤੈਨੂੰ ਛੇੜੇ ਬਿਨਾਂ ਨਾ ਲੰਘਦੀ।"

"ਜੀਤੀ ਕਦੀ ਪੜ੍ਹਾਈ ਦੀ ਗੱਲ ਵੀ ਕਰ ਲਿਆ ਕਰ। ਸਾਰਾ ਦਿਨ ਇਹੋ ਜਿਹੇ ਕਿੱਸੇ ਲੈ ਕੇ ਬੈਠੀ ਰਹਿੰਨੀ ਆਂ। ਤੈਨੂੰ ਪਤਾ ਕਲ੍ਹ ਗਿੱਲ ਸਰ ਨੇ ਟੈਸਟ ਲੈਣਾਂ, ਚਾਰ ਪ੍ਰਸ਼ਨ ਮਿਲੇ ਆ, ਯਾਦ ਕਰ ਲਏ?"

"ਮੈਂ ਤਾਂ ਤੇਰੀ ਆਸ 'ਤੇ ਹੀ ਬੈਠੀ ਆਂ, ਤੂੰ ਥੋੜ੍ਹਾ-ਬਹੁਤਾ ਦਿਖਾ ਦੇਈਂ। ਆਪਾਂ ਕਿਹੜਾ ਤੇਰੇ ਆਂਗ ਫ਼ਸਟ ਡਿਵੀਜ਼ਨ ਲੈਣੀ ਆਂ। ਬੱਸ ਬੀ.ਏ ਪਾਸ ਕਰਨੀ ਆਂ। ਜੇ ਫੇਲ੍ਹ ਹੋ ਗਈ ਤਾਂ ਸਹੁਰੇ ਘਰ ਬੇਜ਼ਤੀ ਬਹੁਤ ਖ਼ਰਾਬ ਹੋਊਗੀ।"

ਭੋਲੀ ਹੱਸ ਪਈ ਸੀ, "ਲੈ! ਅੱਜ ਤੈਨੂੰ ਆਪਣੀ ਬੇਜ਼ਤੀ ਖ਼ਰਾਬ ਹੋਣ ਦੀ ਚਿੰਤਾ ਲੱਗ ਗਈ। ਕੱਲ੍ਹ ਤਾਂ ਕਹਿੰਦੀ ਸੀ ਪਈ ਬੀ.ਏ ਪਾਸ ਕਰਾਂ ਜਾਂ ਫੇਲ੍ਹ, ਪਕਾਉਣੀਆਂ ਤਾਂ ਸੌਰ੍ਹੇ ਘਰ ਰੋਟੀਆਂ ਈ ਨੇ।"

ਭੋਲੀ ਦੀ ਗੱਲ ਸੁਣ ਅਸੀਂ ਉਚੀ-ਉਚੀ ਹੱਸ ਪਈਆਂ ਸੀ...।

ਸਾਰੇ ਪੀਰੀਅਡ ਖਤਮ ਕਰ ਵਿੰਦਰ ਸਾਨੂੰ ਬਾਏ-ਬਾਏ ਕਰਦੀ ਸੀਕਰੀ ਵੱਲ ਨੂੰ ਚੱਲ ਪਈ ਤੇ ਅਸੀਂ ਤਿੰਨੇ ਆਪਣੇ ਪਿੰਡ ਵੱਲ। ਅਜੇ ਪੈਟਰੋਲ ਪੰਪ ਲੰਘ ਕੇ ਭੱਠੇ ਕੋਲ ਹੀ ਪਹੁੰਚੀਆਂ ਸੀ ਕਿ ਅੱਗੇ ਬਿਜਲੀ ਵਾਲੇ ਖੰਭਾ ਪੁੱਟ ਰਹੇ ਸਨ। ਉਚੀ ਆਵਾਜ਼ ਵਿਚ "ਲਾ ਦੇ ਜ਼ੋਰ! ਹਈ ਸ਼ਾਅ!! ਖਿੱਚ ਜਵਾਨਾ! ਹਈ ਸ਼ਾਅ!!" ਆਪਣਾ ਤਕੀਆ ਕਲਾਮ ਬੋਲ ਰਹੇ ਸਨ।

ਸਾਨੂੰ ਨੇੜੇ ਆਉਂਦੀਆਂ ਤੱਕ ਇਕ ਬੋਲਿਆ, "ਪਿੰਡ ਦੀਆਂ ਕੁੜੀਆਂ! ਹਈ ਸ਼ਾਅ!! ਖੰਡ ਦੀਆਂ ਪੁੜੀਆਂ! ਹਈ ਸ਼ਾਅ!!

ਜੀਤੀ ਸਾਈਕਲ ਤੋਂ ਉਤਰ ਕੇ ਦੋ ਹੱਥ ਕਰਨ ਲਈ ਤਿਆਰ ਹੋ ਗਈ ਪਰ ਮੈਂ ਤੇ ਭੋਲੀ ਨੇ ਆਪਣੇ ਸਾਈਕਲ ਹੋਰ ਤੇਜ਼ ਕਰ ਲਏ ਤਾਂ ਉਹ ਵੀ ਬਿਨਾਂ ਲੜਾਈ ਕੀਤੇ ਸਾਡੇ ਪਿੱਛੇ ਹੀ ਆ ਗਈ। "ਮੈਨੂੰ ਉਨ੍ਹਾਂ ਦੀ ਮੁਰੰਮਤ ਨੀਂ ਕਰਨ ਦਿੱਤੀ?" ਉਸਦੀ ਆਵਾਜ਼ 'ਚ ਲੋਹੜੇ ਦਾ ਗੁੱਸਾ ਸੀ।

"ਤੈਨੂੰ ਕਿੰਨੀ ਵਾਰੀ ਕਿਹਾ ਚੁੱਪ ਕਰ ਕੇ ਆ ਜਾਇਆ ਕਰ, ਮੂਰਖਾਂ ਦੇ ਸਿਰ 'ਤੇ ਕਿਹੜਾ ਸਿੰਙ ਹੁੰਦੇ ਆ। ਨਾਲੇ ਕੀ ਪਤਾ ਕੌਣ ਨੇ?" ਮੈਂ ਆਪਣਾ ਪੱਖ ਪੇਸ਼ ਕੀਤਾ ਸੀ।

"ਲੈ ਪਤਾ ਕਿੱਦਾਂ ਨੀਂ, ਇਕ ਤਾਂ ਮੈਂ ਸਾਫ ਪਛਾਣ ਲਿਆ ਜਿਹੜਾ ਪਰਸੋਂ ਆਰੇ ਵਾਲਿਆਂ ਦੇ ਮੁੰਡੇ 'ਨਾ ਕਾਲਜ ਫਿਰਦਾ ਸੀ।" ਜੀਤੀ ਨੇ ਨਵੀਂ ਗੱਲ ਕੱਢ ਮਾਰੀ ਸੀ।

"ਕਿਹੜੇ ਆਰੇ ਵਾਲੇ?"

"ਭੁੱਲ ਗਈ! ਜਦੋਂ ਯੂਥ ਫੈਸਟੀਵਲ 'ਤੇ ਕਵਿਤਾ ਬੋਲ ਕੇ ਆਈ ਸੀ ਤਾਂ ਕਿਮੇਂ ਲਾਰਾਂ ਟਪਕਾਉਂਦਾ ਸਾਨੂੰ ਸੁਣਾ ਕੇ ਬੋਲਿਆ ਸੀ, "ਨਵ ਦਾ ਨਾਂ ਤਾਂ ਕਵਿਤਾ ਹੋਣਾ ਚਾਹੀਦਾ ਸੀ।"

ਭੋਲੀ ਮੱਥੇ 'ਤੇ ਵੱਟ ਪਾ ਕੇ ਬੋਲੀ ਸੀ, "ਸੱਚੀਂ, ਏਨੂੰ ਈ ਕਹਿੰਦੇ ਆ ਟਿੰਡੀਆਂ ਨੂੰ ਜ਼ੁਕਾਮ ਹੋਣਾਂ?" ਏਦਾਂ ਗੱਲਾਂ ਕਰਦੀਆਂ-ਕਰਦੀਆਂ ਅਸੀਂ ਪਿੰਡ ਪਹੁੰਚ ਗਈਆਂ ਸੀ...।

ਜੀਤੀ ਅਤੇ ਭੋਲੀ ਦੇ ਵਿਆਹ ਤੋਂ ਬਾਅਦ ਮੇਰੀ ਵਾਰੀ ਆ ਗਈ। ਵਿੰਦਰ ਪੜ੍ਹਾਈ ਪੂਰੀ ਕਰ ਕੇ ਖ਼ਾਲਸਾ ਕਾਲਜ ਵਿਚ ਇਕਨਾਮਿਕਸ ਦੀ ਲੈਕਚਰਾਰ ਲੱਗ ਗਈ। ਕੁਝ ਘਰੇਲੂ ਕਾਰਨਾਂ ਤੇ ਕੁਝ ਉਹਦੀ ਆਜ਼ਾਦ ਰਹਿਣ ਦੀ ਇੱਛਾ ਕਰਕੇ ਵੀ, ਵਿੰਦਰ ਦਾ ਵਿਆਹ ਨਾ ਕਰਵਾਉਣ ਦਾ ਫੈਸਲਾ ਅਟੱਲ ਸੀ। ਮੇਰੇ ਲਈ ਇਕ ਲੰਮੀ ਤਲਾਸ਼ ਤੋਂ ਬਾਅਦ ਇਕ ਸ਼ਰੀਫ਼ ਖ਼ਾਨਦਾਨ ਦਾ ਬਹੁਤ ਹੀ ਸ਼ਰੀਫ਼



ਲੜਕਾ ਮੰਮੀ-ਡੈਡੀ ਨੇ ਲੱਭਿਆ, ਜੋ ਅਮਰੀਕਾ ਦਾ ਗਰੀਨ ਕਾਰਡ ਹੋਲਡਰ ਸੀ...।

ਇਕ ਪਲ ਲਈ ਮੇਰੀਆਂ ਯਾਦਾਂ ਦੀ ਲੜੀ ਰਿੱਕੀ ਤੋੜ ਦਿੰਦਾ ਹੈ। ਮੈਂ ਉਸਨੂੰ ਦੁੱਧ ਦੀ ਬੋਤਲ ਫੜਾ ਉਸ ਦੇ ਕੋਲ ਹੀ ਬੈਠ ਗਈ ਹਾਂ। ਮੈਂ ਵਿਆਹ ਦੀ ਯਾਦ ਨੂੰ ਤਾਜ਼ਾ ਕਰਨ ਲਈ ਮੂਵੀ ਲਗਾ ਲਈ ਹੈ। ਜੀਤੀ ਅਤੇ ਵਿੰਦਰ ਮੇਰੇ ਵਿਆਹ ਵਿਚ ਨੈਣ ਵਾਂਗ ਘੁੰਮ ਰਹੀਆਂ ਹਨ। ਬਰਾਤ ਚਾਹ ਪੀ ਰਹੀ ਏ। ਪਿੰਡ ਦੀਆਂ ਔਰਤਾਂ ਸਿੱਠਣੀਆਂ ਦੇ ਰਹੀਆਂ ਹਨ।

ਡੋਲੀ ਤੁਰਨ ਵੇਲੇ ਤਾਂ ਮੈਂ ਬਹੁਤ ਰੋ ਰਹੀ ਹਾਂ। ਮੇਰੀਆਂ ਚਾਚੀਆਂ, ਤਾਈਆਂ, ਭੂਆ, ਭਰਜਾਈਆਂ, ਮਾਮੀਆਂ ਅਤੇ ਮਾਸੀਆਂ, ਸਾਡੇ ਪਿੱਛੇ ਗਾ ਰਹੀਆਂ ਨੇ,

"ਅੱਜ ਰੋਂਦੀ ਜਾਂਦੀ ਜੀ ਵੀਰ ਜੀ,
ਕੂੰਜ ਵਿਛੜ ਗਈ ਡਾਰ 'ਚੋਂ।"

ਅੱਜ ਵੀ ਇਹ ਸੀਨ ਮੇਰੇ ਤੋਂ ਦੇਖਿਆ ਨਹੀਂ ਜਾ ਰਿਹਾ। ਮੈਂ ਟੀ ਵੀ ਬੰਦ ਕਰ ਦਿੱਤੈ।

ਮੈਨੂੰ ਅਮਰੀਕਾ ਆਏ ਤਿੰਨ ਵਰ੍ਹੇ ਹੋ ਗਏ ਹਨ। ਇਸ ਸਮੇਂ ਦੌਰਾਨ ਵਿੰਦਰ ਦੀਆਂ ਚਿੱਠੀਆਂ ਲਗਾਤਾਰ ਮਿਲ ਰਹੀਆਂ ਹਨ। ਮੈਂ ਉਸ ਦੀ ਹਰ ਚਿੱਠੀ ਦਾ ਜਵਾਬ ਦਿੰਦੀ ਹਾਂ। ਇਥੋਂ ਦੀ ਜ਼ਿੰਦਗੀ ਮੈਨੂੰ ਚੰਗੀ ਲੱਗਦੀ ਹੈ। ਰਾਜੇਸ਼ ਦਾ ਨਿੱਘਾ ਸਾਥ ਵੀ। ਉਹ ਮੈਨੂੰ ਕਿਸੇ ਦੀ ਕਮੀ ਮਹਿਸੂਸ ਨਹੀਂ ਹੋਣ ਦਿੰਦਾ, ਵਿੰਦਰ ਨੂੰ ਜਵਾਬਾਂ ਵਿਚ ਲਿਖਦੀ ਹਾਂ...।

ਮੈਂ ਕੰਮ 'ਤੇ ਜਾਣਾ ਸ਼ੁਰੂ ਕਰ ਦਿੰਦੀ ਹਾਂ। ਮੇਰੀਆਂ ਚਿੱਠੀਆਂ ਜਾਣੀਆਂ ਘਟ ਜਾਂਦੀਆਂ ਹਨ। ਵਿੰਦਰ ਸੋਚਦੀ ਹੈ ਕਿ ਮੈਂ ਬਦਲ ਗਈ ਹਾਂ...।

ਪੂਰੇ ਢਾਈ ਵਰ੍ਹੇ ਬਾਅਦ ਅਸੀਂ ਦੋ ਤੋਂ ਤਿੰਨ ਹੋ ਗਏ ਹਾਂ। ਹੁਣ ਤਾਂ ਕਦੇ ਰੋਟੀ ਵੀ ਇਕੱਠੇ ਬੈਠ ਕੇ ਨਹੀਂ ਖਾਧੀ। ਰਾਜੇਸ਼ ਰਿੱਕੀ ਨੂੰ ਫੜਦਾ ਹੈ ਤਾਂ ਮੈਂ ਰੋਟੀ ਖਾਂਦੀ ਹਾਂ। ਮੈਂ ਰਿੱਕੀ ਨੂੰ ਫੜਦੀ ਹਾਂ ਤਾਂ ਉਹ ਰੋਟੀ ਖਾਂਦਾ ਹੈ। ਮੈਂ ਕੰਮ 'ਤੇ ਜਾਂਦੀ ਹਾਂ ਤਾਂ ਰਾਜੇਸ਼ ਰਿੱਕੀ ਕੋਲ ਹੁੰਦਾ ਹੈ। ਮੈਂ ਰਿੱਕੀ ਕੋਲ ਹੁੰਦੀ ਹਾਂ ਤਾਂ ਰਾਜੇਸ਼ ਕੰਮ 'ਤੇ ਜਾਂਦਾ ਹੈ। ਹੁਣ ਤਾਂ ਕਦੀ ਜੀਅ ਭਰ ਕੇ ਇਕ ਦੂਜੇ ਨੂੰ ਤੱਕਿਆ ਵੀ ਨਹੀਂ। ਬੱਸ ਫੋਨ 'ਤੇ ਹੀ ਗੱਲਾਂ ਹੁੰਦੀਆਂ ਹਨ...। ਮੈਂ ਮੌਕਾ ਮਿਲਦੇ ਹੀ ਵਿੰਦਰ ਨੂੰ ਖ਼ਤ ਲਿਖਦੀ ਹਾਂ। ਅਚਾਨਕ ਸਾਡਾ ਪ੍ਰੋਗਰਾਮ ਇੰਡੀਆ ਜਾਣ ਦਾ ਬਣ ਗਿਆ ਏ। ਅਸੀਂ ਸਿਰਫ਼ ਚਾਰ ਹਫ਼ਤੇ ਲਈ ਜਾ ਰਹੇ ਹਾਂ। ਮੈਂ ਵਿੰਦਰ ਨੂੰ ਸਰਪਰਾਈਜ਼ ਦੇਣਾ ਚਾਹੁੰਦੀ ਹਾਂ।

ਅਮਰੀਕਾ ਵਿਚ ਜੇਕਰ ਮੈਨੂੰ ਕੋਈ ਗੱਲ ਬਹੁਤ ਪਸੰਦ ਹੈ ਤਾਂ ਇਥੋਂ ਦੇ ਲੋਕਾਂ ਵਲੋਂ ਦਿੱਤੇ ਜਾਂਦੇ ਸਰਪਰਾਈਜ਼ ਅਤੇ ਸਰਪਰਾਈਜ਼ ਪਾਰਟੀਆਂ। ਮੈਨੂੰ ਬਹੁਤ ਚੰਗਾ ਲੱਗਿਆ ਸੀ ਜਦੋਂ ਮੇਰੇ ਜਨਮ ਦਿਨ 'ਤੇ ਮੇਰੀ ਸੁਪਰਵਾਈਜ਼ਰ ਨੇ ਮੈਨੂੰ ਸਰਪਰਾਈਜ਼ ਪਾਰਟੀ ਦਿੱਤੀ ਸੀ...।

ਮੈਂ ਖੁਸ਼ੀਆਂ ਦੀ ਕਨ੍ਹੇੜੀ ਚੜ੍ਹ ਕੇ ਇੰਡੀਆ ਜਾ ਰਹੀ ਹਾਂ। ਜਹਾਜ਼ ਦਾ ਕੱਦ ਇਸ ਕਨ੍ਹੇੜੀ ਨਾਲੋਂ ਕਿਤੇ ਛੋਟਾ ਲੱਗ ਰਿਹਾ ਏ। ਦਿੱਲੀ ਪਹੁੰਚਦੇ ਹੀ ਪਹਿਲੀ ਖ਼ਬਰ ਗਿੱਲ ਸਰ ਦੇ ਇਸ ਦੁਨੀਆਂ 'ਚ ਨਾ ਹੋਣ ਦੀ ਮਿਲੀ। ਮੈਂ ਟੈਕਸੀ ਵਿਚ ਨਹੀਂ ਗਿੱਲ ਸਰ ਦੀ ਕਲਾਸ ਵਿਚ ਬੈਠੀ ਹੀ ਪੰਜਾਬ ਪਹੁੰਚ ਗਈ...।

ਘਰ ਪਹੁੰਚਦੇ ਹੀ ਰਿੱਕੀ ਬਿਮਾਰ ਹੋ ਗਿਆ। ਰਾਜੇਸ਼ ਦੇ ਭਤੀਜੇ ਦਾ ਵਿਆਹ, ਜ਼ਮੀਨ ਦੀ ਵੰਡ-ਵੰਡਾਈ, ਰਹਿੰਦਾ ਖੂੰਹਦਾ ਸਮਾਂ ਖੰਭ ਲਾ ਕੇ ਉਡ ਗਿਆ। ਮੈਂ ਪਲ-ਪਲ ਵਿੰਦਰ ਨੂੰ ਮਿਲਣਾ ਲੋਚਦੀ, ਗਿੱਲ ਸਰ ਦਾ ਅਫ਼ਸੋਸ ਕਰਨਾ ਤੱਕਦੀ ਮੁੜ ਅਮਰੀਕਾ ਆ ਗਈ ਹਾਂ। ਮਨ 'ਤੇ ਪੱਥਰਾਂ ਵਰਗਾ ਬੋਝ ਹੈ। ਵਿੰਦਰ ਨੂੰ ਚਿੱਠੀ ਲਿਖ ਕੇ ਸਾਰੀ ਸਥਿਤੀ ਸਪੱਸ਼ਟ ਕਰਨਾ ਚਾਹੁੰਦੀ ਹਾਂ ਪਰ ਜ਼ਿੰਦਗੀ ਪਹਿਲਾਂ ਤੋਂ ਵੀ ਜ਼ਿਆਦਾ ਉਲਝ ਗਈ ਹੈ।

ਰਿੱਕੀ ਵੱਡਾ ਹੋ ਰਿਹਾ ਏ। ਜ਼ਿਆਦਾ ਧਿਆਨ ਮੰਗਦੈ। ਰਾਜੇਸ਼ ਕੰਮ 'ਤੇ ਹੈ। ਮੈਨੂੰ ਇਹ ਧਰਤੀ ਨਿਰਮੋਹੀ ਤੇ ਪਰਾਈ ਲੱਗਦੀ ਹੈ। ਕੋਈ ਵੀ ਆਪਣਾ ਹੋ ਕੇ ਨਹੀਂ ਮਿਲਦਾ। ਜੇ ਕੋਈ ਮਿਲ ਵੀ ਪੈਂਦਾ ਹੈ ਤਾਂ ਪਿੱਠ ਪਿੱਛੇ ਛੁਰਾ ਚੁਭਾਉਣਾ ਨਹੀਂ ਭੁੱਲਦਾ। ਜੋ ਮੂੰਹ 'ਤੇ ਆਪਣੇ ਹਨ, ਢਿੱਡ ਵਿਚ ਸਭ ਤੋਂ ਵੱਧ ਉਹ ਹੀ ਈਰਖਾ ਕਰਦੇ ਹਨ।

ਅਚਾਨਕ ਫੋਨ ਦੀ ਘੰਟੀ ਵੱਜੀ ਏ,

"ਹੈਲੋ! ਨਵ ਕੀ ਹਾਲ ਆ?"

"ਠੀਕ ਹਾਂ, ਰਾਜੇਸ਼ ਤੁਸੀਂ?"

"ਠੀਕ ਆਂ। ਵਿੰਦਰ ਦੀ ਚਿੱਠੀ ਆਈ ਆ ਪੜ੍ਹ ਲਈ?"

"ਨਈਂ! ਕਿੱਥੇ ਆ?"

"ਟੇਬਲ 'ਤੇ ਰੱਖ ਕੇ ਆਇਆ ਸੀ। ਪੜ੍ਹ ਕੇ ਫੋਨ ਕਰੀਂ।"

ਮੈਂ ਫੋਨ ਰੱਖ ਕੇ ਚਿੱਠੀ ਪੜ੍ਹਦੀ ਹਾਂ:

ਪਿਆਰੀ ਨਵ,

ਬਹੁਤ-ਬਹੁਤ ਪਿਆਰ।

ਮੇਰਾ ਖ਼ਤ ਦੇਖ ਕੇ ਇਹ ਤਾਂ ਸੋਚੇਂਗੀ ਕਿ ਮੈਂ ਤਾਂ ਇੰਡੀਆ ਜਾ ਕੇ ਮਿਲੀ ਤੱਕ ਵੀ ਨਹੀਂ ਪਰ ਇਹ ਕਿਸ ਲਾਲਚ ਨੂੰ ਪਿੱਛਾ ਨਹੀਂ ਛੱਡ ਰਹੀ। ਮੈਂ ਮੰਨਦੀ ਹਾਂ ਤੂੰ ਅਮਰੀਕਾ ਵਿਚ ਹੈਂ। ਬਹੁਤ ਡਾਲਰ ਹਨ ਪਰ ਮੈਨੂੰ ਤਾਂ ਤੇਰੇ ਪਿਆਰ ਤੋਂ ਬਿਨਾਂ ਕੁਝ ਨਹੀਂ ਚਾਹੀਦਾ ਸੀ। ਨਵ ਸੱਚ ਜਾਣੀਂ ਜਦ ਤੇਰੇ ਆਉਣ ਤੇ ਬਿਨਾਂ ਮਿਲੇ ਜਾਣ ਦੀ ਖ਼ਬਰ ਮਿਲੀ ਤਾਂ ਮੈਂ ਤਾਂ ਲੋਕਾਂ ਦੀ ਗੱਲ 'ਤੇ ਯਕੀਨ ਹੀ ਨਹੀਂ ਕੀਤਾ ਪਰ ਬਾਅਦ ਵਿਚ ਯਕੀਨ ਆ ਗਿਆ ਜਦੋਂ ਬਜ਼ਾਰ ਵਿਚ ਅਚਾਨਕ ਤੇਰੇ ਭਰਾ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ। ਮੈਂ ਸਿਰਫ਼ ਇਹ ਜਾਣਨਾ ਚਾਹੁੰਦੀ ਹਾਂ ਕਿ ਮੈਥੋਂ ਕੋਈ ਗਲਤੀ ਹੋ ਗਈ ਸੀ ਜਾਂ ਤੈਨੂੰ ਅਮਰੀਕਾ ਨੇ ਹੀ ਬਦਲ ਦਿੱਤਾ। ਮੈਂ ਤਾਂ ਤੇਰੇ ਕੋਲੋਂ ਕਦੇ ਕੁਝ ਮੰਗਿਆ ਹੀ ਨਹੀਂ। ਖ਼ੈਰ ਕੁਝ ਵੀ ਹੋਵੇ, ਹੁਣ ਮੈਂ ਆਪਣੀ ਕੋਈ ਵੀ ਖੁਸ਼ੀ-ਗ਼ਮੀ ਤੇਰੇ ਨਾਲ ਸਾਂਝੀ ਨਹੀਂ ਕਰਾਂਗੀ ਅਤੇ ਨਾ ਹੀ ਖਾਹ-ਮਖਾਹ ਤੈਨੂੰ ਪਰੇਸ਼ਾਨ ਕਰਾਂਗੀ। ਖ਼ਤ ਵੀ ਨਹੀਂ ਲਿਖਾਂਗੀ। ਤੂੰ ਮੇਰੀਆਂ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਹੈ। ਇਸ ਤੋਂ ਜ਼ਿਆਦਾ ਕੁਝ ਨਹੀਂ ਕਹਾਂਗੀ। ਕਸੂਰ ਤੇਰਾ ਨਹੀਂ, ਅਮਰੀਕਾ ਦਾ ਹੈ। ਮੇਰੇ ਵਲੋਂ ਭਾਅ ਜੀ ਨੂੰ ਸਤਿ ਸ੍ਰੀ ਅਕਾਲ ਅਤੇ ਰਿੱਕੀ ਨੂੰ ਪਿਆਰ!


ਤੇਰੀ ਸਹੇਲੀ,
ਵਿੰਦਰ।

ਵਿੰਦਰ ਦੀ ਚਿੱਠੀ ਪੜ੍ਹਦੇ ਮੇਰੀਆਂ ਅੱਖਾਂ ਵਿਚੋਂ ਪਰਲ-ਪਰਲ ਅੱਥਰੂ ਵਹਿ ਰਹੇ ਨੇ। ਜੀਅ ਕਰਦਾ ਏ ਉਡ ਕੇ ਉਸ ਨੂੰ ਜਾ ਮਿਲਾਂ ਪਰ ਕਾਸ਼! ਇਹ ਸੰਭਵ ਹੋਵੇ...। ਜੀਅ ਭਰ ਕੇ ਰੋ ਲਿਆ। ਮਨ ਹਲਕਾ ਹੋ ਗਿਆ ਹੈ। ਰਿੱਕੀ ਵੀ ਮੇਰੇ ਵੱਲ ਦੇਖ ਰੋਣ ਲੱਗ ਪਿਐ। ਜ਼ਿੰਦਗੀ ਹੰਭੀ-ਟੁੱਟੀ ਲੱਗ ਰਹੀ ਆ। ਕਿਸੇ ਨਾਲ ਬੋਲਣ ਨੂੰ ਦਿਲ ਨਹੀਂ ਕਰਦਾ ਪਰ ਰਿੱਕੀ ਨੂੰ ਚੁੱਪ ਕਰਾ ਰਹੀ ਹਾਂ। ਉਹ ਰੋਂਦਾ-ਰੋਂਦਾ ਸੌਂ ਗਿਆ ਏ। ਮੈਂ ਸਭ ਕੁਝ ਛੱਡ ਪੇਪਰ ਅਤੇ ਪੈੱਨ ਚੁੱਕ ਵਿੰਦਰ ਨੂੰ ਵਾਪਸੀ ਖ਼ਤ ਲਿਖਦੀ ਹਾਂ।

ਪਿਆਰੀ ਵਿੰਦਰ,
ਸੱਤ ਤੇ ਵੀਹ ਖ਼ੈਰਾਂ!

***(ਬਾਕੀ ਸਫਾ 30 'ਤੇ)***

# ਅਲੋਪ ਹੋ ਰਹੀਆਂ ਦੇਸੀ ਖੇਡਾਂ



1980 ਤੋਂ ਲੈ ਕੇ 1990-95 ਤਕ ਪੰਜਾਬ ਦੇ ਮੁਹੱਲਿਆਂ ਵਿਚ ਖੇਡੀਆਂ ਜਾਣ ਵਾਲ਼ੀਆਂ ਖੇਡਾਂ ਬਹੁਤ ਪ੍ਰਚਲਿਤ ਸਨ। ਜਿਨ੍ਹਾਂ ਦਾ ਬਚਪਨ ਇਨ੍ਹਾਂ ਸਾਲਾਂ ਵਿਚ ਗੁਜ਼ਰਿਆ ਹੈ ਉਨ੍ਹਾਂ ਨੇ ਇਹ ਖੇਡਾਂ ਜ਼ਰੂਰ ਖੇਡੀਆਂ ਹੋਣਗੀਆਂ। ਇਹ ਖੇਡਾਂ ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਫਿਰ ਹੌਲੀ-ਹੌਲੀ ਇਹ ਖੇਡਾਂ ਸਾਡੇ ਅਮੀਰ ਸਭਿਆਚਾਰ ਵਿਚੋਂ ਅਲੋਪ ਹੁੰਦੀਆਂ ਗਈਆਂ। ਇਨ੍ਹਾਂ ਦੇਸੀ ਖੇਡਾਂ ਨੂੰ ਖ਼ਤਮ ਕਰਨ ਵਿਚ ਸਭ ਤੋਂ ਪਹਿਲਾ ਯੋਗਦਾਨ ਟੈਲੀਵਿਜ਼ਨ ਦੇ ਹਿੱਸੇ ਆਇਆ। ਫਿਰ ਵੀਡੀਓ ਗੇਮਜ਼ ਦੇ ਆਉਣ ਨਾਲ਼ ਬੱਚੇ ਘਰਾਂ ਅੰਦਰ ਸਿਮਟ ਕੇ ਰਹਿ ਗਏ। ਰਹਿੰਦੀ ਕਸਰ ਮੋਬਾਈਲਾਂ, ਟੈਬਲੇਟਾਂ ਤੇ ਇੰਟਰਨੈੱਟ ਨੇ ਪੂਰੀ ਕਰ ਦਿੱਤੀ।



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਉਹ ਕਿੰਨਾ ਸੁਹਣਾ ਬਚਪਨ ਸੀ ਜਦੋਂ ਸਾਰੇ ਮੁਹੱਲੇ ਦੇ ਬੱਚੇ ਇਕੱਠੇ ਹੋ ਕੇ ਗਲੀਆਂ ਵਿਚ ਖੇਡਦੇ ਸਨ। ਸਰੀਰਕ ਤੰਦਰੁਸਤੀ ਦੇ ਨਾਲ਼-ਨਾਲ਼ ਇਹ ਖੇਡਾਂ ਆਪਸੀ ਭਾਈਚਾਰੇ ਦਾ ਪ੍ਰਤੀਕ ਵੀ ਮੰਨੀਆਂ ਜਾਂਦੀਆਂ ਸਨ। ਉਹ ਖੇਡਾਂ ਸਾਡੀ ਜ਼ਿੰਦਗੀ ਵਿਚੋਂ ਤਾਂ ਅਲੋਪ ਹੋ ਰਹੀਆਂ ਹਨ ਪਰ ਚੇਤਿਆਂ ਵਿਚੋਂ ਮਨਫ਼ੀ ਨਹੀਂ ਹੋਈਆਂ। ਬਾਰ-ਬਾਰ ਯਾਦ ਆਉਂਦੇ ਹਨ ਉਹ ਦਿਨ ਜਦੋਂ ਅਸੀਂ ਭੈਣ-ਭਰਾ ਆਪਣੇ ਗੁਆਂਢੀ ਬੱਚਿਆਂ ਨਾਲ਼ ਖੇਡਦੇ ਹੁੰਦਾ ਸਾਂ।

ਛੋਟੇ-ਛੋਟੇ ਹੁੰਦੇ ਅਸੀਂ ਛੂਣ-ਛਲੀਕਾ ਖੇਡਦੇ ਹੁੰਦੇ ਸਾਂ। ਇਹ ਖੇਡ ਸਭ ਤੋਂ ਮੁਢਲੀ ਖੇਡ ਅਖਵਾਉਂਦੀ ਹੈ। ਬੱਚੇ ਸਭ ਤੋਂ ਪਹਿਲਾਂ ਇਹੀ ਖੇਡ ਖੇਡਣੀ ਸ਼ੁਰੂ ਕਰਦੇ ਹਨ। ਵਾਰੀ (ਜਿਸ ਨੂੰ ਪਿੱਤੀ ਜਾਂ ਦਾਈ ਵੀ ਕਿਹਾ ਜਾਂਦਾ ਹੈ) ਵਾਲ਼ੇ ਨੇ ਬਾਕੀ ਸਾਰਿਆਂ ਦੇ ਪਿੱਛੇ ਦੌੜ ਕੇ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਫੜਨਾ ਜਾਂ ਛੂਹਣਾ ਹੁੰਦਾ ਹੈ। ਜਿਹੜਾ ਛੂਹਿਆ ਜਾਂਦਾ ਹੈ ਅਗਲੀ ਵਾਰੀ ਉਸ ਦੀ ਆ ਜਾਂਦੀ ਹੈ। ਲੁਕਣਮੀਟੀ ਵੀ ਬੱਚਿਆਂ ਦੀ ਮਨਭਾਉਂਦੀ ਖੇਡ ਹੁੰਦੀ ਸੀ। ਇਸ ਖੇਡ ਨੂੰ ਲੁਕਣ-ਮਚਾਈ ਜਾਂ ਥੱਪਾ-ਐਕਸਪ੍ਰੈਸ ਵੀ ਕਿਹਾ ਜਾਂਦਾ ਹੈ। ਸਾਰੇ ਗਲੀ-ਗੁਆਂਢ ਦੇ ਬੱਚੇ ਇਹ ਖੇਡ ਹਨੇਰਾ ਹੁੰਦੇ ਤਕ ਖੇਡਦੇ ਰਹਿੰਦੇ ਸਨ। ਦਾਈ ਵਾਲ਼ੇ ਬੱਚੇ ਨੇ ਵਾਰੀ-ਵਾਰੀ ਵੱਖ ਵੱਖ ਜਗ੍ਹਾ ਲੁਕੇ ਬੱਚਿਆਂ ਨੂੰ ਲੱਭਣਾ ਹੁੰਦਾ ਹੈ। ਜੇ ਸਾਰੇ ਜਣੇ ਲੱਭੇ ਗਏ ਤਾਂ ਸਭ ਤੋਂ ਪਹਿਲਾਂ ਲੱਭੇ ਜਾਣ ਵਾਲ਼ੇ ਦੀ ਅਗਲੀ ਵਾਰੀ ਆ ਜਾਂਦੀ ਹੈ, ਦਾਈ ਵਾਲ਼ਾ ਸਾਰਿਆਂ ਨੂੰ ਲੱਭ-ਲੱਭ ਕੇ ਫਲਾਂ-ਐਕਸਪ੍ਰੈਸ, ਫਲਾਂ-ਐਕਸਪ੍ਰੈਸ ਕਹਿੰਦਾ ਰਹਿੰਦਾ ਹੈ। ਅਚਾਨਕ ਕਿਸੇ ਲੁਕੇ ਹੋਏ ਵਲੋਂ ਪਿੱਛੋਂ ਦੀ ਆ ਕੇ ਦਾਈ ਵਾਲ਼ੇ ਨੂੰ ਧੱਫਾ ਮਾਰ ਕੇ ਛੂਹ ਲੈਣ 'ਤੇ 'ਥੱਪਾ' ਕਹਿ ਦੇਣ ਨਾਲ਼ ਵਾਰੀ ਫਿਰ ਦੁਬਾਰਾ ਉਸੇ ਦੀ ਆ ਜਾਂਦੀ ਹੈ।

ਗੀਟੇ ਖੇਡਣ ਦਾ ਰਿਵਾਜ ਵੀ ਸੀ। ਗੀਟੇ ਜ਼ਿਆਦਾਤਰ ਕੁੜੀਆਂ ਖੇਡਦੀਆਂ ਸਨ। ਇਸ ਵਿਚ 5-6 ਛੋਟੇ-ਛੋਟੇ ਗੋਲ਼ ਰੋੜਿਆਂ ਦੀ ਲੋੜ ਹੁੰਦੀ ਹੈ। ਖੇਡਣ ਵਾਲ਼ੀ ਕੁੜੀ ਨੇ ਇਕ ਗੀਟਾ ਹਵਾ ਵਿਚ ਉਛਾਲ ਕੇ ਉਸੇ ਹੱਥ ਨਾਲ਼ ਬਾਕੀ ਸਾਰੇ ਗੀਟੇ ਚੁੱਕ ਕੇ ਹਵਾ ਵਿਚ ਉਛਾਲਿਆ ਗੀਟਾ ਵੀ ਥੱਲੇ ਡਿੱਗਣ ਤੋਂ ਪਹਿਲਾਂ-ਪਹਿਲਾਂ ਉਸੇ ਹੱਥ ਵਿਚ ਬੋਚਣਾ ਹੁੰਦਾ ਹੈ। ਇਸ ਦੌਰਾਨ ਕੋਈ ਵੀ ਗੀਟਾ ਹੱਥੋਂ ਡਿੱਗ ਜਾਣ 'ਤੇ ਅਗਲੀ ਕੁੜੀ ਦੀ ਵਾਰੀ ਆ ਜਾਂਦੀ ਹੈ। ਘਰ ਦੇ ਵਿਹੜੇ ਜਾਂ ਚੌਂਤਰੇ 'ਤੇ ਪੀਚੋ ਖੇਡੀ ਜਾਂਦੀ ਸੀ। ਪੀਚੋ ਵੀ ਗੀਟਿਆਂ ਵਾਂਗ ਜ਼ਿਆਦਾਤਰ ਕੁੜੀਆਂ ਹੀ ਖੇਡਦੀਆਂ ਸਨ। ਇਸ ਵਿਚ ਟੁੱਟੇ ਹੋਏ ਘੜੇ ਦੀਆਂ ਠੀਕਰੀਆਂ ਦੀ ਜ਼ਰੂਰਤ ਹੁੰਦੀ ਹੈ। ਪੀਚੋ ਖੇਡਣ ਤੋਂ ਪਹਿਲਾਂ ਪੀਚੋ ਬਣਾਉਣੀ ਪੈਂਦੀ ਹੈ। ਇਸ ਵਿਚ ਦੋ ਲਾਈਨਾਂ ਵਿਚ ਪੰਜ-ਪੰਜ ਚੌਰਸ ਖ਼ਾਨੇ ਬਣਾ ਲਏ ਜਾਂਦੇ ਹਨ। ਪੀਚੋ ਵਾਲ਼ੀ ਠੀਕਰੀ ਨੂੰ ਵਾਰੀ-ਵਾਰੀ ਪਹਿਲੇ ਤੋਂ ਲੈ ਕੇ ਦਸਵੇਂ ਖ਼ਾਨੇ ਤਕ ਇੱਕ ਲੱਤ ਦੇ ਸਹਾਰੇ ਪੈਰ ਨਾਲ਼ ਠੋਕਰ ਮਾਰ ਕੇ ਲੈ ਜਾਣਾ ਹੁੰਦਾ ਹੈ। ਪੀਚੋ ਵਾਲ਼ੀ ਠੀਕਰੀ ਜਾਂ ਗੀਟੀ ਦੇ ਕਿਸੇ ਵੀ ਖ਼ਾਨੇ ਦੀ ਲਕੀਰ ਦੇ ਉੱਪਰ ਆ ਜਾਣ 'ਤੇ ਉਸ ਦੀ ਵਾਰੀ ਖ਼ਤਮ ਹੋ ਜਾਂਦੀ ਹੈ।

ਗੁੱਲੀ-ਡੰਡਾ ਨਿਰੋਲ ਮੁੰਡਿਆਂ ਦੀ ਖੇਡ ਹੈ। ਇਸ ਖੇਡ ਦੇ ਨਾਂ ਵਾਂਗ ਇਸ ਨੂੰ ਖੇਡਣ ਲਈ ਇਕ ਡੰਡੇ ਤੇ ਇਕ ਗੁੱਲੀ ਦੀ ਜ਼ਰੂਰਤ ਹੁੰਦੀ ਹੈ। ਗੁੱਲੀ 4-5 ਇੰਚ ਦਾ ਲੱਕੜ ਦਾ ਟੁਕੜਾ ਹੁੰਦਾ ਜਿਹੜਾ ਕਿ ਦੋਹਾਂ ਪਾਸਿਆਂ ਤੋਂ ਤਿੱਖਾ ਘੜਿਆ ਹੁੰਦਾ ਹੈ ਤਾਂ ਕਿ ਗੁੱਲੀ ਨੂੰ ਵਧੀਆ ਟੁੱਲ ਮਾਰਿਆ ਜਾ ਸਕੇ। ਗੁੱਲੀ ਨੂੰ ਇਕ ਨਿਰਧਾਰਤ ਜਗ੍ਹਾ 'ਤੇ ਰੱਖ ਕੇ ਉਸ ਦੇ ਇਕ ਪਾਸੇ ਡੰਡਾ ਮਾਰਿਆ ਜਾਂਦਾ ਹੈ, ਇਸ ਤਰ੍ਹਾਂ ਗੁੱਲੀ ਥੋੜੀ ਉੱਪਰ ਹਵਾ ਵਿਚ ਉੱਛਲਦੀ ਹੈ ਤੇ ਉਸ ਉੱਛਲਦੀ ਗੁੱਲੀ ਨੂੰ ਹਵਾ ਵਿਚੋਂ ਹੀ ਡੰਡੇ ਨਾਲ਼ ਜ਼ੋਰ ਦੀ ਮਾਰਨਾ ਹੁੰਦਾ ਹੈ, ਇਸ ਨੂੰ ਟੁੱਲ ਕਿਹਾ ਜਾਂਦਾ ਹੈ।

ਟੁੱਲ ਮਾਰਨ ਤੋਂ ਬਾਅਦ ਖੇਡਣ ਵਾਲ਼ਾ ਡੰਡੇ ਨੂੰ ਹੇਠਾਂ ਰੱਖ ਦਿੰਦਾ ਹੈ ਤੇ ਦੂਜੇ ਪਾਸੇ ਜਿੱਥੇ ਜਾ ਕੇ ਗੁੱਲੀ ਡਿੱਗਦੀ ਹੈ, ਉੱਥੋਂ ਹੀ ਦੂਜੇ ਖੇਡਣ ਵਾਲ਼ੇ ਨੇ ਗੁੱਲੀ ਨਾਲ਼ ਹੇਠਾਂ ਪਏ ਡੰਡੇ 'ਤੇ ਨਿਸ਼ਾਨਾ ਲਾਉਣਾ ਹੁੰਦਾ ਹੈ। ਨਿਸ਼ਾਨਾ ਡੰਡੇ 'ਤੇ ਲੱਗਣ ਦੀ ਸੂਰਤ ਵਿਚ ਉਸ ਦੀ ਵਾਰੀ ਮੁੱਕ ਜਾਂਦੀ ਹੈ ਤੇ ਜੇ ਨਿਸ਼ਾਨਾ ਡੰਡੇ 'ਤੇ ਨਾ ਲੱਗੇ ਤਾਂ ਓਨੀ ਦੇਰ ਉਹੀ ਖੇਡਣ ਵਾਲ਼ਾ ਵਾਰ-ਵਾਰ ਟੁੱਲ ਮਾਰਦਾ ਰਹਿੰਦਾ ਹੈ। ਇਸ ਵਿਚ ਖੇਡਣ ਵਾਲ਼ਿਆਂ ਦੀ ਕੋਈ ਨਿਰਧਾਰਤ ਗਿਣਤੀ ਨਹੀਂ ਹੁੰਦੀ। ਗੁੱਲੀ-ਡੰਡਾ ਖੇਡਣ ਪਿੱਛੇ ਸਾਨੂੰ ਘਰੋਂ ਮਾਪਿਆਂ ਦੇ ਡੰਡੇ ਦਾ ਡਰ ਵੀ ਰਹਿੰਦਾ ਸੀ ਕਿਉਂਕਿ ਗੁੱਲੀ ਦੋਹਾਂ ਪਾਸਿਆਂ ਤੋਂ ਤਿੱਖੀ ਹੁੰਦੀ ਹੈ, ਇਸ ਲਈ ਇਸ ਦਾ ਅੱਖ-ਮੂੰਹ 'ਤੇ ਲੱਗਣ ਦਾ ਵੀ ਡਰ ਰਹਿੰਦਾ ਹੈ।

ਪਿੱਠੂ-ਗਰਮ ਖੇਡਣ ਲਈ ਅਸੀਂ ਸਕੂਲੋਂ ਆਉਂਦੇ-ਆਉਂਦੇ ਸਲਾਹ ਕਰ ਲੈਂਦੇ ਤੇ ਬੈਗ-ਬਸਤੇ ਘਰ ਰੱਖ ਕੇ ਖੇਡਣ ਭੱਜ ਜਾਂਦੇ। ਉਹ ਟਿਊਸ਼ਨਾਂ ਦਾ ਜ਼ਮਾਨਾ ਨਹੀਂ ਸੀ ਕਿ ਸਕੂਲੋਂ ਆ ਕੇ ਟਿਊਸ਼ਨ ਪੜ੍ਹਨ ਜਾਂਦੇ ਜਿਵੇਂ ਅੱਜ ਦੇ ਬੱਚੇ ਜਾਂਦੇ ਹਨ। ਇਹ ਖੇਡ ਦੋ ਟੀਮਾਂ ਵਿਚਾਲੇ ਹੁੰਦੀ ਹੈ ਤੇ ਬਿਲਕੁਲ ਆਪਣੇ ਨਾਂ ਦੇ ਵਾਂਗ ਹੀ ਹੈ। ਇਸ ਨੂੰ ਖੇਡਣ ਲਈ ਰਬੜ ਦੀ ਇਕ ਗੇਂਦ ਤੇ 5-6 ਇੱਟਾਂ ਦੇ ਛੋਟੇ-ਛੋਟੇ ਰੋੜੇ ਜਾਂ ਠੀਕਰੀਆਂ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਰੋੜਿਆਂ ਨੂੰ ਇੱਕ-ਦੂਜੇ ਦੇ ਉੱਪਰ ਟਿਕਾ ਕੇ ਰੱਖ ਲਿਆ ਜਾਂਦਾ ਹੈ। ਪਿੱਤੀ ਵਾਲ਼ਾ ਮੁੰਡਾ ਮਿੱਥੀ ਦੂਰੀ ਤੋਂ ਗੇਂਦ ਨਾਲ਼ ਉਨ੍ਹਾਂ ਰੋੜਿਆਂ 'ਤੇ ਨਿਸ਼ਾਨਾ ਲਾਉਂਦਾ ਹੈ ਤੇ ਬਾਕੀ ਜਣੇ ਰੋੜਿਆਂ ਵਾਲ਼ੇ ਪਾਸੇ ਗੇਂਦ ਨੂੰ ਬੋਚਣ ਲਈ ਖੜ ਜਾਂਦੇ ਹਨ। ਨਿਸ਼ਾਨਾ ਖੁੰਝ ਜਾਣ 'ਤੇ ਅਤੇ ਸਾਹਮਣੇ ਤੋਂ ਗੇਂਦ ਬੋਚੀ ਜਾਣ 'ਤੇ ਉਸ ਦੀ ਪਿੱਤੀ ਮੁੱਕ ਜਾਂਦੀ ਹੈ ਪਰ ਨਿਸ਼ਾਨਾ ਲੱਗਣ 'ਤੇ ਜਦੋਂ ਰੋੜੇ ਗਿਰ ਜਾਂਦੇ ਹਨ ਤਾਂ ਦੂਜੀ ਟੀਮ ਵਾਲ਼ਿਆਂ ਨੇ ਫਟਾਫਟ ਰੋੜੇ ਦੁਬਾਰਾ ਲਾਉਣੇ ਹੁੰਦੇ ਹਨ ਤੇ ਪਿੱਤੀ ਵਾਲ਼ਿਆਂ ਨੇ ਉਨ੍ਹਾਂ ਦੇ ਗੇਂਦ ਮਾਰ-ਮਾਰ ਕੇ ਉਨ੍ਹਾਂ ਨੂੰ ਰੋੜੇ ਲਾਉਣ ਤੋਂ ਰੋਕਣਾ ਹੁੰਦਾ ਹੈ। ਗੇਂਦ ਪਿੱਠ 'ਤੇ ਵੱਜਣ ਕਰਕੇ ਕਈ ਵਾਰੀ ਪਿੱਠ ਸੇਕੀ ਜਾਂਦੀ, ਇਸ ਲਈ ਇਸ ਖੇਡ ਨੂੰ ਪਿੱਠੂ-ਗਰਮ ਕਿਹਾ ਜਾਂਦਾ ਹੈ। ਬਾਂਦਰ-ਕਿੱਲਾ ਖੇਡਣ ਲਈ ਅਸੀਂ ਘਰੋਂ ਟੁੱਟੀਆਂ-ਪੁਰਾਣੀਆਂ ਜੁੱਤੀਆਂ ਵੀ ਚੁੱਕ ਕੇ ਲੈ ਜਾਂਦੇ। ਇਹ ਖੇਡ ਵੀ ਪਿੱਠੂ-ਗਰਮ ਵਰਗੀ ਹੀ ਹੈ ਵੱਖਰੀ ਗੱਲ ਇਹ ਹੈ ਕਿ ਇਸ ਵਿਚ ਗੇਂਦ ਦੀ ਥਾਂ ਅਸੀਂ ਹੱਸਦੇ-ਹੱਸਦੇ ਜੁੱਤੀਆਂ ਵੀ ਖਾ ਲੈਂਦੇ। ਇਨ੍ਹਾਂ ਦੋਹਾਂ ਖੇਡਾਂ ਵਿਚ ਭੱਜ-ਨੱਠ ਬਹੁਤ ਹੁੰਦੀ। ਇਸ ਖੇਡ ਵਿਚ ਇਕ ਲੱਕੜ ਜਾਂ ਲੋਹੇ ਦਾ ਕਿੱਲਾ ਵਿਚਕਾਰ ਧਰਤੀ ਵਿਚ ਗੱਡ ਲਿਆ ਜਾਂਦਾ ਹੈ ਤੇ ਉਸ ਨਾਲ਼ 3-4 ਫੁੱਟ ਦੀ ਇਕ ਰੱਸੀ ਬੰਨ੍ਹ ਲਈ ਜਾਂਦੀ ਹੈ, ਜਿਸ ਨੂੰ ਬਾਂਦਰ-ਕਿੱਲਾ ਕਿਹਾ ਜਾਂਦਾ ਹੈ। ਉਸ ਕਿੱਲੇ ਦੇ ਆਲ਼ੇ-ਦੁਆਲ਼ੇ ਗੋਲ਼-ਚੱਕਰ ਬਣਾ ਕੇ ਸਾਰੇ ਜਣੇ ਆਪਣੀਆਂ ਜੁੱਤੀਆਂ ਤੇ ਚੱਪਲਾਂ ਉਸ ਵਿਚ ਰੱਖ ਦਿੰਦੇ ਹਨ। ਦਾਈ ਜਾਂ ਪਿੱਤੀ ਵਾਲ਼ਾ ਕਿੱਲੇ ਨਾਲ਼ ਬੰਨੀ ਰੱਸੀ ਨੂੰ ਆਪਣੇ ਹੱਥ ਵਿਚ ਫੜ ਕੇ ਚੱਕਰ ਦੇ ਵਿਚ ਘੁੰਮਦਾ ਰਹਿੰਦਾ ਹੈ। ਬਾਕੀ ਸਾਰਿਆਂ ਨੇ ਚੱਕਰ ਵਿਚੋਂ ਜੁੱਤੀਆਂ ਚੁਕਣੀਆਂ ਹੁੰਦੀਆਂ ਹਨ ਤੇ ਪਿੱਤੀ ਵਾਲ਼ੇ ਨੇ ਉਨ੍ਹਾਂ ਨੂੰ ਰੋਕਣਾ ਹੁੰਦਾ ਹੈ। ਜੁੱਤੀਆਂ ਚੁੱਕਣ ਦੌਰਾਨ ਪਿੱਤੀ ਵਾਲ਼ੇ ਵੱਲੋਂ ਕਿਸੇ ਨੂੰ ਛੂਹ ਲੈਣ 'ਤੇ ਉਸ ਦੀ ਪਿੱਤੀ ਆ ਜਾਂਦੀ ਹੈ ਜਦਕਿ ਸਾਰੀਆਂ ਜੁੱਤੀਆਂ ਚੁੱਕੀਆਂ ਜਾਣ 'ਤੇ ਪਿੱਤੀ ਵਾਲ਼ਾ ਰੱਸੀ ਛੱਡ ਕੇ ਭੱਜ ਲੈਂਦਾ ਹੈ ਤੇ ਬਾਕੀ ਸਾਰੇ ਜਣੇ ਉਸ ਦੇ ਜੁੱਤੀਆਂ ਮਾਰਦੇ ਰਹਿੰਦੇ ਹਨ। ਅੰਤ ਵਿਚ ਜਦੋਂ ਜੁੱਤੀਆਂ ਪੈਂਦੀਆਂ ਹਨ ਤਾਂ ਇਹ ਖੇਡ ਬਹੁਤ ਰੌਚਕ ਹੋ ਜਾਂਦੀ ਹੈ ਤੇ ਉਹ ਸਮੇਂ ਬੱਚੇ ਬਹੁਤ ਰੌਲਾ ਪਾਉਂਦੇ ਹਨ ਪਰ ਕਈ ਵਾਰ ਕਿਸੇ ਦੇ ਜੁੱਤੀ ਜ਼ੋਰ ਦੀ ਵੱਜਣ ਕਰਕੇ ਬੱਚੇ ਆਪਸ ਵਿਚ ਲੜ ਵੀ ਪੈਂਦੇ ਸਨ।

ਛੁੱਟੀ ਵਾਲ਼ੇ ਦਿਨ ਅਸੀਂ ਬਹੁਤਾ ਸਮਾਂ ਬੰਟੇ ਖੇਡਦੇ। ਕੱਚ ਦੀਆਂ ਰੰਗ-ਬਰੰਗੀਆਂ ਗੋਲੀਆਂ ਨੂੰ ਬੰਟੇ ਕਿਹਾ ਜਾਂਦਾ ਹੈ। ਬੱਚੇ ਅੱਜ ਵੀ ਬੰਟੇ ਖੇਡਦੇ ਦੇਖੇ ਜਾਂਦੇ ਹਨ। ਇਹ ਫਰਵਰੀ ਜਾਂ ਮਾਰਚ ਮਹੀਨੇ ਜ਼ਿਆਦਾ ਖੇਡੇ ਜਾਂਦੇ ਹਨ। ਰੰਗ-ਬਿਰੰਗੇ, ਨਵੇਂ-ਪੁਰਾਣੇ ਬੰਟੇ ਕਈ ਤਰੀਕਿਆਂ ਨਾਲ਼ ਖੇਡੇ ਜਾਂਦੇ ਹਨ ਜਿਵੇਂ ਕਿ ਚੁੰਡ, ਪਿਲ-ਟਕਾ, ਰਾਜਾ-ਰਾਣੀ, ਚੱਕਰੀ ਆਦਿ। ਚੁੰਡ ਖੇਡਣ ਵਾਲ਼ੇ ਸਾਰੇ ਬੱਚੇ ਬਰਾਬਰ-ਬਰਾਬਰ ਬੰਟੇ ਇਕੱਠੇ ਕਰ ਕੇ ਪਿੱਤੀ ਵਾਲ਼ੇ ਨੂੰ ਫੜਾ ਦਿੰਦੇ ਹਨ। ਉਹ ਮਿੱਥੀ ਦੂਰੀ 'ਤੇ ਖੜ ਕੇ ਸਾਰੇ ਬੰਟੇ ਘੁੱਤੀ ਵੱਲ ਸੁੱਟਦਾ ਹੈ ਤੇ ਬਾਕੀ ਜਣੇ ਉਸ ਨੂੰ ਕਿਸੇ ਇਕ ਬੰਟੇ 'ਤੇ ਨਿਸ਼ਾਨਾ ਲਾਉਣ ਲਈ ਆਖਦੇ ਹਨ। ਨਿਸ਼ਾਨਾ ਸਹੀ ਬੰਟੇ ਉੱਤੇ ਲੱਗਣ 'ਤੇ ਸਾਰੇ ਬੰਟੇ ਉਸ ਦੇ ਹੋ ਜਾਂਦੇ ਹਨ ਤੇ ਅਗਲੀ ਵਾਰੀ ਸ਼ੁਰੂ ਹੋ ਜਾਂਦੀ ਹੈ। ਜੇ ਨਿਸ਼ਾਨਾ ਗ਼ਲਤੀ ਨਾਲ਼ ਕਿਸੇ ਹੋਰ ਬੰਟੇ ਨੂੰ ਲੱਗ ਜਾਵੇ ਤਾਂ ਉਸ ਨੂੰ ਇਕ ਬੰਟੇ ਦਾ ਜੁਰਮਾਨਾ ਭਰਨਾ ਪੈਂਦਾ ਹੈ ਜਿਸ ਨੂੰ ਰਲੂਆ ਕਿਹਾ ਜਾਂਦਾ ਹੈ। ਪਿਲ-ਟਕਾ ਬੈਠ ਕੇ ਖੇਡੀ ਜਾਂਦੀ ਹੈ। ਇਕ ਜਣੇ ਨੇ ਦੂਜੇ ਦੇ ਬੰਟੇ 'ਤੇ ਨਿਸ਼ਾਨਾ (ਟਕਾ) ਲਾ ਕੇ ਆਪਣੇ ਬੰਟੇ ਨੂੰ ਪਿੱਲ (ਘੁੱਤੀ) ਵਿਚ ਵੀ ਪਾਉਣਾ ਹੁੰਦਾ ਹੈ। ਇਸ ਲਈ ਇਸ ਨੂੰ ਪਿਲ-ਟਕਾ ਕਿਹਾ ਜਾਂਦਾ ਹੈ। ਚੱਕਰੀ ਵਿਚ ਸਾਰੇ ਬੰਟੇ ਇਕ ਵੱਡੇ ਗੋਲ-ਚੱਕਰ ਵਿਚ ਰੱਖ ਲਏ ਜਾਂਦੇ ਹਨ। ਬੱਚਿਆਂ ਨੇ ਆਪਣੇ ਬੰਟੇ ਨਾਲ਼ ਗੋਲ-ਚੱਕਰ ਵਿਚ ਪਏ ਬੰਟਿਆਂ ਨੂੰ ਟਕਾ ਲਾ ਕੇ ਗੋਲ-ਚੱਕਰ ਵਿਚੋਂ ਬਾਹਰ ਕੱਢਣਾ ਹੁੰਦਾ ਹੈ। ਇਸ ਦੌਰਾਨ ਜੇ ਉਸ ਦਾ ਆਪਣਾ ਬੰਟਾ ਗੋਲ-ਚੱਕਰ ਦੇ ਵਿਚ ਰਹਿ ਜਾਵੇ ਤਾਂ ਉਸ ਨੂੰ ਰਲੂਆ ਲੱਗ ਜਾਂਦਾ ਹੈ। ਰਾਜਾ-ਰਾਣੀ ਵਿਚ ਇਕ ਬੰਟਾ ਘੁੱਤੀ ਵਿਚ ਤੇ ਬਾਕੀ ਬੰਟੇ ਉਸ ਦੇ ਆਲ਼ੇ-ਦੁਆਲ਼ੇ ਰੱਖ ਲਏ ਜਾਂਦੇ ਹਨ। ਘੁੱਤੀ ਵਿਚ ਪਏ ਬੰਟੇ ਨੂੰ ਰਾਣੀ ਕਿਹਾ ਜਾਂਦਾ ਹੈ। ਇਸ ਵਿਚ ਵੀ ਚੁੰਡ ਵਾਂਗ ਹੀ ਪਿੱਤੀ ਵਾਲ਼ੇ ਨੇ ਮਿੱਥੀ ਦੂਰੀ ਤੋਂ ਨਿਸ਼ਾਨਾ ਲਾਉਣਾ ਹੁੰਦਾ ਹੈ, ਪਰ ਇਸ ਵਿਚ ਫ਼ਰਕ ਇਹ ਹੈ ਕਿ ਇੱਥੇ ਨਿਸ਼ਾਨਾ ਉਸ ਨੇ ਆਪਣੀ ਮਰਜ਼ੀ ਦੇ ਬੰਟੇ ਨੂੰ ਲਾਉਣਾ ਹੁੰਦਾ ਹੈ। ਜੇਕਰ ਉਸ ਦਾ ਨਿਸ਼ਾਨਾ ਘੁੱਤੀ ਵਿਚ ਪਏ ਬੰਟੇ ਨੂੰ ਲੱਗਣ 'ਤੇ ਉਹ ਬੰਟਾ ਘੁੱਤੀ ਵਿਚੋਂ ਬਾਹਰ ਆ ਜਾਵੇ ਤਾਂ ਫਿਰ ਸਾਰੇ ਬੰਟੇ ਉਸ ਦੇ ਹੋ ਜਾਂਦੇ ਹਨ ਅਤੇ ਜੇ ਆਲ਼ੇ-ਦੁਆਲ਼ੇ ਪਏ ਕਿਸੇ ਬੰਟੇ 'ਤੇ ਲੱਗ ਜਾਵੇ ਤਾਂ ਕੇਵਲ ਉਹ ਬੰਟਾ ਹੀ ਉਸ ਨੂੰ ਮਿਲਦਾ ਹੈ।

ਕੋਟਲਾ-ਛਪਾਕੀ ਮੁੰਡੇ-ਕੁੜੀਆਂ ਰਲ਼ ਕੇ ਖੇਡਦੇ ਹਨ। ਇਹ ਖੇਡ ਹੁਣ ਵੀ ਖੇਡੀ ਜਾਂਦੀ ਹੈ। ਪਿੰਡਾਂ ਵਿਚ ਅਜੇ ਵੀ ਇਸ ਦਾ ਰੁਝਾਨ ਹੈ ਪਰ ਪਹਿਲਾਂ ਵਾਂਗੂੰ ਨਹੀਂ ਕਿ ਹਰ ਰੋਜ਼ ਬੱਚੇ ਇਹ ਖ਼ੁਸ਼ੀਆਂ ਮਾਣਨ। ਇਹ ਖੇਡ ਕਾਫ਼ੀ ਜ਼ਿਆਦਾ ਬੱਚੇ ਖੇਡਦੇ ਹਨ ਤੇ ਇਹ ਜ਼ਿਆਦਾਤਰ ਸਕੂਲਾਂ ਵਿਚ ਖੇਡੀ ਜਾਂਦੀ ਹੈ। ਪਿੱਤੀ ਵਾਲ਼ੇ ਬੱਚੇ ਤੋਂ ਬਿਨਾਂ ਬਾਕੀ ਸਾਰੇ ਇਕ ਵੱਡਾ ਗੋਲ ਧਾਰਾ ਬਣਾ ਲੈਂਦੇ ਹਨ। ਪਿੱਤੀ ਵਾਲ਼ੇ ਬੱਚੇ ਨੇ ਹੱਥ ਵਿਚ ਇਕ ਵੱਟੇਦਾਰ ਕੱਪੜਾ ਫੜ ਕੇ ਗੋਲ ਧਾਰੇ ਦੇ ਆਲ਼ੇ-ਦੁਆਲ਼ੇ ਚੱਕਰ ਲਾਉਂਦਿਆਂ ਇਹ ਗਾਣਾ ਗਾਉਣਾ ਹੁੰਦਾ ਹੈ,

''ਕੋਟਲਾ-ਛਪਾਕੀ ਜੁੰਮੇ ਰਾਤ ਆਈ ਏ, ਜਿਹੜਾ ਅੱਗੇ ਪਿੱਛੇ ਦੇਖੇ ਓਹਦੀ ਸ਼ਾਮਤ ਆਈ ਏ।''

ਗਾਣਾ ਗਾਉਂਦੇ-ਗਾਉਂਦੇ ਉਸ ਨੇ ਆਪਣੇ ਹੱਥ ਵਾਲ਼ਾ ਕੱਪੜਾ ਕਿਸੇ ਇਕ ਬੱਚੇ ਦੇ ਪਿੱਛੇ ਰੱਖ ਦੇਣਾ ਹੁੰਦਾ ਹੈ। ਅਗਲੇ ਗੇੜੇ ਉਹ ਕੱਪੜਾ ਚੁੱਕ ਕੇ ਉਸ ਦੀ ਪਿੱਠ 'ਤੇ ਮਾਰ-ਮਾਰ ਕੇ ਪਿੱਠ ਸੇਕ ਦਿੰਦਾ ਅਤੇ ਜੇ ਉਸ ਨੂੰ ਕੱਪੜਾ ਰੱਖਣ ਸਮੇਂ ਹੀ ਪਤਾ ਲੱਗ ਜਾਂਦਾ ਤਾਂ ਉਹ ਓਦੋਂ ਹੀ ਕੱਪੜਾ ਚੁੱਕ ਕੇ ਪਿੱਤੀ ਵਾਲ਼ੇ ਦੇ ਪਿੱਛੇ ਭੱਜਦਾ ਜਾਂਦਾ ਹੈ ਤੇ ਪਿੱਤੀ ਵਾਲ਼ਾ ਉਸ ਦੀ ਖ਼ਾਲੀ ਹੋਈ ਜਗ੍ਹਾ 'ਤੇ ਬੈਠ ਜਾਂਦਾ ਹੈ ਤੇ ਫਿਰ ਉਸ ਦੀ ਪਿੱਤੀ ਆ ਜਾਂਦੀ ਹੈ।

ਅਜੋਕੇ ਸਮੇਂ ਵੱਡਿਆਂ ਦੀ ਦੇਖਾ-ਦੇਖੀ ਬੱਚਿਆਂ ਦੇ ਮਨਾਂ ਵਿਚੋਂ ਵੀ ਮਿਲਵਰਤਨ ਦੀ ਭਾਵਨਾ ਘਟ ਰਹੀ ਹੈ। ਰਲ਼ ਕੇ ਖੇਡਣ ਲਈ ਨਾ ਪਹਿਲਾਂ ਵਾਂਗੂੰ ਚਾਅ ਹੈ ਨਾ ਸਮਾਂ। ਔਖੇ ਅਤੇ ਬਹੁਤੇ ਸਿਲੇਬਸ ਕਾਰਨ ਬੱਚਿਆਂ ਦਾ ਬਚਪਨ ਕੋਹਲੂ ਦੇ ਬੈਲ ਵਰਗਾ ਹੋ ਗਿਆ ਹੈ। ਬੱਚੇ ਘਰੋਂ ਸਕੂਲ, ਸਕੂਲੋਂ ਘਰ ਤੇ ਮੁੜ ਟਿਊਸ਼ਨ ਪੜ੍ਹਨ ਲਈ ਜਾਂਦੇ ਹਨ। ਬੱਚਿਆਂ ਦੀਆਂ ਮਾਨਸਿਕ ਅਤੇ ਸਰੀਰਕ ਪੱਖੋਂ ਵਧਣ-ਫੁੱਲਣ ਵਾਲ਼ੀਆਂ ਘੜੀਆਂ ਅੱਜ ਦੀ ਅੱਗੇ ਵਧਣ ਤੇ ਮੁਕਾਬਲੇ ਦੀ ਦੌੜ ਨੇ ਖੋਹ ਲਈਆਂ ਹਨ।

# ਫਿਲਮਾਂ ਅਤੇ ਫੰਤਾਸੀਆਂ ਦਾ ਚਿਹਨ ਸ਼ਾਸਤਰ


**ਪ੍ਰਸਿੱਧ ਮਾਨਵ-ਭਾਸ਼ਾ ਵਿਗਿਆਨੀ ਡਾ. ਹਰਜੀਤ ਸਿੰਘ ਗਿੱਲ ਦੇ ਵਿਦਿਆਰਥੀ ਅਤੇ ਮੇਰੇ ਦੋਸਤਾਂ ਜਿਹੇ ਅਧਿਆਪਕ, ਚਿਹਨ ਅਤੇ ਲੋਕਧਾਰਾ ਵਿਗਿਆਨੀ ਡਾ. ਰਣਜੀਤ ਸਿੰਘ ਬਾਜਵਾ ਦੀ ਨਵੀਂ ਕਿਤਾਬ '*Semiotics of Films and Phantasies*' ਵਿਚ ਭਾਰਤ-ਪਾਕਿਸਤਾਨ ਵੰਡ ਅਤੇ ਹੋਰ ਭਿੰਨ ਭਿੰਨ ਸਮਾਜਿਕ ਵਿਸ਼ਿਆਂ ਬਾਰੇ ਬਣੀਆਂ ਫਿਲਮਾਂ ਦਾ ਚਿਹਨ ਸ਼ਾਸਤਰੀ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਡਾ. ਬਾਜਵਾ ਦੀਆਂ** 'The Semiotics of Birth Ceremonies in Punjab' (1991) **ਅਤੇ** 'Community and Violence in Punjab' **(1995) ਪੁਸਤਕਾਂ ਛਪ ਚੁੱਕੀਆਂ ਹਨ।**

ਚਿਹਨ ਸ਼ਾਸਤਰ ਅਤੇ ਲੋਕਧਾਰਾ ਦੋ ਵਿਸ਼ਿਆਂ ਵਜੋਂ ਅੰਤਰ-ਅਨੁਸ਼ਾਸਨੀ ਅਤੇ ਪਰਾ-ਅਨੁਸ਼ਾਸਨੀ ਸੁਮੇਲ ਦੇ ਵਿਰਾਟ ਕਾਰਜ ਖੇਤਰ ਦੀਆਂ ਸੰਭਾਵਨਾਵਾਂ ਸਾਂਭੀ ਬੈਠੇ ਹਨ। ਸਿਨੇਮਾਈ ਬੁਣਤਾਂ ਵਿਚ ਜੜ੍ਹਤ ਆਰਕੀਟਾਈਪਾਂ, ਮੋਟਿਫਾਂ ਅਤੇ ਬਿੰਬਾਂ-ਪ੍ਰਤੀਕਾਂ ਨੇ ਪ੍ਰੰਪਰਾਗਤ ਕਥਾ ਕਹਿਣ ਨੂੰ ਚੁਣੌਤੀ ਦਿੱਤੀ ਹੈ ਜਿਸ ਕਾਰਨ ਇਨ੍ਹਾਂ ਦੇ ਚਿਹਨ ਸ਼ਾਸਤਰੀ ਅਧਿਐਨ ਲਾਜ਼ਮੀ ਬਣੇ। ਇਸ ਕਿਤਾਬ ਵਿਚ ਪੰਜ (ਇਕ ਲੇਖ ਵਿਚ ਦੋ ਹੋਣ ਕਾਰਨ ਛੇ ਫ਼ਿਲਮਾਂ) ਫਿਲਮਾਂ ਦੇ ਅਧਿਐਨ ਪੇਸ਼ ਕੀਤੇ ਹਨ ਜਿਨ੍ਹਾਂ ਦੇ ਥੀਮਕ ਪਾਸਾਰ ਸਮਾਜ ਵਿਚ ਪਸਰੀ ਮਾਨਵੀ ਬੇਗ਼ਾਨਗੀ, ਉਦਾਸੀ ਅਤੇ ਮਨੋ-ਦੁਬਿਧਾਵਾਂ ਦੇ ਇਰਦ-ਗਿਰਦ ਉਸਰਦੇ ਹਨ।

ਮਨਮੋਹਨ
ਫੋਨ: 82839-48811

ਪਹਿਲੀ ਫਿਲਮ 'ਚਾਰੂਲਤਾ' ਵਿਚ ਕੁਲੀਨ ਵਰਗ ਦੀ ਔਰਤ ਦੀ ਇਕੱਲਤਾ ਕਾਰਨ ਪੈਦਾ ਹੋਈਆਂ ਮਨੋਵਿਗਿਆਨਕ ਸਮੱਸਿਆਵਾਂ ਬੇਗ਼ਾਨਗੀ ਅਤੇ ਉਦਾਸੀ ਦੇ ਸਿਖਰ 'ਤੇ ਪਹੁੰਚ ਜਾਂਦੀਆਂ ਹਨ, ਦਾ ਚਿਹਨ ਸ਼ਾਸਤਰ ਉਸਾਰਨ ਦਾ ਯਤਨ ਕੀਤਾ ਗਿਆ ਹੈ। ਦੂਜੀਆਂ ਦੋ ਫਿਲਮਾਂ ਹਨ: 'ਪਾਕੀਜ਼ਾ' ਅਤੇ 'ਉਮਰਾਓ ਜਾਨ'। ਇਨ੍ਹਾਂ 'ਤੇ ਆਧਾਰਿਤ ਚਿਹਨ ਸ਼ਾਸਤਰੀ ਅਧਿਐਨ ਵਿਚ ਤਵਾਇਫ਼ਾਂ ਅਤੇ ਨਾਚੀਆਂ ਦੇ ਜੀਵਨ ਵਿਚ ਪੈਦਾ ਹੋਈਆਂ ਨਿੱਜੀ, ਮਾਨਸਿਕ, ਭਾਵੁਕ ਸਮੱਸਿਆਵਾਂ ਨੂੰ ਸਮਾਜਿਕ ਮਸਲੇ ਦੇ ਨੁਕਤਾ ਨਿਗਾਹ ਤੋਂ ਸਮਝਣ ਦਾ ਯਤਨ ਕੀਤਾ ਗਿਆ ਹੈ। ਅੰਤਿਮ ਤਿੰਨ ਫਿਲਮਾਂ 'ਏ ਟ੍ਰੇਨ ਟੂ ਪਾਕਿਸਤਾਨ', 'ਪਿੰਜਰ' ਅਤੇ 'ਕਿੱਸਾ' ਫ਼ਿਰਕਿਆਂ-ਬਿਰਾਦਰੀਆਂ ਦੇ ਸਮੂਹਿਕ ਸਦਮਿਆਂ ਨੂੰ ਆਪਣਾ ਵਿਦਾ ਬਿੰਦੂ ਬਣਾਉਂਦਿਆਂ ਇਹ ਦੱਸਦੀਆਂ ਹਨ ਕਿ ਇਨ੍ਹਾਂ ਹਿੰਸਕ ਦੌਰਾਂ ਦਾ ਪਿੱਛੇ ਬਚੇ ਰਹਿ ਗਏ ਮਨੁੱਖਾਂ ਦੇ ਮਨਾਂ 'ਤੇ ਕਿਹੋ ਜਿਹਾ ਸਮਾਜਿਕ-ਮਨੋਵਿਗਿਆਨਕ ਪ੍ਰਭਾਵ ਪੈਂਦਾ ਹੈ। ਇਹ ਫਿਲਮਾਂ ਭਾਰਤ-ਪਾਕਿਸਤਾਨ ਵੰਡ ਦੇ ਬਚ ਗਏ ਲੋਕਾਂ ਦੇ ਸਮੂਹਿਕ ਡਰਾਉਣੇ ਅਨੁਭਵਾਂ ਨੂੰ ਬੇਪਰਦ ਕਰਨ ਲਈ ਇਨ੍ਹਾਂ ਦੇ ਚਿਹਨ ਸ਼ਾਸਤਰੀ ਸਿਸਟਮ ਅੰਦਰ ਪ੍ਰਵੇਸ਼ ਕਰ ਅੰਦਰੂਨੀ ਤਹਿਆਂ ਨੂੰ ਸਾਹਮਣੇ ਲਿਆਉਂਦੀਆਂ ਹਨ। ਇਹ ਸਾਰੇ ਅਧਿਐਨ ਫਿਲਮੀ ਕਥਾਕਾਰੀ ਦੇ ਕਈ ਆਯਾਮਾਂ ਦੀ ਪੜਤਾਲ ਕਰਦੇ ਹਨ ਜਿਵੇਂ ਕਿ ਕਥਾਕਾਰੀ ਅਜਿਹਾ ਕਲਾ ਰੂਪ ਹੈ ਜੋ ਵਿਭਿੰਨ ਸਮਿਆਂ ਦੇ ਪੜਾਵਾਂ ਨਾਲ ਵਿਕਸਿਤ ਹੋਇਆ ਹੈ, ਰੂਪਾਂਤ੍ਰਿਤ ਹੋਇਆ ਹੈ ਅਤੇ ਇਸ ਦੇ ਕਈ ਹੋਰ ਰੂਪ ਮੁੜ ਮੁੜ ਖੋਜੇ ਗਏ ਹਨ। ਇਨ੍ਹਾਂ ਅਧਿਐਨਾਂ ਵਿਚ ਫਿਲਮਾਂ, ਚਿਹਨ ਸ਼ਾਸਤਰ ਅਤੇ ਲੋਕਧਾਰਾ ਜਿਹੇ ਅੰਤਰ-ਸਬੰਧਿਤ ਅਨੁਸ਼ਾਸਨਾਂ ਨੂੰ ਨਵੇਂ ਪਰਿਪੇਖ ਤੋਂ ਪੇਸ਼ ਕੀਤਾ ਗਿਆ ਹੈ।

**ਪਹਿਲੇ ਲੇਖ ਵਿਚ ਪ੍ਰਸਿੱਧ ਫਿਲਮ ਨਿਰਦੇਸ਼ਕ ਸਤਿਆਜੀਤ ਰੇਅ ਦੀ 1964 'ਚ ਆਈ ਬੰਗਾਲੀ ਫਿਲਮ 'ਚਾਰੂਲਤਾ' ਦੀ ਬੇਗ਼ਾਨਗੀ ਅਤੇ ਇਕੱਲਤਾ ਵਿਚ ਉਸ ਪ੍ਰਕਿਰਿਆ ਨੂੰ ਤਲਾਸ਼ਣ ਦਾ ਯਤਨ ਕੀਤਾ ਹੈ ਕਿ ਦਵੰਦ ਦੇ ਦ੍ਰਿਸ਼ਟੀਕੋਣ ਤੋਂ ਚਾਰੂਲਤਾ ਕਿਵੇਂ ਆਪਣੇ ਸਵੈ ਦੀ ਖੋਜ ਕਰਦੀ ਹੈ। ਇਸ ਫਿਲਮ ਵਿਚ ਇਹ ਦਰਸਾਇਆ ਗਿਆ ਹੈ ਕਿ ਤੇਜ਼ੀ ਨਾਲ ਬਦਲਦੇ ਸਮਾਜ ਵਿਚ ਸਭਿਆਚਾਰ ਹੁਣ ਕੋਈ ਆਜ਼ਾਦ ਵਰਤਾਰਾ ਨਹੀਂ ਰਹਿ ਗਿਆ। ਚਾਰੂਲਤਾ ਦੀ ਨਾਇਕਾ ਬਦਲ ਰਹੇ ਬੰਗਾਲੀ ਸਮਾਜ ਦੇ ਰੂਪਾਂਤਰਨ ਦਾ ਸਿਖਰ ਹੈ। ਅਸ਼ੀਸ਼ ਨੰਦੀ ਆਪਣੀ** 'How Indian is Ray? Cinemaya **20' ਵਿਚ ਲਿਖਦਾ ਹੈ ਕਿ ਰੇਅ 'ਚ ਸਵੈ ਦੀ ਬਹੁਵੰਦਤਾ ਹੈ ਜਿਸ ਵਿਚ ਉਸ ਦਾ ਕੁਝ ਹਿੱਸਾ ਡੂੰਘੇ ਰੂਪ 'ਚ ਭਾਰਤੀ ਹੈ ਅਤੇ ਕੁਝ ਹਿੱਸਾ ਪੱਛਮੀ ਸਭਿਆਚਾਰ ਦਾ ਹੈ। ਚਾਰੂਲਤਾ ਵਿਚ ਰੇਅ ਨੇ ਉਸ ਕੁਲੀਨ-ਸ਼ਹਿਰੀ ਬੰਗਾਲੀ ਸਮਾਜ ਨੂੰ ਫੜਨ ਦਾ ਯਤਨ ਕੀਤਾ ਹੈ ਜੋ ਦੁਵੱਲੀਆਂ ਵਿਰੋਧੀ ਸ਼ਕਤੀਆਂ ਵਿਚ ਵੰਡਿਆ ਪਿਆ ਸੀ। ਇਕ ਹੈ: ਗੋਰੀ, ਸਾਮਰਾਜਵਾਦੀ, ਇਸਾਈਅਤ ਵਾਲੀ ਧਿਰ ਅਤੇ ਦੂਜੀ ਜਗੀਰੂ, ਰੂੜ੍ਹੀਵਾਦੀ, ਹਿੰਦੂ ਪਿੱਠਭੂਮੀ ਵਾਲੀ ਧਿਰ ਜਿਸ ਵਿਚੋਂ ਬੰਗਾਲੀ ਪੁਨਰ-ਜਾਗਰਤੀ ਦਾ ਉੱਥਾਨ ਹੁੰਦਾ ਹੈ। ਕੁਲੀਨ ਬੰਗਾਲੀ ਸਮਾਜ ਨੇ ਅੰਗਰੇਜ਼ੀ ਜ਼ੁਬਾਨ 'ਚ ਮੁਹਾਰਤ ਹਾਸਲ ਕਰ ਪੱਛਮ ਦੀ ਆਧੁਨਿਕਤਾ ਦੇ ਨਵੇਂ ਵਿਚਾਰ ਜਿਵੇਂ ਜਮਹੂਰੀਅਤ, ਉਦਾਰਵਾਦ, ਰਾਸ਼ਟਰਵਾਦ, ਨਾਰੀ ਪ੍ਰਤੀ ਉਦਾਰਤਾ ਅਤੇ ਸਮਾਜਿਕ ਬਰਾਬਰੀ ਦੇ ਵਿਚਾਰਾਂ ਨੂੰ ਸਮਝਿਆ ਤੇ ਫੈਲਾਇਆ। ਇਸ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਪ੍ਰਕਰਣ ਨਾਲ ਬੰਗਾਲ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਕੁਲੀਨ ਬੌਧਿਕ ਅਸਰ ਦਿਖਾਈ ਦੇਣ ਲੱਗਾ।**




'ਚਾਰੂਲਤਾ' ਰੇਅ ਦੀ ਬੜੀ ਮਕਬੂਲ ਫਿਲਮ ਰਹੀ। ਨਾਇਕਾ ਚਾਰੂ ਬੰਗਾਲ ਦੇ ਉਨ੍ਹੀਵੀਂ ਸਦੀ ਦੇ ਸਭਿਆਚਾਰਕ ਕਦਰਾਂ ਕੀਮਤਾਂ ਦੀ ਪ੍ਰਤੀਨਿਧਤਾ ਕਰਦੀ ਹੈ। ਫਿਲਮ ਵਿਚ ਚਾਰੂ, ਭੂਪਤੀ ਨਾਮੀ ਅਮੀਰ ਕੁਲੀਨ ਵਰਗ ਦੇ ਵਿਅਕਤੀ ਨਾਲ ਵਿਆਹੀ ਜਾਂਦੀ ਹੈ। ਭੂਪਤੀ ਅੰਗਰੇਜ਼ੀ ਅਖ਼ਬਾਰ ਦਾ ਸੰਪਾਦਕ ਹੈ। ਉਹ ਆਪਣੇ ਕਿੱਤੇ ਵਿਚ ਬੁਰੀ ਤਰ੍ਹਾਂ ਖਚਿਤ ਹੈ। ਉਸ ਕੋਲ ਆਪਣੀ ਸੁੰਦਰ ਪਤਨੀ ਲਈ ਸਮਾਂ ਨਹੀਂ। ਪਤਨੀ ਦੀ ਇਕੱਲਤਾ ਨੂੰ ਭਾਂਪਦਿਆਂ ਭੂਪਤੀ ਆਪਣੇ ਕਾਰਿੰਦੇ/ਲੇਖਾਕਾਰ ਉਮਪਦਾ ਅਤੇ ਉਸ ਦੀ ਪਤਨੀ ਮਾਂਦਾ ਨੂੰ ਨਾਲ ਰਹਿਣ ਲਈ ਬੁਲਾ ਲੈਂਦਾ ਹੈ। ਫਿਰ ਭੂਪਤੀ ਆਪਣੇ ਮਮੇਰੇ ਭਰਾ ਅਮਾਲ ਨੂੰ ਵੀ ਬੁਲਾ ਲੈਂਦਾ ਹੈ ਜੋ ਚਾਰੂ ਦਾ ਹਮਉਮਰ ਹੈ। ਅਮਾਲ ਦਾ ਕੰਮ ਹੈ ਚਾਰੂ ਨੂੰ ਪੜ੍ਹਾਉਣਾ। ਅਮਾਲ ਨੂੰ ਪੜ੍ਹਨਾ-ਲਿਖਣਾ ਪਸੰਦ ਹੈ ਅਤੇ ਉਹ ਚਾਰੂ ਨੂੰ ਵੀ ਲਿਖਣ ਲਈ ਤਿਆਰ ਕਰਦਾ ਹੈ। ਚਾਰੂ ਨੂੰ ਮਾਂਦਾ ਦੀ ਸੰਗਤ ਪਸੰਦ ਨਹੀਂ। ਉਹ ਹੌਲ਼ੀ-ਹੌਲ਼ੀ ਅਮਾਲ ਵੱਲ ਖਿੱਚ ਮਹਿਸੂਸ ਕਰਦੀ ਹੈ ਜੋ ਅੰਤ ਪ੍ਰੇਮ 'ਚ ਪਰਵਰਤਿਤ ਹੋ ਜਾਂਦਾ ਹੈ। ਫਿਲਮ 'ਚ ਕਈ ਅਜਿਹੇ ਦ੍ਰਿਸ਼ ਹਨ ਜਿਨ੍ਹਾਂ ਵਿਚ ਦੋਹਾਂ ਦਰਮਿਆਨ ਪ੍ਰੇਮ-ਭਾਵ ਪ੍ਰਗਟ ਹੁੰਦਾ ਹੈ। ਅਮਾਲ ਦੀ ਕਾਮੁਕ ਤੱਕਣੀ 'ਚ ਮਰਦ ਦੀ ਕਾਮਨਾ ਪ੍ਰਤੱਖ ਝਲਕਦੀ ਹੈ। ਚਾਰੂ ਦੀ ਹਾਲਤ 'ਚ ਇਕ ਪ੍ਰਤੱਖ ਖ਼ਲੀਜ਼ ਹੈ ਜਿਸ 'ਚ ਕਾਮੁਕਤਾ ਨਵਰੂਪਕ ਵਜੋਂ ਉਤੇਜਕ ਦ੍ਰਿਸ਼ ਬਣ ਉਭਰਦੀ ਹੈ। ਕਈ ਦ੍ਰਿਸ਼ਾਂ 'ਚ ਅਪੂਰਨ ਇੱਛਾਵਾਂ ਦੀਆਂ ਚੁੱਪ-ਧੁਨੀਆਂ ਥਾਂ-ਪੁਰ-ਥਾਂ ਸੁਣਾਈ ਦਿੰਦੀਆਂ ਹਨ ਜਿਸ ਨਾਲ ਦ੍ਰਿਸ਼ਕਾਰੀ ਦੀ ਮੂਕ ਭਾਸ਼ਾ ਸਿਰਜਣ ਦਾ ਯਤਨ ਕੀਤਾ ਗਿਆ ਹੈ। ਫਿਲਮ ਵਿਚ ਰੇਅ ਦਾ ਮੁੱਖ ਸਰੋਕਾਰ ਹੈ ਕਿ ਚਾਰੂ ਦੇ ਓਸ ਮਨੋ-ਤਣਾਅ ਨੂੰ ਦ੍ਰਿਸ਼ਾਉਣਾ ਜੋ ਪਤੀਵਰਤਾ ਅਤੇ ਨਾਜਾਇਜ਼ ਸਬੰਧਾਂ ਵਾਲੀ ਔਰਤ ਦੇ ਅੰਤਰੀਵ ਭਾਵਾਂ 'ਚ ਕਾਰਜਸ਼ੀਲ ਹੈ। ਚਾਰੂ ਦਾ ਘਰ ਇਕ ਤਰ੍ਹਾਂ ਦੀ ਜੇਲ੍ਹ ਹੈ ਜੋ ਉਨ੍ਹੀਵੀਂ ਸਦੀ ਦੇ ਬੰਗਾਲੀ ਸਮਾਜ ਦੀ ਸੰਰਚਨਾ ਦੀ ਪ੍ਰਤੀਨਿਧਤਾ ਹੈ। ਸਮਾਜਿਕ ਮਾਹੌਲ ਵੀ ਦੋਫਾੜ ਸਥਿਤੀ 'ਚ ਹੈ। ਔਰਤ 'ਤੇ ਪਿੱਤਰਸੱਤਾ ਦਾ ਦਾਬਾ ਹੈ ਜਿਸ 'ਚ ਉਹ ਆਪਣੇ ਆਪ ਨੂੰ ਫਸੀ ਹੋਈ ਤੇ ਅੰਦਰੋਂ ਤਿੜਕੀ ਅਨੁਭਵ ਕਰਦੀ ਹੈ।

**ਦੂਜੇ ਲੇਖ ਵਿਚ ਦੋ ਹਿੰਦੀ ਫਿਲਮਾਂ ਨਿਰਦੇਸ਼ਕ ਕਮਾਲ ਅਮਰੋਹੀ ਦੀ ਸੰਨ 1972 'ਚ ਰਿਲੀਜ਼ ਹੋਈ 'ਪਾਕੀਜ਼ਾ' ਅਤੇ ਮੁਜ਼ੱਫ਼ਰ ਅਲੀ ਦੀ 1981 'ਚ ਆਈ 'ਉਮਰਾਓ ਜਾਨ' ਦੀਆਂ ਤਵਾਇਫ਼/ਰੱਕਾਸਾ/ਨਾਚੀ ਨਾਇਕਾਵਾਂ ਦੇ ਰੂਪਾਂਤਰਨ ਨਾਲ ਜੁੜੇ ਚਿਹਨਕਾਂ ਦੀ ਵਿਆਖਿਆ ਕੀਤੀ ਗਈ ਹੈ। ਔਰਤ ਦੀ ਸਮਾਜ-ਸਭਿਆਚਾਰਕ ਸੰਕਲਪਨਾ ਬੜੀ ਗੁੰਝਲਦਾਰ ਅਤੇ ਸਭਿਆਚਾਰਕ ਰੂਪ 'ਚ ਸੰਦਰਭੀਕ੍ਰਿਤ ਹੈ। ਫਰਾਂਸਿਸੀ ਚਿੰਤਕ ਸਿਮੋਨ ਦ ਬਿਵੋਆ ਆਪਣੀ ਕਿਤਾਬ** 'The Second Sex' **'ਚ ਲਿਖਦੀ ਹੈ ਕਿ ਔਰਤ ਹੱਡ ਮਾਸ ਦੀ ਨਹੀਂ ਸਗੋਂ ਸਮਾਜ ਦੁਆਰਾ ਬਣਾਈ ਹੁੰਦੀ ਹੈ। ਅੱਜਕੱਲ੍ਹ ਵਿਦਵਾਨ ਮਰਦਾਨਗੀ ਅਤੇ ਔਰਤਤਵ ਨੂੰ ਮੁੱਖ ਰੂਪ 'ਚ ਏਜੰਸੀ ਅਤੇ ਸਾਂਝ ਦੇ ਚੌਖਟਿਆਂ 'ਚ ਬੰਨ੍ਹ ਕੇ ਵੇਖਦੇ ਹਨ। ਇਹ ਦੁਵੱਲਤਾਵਾਂ ਅਤੇ ਲਿੰਗਕ ਵੱਖਰਤਾਵਾਂ, ਨਿੱਜ ਨੂੰ ਸਭਿਆਚਾਰਕ ਸਿਲਸਿਲਿਆਂ ਤੋਂ ਦੂਰ ਕਰਦੀਆਂ ਹਨ। ਸਮਾਜ ਦੇ ਇਸ ਕਿੱਤੇ/ਤਬਕੇ ਨਾਲ ਜੁੜੀਆਂ ਨਾਇਕਾਵਾਂ ਦੀ ਇਤਿਹਾਸਕ-ਸਭਿਆਚਾਰਕ ਹੋਂਦ ਦੀ ਪੂਰੇ ਭਾਰਤ 'ਚ ਬੜੀ ਵੱਡੀ ਪਰੰਪਰਾ ਰਹੀ ਹੈ। 'ਪਾਕੀਜ਼ਾ' ਅਤੇ 'ਉਮਰਾਓ ਜਾਨ' ਦੋਵੇਂ ਫਿਲਮਾਂ ਨਾ ਸਿਰਫ਼ ਦੋ ਨਿੱਜਾਂ ਦੀ ਵੱਖੋ-ਵੱਖਰੀ ਰਹਿਨੁਮਾਈ ਹੀ ਕਰਦੀਆਂ ਹਨ ਸਗੋਂ ਦੋ ਪਦਾਰਥਕ ਅਤੇ ਵਸਤੂਗਤ ਸਬੰਧਾਂ ਦੀ ਵੀ ਪੇਸ਼ਕਾਰੀ ਕਰਦੀਆਂ ਹਨ। ਦੋਵੇਂ ਫਿਲਮਾਂ ਤਵਾਇਫ਼ਾਂ ਦੀ ਜੀਵਨ ਸਥਿਤੀ ਰਾਹੀਂ ਪਿੱਤਰਕੀ ਦਾਬੇ ਅਧੀਨ ਔਰਤਤਵ ਅਤੇ ਮਰਦਾਨਗੀ ਦੀਆਂ ਬਣਤਰਾਂ ਨੂੰ ਸਮਝਣ ਦਾ ਯਤਨ ਹਨ। ਨਾਰੀ ਦੇ ਅਵਚੇਤਨ ਅਤੇ ਤਵਾਇਫ਼ ਦੇ ਜੀਵਨ ਦੇ ਸਿਆਹ ਪੱਖ ਸੱਤਾ ਸੰਰਚਨਾਵਾਂ ਅਤੇ ਦਾਸਤਾ/ਸਮਰਪਣ ਵਿਚਾਲੇ ਡੋਲਦੇ ਰਹਿੰਦੇ ਹਨ। ਤਵਾਇਫ਼ਾਂ ਦੇ ਚਰਿੱਤਰਾਂ ਦੇ ਮੁੱਖ ਚਿਹਨਕਾਂ ਦੇ ਕੇਂਦਰ ਕੋਈ ਮਨੋ-ਸਮਾਜਿਕ ਸਬੰਧਾਂ ਦੇ ਮਸਨੂਈ ਦਿਖਾਵੇ ਨਹੀਂ ਹਨ ਸਗੋਂ ਗ਼ਲਬਿਆਂ ਦੇ ਵਰਤਾਰਿਆਂ ਰਾਹੀਂ ਸ਼ਾਸਿਤ ਖ਼ਾਸ ਇੰਤਕਾਲ ਹਨ। ਸਮਾਜ ਦਾਬੇ ਤੇ ਗ਼ੁਲਾਮੀ ਦੀ ਇਕ ਨਿਰੰਤਰ ਬਣਤਰ ਹੈ ਅਤੇ ਇਸ ਦੇ ਨੇਮਾਂ ਦਾ ਉਲੰਘਣ ਸਮਾਜਿਕ ਲਗਾਤਾਰਤਾ ਵਿਚ ਵੱਡਾ ਵਿੱਢ ਪੈਦਾ ਕਰਦਾ ਹੈ।**

ਭਾਰਤ-ਪਾਕਿਸਤਾਨ ਵੰਡ ਬਾਰੇ ਤਿੰਨ ਫਿਲਮਾਂ ਦਾ ਚਿਹਨ ਸ਼ਾਸਤਰੀ ਅਧਿਐਨ ਕੀਤਾ ਗਿਆ ਹੈ। ਪਹਿਲੀ ਫਿਲਮ ਹੈ: 'A Train to Pakistan' ਜੋ ਖ਼ੁਸ਼ਵੰਤ ਸਿੰਘ ਦੇ ਨਾਵਲ 'ਤੇ ਆਧਾਰਿਤ ਹੈ। ਇਸ ਦਾ ਨਿਰਦੇਸ਼ਨ ਪਾਮਿਲਾ ਬਰੁੱਕਸ ਨੇ 1998 'ਚ ਕੀਤਾ। ਇਸ ਵਿਚ ਦੇਸ਼ ਵੰਡ ਦੌਰਾਨ ਲੋਕਾਂ ਦਰਮਿਆਨ ਹੋਈ ਫ਼ਿਰਕੂ ਹਿੰਸਾ ਦੇ ਕਾਰਨਾਂ ਦੇ ਸਿਮਿਓਟਿਕਸ ਮਾਡਲ ਨੂੰ ਵਿਆਖਿਆਉਣ ਦਾ ਯਤਨ ਕੀਤਾ ਗਿਆ ਹੈ। ਇਸ ਫਿਲਮ ਦਾ ਪ੍ਰਮੁੱਖ ਚਿਹਨ ਪ੍ਰਬੰਧ ਬਦਲਦੇ ਇਤਿਹਾਸਕ ਹਾਲਾਤ ਵਿਚ ਫ਼ਿਰਕੂ ਨਫ਼ਰਤ, ਸੰਪਰਦਾਇਕ ਉਨਮਾਦ ਅਤੇ ਦੰਗਿਆਂ ਦੀ ਹਿੰਸਾ ਨੂੰ ਪ੍ਰਗਟਾਉਂਦਾ ਹੈ। ਫਿਲਮ ਦਾ ਬਿਰਤਾਂਤ ਪੰਜਾਬ ਦੇ ਛੋਟੇ ਜਿਹੇ ਪਿੰਡ 'ਮਨੂ ਮਾਜਰਾ' ਅੰਦਰ ਸੰਪਰਦਾਇਕ ਸਥਿਤੀ ਦੇ ਨਾਲ ਖੁੱਲ੍ਹਦਾ ਹੈ। ਅਗਲੇ ਦ੍ਰਿਸ਼ ਵਿਚ ਹੀ ਫ਼ਿਰਕੂ ਆਵਾਜ਼ਾਂ ਉੱਭਰਨ ਲੱਗਦੀਆਂ ਹਨ: ਮੁਸਲਮਾਨ ਪਾਕਿਸਤਾਨ ਚਲੇ ਜਾਣ। ਬਾਅਦ ਵਿਚ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਦੇ ਦੰਗੇ ਦਿਸਣ ਲੱਗਦੇ ਹਨ। ਪਿੰਡ ਦੇ ਸ਼ਾਹੂਕਾਰ ਦਾ ਕਤਲ ਨਾਇਕ ਜੱਗੇ ਦੇ ਵਿਰੋਧੀਆਂ ਵੱਲੋਂ ਕਰ ਦਿੱਤਾ ਜਾਂਦਾ ਹੈ। ਬਸਤੀਵਾਦੀ ਅਫ਼ਸਰਸ਼ਾਹੀ ਦੀ ਪ੍ਰਤੀਨਿਧਤਾ ਮੈਜਿਸਟ੍ਰੇਟ ਹੁਕਮ ਚੰਦ ਕਰਦਾ ਹੈ। ਨਾਚੀ ਹਸੀਨਾ ਦਾ ਗਾਣਾ ਸੁਣਦਿਆਂ ਲਾਕਾਨੀਅਨ ਸੰਕਲਪ Mirror-Image ਅਨੁਸਾਰ ਹੁਕਮ ਚੰਦ ਨੂੰ ਆਪਣੀ ਧੀ ਦੀ ਝਲਕ ਪੈਂਦੀ ਹੈ। ਜੱਗੇ ਦੀ ਮੁਸਲਮਾਨ ਕੁੜੀ ਨੂਰਾਂ ਨਾਲ ਮੁਹੱਬਤ ਧਾਰਮਿਕ ਪਰੰਪਰਾ ਦਾ ਉਲੰਘਣ ਹੈ। ਦੋਹਾਂ ਦੇ ਸਹਿਵਾਸ ਦੇ ਦ੍ਰਿਸ਼ ਦਾ ਨਤੀਜਾ ਨੂਰਾਂ ਦਾ ਗਰਭਵਤੀ ਹੋਣਾ ਹੈ। ਖੇਤਾਂ ਵਿਚ ਮਿਲਣੀ ਦੌਰਾਨ ਜੱਗਾ ਨੂਰਾਂ ਨੂੰ ਕਹਿੰਦਾ ਹੈ ਕਿ ਮੈਂ ਨਾ ਸਿੱਖ ਹਾਂ, ਨਾ ਮੁਸਲਮਾਨ, ਨਾ ਹਿੰਦੂ। ਮੈਂ ਡਾਕੂ ਹਾਂ। ਬਾਗ਼ੀ। ਜੱਗੇ ਦੀ ਇਸ ਭੂਮਿਕਾ ਤੋਂ ਪਾਕਿਸਤਾਨ ਨੂੰ ਜਾਣ ਵਾਲੀ ਰੇਲ ਗੱਡੀ 'ਚ ਮੁਸਲਮਾਨਾਂ ਨੂੰ ਬਚਾਉਣ ਵਾਲੇ ਰਾਖੇ ਵਜੋਂ ਬਦਲਾਓ ਸੰਪਰਦਾਇਕ ਸਹਿਹੋਂਦ ਦਾ ਚਿਹਨ ਉਸ ਤਿੜਕੇ ਸਮਾਜ 'ਚ ਬੜੇ ਸ਼ਕਤੀਸ਼ਾਲੀ ਢੰਗ ਨਾਲ ਉਭਰਦਾ ਹੈ ਜਿਸ ਵਿਚ ਅੰਤਾਂ ਦਾ ਫ਼ਿਰਕੂ ਤਣਾਅ ਹੈ। ਜੱਗਾ ਫ਼ਿਰਕੂ ਹਿੰਸਾ ਦੇ ਡਿਜ਼ਾਈਨ 'ਚੋਂ ਮਾਨਵਤਾ ਨੂੰ ਬਚਾਉਣ ਹਿੱਤ ਦਿੱਤੀ ਸ਼ਹਾਦਤ ਦੇ ਸ਼ਕਤੀਸ਼ਾਲੀ ਚਿਹਨ ਵਜੋਂ ਸਥਾਪਿਤ ਹੁੰਦਾ ਹੈ।

ਦੂਜੀ ਫਿਲਮ ਹੈ 'ਪਿੰਜਰ' ਜੋ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਤੇ ਆਧਾਰਿਤ ਹੈ। ਇਸ ਦਾ ਨਿਰਦੇਸ਼ਨ ਡਾ. ਰਾਜ ਕੁਮਾਰ ਦਿਵੇਦੀ ਨੇ 2003 ਵਿਚ ਕੀਤਾ। ਇਸ ਵਿਚੋਂ ਵਿਸਥਾਪਿਤ ਨਿੱਜ ਦੇ ਦ੍ਰਿਸ਼ਟੀਕੋਣ ਤੋਂ ਵੰਡ ਦੀ ਲੋਕ ਸਮਝ ਦੀ ਤਲਾਸ਼ ਕੀਤੀ ਗਈ ਹੈ। 'ਪਿੰਜਰ' ਦਾ ਨਿੱਜ ਸੰਭਾਵਿਤ ਸੱਚ ਅਤੇ ਗਲਪ ਦਾ ਜੁੜਵਾਂ ਬਿਰਤਾਂਤ ਹੈ ਜੋ ਦੇਸ਼ ਵੰਡ ਦੀ ਤ੍ਰਾਸਦੀ ਦੇ ਇਤਿਹਾਸ 'ਚੋਂ ਉਭਰਦਾ ਹੈ। ਹਿੰਦੋਸਤਾਨੀ ਬਰੇ-ਸਗੀਰ 'ਚ ਵੰਡ ਅਜਿਹੀ ਲਾਸ਼ ਹੈ ਜੋ ਸਭਿਆਚਾਰਕ ਸਿਮਰਤੀਆਂ ਦੇ ਚਿਹਨਕੀ ਪਾਣੀਆਂ 'ਚ ਅਜੇ ਵੀ ਤੈਰ ਰਹੀ ਹੈ। ਫਿਲਮ 'ਚ ਦਿਖਾਈ ਸਮਾਜਿਕ ਬਣਤਰ ਵਿਚ ਸਭਿਆਚਾਰਕ ਸੋਪਾਨ ਵਿਚ ਮੁਸਲਮਾਨ ਸ਼ੇਖ ਬਰਾਦਰੀ ਹਿੰਦੂ ਸ਼ਾਹਾਂ ਤੋਂ ਹੀਣੀ ਹੈ। ਦੋਵੇਂ ਪਿੰਡ 'ਰੱਤੋਵਾਲ' ਅਤੇ 'ਛੱਤੋਆਣੀ' ਹਿੰਦੂ-ਮੁਸਲਮਾਨ ਦੋਹਾਂ ਫ਼ਿਰਕਿਆਂ ਦੇ ਸ਼ਾਂਤ ਸਦਭਾਵੀ ਜੀਵਨ ਦੇ ਚਿਹਨਕ ਸਿਸਟਮ 'ਚ ਵੰਡ ਦੇ ਪ੍ਰਭਾਵਾਂ ਦੀ ਭਾਸ਼ਾ ਕਈ ਸੰਵਾਦਾਂ ਵਿਚੋਂ ਹੌਲੀ ਹੌਲੀ ਪ੍ਰਤੱਖ ਝਲਕਣ ਲੱਗਦੀ ਹੈ। ਫਿਲਮ ਦੇ ਦ੍ਰਿਸ਼ਾਂ 'ਚ ਵੰਡ ਕਾਰਨ ਹੋਏ ਦੰਗਿਆਂ ਕਾਰਨ ਨਾਇਕਾ ਪੂਰੋ ਦੀ ਚਿਹਨਕੀ ਸਪੇਸ ਭਵਿੱਖ ਦੀਆਂ ਦੁਖਦਾਈ ਅਤੇ ਚਿੰਤਤ ਸਥਿਤੀਆਂ ਵੱਲ ਸਥਗਿਤ ਹੁੰਦੀ ਜਾਂਦੀ ਹੈ। ਸ਼ਾਹਾਂ ਦੀ ਪਰਿਵਾਰਕ ਸਪੇਸ ਇੱਜ਼ਤ ਅਤੇ ਧੀ ਦੀ ਭਾਲ਼ ਵਿਚ ਨਿਰੰਤਰ ਉਖੜਦੀ ਚਲੀ ਜਾਂਦੀ ਹੈ। ਫ਼ਿਰਕੂ ਨਫ਼ਰਤ ਅਤੇ ਹਿੰਸਾ 'ਚ ਪੂਰੋ ਦੀ ਸਪੇਸ ਕਾਮਨਾ ਅਤੇ ਮਾਨਸਿਕ ਸੰਤਾਪ ਵਿਚ ਡੂੰਘੇ ਲਹਿ ਜਾਂਦੀ ਹੈ। ਰਾਸ਼ਿਦ ਉਸ ਨੂੰ ਉਜਾੜਦਾ ਵੀ ਹੈ ਤੇ ਬਚਾਉਂਦਾ ਵੀ ਹੈ। ਪੂਰੋ ਇਕ ਵਿਸਥਾਪਿਤ 'ਹੋਰ' (other) ਹੈ। ਰਾਸ਼ਿਦ ਦੇ ਘਰੋਂ ਨੱਠ ਕੇ ਜਦ ਉਹ ਆਪਣੇ ਘਰ ਦੇ ਦਰ 'ਤੇ ਪਹੁੰਚਦੀ ਹੈ ਤਾਂ ਉਸ ਨੂੰ ਅਸਵੀਕਾਰ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਮੁਸਲਮਾਨ ਰਾਸ਼ਿਦ (other) ਦੀ ਸਪੇਸ 'ਚ ਪ੍ਰਦੂਸ਼ਿਤ ਹੋ ਗਈ ਹੈ। ਇਨ੍ਹਾਂ ਦ੍ਰਿਸ਼ਾਂ ਵਿਚ ਸਮਾਜ ਵਿਚ ਨਸਲ, ਬਿਰਾਦਰੀ ਅਤੇ ਜਮਾਤ ਵਰਗਾਂ ਵਜੋਂ ਚਿਹਨਕੀ ਰੂਪ ਵਿਚ ਬੜੀਆਂ ਨੁਮਾਇਆ ਹੋ ਉਭਰਦੀਆਂ ਹਨ। ਦ੍ਰਿਸ਼ਾਤਮਕ ਰੂਪ ਵਿਚ ਫਿਲਮ ਦੇ ਸਾਰੇ ਦ੍ਰਿਸ਼ ਫ਼ਿਰਕੂ ਦੰਗੇ, ਮਜ਼ਹਬੀ ਉਨਮਾਦ, ਪਾਗ਼ਲਪਣ ਅਤੇ ਨਫ਼ਰਤ ਦਾ ਪ੍ਰਗਟਾਵਾ ਹਨ ਪਰ ਪੂਰੋ ਦੀ ਰੂਪਾਂਤ੍ਰਿਤ ਪਛਾਣ ਬਿਲਕੁਲ ਵੱਖਰੀ ਸੰਵੇਦਨਾ ਦੀ ਧਾਰਨੀ ਹੈ ਜੋ ਸਾਧਾਰਨ ਸਵੈ ਤੋਂ ਹਾਸ਼ੀਆਕ੍ਰਿਤਤਾ ਦੀ ਜੈਨਰਿਕ ਸਪੇਸ ਸਿਰਜਦੀ ਹੈ। ਹਿੰਸਾ ਅਤੇ ਦੰਗਿਆਂ ਦੀ ਇਹ ਦ੍ਰਿਸ਼ਾਵਲੀ ਫਿਲਮ ਦੇ ਬਿਰਤਾਂਤ ਦੀ ਮੂਲ ਕਥਾ ਨਹੀਂ ਸਗੋਂ ਮੂਲ ਕਥਾ ਤਾਂ ਦੋ ਵਿਰੋਧੀ ਤਣਾਓਸ਼ੀਲ ਕਾਮਨਾਵਾਂ 'ਚ ਫਸੀ ਔਰਤ ਦੇ ਅੰਤਰਮਨ ਦੀ ਸਥਿਤੀ ਹੈ। ਫਿਲਮ ਦੇ ਅੰਤਿਮ ਦ੍ਰਿਸ਼ 'ਚ ਪੂਰੋ ਤੇ ਰਾਸ਼ਿਦ ਸ਼ਰਨਾਰਥੀ ਕੈਂਪ 'ਚ ਆਉਂਦੇ ਹਨ ਤੇ ਤ੍ਰਿਲੋਕਾ ਪੂਰੋ ਨੂੰ ਸੁਨੇਹਾ ਦਿੰਦਾ ਹੈ ਕਿ ਰਾਮ ਚੰਦ ਉਸ ਨੂੰ ਸਵੀਕਾਰ ਕਰਨ ਨੂੰ ਤਿਆਰ ਹੈ। ਪੂਰੋ ਨੂੰ ਇਹ ਮਨਜ਼ੂਰ ਨਹੀਂ ਕਿਉਂਕਿ ਉਸ ਰਾਸ਼ਿਦ ਨਾਲ ਰਹਿਣ ਨੂੰ ਮਨ 'ਚ ਧਾਰ ਲਿਆ ਹੈ। ਉਹ ਆਪਣਾ ਆਪ 'ਲਾਜੋ' ਦੀ ਸਥਿਤੀ 'ਚੋਂ ਦੇਖਦੀ ਹੈ ਜਿਸ ਨੂੰ ਉਸ ਦੇ ਮਾਪਿਆਂ ਹਵਾਲੇ ਕੀਤਾ ਜਾ ਚੁੱਕਾ ਹੈ।

ਤੀਜੀ ਫਿਲਮ 'ਕਿੱਸਾ' ਹੈ ਜੋ 2013 ਵਿਚ ਆਈ ਅਤੇ ਜਿਸ ਦਾ ਨਿਰਦੇਸ਼ਨ ਅਨੂਪ ਸਿੰਘ ਨੇ ਕੀਤਾ ਹੈ। ਇਸ ਵਿਚੋਂ ਇਕੱਲਤਾ ਦੇ ਭੂਤ ਦੀ ਕਹਾਣੀ ਵਿਚੋਂ ਪੰਜਾਬੀ ਲੋਕ ਮਨ ਵਿਚ ਕਾਰਜਸ਼ੀਲ ਵੈਭਵ ਦੇ ਵਰਤਾਰੇ ਦੇ ਅਰਥ ਵਿਗਿਆਨ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਲਮ 'ਕਿੱਸਾ' ਕਹਿਰ ਦਾ ਬਿਰਤਾਂਤ ਹੈ। ਅੰਬਰ ਸਿੰਘ ਦੀ ਪੁੱਤ ਪੈਦਾ ਕਰਨ ਦੀ ਭੁੱਖ ਵਿਚੋਂ ਪੈਦਾ ਹੋਏ ਦੁੱਖ, ਬੇਗ਼ਾਨਗੀ ਅਤੇ ਜੜ੍ਹਹੀਣਤਾ ਦੀਆਂ ਗੁੰਝਲਾਂ ਦੀ ਸਿਨਮੈਟੋਗਰਾਫ਼ੀ ਹੈ। ਇਸ ਦੇ ਪਸਮੰਜ਼ਰ ਵਿਚ ਦੇਸ਼ ਵੰਡ ਦਾ ਲੰਮੇਰਾ, ਤਿੱਖਾ ਅਤੇ ਖ਼ੂਨੀ ਸਿਲਸਿਲਾ ਨਿਰੰਤਰ ਚੱਲਦਾ ਹੈ। ਅੰਬਰ ਸਿੰਘ ਦਾ ਵੰਡ ਕਾਰਨ ਉਜਾੜਾ ਇਕ ਭਾਵੁਕ ਵਿਸਥਾਪਨ ਦੀ ਸਮਝ ਸਿਰਜਦਾ ਹੈ ਜੋ ਕਿ ਸਿਰਫ਼ ਘਰ ਬਦਲਣ ਤਕ ਹੀ ਸੀਮਤ ਨਹੀਂ ਸਗੋਂ ਇਸ ਦੀ ਤਬਾਹੀ ਕਿਤੇ ਵੱਧ ਭਿਆਨਕ ਹੈ। ਅੰਬਰ ਸਿੰਘ ਲਈ ਪੁੱਤ ਦੇ ਪਿਤਾ ਬਣਨ ਦੀ ਚਾਹਤ ਦੀ ਪੂਰਤੀ ਦੁਨੀਆ ਦੀਆਂ ਸਭ ਸੱਤਾਵਾਂ ਤੋਂ ਕਿਤੇ ਵੱਧ ਹੈ। ਅੰਬਰ ਸਿੰਘ ਲਈ ਇਸ ਚਾਹਤ ਦੀ ਕਾਲਪਨਿਕ ਗ਼ੁਲਾਮੀ ਇਥੋਂ ਤੱਕ ਵਧ ਜਾਂਦੀ ਹੈ ਕਿ ਉਹ ਕੁੜੀ ਨੂੰ ਮੁੰਡੇ ਦੇ ਰੂਪ ਵਿਚ ਸਜਾ ਸੰਵਾਰ ਕੇ ਰੱਖਣ ਲੱਗਦਾ ਹੈ। ਦੁੱਧ ਪੁੱਤ ਨਾਲ ਧਾਰਮਿਕ ਪੁਰਾਤਨਤਾ/ਪੁਰਾਤੱਤਵਤਾ ਵੀ ਜੁੜੀ ਹੋਈ ਹੈ ਭਾਵ ਕਿ ਪੁੱਤ ਹੀ ਪਿਤਾ ਦੀ ਮੁਕਤੀ ਦਾ ਹੇਤੂ ਬਣਦਾ ਹੈ। ਕੰਵਰ ਦਾ ਪਗੜੀ ਬੰਨ੍ਹਣ ਦੀ ਰਸਮ ਦਾ ਚਿਹਨਕੀ ਮਹੱਤਵ ਹੈ। ਇੰਝ ਕੰਵਰ ਦੀ ਭੂਮਿਕਾ ਔਰਤ ਹੋਣ ਤੇ ਮਰਦ ਦਿਸਣ ਵਿਚ ਦੂਹਰੀ ਮਾਰ ਸਹਿੰਦੀ ਹੈ। ਰੋਬਰਟ ਜੇ. ਸਟੋਲਰ ਦਾ ਕਹਿਣਾ ਇੱਥੇ ਠੀਕ ਪ੍ਰਤੀਤ ਹੁੰਦਾ ਹੈ ਕਿ ਲਿੰਗ ਜੀਵ-ਵਿਗਿਆਨਕ ਅਤੇ ਜੈਂਡਰ ਮਨੋ-ਵਿਗਿਆਨਕ ਹੈ, ਇਸੇ ਲਈ ਇਹ ਸਭਿਆਚਾਰਕ ਹੈ। ਖ਼ਾਨਾਬਦੋਸ਼ ਕੁੜੀ ਨੀਲੀ ਅਤੇ ਕੰਵਰ ਵਿਚਕਾਰ ਜੈਂਡਰ ਦੇ ਅਰਥ ਸਮਾਜ-ਸਭਿਆਚਾਰਕ ਸੰਰਚਨਾ ਹੈ। ਕੰਵਰ ਦੇ ਦੇਹਿਕ-ਕਾਮੁਕ ਗੁਣ, ਮਾਨਸਿਕ ਵਿਹਾਰ ਅਤੇ ਕਾਮਨਾ ਦੇ ਪ੍ਰਗਟਾਵੇ ਉਸ ਦੇ ਅਵਚੇਤਨ ਵਿਚ ਪਾੜ ਪੈਦਾ ਕਰਦੇ ਹਨ। ਦੂਜੇ ਪਾਸੇ ਅੰਬਰ ਸਿੰਘ ਦੀ ਪੁੱਤ ਦੀ ਕਲਪਨਾ ਉਸ ਵਲੋਂ ਸਿਰਜੇ ਭਰਮ ਦੀ ਬਲੀ ਚੜ੍ਹ ਜਾਂਦੀ ਹੈ।

**ਇਸ ਤਰ੍ਹਾਂ ਦੇ ਲੋਕ-ਮਨ ਦੇ ਵੈਭਵ ਵਿਚ ਮਰਦ ਵੱਲੋਂ ਆਪਣੀ ਚਾਹਤ ਦੇ ਪ੍ਰਗਟਾਵੇ ਪੰਜਾਬੀ ਲੋਕਧਾਰਾ ਵਿਚ ਬਹੁਤ ਮਿਲਦੇ ਹਨ। ਇੰਝ ਕਹਿ ਸਕਦੇ ਹਾਂ ਕਿ ਡਾ. ਬਾਜਵਾ ਨੇ ਆਪਣੀ ਕਿਤਾਬ** 'Semiotics of Films and Phantasies' **ਵਿਚ ਕਲਾ ਸਿਨੇਮਾ ਦੇ ਬਿਰਤਾਂਤਾਂ ਨੂੰ ਬੌਲੀਵੁੱਡ ਦੇ ਮੁੱਖਧਾਰਾਈ ਸਿਨੇਮਾ ਨਾਲ ਜੋੜ ਕੇ ਹਿੰਸਾ, ਪਛਾਣ ਅਤੇ ਮਾਨਵੀ ਸਬੰਧਾਂ ਜਿਹੇ ਉਨ੍ਹਾਂ ਵਿਸ਼ਿਆਂ ਨੂੰ ਬਾਖ਼ੂਬੀ ਢੰਗ ਨਾਲ ਪੇਸ਼ ਕੀਤਾ ਹੈ ਜੋ ਭਾਰਤੀ ਸਮਾਜ ਵਿਚਲੇ ਮੈਟਾਬਿਰਤਾਂਤਾਂ ਕਾਰਨ ਸਦਾ ਪਰਿਵਰਤਨ 'ਚ ਰਹੇ ਹਨ। ਇਨ੍ਹਾਂ ਬਦਲਾਵਾਂ ਨੇ ਸਮਾਜ ਅਤੇ ਇਸ ਨਾਲ ਜੁੜੀਆਂ ਸੰਸਥਾਵਾਂ ਨੂੰ ਘਟਾ ਕੇ ਦੇਖਿਆ ਹੈ ਪਰ ਡਾ. ਬਾਜਵਾ ਨੇ ਸਿਮੇਨਾ ਦੇ ਲੈਂਜ਼ ਰਾਹੀਂ ਇਨ੍ਹਾਂ ਬਿਰਤਾਂਤਾਂ ਦੇ ਚਿਹਨ ਸ਼ਾਸਤਰੀ ਪਰਿਪੇਖਾਂ ਦੀ ਪੜਚੋਲ ਕਰਦਿਆਂ ਇਨ੍ਹਾਂ ਨੂੰ ਇਕ ਬੌਧਿਕ ਚੌਖਟੇ ਵਿਚੋਂ ਦੇਖਣ ਦਾ ਯਤਨ ਕੀਤਾ ਹੈ। ਇਹ ਲਿਖਤ ਪੜ੍ਹਨਯੋਗ, ਰੌਚਿਕ, ਦ੍ਰਿਸ਼ਟਾਂਤਕ ਅਤੇ ਕਲਪਨਾਸ਼ੀਲ ਪੁੱਠ ਵਾਲੀ ਹੈ ਜੋ ਪਾਠਕ ਦੇ ਮਨ ਅਤੇ ਸੋਚ ਪ੍ਰਕਿਰਿਆ ਨੂੰ ਹਲੂਣਦੀ ਹੈ।**

# ਕੋਹਿਨੂਰੀ ਤਾਜ਼ ਦਾ ਲੰਬਾ ਸਫਰ: ਅਲਵਿਦਾ ਮਹਾਰਾਣੀ ਐਲਿਜ਼ਾਬੈੱਥ 2

ਵੀਰਵਾਰ 8 ਸਤੰਬਰ, 2022 ਨੂੰ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਦੋਇਮ ਨੇ ਆਪਣੇ ਲੰਮੇਰੇ ਜੀਵਨ ਦਾ ਆਖਰੀ ਸਾਹ ਲਿਆ ਅਤੇ ਜਦੋਂ ਇਸ ਖਬਰ ਨੂੰ ਜਨਤਕ ਕੀਤਾ ਗਿਆ ਤਾਂ ਇਸ ਨਾਲ ਬਰਤਾਨੀਆ ਅਤੇ ਇਸ ਨਾਲ ਸਬੰਧਤ ਜਗਤ ਵਿਚ ਸਨਸਨੀ ਛਾ ਗਈ। ਉਸ ਦਿਨ ਨਾ ਕੇਵਲ ਪ੍ਰੀਜ਼ੈਂਟਰਾਂ ਨੇ ਹੀ ਕਾਲੇ ਕੱਪੜੇ ਪਾਏ ਸਗੋਂ ਸਟੂਡੀਓ ਵੀ ਸਿਆਹ ਰੰਗੇ ਕਰ ਦਿੱਤੇ ਗਏ। ਮਲਿਕਾ ਦੇ ਮਹਿਲਾਂ 'ਤੇ ਯੂਨੀਅਨ ਜੈਕ ਨੂੰ ਨੀਵਾਂ ਕਰ ਦਿੱਤਾ ਗਿਆ ਅਤੇ ਇਹ ਸ਼ੋਕ ਸਮਾਚਾਰ ਸੁਣਦੇ ਸਾਰ ਲੋਕਾਂ ਦੀ ਭੀੜ ਬਕਿੰਘਮ ਮਹਿਲ ਦੇ

**ਕੁਲਵੰਤ ਸਿੰਘ ਢੇਸੀ**

ਸਾਹਮਣੇ ਇਕੱਠੀ ਹੋਣੀ ਸ਼ੁਰੂ ਹੋ ਗਈ। ਬੀ ਬੀ ਸੀ ਨੇ ਤਤਕਾਲ ਆਪਣੇ ਸਾਰੇ ਪ੍ਰੋਗਰਾਮ ਰੋਕ ਕੇ ਮਹਾਰਾਣੀ ਦੇ ਜੀਵਨ ਦੀ ਕਵਰੇਜ ਸ਼ੁਰੂ ਕਰ ਦਿੱਤੀ। ਆਪਣੇ ਜੀਵਨ ਦਾ ਆਖਰੀ ਸਾਹ ਲੈਣ ਸਮੇਂ ਮਹਾਰਾਣੀ ਸਕੌਟਲੈਂਡ ਵਿਖੇ ਸਨ ਜਿੱਥੇ ਉਨ੍ਹਾਂ ਨੇ ਬਰਤਾਨੀਆ ਦੀ ਤਤਕਾਲੀ ਪ੍ਰਧਾਨ ਮੰਤਰੀ ਲਿਜ਼ ਟਰੱਸ ਨਾਲ ਮਿਲਣੀ ਕੀਤੀ ਸੀ।

**ਮਹਾਰਾਣੀ ਦਾ ਸੰਖੇਪ ਇਤਿਹਾਸ**

ਮਲਿਕਾ ਐਲਿਜ਼ਾਬੈੱਥ ਦਾ ਜਨਮ 21 ਅਪਰੈਲ 1926 ਨੂੰ ਲੰਡਨ ਵਿਚ ਹੋਇਆ। ਉਸ ਦਾ ਪਿਤਾ ਡਿਊਕ ਆਫ ਯੌਰਕ ਜੌਰਜ ਪੰਜਵੇਂ ਦਾ ਦੂਜਾ ਪੁੱਤਰ ਸੀ। ਬਚਪਨ ਤੋਂ ਹੀ ਐਲਿਜ਼ਾਬੈੱਥ ਖਾਸ ਗੁਣਾਂ ਦੀ ਧਾਰਨੀ ਸੀ। ਉਸ ਨੇ ਕਈ ਭਾਸ਼ਾਵਾਂ ਦਾ ਗਿਆਨ ਵੀ ਪ੍ਰਾਪਤ ਕੀਤਾ ਸੀ। ਸਾਲ 1936 ਵਿਚ ਜੌਰਜ ਪੰਜਵੇਂ ਦੀ ਮੌਤ ਮਗਰੋਂ ਵੱਡੇ ਪੁੱਤਰ ਡੇਵਿਡ ਐਡਵਰਡ ਨੇ ਗੱਦੀ ਸੰਭਾਲੀ ਪਰ ਉਸ ਨੂੰ ਤਖਤ ਛੇਤੀ ਹੀ ਛੱਡਣਾ ਪਿਆ ਕਿਉਂਕਿ ਉਸ ਨੇ ਜਿਸ ਅਮਰੀਕਨ ਔਰਤ ਨਾਲ ਵਿਆਹ ਕੀਤਾ ਉਸ ਦਾ ਪਹਿਲਾਂ ਦੋ ਵਾਰ ਤਲਾਕ ਹੋ ਚੁੱਕਾ ਸੀ। ਰਾਜਗੱਦੀ ਡਿਊਕ ਆਫ ਯੌਰਕ ਦੇ ਹੱਥ ਆਈ ਅਤੇ ਉਹ ਕਿੰਗ ਜੌਰਜ ਛੇਵੇਂ ਵਜੋਂ ਜਾਣਿਆ ਜਾਣ ਲੱਗਾ। 20 ਨਵੰਬਰ 1947 ਨੂੰ ਐਲਿਜ਼ਾਬੈੱਥ ਦਾ ਵਿਆਹ ਫਿਲਿਪ ਮਾਊਂਟਬੈਟਨ ਨਾਲ ਹੋਇਆ ਜੋ ਕਿ ਬਾਅਦ ਵਿਚ ਫਿਲਿਪ ਡਿਊਕ ਆਫ ਐਡਨਬਰਾ ਦੇ ਨਾਮ ਨਾਲ ਜਾਣਿਆ ਜਾਣ ਲੱਗਾ ਜੋ ਕਿ ਉਸ ਵੇਲੇ ਨੇਵੀ ਵਿਚ ਸੀ।

ਪ੍ਰਿੰਸ ਚਾਰਲਸ ਦਾ ਜਨਮ 1948 ਵਿਚ ਅਤੇ ਐਨ ਦਾ 1950 ਵਿਚ ਹੋਇਆ। 25 ਸਾਲ ਦੀ ਉਮਰ ਵਿਚ ਐਲਿਜ਼ਾਬੈੱਥ ਫਿਲਿਪ ਨਾਲ ਕੀਨੀਆ ਛੁੱਟੀਆਂ ਮਨਾ ਰਹੀ ਸੀ ਜਦੋਂ ਅਚਾਨਕ ਹੀ ਉਨ੍ਹਾਂ ਦੇ ਪਿਤਾ ਕਿੰਗ ਜੌਰਜ ਦੀ ਮੌਤ ਹੋ ਗਈ ਅਤੇ ਐਲਿਜ਼ਬੈੱਥ ਨੂੰ ਤਤਕਾਲ ਬਰਤਾਨੀਆਂ ਵਾਪਣ ਪਰਤਣਾ ਪਿਆ ਅਤੇ ਉਹ ਹੁਣ ਮਹਾਰਾਣੀ ਬਣ ਗਈ ਸੀ। 1953 ਵਿਚ ਐਲਿਜ਼ਾਬੈੱਥ ਦੀ ਤਾਜਪੋਸ਼ੀ ਨੂੰ ਕਰੋੜਾਂ ਲੋਕਾਂ ਨੇ ਟੈਲੀਵਿਜ਼ਨ 'ਤੇ ਦੇਖਿਆ।

ਇਹ ਉਹ ਸਮਾਂ ਸੀ ਜਦੋਂ ਵਿਸ਼ਵ ਦੀ ਦੂਜੀ ਜੰਗ ਮਗਰੋਂ ਬਰਤਾਨਵੀ ਬਸਤੀਵਾਦੀ ਸਾਮਰਾਜ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਸੀ ਅਤੇ ਭਾਰਤ ਸਮੇਤ ਅਨੇਕਾਂ ਦੇਸ਼ ਬਰਤਾਨਵੀ ਜੂਲੇ ਹੇਠੋਂ ਨਿਕਲ ਚੁੱਕੇ ਸਨ। ਸੰਨ 1931 ਨੂੰ ਸ਼ੁਰੂ ਹੋਏ ਰਾਸ਼ਟਰਮੰਡਲ (Common Wealth) ਦੇ ਸੰਕਲਪ ਨੇ 1950 ਦੇ ਦਹਾਕੇ ਵਿਚ ਆਪਣਾ ਪਸਾਰ ਕਰ ਕੇ ਕਰੀਬ 56 ਦੇਸ਼ਾਂ ਨੂੰ ਇਸ ਇਕਾਈ ਵਿਚ ਗੰਢ ਲਿਆ ਜਿਸ ਦੀ ਮਹਾਰਾਣੀ ਐਲਿਜ਼ਾਬੈੱਥ ਮੁਖੀ ਸੀ। ਮਹਾਰਾਣੀ ਦੀ ਮੌਤ ਮਗਰੋਂ ਚਾਰਲਸ ਤੀਜੇ ਨੂੰ ਇਨ੍ਹਾਂ ਦੇਸ਼ਾਂ ਦੀ ਪ੍ਰਧਾਨਗੀ ਪ੍ਰਾਪਤ ਹੋਈ ਹੈ ਜਿਸ ਵਿਚ 15 ਮੈਂਬਰ ਸਟੇਟਾਂ, 36 ਰਿਪਬਲਿਕ ਅਤੇ 5 ਵੱਖਰੀ ਤਰ੍ਹਾਂ ਦੇ ਰਾਜਸ਼ਾਹੀ ਦੇਸ਼ ਹਨ। ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਹੋ ਸਕਦਾ ਹੈ ਕਿ ਨੇੜੇ ਭਵਿੱਖ ਵਿਚ ਆਸਟਰੇਲੀਆ ਵਰਗੇ ਅਨੇਕਾਂ ਦੇਸ਼ ਚਾਰਲਸ ਤੀਜੇ ਨੂੰ ਆਪਣਾ ਮੁਖੀ ਮੰਨਣ ਦੀ ਬਜਾਏ ਰਿਪਬਲਿਕ ਦੇਸ਼ਾਂ ਦੇ ਰੂਪ ਵਿਚ ਪਾਸਾ ਬਦਲ ਲੈਣਗੇ।

ਪੰਜਾਹਵੇਂ ਦਹਾਕੇ ਵਿਚ ਮਹਾਰਾਣੀ ਨੂੰ ਉਸ ਵੇਲੇ ਅਨੇਕਾਂ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ ਜਦੋਂ ਇਕ ਤੋਂ ਬਾਅਦ ਇਕ ਟੋਰੀ ਪ੍ਰਧਾਨ ਮੰਤਰੀ ਅਹੁਦੇ ਤੋਂ ਤਿਆਗ ਪੱਤਰ ਦਿੰਦੇ ਰਹੇ ਅਤੇ ਮਹਾਰਾਣੀ ਨੂੰ ਆਪਣੇ ਰਾਜਸ਼ਾਹੀ ਰੁਤਬੇ ਨੂੰ ਸ਼ਾਹੀ ਪਰਿਵਾਰ ਤਕ ਸੀਮਤ ਕਰਨਾ ਪਿਆ। 1960ਵੇਂ ਦੇ ਦਹਾਕੇ ਤਕ ਪਹੁੰਚਦਿਆਂ ਸ਼ਾਹੀ ਪਰਿਵਾਰ ਵਲੋਂ ਸ਼ਾਹੀ ਮਹੱਲਾਂ ਦੀਆਂ ਪਾਬੰਦੀਆਂ ਨੂੰ ਨਰਮ ਕਰਨਾ ਪਿਆ ਜਿਸ ਦੇ ਨਤੀਜੇ ਵਜੋਂ ਬੀਬੀਸੀ ਮਹਿਲਾਂ ਅੰਦਰ ਦਾਖਲ ਹੋ ਕੇ ਸ਼ਾਹੀ ਪਰਿਵਾਰ ਨੂੰ ਲੋਕਾਂ ਦੇ ਨੇੜੇ ਕੀਤਾ ਜਾਣ ਲੱਗ ਪਿਆ।

ਸੰਨ 1997 ਨੂੰ ਮਹਾਰਾਣੀ ਦੇ ਰਾਜ ਦੀ ਸਿਲਵਰ ਜੁਬਲੀ ਮਨਾਈ ਗਈ ਅਤੇ ਲੋਕਾਂ ਦਾ ਵਿਸ਼ਵਾਸ ਸ਼ਾਹੀ ਪਰਿਵਾਰ ਵਿਚ ਕਾਇਮ ਰਿਹਾ। ਇਹ ਉਹ ਸਮਾਂ ਸੀ ਜਦੋਂ ਮਾਰਗਰੇਟ ਥੈਚਰ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਵਜੋਂ ਮਸ਼ਹੂਰ ਹੋ ਰਹੀ ਸੀ ਜਿਸ ਦੇ ਮਹਾਰਾਣੀ ਨਾਲ ਸਬੰਧ ਸੁਖਾਵੇਂ ਨਹੀਂ ਸਨ ਦੱਸੇ ਜਾਂਦੇ। ਇਹ ਉਹ ਸਮਾਂ ਸੀ ਜਦੋਂ ਦੱਖਣੀ ਅਫਰੀਕਾ ਵਿਚ ਨਸਲੀ ਵਿਤਕਰੇ (Apartheid) ਦੇ ਖ਼ਿਲਾਫ ਰੋਹ ਸਿਖਰ 'ਤੇ ਸੀ।

ਰਾਜਸੀ ਹੰਗਾਮਿਆਂ ਦੇ ਨਾਲ-ਨਾਲ ਅਚਾਨਕ ਸ਼ਾਹੀ ਪਰਿਵਾਰ ਵਿਚ ਵੀ ਟੁੱਟ ਭੱਜ ਦੀਆਂ ਖਬਰਾਂ ਆਉਣ ਲੱਗੀਆਂ ਸਨ ਜਿਨ੍ਹਾਂ ਵਿਚ ਮਹਾਰਾਣੀ ਦਾ ਦੂਜਾ ਬੇਟਾ ਡਿਊਕ ਆਫ ਯੌਰਕ ਅਤੇ ਉਸ ਦੀ ਪਤਨੀ ਸਾਰਾਹ ਸ਼ਾਹੀ ਪਰਿਵਾਰ ਤੋਂ ਵੱਖ ਹੋ ਗਏ। ਫਿਰ ਮਹਾਰਾਣੀ ਦੀ ਭੈਣ ਰਾਜਕੁਮਾਰੀ ਐਨ ਦਾ ਪ੍ਰਿੰਸ ਫਿਲਿਪ ਨਾਲੋਂ ਤਲਾਕ ਹੋ ਗਿਆ। ਇਹ ਉਹ ਸਮਾਂ ਸੀ ਜਦੋਂ ਖਾੜੀ ਦੀ ਜੰਗ ਨੇ ਬਰਤਾਨਵੀ ਅਤੇ ਅਮਰੀਕੀ ਵਿਕਾਰ ਨੂੰ ਸੱਟ ਮਾਰੀ ਸੀ। ਫਿਰ ਮਹਾਰਾਣੀ ਦੇ ਪਿਆਰੇ ਘਰ ਵਿੰਡਸਰ ਕੈਸਲ ਨੂੰ ਅੱਗ ਲੱਗ ਗਈ।

1992 ਦਾ ਸਾਲ ਸ਼ਾਹੀ ਪਰਿਵਾਰ ਲਈ ਚੁਣੌਤੀਆਂ ਭਰਪੂਰ ਸੀ। ਬਰਤਾਨਵੀ ਲੋਕ ਸ਼ਾਹੀ ਪਰਿਵਾਰ ਦੇ ਖਰਚਿਆਂ ਅਤੇ ਸਹੂਲਤਾਂ 'ਤੇ ਕਿੰਤੂ-



ਪ੍ਰੰਤੂ ਕਰਨ ਲੱਗੇ ਸਨ। ਇਸ ਸਮੇਂ ਹੀ ਖਬਰ ਆਈ ਕਿ ਮਹਾਰਾਣੀ ਅਤੇ ਪ੍ਰਿੰਸ ਚਾਰਲਸ ਆਪਣੀ ਆਮਦਨ 'ਤੇ ਰਾਜ ਨੂੰ ਟੈਕਸ ਦਿਆ ਕਰਨਗੇ। ਵੀਹਵੀਂ ਸਦੀ ਦੇ ਅੰਤ ਤਕ ਬਰਤਾਨੀਆ ਨੇ ਰਾਸ਼ਟਰਮੰਡਲ ਦੇ ਦੇਸ਼ਾਂ ਵੱਲ ਕੰਡ ਕਰ ਕੇ ਯੂਰਪ ਪ੍ਰਤੀ ਹਾਂ-ਪੱਖੀ ਰਵੱਈਆ ਅਪਣਾ ਲਿਆ।

ਸੰਨ 1994 ਵਿਚ ਦੱਖਣੀ ਅਫਰੀਕਾ ਵਿਚ ਨਸਲੀ ਵਿਤਕਰੇ ਵਾਲਾ ਪ੍ਰਬੰਧ ਖਤਮ ਹੋਣ ਲੱਗਾ ਅਤੇ ਪਹਿਲੀ ਵੇਰ ਗੈਰ ਨਸਲੀ ਚੋਣਾਂ ਹੋਈਆਂ। ਬਰਤਾਨਵੀ ਬਸਤੀਵਾਦ ਨਾਲ ਸਬੰਧਤ ਦੇਸ਼ਾਂ ਵਿਚ ਜੋ ਵੀ ਤਬਦੀਲੀਆਂ ਆ ਰਹੀਆਂ ਸਨ ਉਨ੍ਹਾਂ ਦਾ ਅਸਰ ਮਹਾਰਾਣੀ ਐਲਿਜ਼ਾਬੈੱਥ ਦੀ ਮਾਨਸਿਕਤਾ 'ਤੇ ਪੈਣਾ ਜ਼ਾਹਿਰ ਸੀ। ਸੰਨ 1995 ਵਿਚ ਦੱਖਣੀ ਅਫਰੀਕਾ ਵਿਚ ਆਜ਼ਾਦੀ ਦੇ ਜਸ਼ਨਾਂ ਵਿਚ ਮਹਾਰਾਣੀ ਵੀ ਸ਼ਾਮਲ ਹੋਏ।

ਪ੍ਰਿੰਸ ਚਾਰਲਸ ਦੇ ਕੈਮਿਲਾ ਨਾਲ ਸਬੰਧਾਂ ਪ੍ਰਤੀ ਉਸ ਦੀ ਪਤਨੀ ਰਾਜਕੁਮਾਰੀ ਡਾਇਨਾ ਵਲੋਂ ਵਿਰੋਧ ਅਤੇ ਦਿਨੋਂ ਦਿਨ ਡਾਇਨਾ ਦੀ ਵਧ ਰਹੀ ਹਰਮਨ ਪਿਆਰਤਾ ਨੇ ਸ਼ਾਹੀ ਰਾਜ ਲਈ ਸਿਰਦਰਦੀ ਪੈਦਾ ਕੀਤੀ ਹੋਈ ਸੀ। ਅਗਸਤ 1997 ਨੂੰ ਰਾਜਕੁਮਾਰੀ ਡਾਇਨਾ ਦੀ ਇਕ ਸੜਕ ਹਾਦਸੇ ਵਿਚ ਹੋਈ ਮੌਤ ਨੇ ਨਵੇਂ ਚਰਚਿਆਂ ਨੂੰ ਤੂਲ ਦੇ ਦਿੱਤਾ ਜਿਸ ਨਾਲ ਸ਼ਾਹੀ ਪਰਿਵਾਰ ਬੁਰੀ ਤਰ੍ਹਾਂ ਝੰਜੋੜਿਆ ਗਿਆ ਅਤੇ ਮਹਾਰਾਣੀ ਨੂੰ ਵੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਜਨਤਕ ਦਬਾਅ ਹੇਠ ਮਹਾਰਾਣੀ ਨੂੰ ਮੀਡੀਆ ਸਾਹਮਣੇ ਡਾਇਨਾ ਨੂੰ ਸ਼ਰਧਾਂਜਲੀ ਦੇਣੀ ਪਈ ਸੀ।

ਸੰਨ 1997 ਦੌਰਾਨ ਭਾਰਤ ਅਤੇ ਪਾਕਿਸਤਾਨ ਦੀ ਆਜ਼ਾਦੀ ਦੇ 50 ਸਾਲਾ ਜਸ਼ਨਾਂ ਵਿਚ ਸ਼ਾਮਲ ਹੋਣ ਲਈ ਜਿਸ ਵੇਲੇ ਮਹਾਰਾਣੀ ਪਾਕਿਸਤਾਨ ਅਤੇ ਭਾਰਤ ਪਹੁੰਚੇ ਤਾਂ ਉਨ੍ਹਾਂ ਨੇ ਅੰਮ੍ਰਿਤਸਰ ਜਾ ਕੇ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਜਲ੍ਹਿਆਂਵਾਲਾ ਬਾਗ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

30 ਮਾਰਚ 2002 ਨੂੰ ਮਹਾਰਾਣੀ ਦੀ ਮਾਤਾ ਦਾ ਦਿਹਾਂਤ ਹੋ ਗਿਆ। ਇਹ ਉਹ ਸਮਾਂ ਸੀ ਜਦੋਂ ਮਹਾਰਾਣੀ ਦੇ ਰਾਜ ਨੂੰ 50 ਸਾਲ ਪੂਰੇ ਹੋ ਗਏ ਸਨ ਅਤੇ ਹਾਲਾਤ ਦੀ ਬੇਸਵਾਦੀ ਦੇ ਬਾਵਜੂਦ ਲੱਖਾਂ ਦੀ ਗਿਣਤੀ ਵਿਚ ਲੋਕ ਬਕਿੰਘਮ ਮਹੱਲ ਸਾਹਮਣੇ ਮਹਾਰਾਣੀ ਦੀ ਝਲਕ ਦੇਖਣ ਲਈ ਇਕੱਠੇ ਹੋ ਗਏ ਸਨ।

2007 ਵਿਚ ਜਦੋਂ ਮਹਾਰਾਣੀ ਦੇ ਪ੍ਰਿੰਸ ਫਿਲਿਪ ਨਾਲ ਵਿਆਹ ਦੇ 60 ਸਾਲ ਪੂਰੇ ਹੋਏ ਤਾਂ ਵੈਸਟਮਨਿਸਟਰ ਵਿਚ ਮਨਾਏ ਜਾ ਰਹੇ ਜਸ਼ਨਾਂ ਵਿਚ 2 ਹਜ਼ਾਰ ਲੋਕਾਂ ਦਾ ਇਕੱਠ ਸੀ। ਸ਼ਾਹੀ ਪਰਿਵਾਰ ਦੇ ਮੁਖੀ ਮਹਾਰਾਣੀ ਐਲਿਜ਼ਾਬੈਥ ਨੇ ਪਹਿਲੀ ਵਾਰ ਉੱਤਰੀ ਆਇਰਲੈਂਡ ਦਾ ਰਾਜਸੀ ਦੌਰਾ ਕੀਤਾ।

ਸੰਨ 2014 ਵਿਚ ਸਕੌਟਲੈਂਡ ਵਲੋਂ ਆਜ਼ਾਦੀ ਲਈ ਕਰਵਾਇਆ ਗਿਆ ਰੈਫਰੈਂਡਮ ਵੀ ਮਹਾਰਾਣੀ ਲਈ ਸੰਕਟ ਵਾਂਗ ਸੀ ਜੋ ਮਸਾਂ ਹੀ ਟਲਿਆ ਸੀ ਪਰ ਬਰਤਾਨਵੀ ਦੇਸ਼ਾਂ ਦੀ ਯੂਨੀਅਨ ਕਿੰਨੀ ਦੇਰ ਤਕ ਕਾਇਮ ਰਹੇਗੀ ਇਹ ਸਵਾਲ ਹਾਲੇ ਵੀ ਮੂੰਹ ਅੱਡੀ ਖੜ੍ਹਾ ਹੈ।

ਜਿਸ ਵੇਲੇ ਮਹਾਰਾਣੀ ਆਪਣੇ ਰਾਜ ਦੀ 75ਵੀਂ ਵਰ੍ਹੇਗੰਢ ਮਨਾ ਰਹੇ ਸਨ ਉਸ ਵੇਲੇ ਯੂਗੋਵ ਵਲੋਂ ਹੋਏ ਇਕ ਸਰਵੇਖਣ ਵਿਚ ਪਤਾ ਲੱਗਾ ਕਿ ਬਰਤਾਨਵੀ ਰਾਜਸ਼ਾਹੀ ਦੇ ਖ਼ਿਲਾਫ ਚਰਚਾ ਹੋਣ ਦੇ ਬਾਵਜੂਦ ਵੀ 62% ਲੋਕ ਰਾਜਸ਼ਾਹੀ ਦੇ ਹੱਕ ਵਿਚ ਹਨ ਜਦਕਿ 22 ਫੀਸਦੀ ਲੋਕ ਇਸ ਦਾ ਬਦਲ ਚਾਹੁੰਦੇ ਹਨ।

ਮਹਾਰਾਣੀ ਐਲਿਜ਼ਾਬੈੱਥ ਨੇ ਕਿਸੇ ਵੀ ਹੋਰ ਰੋਇਲ ਨਾਲੋਂ ਵੱਧ ਸਮਾਂ ਭਾਵ 70 ਸਾਲ ਰਾਜ ਕੀਤਾ। ਇਹ ਸਾਰਾ ਸਮਾਂ ਉਨ੍ਹਾਂ ਨੇ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਆਪਣੇ ਰਾਜਸੀ ਰੁਤਬੇ 'ਤੇ ਪਹਿਰਾ ਦਿੱਤਾ।

**ਕੀ ਅਸੀਂ ਆਪਣੀ ਅਸਲੀ ਮਹਾਰਾਣੀ ਨੂੰ ਭੁਲਾ ਦਿੱਤਾ ਹੈ?**

ਇਕ ਪਾਕਿਸਤਾਨੀ ਅਦੀਬ ਨੇ ਮਹਾਰਾਣੀ ਐਲਿਜ਼ਾਬੈੱਥ ਦੀ ਮੌਤ 'ਤੇ ਸਤਿਕਾਰ ਸਹਿਤ ਕੁਝ ਸਤਰਾਂ ਬੋਲ ਕੇ ਸਿੱਖਾਂ 'ਤੇ ਇਤਰਾਜ਼ ਕੀਤਾ ਹੈ ਕਿ ਉਹ ਬਰਤਾਨਵੀ ਮਹਾਰਾਣੀ ਦੇ ਹੇਜ ਵਿਚ ਕੀ ਆਪਣੀ ਮਹਾਰਾਣੀ ਜਿੰਦ ਕੌਰ ਨੂੰ ਭੁੱਲ ਗਏ ਹਨ ਜਿਸ ਨੇ 1843 ਤੋਂ 1846 ਤਕ ਦੇ ਬਹੁਤ ਦੁਸ਼ਵਾਰੀਆਂ ਭਰੇ ਦੌਰ ਵਿਚ ਖਾਲਸਾ ਰਾਜ ਦੀ ਅਗਵਾਈ ਕੀਤੀ ਅਤੇ ਸਭਰਾਓ ਦੀ ਫੈਸਲਾਕੁਨ ਜੰਗ ਵਿਚ ਕੁੱਦਣ ਲਈ ਨਾਰਾਜ਼ ਹੋ ਕੇ ਬੈਠੇ ਸਰਦਾਰ ਸ਼ਾਮ ਸਿੰਘ ਅਟਾਰੀ ਵਰਗੇ ਸਰਦਾਰਾਂ ਨੂੰ ਰਾਜ਼ੀ ਕਰ ਲਿਆ। ਇਸ ਵਿਦਵਾਨ ਨੇ ਲਾਹੌਰ, ਸ਼ੇਖੂਪੁਰ, ਮਿਰਜ਼ਾਪੁਰ ਆਦਿਕ ਜੇਲ੍ਹਾਂ ਦਾ ਜ਼ਿਕਰ ਕੀਤਾ ਹੈ ਜਿੱਥੇ ਫਿਰੰਗੀ ਨੇ ਮਹਾਰਾਣੀ ਜਿੰਦ ਕੌਰ ਨੂੰ ਕੈਦ ਕੀਤਾ ਅਤੇ ਆਖਰ ਬਨਾਰਸ ਦੇ ਚਿਨਾਰ ਕਿਲੇ ਵਿਚ ਕੈਦ ਕਰ ਕੇ ਉਸ ਨੂੰ ਤਲਾਸ਼ੀ ਦੇ ਬਹਾਨੇ ਨਿਰਵਸਤਰ ਕਰ ਕੇ ਜ਼ਲੀਲ ਕੀਤਾ ਸੀ। ਮਹਾਰਾਣੀ ਬੜੀ ਚੁਸਤੀ ਨਾਲ ਕਿਲੇ ਵਿਚੋਂ ਨਿਕਲ ਕੇ ਦੁਸ਼ਵਾਰੀਆਂ ਭਰਿਆ ਸਫਰ ਤੈਅ ਕਰ ਕੇ ਨੇਪਾਲ ਦੇ ਰਾਜਾ ਜੰਗ ਬਹਾਦਰ ਕੋਲ ਰਾਜਸੀ ਸ਼ਰਨ ਲਈ ਪਹੁੰਚੀ ਅਤੇ ਅਖੀਰ ਪੁੱਤਰ ਦਲੀਪ ਸਿੰਘ ਦੇ ਵਿਛੋੜੇ ਵਿਚ ਅੰਨ੍ਹੀ ਹੋ ਗਈ ਸੀ। ਇਸ ਵਿਦਵਾਨ ਨੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਕੀ ਤੁਸੀਂ ਅੱਜ ਸ਼ਹੀਦ ਊਧਮ ਸਿੰਘ ਨੂੰ ਭੁੱਲ ਗਏ ਹੋ?

ਇਹ ਠੀਕ ਹੈ ਕਿ ਫਿਰੰਗੀ ਨੇ ਬੜੀਆਂ ਸਾਜ਼ਿਸ਼ਾਂ ਅਤੇ ਚਲਾਕੀਆਂ ਨਾਲ ਸਿੱਖ ਰਾਜ ਹਥਿਆ ਕੇ ਸੌ ਸਾਲ ਸਾਡੇ 'ਤੇ ਰਾਜ ਕੀਤਾ ਅਤੇ ਭਾਰਤ ਛੱਡਣ ਵੇਲੇ ਸਿੱਖਾਂ ਦਾ ਰਾਜ ਸਿੱਖਾਂ ਨੂੰ ਵਾਪਸ ਵੀ ਨਹੀਂ ਸੀ ਕੀਤਾ ਪਰ ਜਿੱਥੋਂ ਤਕ ਐਂਗਲੋ ਸਿੱਖ ਰਿਸ਼ਤੇ ਦਾ ਸਬੰਧ ਹੈ ਉਸ ਨੂੰ ਕਿਸੇ ਇਕ ਮੁੱਦੇ 'ਤੇ ਸੀਮਤ ਕਰ ਕੇ ਸਹੀ ਨਤੀਜੇ ਨਹੀਂ ਕੱਢੇ ਜਾ ਸਕਦੇ। ਸਿੱਖ ਫਿਰੰਗੀ ਦੇ ਖ਼ਿਲਾਫ ਵੀ ਡਟ ਕੇ ਲੜੇ ਅਤੇ ਅੰਗਰੇਜ਼ ਰਾਜ ਵਾਸਤੇ ਸਾਰਾਗੜ੍ਹੀ ਵਰਗੀ ਜੰਗ ਲੜ ਕੇ ਆਪਣੀ ਬਹਾਦਰੀ ਦੇ ਇਤਿਹਾਸ ਵੀ ਸਿੱਖਾਂ ਨੇ ਸਿਰਜੇ। ਭਾਰਤ ਦੀ ਫਿਰੰਗੀ ਭਰਤੀ ਵਿਚ ਹਿਟਲਰ ਅਤੇ ਮੁਸੋਲੀਨੀ ਵਰਗੇ ਫਾਸ਼ੀਆਂ ਖ਼ਿਲਾਫ ਲੜਦੇ ਹੋਏ 83,000 ਸਿੱਖਾਂ ਨੇ ਜਾਨਾਂ ਵਾਰੀਆਂ ਅਤੇ ਸਵਾ ਲੱਖ ਦੇ ਕਰੀਬ ਫੱਟੜ ਹੋਏ। ਫਿਰੰਗੀ ਨੇ ਸਿੱਖ ਰਜਮੈਂਟਾਂ ਬਣਾ ਕੇ ਸਿੱਖੀ ਰੁਤਬੇ ਅਤੇ ਸਪਿਰਟ ਨੂੰ ਬਹਾਲ ਰੱਖਿਆ ਤਾਂ ਕਿ ਸਿੱਖ ਜਾਂਬਾਜ਼ੀ ਨਾਲ ਫਿਰੰਗੀ ਲਈ ਲੜ ਸਕਣ ਪਰ ਪੰਜਾਬ ਵਿਚ ਗੁਰਦੁਆਰਿਆਂ ਨੂੰ ਮਹੰਤਾਂ ਸਪੁਰਦ ਕਰ ਕੇ ਅਤੇ ਪੰਜਾਬ ਵਿਚ ਸਿੱਖਾਂ ਤੋਂ ਪੰਜਾਬੀ ਕਾਇਦੇ ਅਤੇ ਹਥਿਆਰ ਪੈਸੇ ਦੇ ਲਾਲਚ ਵਿਚ ਵਾਪਸ ਲੈ ਕੇ ਫਿਰੰਗੀ ਇਸ ਕੋਸ਼ਿਸ਼ ਵਿਚ ਰਹੇ ਕਿ ਸਿੱਖ ਮਾਨਸਿਕਤਾ ਨੂੰ ਗੁਲਾਮ ਕੀਤਾ ਜਾਵੇ। ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਅਸੀਂ ਆਪਣੇ ਇਤਿਹਾਸ ਤੋਂ ਕੀ ਸਿੱਖਿਆ ਹੈ ਅਤੇ ਅੱਗੇ ਸਾਨੂੰ ਕਿਹੋ ਜਿਹੀ ਰਣਨੀਤੀ ਅਖਤਿਆਰ ਕਰਨੀ ਚਾਹੀਦੀ ਹੈ। ਜਿੱਥੋਂ ਤਕ ਯੂ ਕੇ ਸਿੱਖਾਂ ਦਾ ਸਵਾਲ ਹੈ ਇਸ ਦੇਸ਼ ਵਿਚ ਲੱਖਾਂ ਦੀ ਗਿਣਤੀ ਵਿਚ ਸਿੱਖਾਂ ਨੇ ਆਪਣੀ ਸਹੂਲਤ ਲਈ ਬ੍ਰਿਟਿਸ਼ ਨਾਗਰਿਕਤਾ ਹਾਸਲ ਕੀਤੀ ਹੈ। ਹੁਣ ਸਿੱਖ ਬ੍ਰਿਟਿਸ਼ ਸਿਆਸਤ, ਫੌਜ, ਪੁਲਿਸ ਅਤੇ ਜੀਵਨ ਦੇ ਹਰ ਪੱਖ ਵਿਚ ਬਰਾਬਰਤਾ ਦਾ ਦਰਜਾ ਰੱਖਦੇ ਹੋਏ ਸ਼ਾਮਲ ਹਨ। ਬਰਤਾਨਵੀ ਸ਼ਹਿਰੀ ਸਾਡੇ ਬੱਚੇ ਬੋਲੀ, ਸਭਿਆਚਾਰ ਅਤੇ ਮਾਨਸਿਕ ਤੌਰ 'ਤੇ ਬਰਤਾਨਵੀ ਜੀਵਨ ਵਿਚ ਢਲ ਚੁੱਕੇ ਹਨ। ਇਨ੍ਹਾਂ ਬਦਲੇ ਹੋਏ ਹਾਲਾਤ ਵਿਚ ਸਦੀਆਂ ਪਹਿਲਾਂ ਹੋ ਚੁੱਕੀਆਂ ਘਟਨਾਵਾਂ ਨੂੰ ਲੈ ਕੇ ਸਿੱਖ ਸਮੂਹ ਆਪਣੀ ਮਾਨਸਿਕਤਾ ਵਿਚ ਕੜਵਾਹਟ ਲੈ ਕੇ ਜੇ ਦੇਸ਼ ਦੇ ਦੁੱਖ ਸੁੱਖ ਵਿਚ ਸ਼ਰੀਕ ਨਹੀਂ ਹੁੰਦੇ ਤਾਂ ਕੀ ਇਹ ਸਾਡੀ ਸੁਹਿਰਦ ਅਤੇ ਇਮਾਨਦਾਰ ਸ਼ਖਸੀਅਤ ਦਾ ਪ੍ਰਗਟਾਵਾ ਹੋਵੇਗਾ। ਇਸ ਨਜ਼ਰੀਏ ਤੋਂ ਅਸੀਂ ਆਪਣੇ ਆਪ ਵਿਚ ਸਪੱਸ਼ਟ ਹੋ ਸਕਦੇ ਹਾਂ ਕਿ ਅਸੀਂ ਇਸ ਦੇਸ਼ ਦੇ ਰੋਜ਼ਮਰਾ ਦੇ ਜੀਵਨ ਵਿਚ ਸ਼ਾਮਲ ਹੋਣਾ ਹੈ ਜਾਂ ਅਲੱਗ ਥਲੱਗ ਹੋ ਕੇ ਰਹਿਣਾ ਹੈ?

**ਕੰਡਿਆਂ ਅਤੇ ਕੋਹਿਨੂਰ ਦਾ ਤਾਜ਼!**

ਕਿਹਾ ਜਾਂਦਾ ਹੈ ਕਿ ਬਰਤਾਨਵੀ ਮਹਾਰਾਣੀ ਦੇ ਤਾਜ਼ ਵਿਚ ਜੜੇ ਹੋਏ ਹੀਰੇ ਉਸੇ ਕੋਹਿਨੂਰ ਨਾਲ ਸਬੰਧਤ ਹਨ ਜੋ ਕਦੀ ਸਿੱਖ ਰਾਜ ਦੀ ਮਲਕੀਅਤ ਸੀ ਅਤੇ ਫਿਰ ਇਹ ਕੋਹਿਨੂਰ ਹੀਰਾ ਨਾਬਾਲਗ ਮਹਾਰਾਜਾ ਦਲੀਪ ਸਿੰਘ ਤੋਂ ਮਹਾਰਾਣੀ ਵਿਕਟੋਰੀਆ ਨੂੰ ਤੋਹਫੇ ਦੇ ਤੌਰ 'ਤੇ ਦਿਵਾ ਦਿੱਤਾ ਗਿਆ ਸੀ। ਅੱਜ ਸਿੱਖ ਆਪਣਾ ਗਵਾਚਿਆ ਹੀਰਾ ਅਤੇ ਤਾਜ਼ ਤਖਤ ਲੱਭ ਰਹੇ ਹਨ ਅਤੇ ਅੰਗਰੇਜ਼ ਰਾਜੇ ਚਾਰਲਸ ਤੀਜੇ ਵਾਸਤੇ ਵੀ ਇਹ ਵੱਡੀ ਚੁਣੌਤੀ ਹੈ ਕਿ ਕੀ ਉਹ ਭਵਿੱਖ ਵਿਚ ਨਾ ਕੇਵਲ ਕੌਮਨਵੈਲਥ ਦੇਸ਼ਾਂ ਦੀ ਚੌਧਰ ਸਗੋਂ ਆਸਟਰੇਲੀਆ ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਆਪਣੇ ਮੋਹਰੀ ਰੁਤਬੇ ਨੂੰ ਕਿੰਨਾ ਕੁ ਚਿਰ ਕਾਇਮ ਰੱਖ ਸਕਦਾ ਹੈ ਕਿਉਂਕਿ ਅੱਜ ਜਿੱਥੇ ਆਸਟਰੇਲੀਆ ਦੇ ਰਿਪਬਲਿਕ ਹੋ ਜਾਣ ਦੀਆਂ ਕਨਸੋਆਂ ਹਨ ਉਥੇ ਸਿਆਸੀ ਪੰਡਤਾਂ ਵਲੋਂ ਇਹ ਵੀ ਭਵਿੱਖਬਾਣੀ ਕੀਤੀ ਜਾ ਰਹੀ ਹੈ ਕਿ ਨੇੜੇ ਭਵਿੱਖ ਵਿਚ ਸਕੌਟਲੈਂਡ ਇਕ ਹੋਰ ਰੈਫਰੈਂਡਮ ਕਰਵਾ ਕੇ ਆਜ਼ਾਦ ਹੋ ਜਾਵੇਗਾ।

ਕਿਸੇ ਅਦੀਬ ਦਾ ਕਹਿਣਾ ਹੈ:

"Some of the most beautiful things worth having in your life come wrapped in a crown of thorns."

ਭਾਵ ਕਿ ਜ਼ਿੰਦਗੀ ਦੇ ਵਡਮੁੱਲੇ ਮੁਕਟ ਕੰਡਿਆਂ ਵਿਚ ਜੜੇ ਹੋਏ ਹੁੰਦੇ ਹਨ। ਜਿਨ੍ਹਾਂ ਲੋਕਾਂ ਨੇ ਆਪਣੀ ਕੌਮ ਵਿਚ ਏਕਤਾ ਰੱਖਦੇ ਹੋਏ ਆਪਣੀਆਂ ਬੌਧਿਕ ਅਤੇ ਮਾਨਸਿਕ ਸ਼ਕਤੀਆਂ ਦੀ ਭਰਪੂਰ ਵਰਤੋਂ ਕੀਤੀ ਉਨ੍ਹਾਂ ਨੇ ਕਮਾਲ ਦੀਆਂ ਬੁਲੰਦੀਆਂ ਨੂੰ ਛੋਹਿਆ ਅਤੇ ਫਿਰ ਆਪਣੇ ਰਾਜ, ਬੋਲੀ, ਸਭਿਆਚਾਰ ਅਤੇ ਧਰਮ ਦੇ ਝੰਡੇ ਸਾਰੀ ਦੁਨੀਆਂ 'ਤੇ ਝੁਲਾ ਦਿੱਤੇ।

**ਮਾਂਡਲਾ ਦਸਤਾਰ ਕੇਸ ਵਿਚ ਬਰਤਾਨਵੀ ਹਾਊਸ ਆਫ ਲਾਰਡ ਵਿਚ ਸਿੱਖਾਂ ਨੂੰ ਕਰੀਬ-ਕਰੀਬ ਇਕ ਕੌਮ ਵਜੋਂ ਮਾਨਤਾ ਦਿੱਤੀ ਗਈ ਸੀ ਪਰ ਕੀ ਸਿੱਖ, ਯਹੂਦੀਆਂ ਵਾਂਗ ਅੰਗਰੇਜ਼ੀ ਅਤੇ ਦੇਸੀ ਸ਼ਾਸਕਾਂ ਵਲੋਂ ਕੀਤੀਆਂ ਗਈਆਂ ਸਾਜ਼ਿਸ਼ਾਂ ਅਤੇ ਆਪਣੀ ਕੌਮ ਦੀ ਕੀਤੀ ਗਈ ਨਸਲਕੁਸ਼ੀ ਤੋਂ ਸਬਕ ਲੈ ਕੇ ਆਪਣੇ ਗਵਾਚੇ ਹੋਏ ਤਾਜ਼ੋ ਤਖਤ ਨੂੰ ਵਾਪਸ ਲੈਣ ਲਈ ਇਕਮੁੱਠ ਹੋ ਕੇ ਯਤਨ ਕਰਨਗੇ-ਸਮਾਂ ਹੀ ਦੱਸੇਗਾ।**

# ਰੂਸੀ ਇਨਕਲਾਬ ਅਤੇ ਪੂੰਜੀਵਾਦੀ ਸੰਸਾਰ

'ਪੰਜਾਬ ਟਾਈਮਜ਼' ਦੇ ਅੰਕ 37 (10 ਸਤੰਬਰ, 2022) ਵਿਚ ਮੇਰਾ ਲੇਖ 'ਗੋਰਬਾਚੋਵ ਦੇ ਹਵਾਲੇ ਨਾਲ ਰੂਸੀ ਇਨਕਲਾਬ ਨੂੰ ਯਾਦ ਕਰਦਿਆਂ' ਛਪਿਆ ਹੈ। ਇਸ ਲੇਖ ਨਾਲ ਤੁਸੀਂ ਟਿੱਪਣੀ ਛਾਪੀ ਹੈ ਜਿਸ ਵਿਚ ਲਿਖਿਆ ਹੈ: "ਇਹ ਵੱਖਰੀ ਗੱਲ ਹੈ ਕਿ ਇਹ ਟਿੱਪਣੀਆਂ ਕਰਦੇ ਵਕਤ ਉਹ ਉਸ ਵਕਤ ਦੇ ਹਾਲਾਤ ਨੂੰ ਉਕਾ ਹੀ ਵਿਸਾਰ ਗਏ ਜਦੋਂ ਸੰਸਾਰ ਵਿਚ ਪਹਿਲੀ ਵਾਰ ਹੋਈ ਅਜਿਹੀ 'ਜੱਗੋਂ ਤੇਰਵੀਂ' ਤੋਂ ਪੂੰਜੀਵਾਦੀ ਸੰਸਾਰ ਬਹੁਤ ਔਖਾ ਹੋਇਆ ਪਿਆ ਸੀ। ਇਹ ਉਹੀ ਪੂੰਜੀਵਾਦੀ ਸੰਸਾਰ ਸੀ ਜਿਸ ਨੇ ਅੱਜ ਮਨੁੱਖਤਾ ਨੂੰ ਮੌਤ ਦੇ ਕਗਾਰ ਉਤੇ ਲਿਆ ਖੜ੍ਹਾਇਆ ਹੈ। ਉਨ੍ਹਾਂ ਆਪਣੇ ਲੇਖ ਵਿਚ ਨਾਸਤਿਕਤਾ/ਆਸਤਿਕਤਾ ਨੂੰ ਵੀ ਮੁੱਖ ਮੁਦਾ ਬਣਾਇਆ ਹੈ।"

ਇਸ ਟਿੱਪਣੀ ਨਾਲ ਇਹ ਪ੍ਰਭਾਵ ਪੈਂਦਾ ਹੈ, ਜਿਵੇਂ ਮੇਰੀ ਲਿਖਤ ਵਿਚ ਰੂਸੀ ਇਨਕਲਾਬ ਨੂੰ ਛੁਟਿਆਉਣ ਦਾ ਯਤਨ ਕੀਤਾ ਗਿਆ ਹੈ ਜਾਂ ਇਸ ਦੀ ਅਹਿਮੀਅਤ ਤੋਂ ਇਨਕਾਰ ਹੈ। ਗੱਲ ਇਸ ਦੇ ਸਗੋਂ ਬਿਲਕੁਲ ਉਲਟ ਹੈ। ਇਸ ਇਨਕਲਾਬ ਦੀ ਆਲਮੀ ਅਹਿਮੀਅਤ ਨੂੰ ਧਿਆਨ ਵਿਚ ਰੱਖ ਕੇ ਹੀ ਮੈਂ ਇਹ ਲੇਖ ਲਿਖਿਆ ਹੈ। ਗੋਰਬਾਚੋਵ ਦਾ ਹਵਾਲਾ ਤਾਂ ਸਿਰਫ ਪਾਠਕਾਂ ਦਾ ਧਿਆਨ ਖਿੱਚਣ ਲਈ ਹੀ ਹੈ। ਮੈਂ ਪਾਠਕਾਂ ਦਾ ਧਿਆਨ ਇਸ ਨੁਕਤੇ 'ਤੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਰੂਸੀ ਇਨਕਲਾਬ ਦੇ ਆਗੂ ਲੈਨਿਨ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਨੂੰ ਕੇਂਦਰ ਵਿਚ ਰੱਖ ਕੇ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਨ ਦੇ ਰਾਹ ਉਤੇ ਤੁਰਦੇ ਤਾਂ ਅੱਜ ਹਾਲਾਤ ਵੱਖਰੇ ਹੁੰਦੇ। ਨਾ ਦੂਜੀ ਸੰਸਾਰ ਜੰਗ ਹੁੰਦੀ ਅਤੇ ਨਾ ਹੀ ਅੱਜ ਪੂੰਜੀਵਾਦ ਮਨੁੱਖਤਾ ਨੂੰ ਇਕ ਵਾਰ ਫਿਰ ਮੌਤ ਦੀ ਕਗਾਰ ਉਤੇ ਲਿਆ ਕੇ ਖੜ੍ਹਾ ਕਰ ਸਕਦਾ; ਤੇ ਨਾ ਹੀ ਰੂਸ-ਯੂਕਰੇਨ ਜੰਗ ਹੁੰਦੀ। ਜੇ ਅਸੀਂ ਸੌ ਸਾਲ ਬਾਅਦ ਵੀ ਆਪਣੀ ਲਹਿਰ ਦੀਆਂ ਕੀਤੀਆਂ ਗਲਤੀਆਂ ਉਤੇ ਉਂਗਲ ਨਹੀਂ ਰੱਖਾਂਗੇ ਤੇ ਉਹਨਾਂ ਤੋਂ ਸਬਕ ਨਹੀਂ ਸਿਖਾਂਗੇ ਤਾਂ ਅਸੀਂ ਫਿਰ ਉਹੀ ਗਲਤੀਆਂ ਕਰਨ ਲਈ ਸਰਾਪੇ ਜਾਵਾਂਗੇ।

ਆਸਤਿਕਤਾ/ਨਾਸਤਿਕਤਾ ਮੇਰੀ ਇਸ ਲਿਖਤ ਦਾ ਮੁੱਖ ਮੁੱਦਾ ਨਹੀਂ ਸੀ ਬਲਕਿ ਮੁੱਖ ਮੁੱਦਾ ਲੈਨਿਨ ਦੀ ਧਰਮਾਂ ਬਾਰੇ ਅਪਣਾਈ ਗੈਰ-ਮਾਰਕਸੀ ਪਹੁੰਚ ਸੀ। ਲਿਖਤ ਦੀ ਸੀਮਤਾਈ ਹੋਣ ਕਰ ਕੇ ਆਰੰਭ ਵਿਚ ਹੀ ਮੈਂ ਇਹ ਸਪਸ਼ਟ ਕਰ ਦਿਤਾ ਸੀ ਕਿ "ਲੈਨਿਨ ਨੇ ਰੂਸੀ ਇਨਕਲਾਬ ਨੂੰ ਅੱਗੇ ਵਧਾਉਂਦਿਆਂ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਦੇ ਬਹੁਤ ਹੀ ਅਹਿਮ ਪੱਖਾਂ ਨੂੰ ਅਣਗੌਲਿਆ ਕਰ ਦਿੱਤਾ। ਉਸ ਨੇ ਮਨੁੱਖ ਦੇ ਪਦਾਰਥਕ ਵਿਕਾਸ ਉਤੇ ਜ਼ੋਰ ਦਿੰਦਿਆਂ ਉਸ ਦੇ ਸਮਾਜੀ ਅਤੇ ਆਤਮਿਕ ਵਿਕਾਸ ਨੂੰ ਕੋਈ ਅਹਿਮੀਅਤ ਨਾ ਦਿੱਤੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਰਬਤ ਦੇ ਭਲੇ ਦੀ ਕਾਮਨਾ ਕਰਨ ਵਾਲਾ ਸਮਾਜਵਾਦੀ (ਕਮਿਊਨਿਸਟ) ਮਨੁੱਖ ਸਿਰਜਿਆ ਹੀ ਨਾ ਜਾ ਸਕਿਆ। ... ... ਕਮਿਊਨਿਜ਼ਮ ਨੂੰ ਨਾਸਤਿਕਤਾ ਨਾਲ ਬੰਨ੍ਹ ਕੇ ਮਾਰਕਸ ਵਲੋਂ ਵਿਕਸਿਤ ਕੀਤੇ ਗਏ ਕੁਦਰਤ ਅਤੇ ਮਨੁੱਖ ਦੇ ਆਪਸੀ ਬੁਨਿਆਦੀ ਰਿਸ਼ਤੇ ਨੂੰ ਹੀ ਮਨੁੱਖ ਦੀ ਚੇਤਨਾ ਵਿਚੋਂ ਮਨਫੀ ਕਰ ਦਿਤਾ ਗਿਆ। ਇਹੀ ਕਾਰਨ ਸੀ ਕਿ ਰੂਸੀ ਬੰਦਾ ਆਪਣੀ ਅਸਲੀ ਕੁਦਰਤੀ ਆਤਮਿਕ ਹੋਂਦ ਦਾ ਅਹਿਸਾਸ ਹੀ ਨਾ ਕਰ ਸਕਿਆ।"

**ਸੰਪਾਦਕ ਦੇ ਨਾਂ ਖ਼ਤ**

**-ਗੁਰਬਚਨ ਸਿੰਘ, ਜਲੰਧਰ**


# ਕਾਨੂੰਨ ਦੀ ਵਾੜ

## ਵਿਅੰਗ

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

1986 ਵਿਚ ਮੈਂ ਤੀਜੀ ਵਾਰ ਭਾਰਤ ਗਿਆ। ਧੂੜ ਭਰੇ ਰਸਤੇ ਅਤੇ ਭੋਲੇ ਚਿਹਰਿਆਂ ਦੀਆਂ ਮੁਸਕਾਨਾਂ ਤੱਕਣ ਲਈ ਮਨ ਹਾਬੜ ਗਿਆ ਸੀ। ਗੁੱਲੀ-ਡੰਡਾ ਖੇਡਣ ਵਾਲੇ ਰੌੜ ਹਵੇਲੀਆਂ ਵਿਚ ਬਦਲੇ ਪਏ ਸਨ। ਗੁੱਡੀਆਂ-ਪਟੋਲਿਆਂ ਨਾਲ ਖੇਡਣ ਵਾਲੀਆਂ ਬੱਚੀਆਂ ਜਵਾਨ ਹੋ ਗਈਆਂ ਸਨ। ਬਾਂਹ ਨਾਲ ਨਲੀ ਪੂੰਝਣ ਵਾਲੇ ਮੁੰਡੇ ਅੱਜ-ਕੱਲ੍ਹ ਕਾਲਜੀਏਟ ਪੜ੍ਹਾਕੂ ਬਣੇ ਫਿਰਦੇ ਸਨ। ਕਾਫ਼ੀ ਕੁਝ ਬਦਲ ਗਿਆ ਸੀ। ਪਰ ਮੈਂ ਹੀ ਸੀ, ਜੋ ਅਜੇ ਵੀ ਉਹੀ ਸੀ ਸ਼ਾਇਦ। ਦੋ ਕੁ ਦਿਨ ਪਿੰਡ ਰਹਿਣ ਮਗਰੋਂ ਨਾਨਕੀਂ ਜਾਣ ਦਾ ਮਨ ਬਣਿਆ। ਮੈਂ ਸ਼ਾਮ ਜਿਹੇ ਨੂੰ ਬਾਪੂ ਜੀ ਦੀ ਕਾਰ ਲਈ ਅਤੇ ਨਾਨਕਿਆਂ ਨੂੰ ਚਾਲੇ ਪਾ ਦਿੱਤੇ।

ਜਦੋਂ ਮੈਂ ਪੰਜ ਕੁ ਕਿਲੋਮੀਟਰ ਗਿਆ ਤਾਂ ਹਿੰਮਤਪੁਰੇ ਵਾਲੇ ਪੁਲ਼ 'ਤੇ ਪੁਲੀਸ ਨੇ ਨਾਕਾ ਲਾਇਆ ਹੋਇਆ ਸੀ। ਮਜਬੂਰਨ ਮੈਨੂੰ ਵੀ ਰੁਕਣਾ ਪਿਆ। ਜੀਪ ਅਤੇ ਇੱਕ ਟਰੈਕਟਰ ਦਾ ਚਲਾਣ ਕਰ ਦਿੱਤਾ ਗਿਆ ਸੀ।



ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891

ਮੈਥੋਂ ਅੱਗੇ ਇੱਕ ਮਾਰੂਤੀ ਕਾਰ ਅਤੇ ਇੱਕ ਜੀਪਾ ਖੜ੍ਹੇ ਸਨ। ਜੀਪਾ ਵੀ ਕਾਹਦਾ ਸੀ? ਬਾਡੀ ਹੀ ਜੀਪ ਦੀ ਸੀ। ਜਿਸ ਵਿਚ ਪੀਟਰ ਇੰਜਣ ਰੱਖ ਕੇ ਮਿਸਤਰੀ ਨੇ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਸਵਾਰੀਆਂ ਢੋਣ ਲਈ 'ਸੰਦ' ਬਣਾਇਆ ਹੋਇਆ ਸੀ। ਕਾਰ ਵਾਲੇ ਨੇ ਤਾਂ ਪੁਲੀਸ ਦੇ ਮੂੰਹ 'ਹੱਡ' ਦੇ ਕੇ ਆਪਣਾ ਖਹਿੜਾ ਛੁਡਵਾ ਲਿਆ। ਹੁਣ ਜੀਪੇ ਵਾਲੇ ਦੀ ਵਾਰੀ ਸੀ। ਸ਼ਾਇਦ ਜੇਬ ਵਿਚ ਕੁਝ ਨਾ ਹੋਣ ਕਰਕੇ ਉਹ ਪਾੜ ਵਿਚ ਫੜੇ ਚੋਰ ਵਾਂਗ ਝਾਕ ਰਿਹਾ ਸੀ।

-'ਇਹਦੇ ਕਾਗਜ਼ ਪੱਤਰ ਕਿੱਥੇ ਐ ਉਏ?' ਮੁੰਨਿਆਂ ਮੂੰਹ ਬਘਿਆੜ ਵਾਂਗ ਖੋਲ੍ਹ ਕੇ ਇਕ ਸਿਪਾਹੀ ਨੇ ਪੁੱਛਿਆ।

-'ਜੀ ਕਾਗਤ ਪੱਤਰ ਤਾਂ ਹੈਨ੍ਹੀ।' ਮਿਸਤਰੀ ਕੂੰਗੜ ਕੇ ਗਿੱਠ ਕੁ ਦਾ ਬਣ ਗਿਆ।

-'ਇਹਨੂੰ ਪਿਉ ਨੂੰ ਬਿਨਾ ਕਾਗਜ਼ਾਂ ਪੱਤਰਾਂ ਤੋਂ ਈ ਦਬੱਲੀ ਫਿਰਦੈਂ?'

-'..........।' ਮਿਸਤਰੀ ਚੁੱਪ ਸੀ।

-'ਨਾ ਥੋਨੂੰ ਮਾਂਚੋ ਕਾਨੂੰਨ ਦਾ ਡਰ ਈ ਨ੍ਹੀ ਰਿਹਾ?' ਦੂਜੇ ਨੇ ਕਾਨੂੰਨ ਦਾ ਨਾਂ ਲੈ ਕੇ ਫ਼ੀਸ ਦੀ ਕੀਮਤ ਵਧਾਈ। ਪੈਰ ਹੇਠ ਆਇਆ ਬਟੇਰਾ ਉਹ ਸੁੱਕਾ ਨਹੀਂ ਨਿਕਲਣ ਦੇਣਾ ਚਾਹੁੰਦਾ ਸੀ।

-'ਕਾਨੂੰਨ ਨੂੰ ਤਾਂ ਵਾੜੀ ਜਾਂਦੇ ਐ, ਜਿੱਥੋਂ ਨਿਕਲਿਐ!' ਤੀਜੇ ਨੇ ਹਿਲਦਾ ਕਿੱਲਾ ਠੋਕਿਆ।

-'ਮਾਪਿਓ ਬੰਨ੍ਹ-ਸੁੱਬ ਕਰਕੇ ਘਰੇ ਈ ਢਾਣਸ ਕੀਤੈ ਜੀ, ਮੈਂ ਕਿਹੜਾ ਕਿਸੇ ਅਜੰਸੀ ਤੋਂ ਲਿਐ?' ਡਰਦੇ ਮਿਸਤਰੀ ਨੇ ਕਿਹਾ।

-'ਉਏ ਇਹਦਾ ਚਲਾਣ ਪਾ ਕੇ ਗਾਂਹਾਂ ਤੋਰੋ! ਆਪਾਂ ਲੋਕਾਂ ਮਾਂਗੂੰ ਵਿਹਲੇ ਨ੍ਹੀ, ਚਲਾਣ ਕਾਹਤੋਂ ਨ੍ਹੀ ਕਰਦੇ?' ਦੂਰ ਨਿੰਮ ਹੇਠ ਕੁਰਸੀ 'ਤੇ ਬੈਠੇ ਠਾਣੇਦਾਰ ਨੇ ਹੋਕਰਾ ਮਾਰਿਆ। ਫ਼ਿਕਸੋ ਲਾ ਕੇ ਉਸ ਨੇ ਆਪਣੀਆਂ ਪਤਲੀਆਂ ਮੁੱਛਾਂ ਲੜਾਕੇ ਜਹਾਜ ਦੀ 'ਤੂਈ' ਵਰਗੀਆਂ ਬਣਾਈਆਂ ਹੋਈਆਂ ਸਨ।

-'ਸਰਦਾਰ ਜੀ! ਜੀਪ ਇਹ ਨ੍ਹੀ, ਕਾਰ ਇਹ ਨ੍ਹੀ, ਇਹਦਾ ਗਰੜਪੌਂਕ ਜਿਹੇ ਦਾ ਕਾਹਦੇ 'ਤੇ ਚਲਾਣ ਕਰੀਏ?' ਸਿਪਾਹੀ ਨੇ ਘੋਰ ਮਾਯੂਸੀ ਪ੍ਰਗਟਾਈ।

-'ਲਿਖੋ ਜੀ ਘੜੁੱਕਾ...!' ਮਿਸਤਰੀ ਨੇ ਆਪਣੇ ਵੱਲੋਂ ਨਾਂ ਦੱਸਿਆ।

-'ਤੇਰੀ ਮਾਂ ਦਾ ਕੜਛਾ! ਸਾਲਿਆ ਕੁੱਤਿਆਂ ਦਿਆ! ਘੜੁੱਕਾ ਤੇਰੇ ਕਿਹੜੇ ਪਿਉ ਆਲੀ ਕਾਨੂੰਨ ਦੀ ਕਿਤਾਬ 'ਚ ਲਿਖਿਐ ਉਏ?' ਸਿਪਾਹੀ ਨੇ ਮਿਸਤਰੀ ਦੇ ਸੋਟੀ ਮਾਰੀ।

-'ਨਾਲੇ ਤੂੰ ਤਾਂ ਕਹੇਂਗਾ ਇਹਨੂੰ ਮਾਂ ਦਾ ਖਸਮ ਲਿਖੋ?' ਦੂਜਾ ਸਿਪਾਹੀ ਬੋਲਿਆ। ਮੁਫ਼ਤ ਵਿਚ ਮਿਲੀ ਮੁਰਗੀ ਉਸ ਤੋਂ ਮਰੋੜੀ ਨਹੀਂ ਜਾ ਰਹੀ ਸੀ, ਜਿਸ ਕਰਕੇ ਉਸ ਦੇ ਲੂਹਰੀਆਂ ਉਠੀ ਜਾ ਰਹੀਆਂ ਸਨ।

-'ਮਾਪਿਓ! ਹੋਰ ਨ੍ਹੀ ਕਿਮੇਂ ਗੱਲ ਬਣਦੀ?' ਅੰਤ ਮਿਸਤਰੀ ਨੇ ਜਾਂਦੀ ਗੱਲ ਹੱਥ ਵਿਚ ਲੈਣੀ ਚਾਹੀ।

-'ਤੇ ਹੋਰ ਅਸੀਂ ਐਥੇ ਚਾਅ ਨੂੰ ਖੜ੍ਹੇ ਐਂ?' ਮਾਯੂਸ ਸਿਪਾਹੀ ਟਹਿਕ ਪਿਆ ਸੀ। ਉਸ ਦੀ ਬੋਕ ਦਾਹੜੀ ਕਾਟੋ ਦੀ ਪੂਛ ਵਾਂਗ ਲਟਕ ਜਿਹੀ ਰਹੀ ਸੀ।

ਮਿਸਤਰੀ ਨੇ ਸਾਰੇ ਦਿਨ ਦੀ ਕਮਾਈ ਜੇਬ ਵਿਚੋਂ ਕੱਢ ਲਈ। ਜਿਸ ਨੂੰ ਸਿਪਾਹੀ ਝਬੁੱਟ ਮਾਰ ਕੇ ਲੈ ਗਿਆ।

-'ਮਾਪਿਓ ਤੇਲ ਵਾਸਤੇ ਤਾਂ ਰਹਿਣ ਦਿਓ। ਟੈਂਕੀ ਖਾਲੀ ਹੋਣ ਆਲੀ ਐ।' ਮਿਸਤਰੀ ਪਿਆਸੇ ਕਾਂ ਵਾਂਗ ਝਾਕਿਆ।

-'ਸਾਲਿਆ ਤੇਲ ਦਿਆ! ਤੈਨੂੰ ਹੁਣੇਂ ਨਾ ਮੈਂ ਗਿਣ ਕੇ ਦਿਆਂ। ਜਾਹ ਚਾਰ ਸਵਾਰੀਆਂ ਵੱਧ ਲੱਦ ਲਈਂ। ਖੁੱਲ੍ਹੀ ਛੁੱਟੀ!' ਆਪਣੇ ਵੱਲੋਂ ਸਿਪਾਹੀ ਨੇ ਉਸ ਦਾ ਖੱਭਾ ਕੱਢ ਦਿੱਤਾ।

-'ਤੂੰ ਸ਼ੁਕਰ ਕਰ ਚੌਲਾਂ 'ਚ ਈ ਸਰ ਗਿਆ, ਨਹੀਂ ਤਾਂ ਅਗਲੇ ਪਿਛਲੇ ਸਾਰੇ ਕਚਿਹਰੀ 'ਚ ਈ ਲੱਗ ਜਾਣੇਂ ਸੀ!' ਦੂਜੇ ਸਿਪਾਹੀ ਨੇ ਆਪਣਾ ਅਹਿਸਾਨ ਮਿਸਤਰੀ 'ਤੇ ਜਤਾਇਆ।

ਪਰ ਮਿਸਤਰੀ ਖੜ੍ਹਾ ਨੋਟਾਂ ਵੱਲ ਝਾਕ ਰਿਹਾ ਸੀ।

-'ਹੁਣ ਤੁਰਦੈਂ ਕਿ ਚਾਰਾਂ ਬੱਕਲ? ਮੇਰੀਆਂ ਗਾਲ੍ਹਾਂ ਰਾਕਟ ਲਾਂਚਰਾਂ ਅਰਗੀਆਂ ਹੁੰਦੀਐਂ, ਦੋ ਛੱਡਤੀਆਂ ਤਾਂ ਡਰ-ਡਰ ਉਠਿਆ ਕਰੇਂਗਾ। ਸਾਲਾ ਕੁੱਕੜੂੰ-ਘੜੂੰ ਜਿਆ!' ਪਾਸਿਓਂ ਤੀਜੇ ਨੇ ਕੜੀ 'ਚ ਕੜੀ ਅੜਾ ਕੇ ਦਬਕਾ ਮਾਰਿਆ।

ਸਲੋਕ ਸੁਣ ਕੇ ਮਿਸਤਰੀ ਆਪਣਾ ਘੜੁੱਕਾ ਲੈ ਕੇ ਵਿਦਾ ਹੋ ਗਿਆ।




ਦੋ ਸਿਪਾਹੀ ਮੇਰੇ ਦੁਆਲੇ ਹੋ ਗਏ।

-'ਹਾਂ ਬਈ, ਕਾਗਜ ਪੱਤਰ?' ਸ਼ਾਇਦ ਮੇਰੇ ਕਾਲੀਆਂ ਐਨਕਾਂ ਲੱਗੀਆਂ ਦੇਖ ਕੇ ਸਿਪਾਹੀ ਕੁਝ ਧੀਮਾਂ ਬੋਲਿਆ।

ਮੈਂ ਕਾਗਜ ਪੱਤਰ ਦੇ ਦਿੱਤੇ ਅਤੇ ਦੂਸਰਾ ਸਿਪਾਹੀ ਕਾਗਜ-ਪੱਤਰਾਂ 'ਤੇ ਸਰਸਰੀ ਨਜ਼ਰ ਮਾਰਨ ਲੱਗ ਪਿਆ।

ਇਤਨੇ ਨੂੰ ਇਕ ਅਮਲੀ ਨੇ ਸਾਡੇ ਕੋਲ ਸਾਈਕਲ ਆ ਰੋਕਿਆ। ਉਸ ਨੇ ਸਾਈਕਲ ਨੂੰ ਤੇਲ ਲਾ ਕੇ ਲਿਸ਼ਕਾ ਰੱਖਿਆ ਸੀ। ਰਿੰਮਾਂ ਵਿਚ ਫੁੱਲ ਪੁਆਏ ਹੋਏ ਸਨ ਅਤੇ ਚੈਨ-ਕਵਰ 'ਤੇ ਦੁੱਧ ਚਿੱਟੇ ਅੱਖਰਾਂ ਵਿਚ 'ਸਰਦਾਰ ਕਰਨੈਲ ਸਿੰਘ' ਲਿਖਿਆ ਹੋਇਆ ਸੀ। ਸਾਈਕਲ ਦੇ ਡੰਡਿਆਂ ਵਿਚ ਉਸ ਨੇ ਵੱਡੀ ਕਿਰਪਾਨ ਫ਼ਸਾਈ ਹੋਈ ਸੀ।

-'ਆਹ ਮਗਰਲੇ ਦੀ ਵੀ ਖਬਰ ਲੈ ਲਓ!' ਦੂਰੋਂ ਦੈਂਗੜ ਚੂਹਿਆਂ ਦੀ ਬਿੱਲੀ ਮਾਸੀ, ਠਾਣੇਦਾਰ ਨੇ ਹੋਕਰਾ ਮਾਰਿਆ।

-'ਕੀ ਨਾਂ ਐਂ ਉਏ ਤੇਰਾ?' ਇਕ ਸਿਪਾਹੀ ਅਮਲੀ ਦੁਆਲੇ ਹੋ ਗਿਆ।

-'ਜੀ ਕਰਨੈਲ ਸਿਉਂ!'

-'ਪਿਉ ਦਾ ਨਾਂ?'

-'ਜੀ ਜਰਨੈਲ ਸਿਉਂ!'

-'ਪਿੰਡ ਕਿਹੜੈ?'

-'ਜੀ ਯੁੱਧ ਸਿੰਘ ਆਲਾ।'

-'ਬੱਲੇ!' ਸਿਪਾਹੀ ਨੇ ਵਿਅੰਗਮਈ ਮੂੰਹ ਬਣਾ ਲਿਆ।

-'ਇਹਦਾ ਨਾਂ ਕਰਨੈਲ ਸਿਉਂ, ਬੁੜ੍ਹੇ ਦਾ ਨਾਂ ਜਰਨੈਲ ਸਿਉਂ, ਤੇ ਪਿੰਡ ਯੁੱਧ ਸਿੰਘ ਆਲਾ.. ਬੁੜ੍ਹੀ ਦਾ ਨਾਂ ਤਾਂ ਫੇਰ ਏ. ਕੇ. ਸੰਤਾਲੀ ਈ ਹੋਊ?'

ਸਾਰੇ ਸਿਪਾਹੀ ਬੁੱਚੜਾਂ ਵਾਂਗ ਹੱਸੇ।

-'ਤੇ ਆਇਆ ਕਿੱਥੋਂ ਐਂ ਉਏ, ਚੌਰਿਆ?' ਇਕ ਨੇ ਹੱਸਦੇ-ਹੱਸਦੇ ਨੇ ਮੂੰਹ ਭਿਆਨਕ ਬਣਾ ਲਿਆ।

-'ਜੀ ਤੇਲ ਨ੍ਹੀ ਮਿਲਦਾ, ਜਨਾਬ ਕਣਕ ਸੁੱਕੀ ਜਾਂਦੀ ਐ, ਕਾਲ਼ੇ ਤੇਲ ਦਾ ਪਤਾ ਕਰਕੇ ਆਇਐਂ।' ਅਮਲੀ ਨੇ ਮਜਬੂਰੀ ਵਿਚ ਹੱਥ ਜੋੜੇ।

-'ਆਇਆ ਤੇਲ ਦਾ ਪਤਾ ਕਰਕੇ ਐਂ, ਤੇ ਟੰਗੀ ਫਿਰਦੈਂ ਸੈਕਲ ਨਾਲ ਕਿਰਪਾਨ? ਇਹ ਮਾਂ ਕਾਹਦੇ ਆਸਤੇ ਟੰਗੀ ਐ ਉਏ?' ਸਿਪਾਹੀ ਦਾ ਬੁੱਚੜ ਦਾਗਲ ਚਿਹਰਾ ਜਿਵੇਂ ਅਮਲੀ ਨੂੰ ਖਾਣ ਆ ਰਿਹਾ ਸੀ।

-'ਮਾਪਿਓ ਇਹ ਤਾਂ ਕੁੱਤੇ ਬਿੱਲੇ ਦੇ ਡਰੋਂ ਐਂ।' ਅਮਲੀ ਕੰਬੀ ਜਾ ਰਿਹਾ ਸੀ।

-'ਇਹ ਤਾਂ ਕੋਈ ਅੱਤਵਾਦੀ ਲੱਗਦੈ। ਇਹਨੂੰ ਜੀਪ 'ਚ ਲੱਦੋ!' ਦੂਰੋਂ ਠਾਣੇਦਾਰ ਦੇ ਘਣ ਵਰਗੇ ਹੁਕਮ ਨੇ ਅਮਲੀ ਨੂੰ ਪਰਾਲ ਕਰ ਦਿੱਤਾ।

-'ਰਾਤ ਆਲੇ ਸਰਪੈਂਚ ਦਾ ਕਤਲ ਫਿਰ ਏਸੇ ਨੇ ਈ ਕੀਤਾ ਹੋਣੈਂ। ਇਹਨੂੰ ਮੂਧਾ ਪਾਓ!' ਇਕ ਸਿਪਾਹੀ ਆ ਰਹੇ ਟਰੱਕ ਨੂੰ ਹੱਥ ਦਿੰਦਾ ਬੋਲਿਆ। ਫਿਰ ਉਸ ਨੇ ਵਿਸਲ ਮੂੰਹ ਵਿਚ ਤੁੰਨ ਲਈ।

ਟਰੱਕ ਕਿਸੇ ਬਾਰਸੂਖ਼ ਸਾਬਕਾ ਐੱਮ. ਐੱਲ. ਏ. ਦਾ ਸੀ, ਜਿਸ ਨੂੰ ਸਿਪਾਹੀ ਨੇ ਗਲਤੀ ਨਾਲ ਰੋਕ ਲਿਆ ਸੀ। ਪਰ ਡਰਾਈਵਰ ਨੇ ਪੁੱਛ-ਗਿੱਛ ਤੋਂ ਪਹਿਲਾਂ ਹੀ ਦੱਸ ਦਿੱਤਾ। ਇਸ ਲਈ ਸਿਪਾਹੀ ਨੇ ਡਰਾਈਵਰ ਤੋਂ ਮੁਆਫ਼ੀ ਮੰਗੀ ਅਤੇ ਜਨਾਬ ਐੱਮ. ਐੱਲ. ਏ. ਸਾਹਿਬ ਨੂੰ 'ਮੱਥਾ ਟੇਕਣਾ' ਵੀ ਕਿਹਾ।

ਇਤਨੇ ਨੂੰ ਅਮਲੀ ਸਾਈਕਲ ਛੱਡ ਕੇ ਭੱਜ ਚੁੱਕਾ ਸੀ।

-'ਉਏ ਆਹ ਸੈਕਲ ਆਲ਼ਾ ਤਾਂ ਭੱਜ ਗਿਆ!' ਇਕ ਸਿਪਾਹੀ ਚੌਂਕਿਆ।

-'ਤੂੰ ਸਾਨੂੰ ਦੱਸਿਆ ਨਾ ਉਏ?' ਦੂਜਾ ਮੇਰੇ ਵੱਲ ਕੌੜ ਬੋਤੇ ਵਾਂਗ ਝਾਕਿਆ। ਉਸ ਨੇ ਅੱਕੀ ਹੋਈ ਬਾਂਦਰੀ ਵਾਂਗ ਦੰਦ ਪੀਹੇ।

-'ਉਏ ਕੋਈ ਬੰਦਾ-ਕੁਬੰਦਾ ਵੀ ਦੇਖ ਲਿਆ ਕਰੋ! ਸਭ ਨੂੰ ਇੱਕੋ ਰੱਸੇ ਨਰੜਦੇ ਐਂ?' ਸ਼ਾਇਦ ਟਰੱਕ ਵਾਲਾ ਸਿਪਾਹੀ ਕੋਈ ਦੂਜੀ ਬਲਾਅ ਗਲ ਨਹੀਂ ਪਾਉਣੀ ਚਾਹੁੰਦਾ ਸੀ।

-'ਚੱਲੋ ਰਹਿਣ ਦਿਓ ਨਾਕੇ ਨੂੰ, ਅੱਜ ਨ੍ਹੀ ਕੁਛ ਬਣਦਾ ਦੀਂਹਦਾ।' ਇਕ ਸਿਪਾਹੀ ਮੇਰੇ ਕਾਗਜ-ਪੱਤਰ ਮੋੜਦਾ ਕਹਿ ਰਿਹਾ ਸੀ।

-'ਚੱਲੋ ਉਤੋਂ 'ਨ੍ਹੇਰਾ ਵੀ ਹੋ ਚੱਲਿਐ। ਕਿਤੇ 'ਉਹ' ਨਾ ਆ ਜਾਣ। ਅੰਧਾ-ਧੁੰਦ ਫ਼ਾਇਰ ਵੀ ਪਤੰਦਰ ਏ. ਕੇ. ਸੰਤਾਲੀ ਦਾ ਈ ਖੋਲ੍ਹਦੇ ਐ।' ਦੂਜਾ ਬੋਲਿਆ।

-'ਚਲੋ ਮੈਨੂੰ ਤਾਂ ਆਹ ਅਮਲੀ ਆਲਾ ਸੈਕਲ ਮਿਲ ਗਿਆ, ਜੁਆਕ ਨੂੰ ਸਕੂਲ ਤੋਰਿਆ ਕਰਾਂਗੇ। ਕਦੋਂ ਦਾ ਸੈਕਲ-ਸੈਕਲ ਕਰਦਾ ਸੀ।' ਤੀਜਾ ਆਪਣੀ ਜਿੱਤ 'ਤੇ ਖੁਸ਼ ਸੀ।

-'ਆਹ ਕਿਰਪਾਨ ਚੱਕ ਕੇ ਜੀਪ 'ਚ ਰੱਖੋ, ਕਿਸੇ ਕਤਲ ਕੇਸ 'ਚ ਕੰਮ ਆਊ।'

-'ਬਣ ਗਏ ਦੋ ਬੋਤਲਾਂ ਜੋਗੇ ਕਿ ਨਹੀਂ?'

-'ਅੱਜ ਦਾ ਕੰਮ ਈ ਸਰੂ।'

-'ਚੱਲ ਰਾਤ ਤਾਂ ਸੌਖੀ ਲੰਘੂ।'

ਕਾਰ ਸਟਾਰਟ ਕਰ ਕੇ ਤੁਰਦੇ ਦੇ ਮੇਰੇ ਕੰਨੀਂ ਗੱਲਾਂ ਪੈ ਰਹੀਆਂ ਸਨ। ਮੇਰੀ 'ਘਿਰਰ-ਘਿਰਰ' ਜਿਹੀ ਕਰਦੀ ਕਾਰ ਪਤਾ ਨਹੀਂ ਕਿਸ ਦੀ ਜਾਨ ਨੂੰ ਰੋ ਰਹੀ ਸੀ?

---

*(ਸਫਾ 26 ਦੀ ਬਾਕੀ)*

ਤੇਰੀ ਚਿੱਠੀ ਮਿਲੀ ਪੜ੍ਹ ਕੇ ਅੱਖਾਂ ਹੀ ਨਹੀਂ ਮੇਰਾ ਦਿਲ ਵੀ ਰੋਇਆ ਏ। ਮੈਂ ਤਾਂ ਪਲ-ਪਲ ਤੈਨੂੰ ਮਿਲਣਾ ਚਾਹਿਆ। ਏਨੀ ਦੇਰ ਤੱਕ ਤੇਰੀਆਂ ਚਿੱਠੀਆਂ ਹੀ ਮੇਰੀ ਇਕੱਲਤਾ ਵਿਚ ਮੇਰਾ ਸਾਥ ਦਿੰਦੀਆਂ ਰਹੀਆਂ ਨੇ। ਤੂੰ ਲਿਖਿਆ ਹੈ ਕਿ ਮੈਂ ਅਮਰੀਕਨ ਹੋ ਗਈ ਹਾਂ। ਤੈਨੂੰ ਭੁੱਲ ਗਈ ਹਾਂ। ਸੱਚ ਜਾਣੀਂ, ਇਹ ਅਮਰੀਕਾ, ਅਮਰੀਕਾ ਆ ਕੇ ਉਹ ਨਹੀਂ ਰਹਿੰਦਾ, ਜੋ ਇੰਡੀਆ ਤੋਂ ਦਿਸਦਾ ਹੈ। ਮੇਰੇ ਖ਼ਿਆਲ ਵਿਚ ਅਮਰੀਕਾ ਦਾ ਨਾਮ 'ਉਦਾਸੀਕਾ' ਹੋਣਾ ਚਾਹੀਦਾ ਸੀ। ਏਥੇ ਮੈਂ ਹੀ ਨਹੀਂ ਹਰ ਕੋਈ ਪਲ-ਪਲ ਉਦਾਸੀ ਦਾ ਸ਼ਿਕਾਰ ਹੁੰਦਾ ਹੈ ਪਰ ਏਥੇ ਮੈਨੂੰ ਜੋ ਚੰਗਾ ਲੱਗਿਆ ਉਹ ਹੈ, ਇਥੋਂ ਦੇ ਲੋਕਾਂ ਵਲੋਂ ਕੀਤੀਆਂ ਜਾਂਦੀਆਂ 'ਸਰਪਰਾਈਜ਼ ਪਾਰਟੀਆਂ'। ਮੈਂ ਤੈਨੂੰ ਉਸੇ ਤਰ੍ਹਾਂ ਸਰਪਰਾਈਜ਼ ਦੇਣਾ ਚਾਹੁੰਦੀ ਸਾਂ ਪਰ ਅਮਰੀਕਨ ਨਾ ਹੋਣ ਕਰਕੇ ਧੋਖਾ ਖਾ ਗਈ। ਤੈਨੂੰ ਸਰਪਰਾਈਜ਼ ਨਾ ਦੇ ਸਕੀ ਪਰ ਵਾਇਦਾ ਕਰਦੀ ਹਾਂ ਕਿ ਮੁੜ ਕਦੇ ਅਜਿਹਾ ਨਹੀਂ ਹੋਵੇਗਾ। ਮੈਂ ਅਗਲੀ ਵਾਰ ਤੈਨੂੰ ਅਗਾਊਂ ਦੱਸ ਕੇ ਆਵਾਂਗੀ। ਮੈਂ ਤੈਨੂੰ ਅਮਰੀਕਾ ਬਾਰੇ ਇਸ ਲਈ ਹੋਰ ਕੁਝ ਨਹੀਂ ਲਿਖਣਾ ਚਾਹੁੰਦੀ ਕਿਉਂਕਿ ਅਮਰੀਕਾ ਬਾਰੇ ਸਹੀ-ਸਹੀ ਪਤਾ ਏਥੇ ਆ ਕੇ ਹੀ ਲੱਗਦਾ ਹੈ...। ਜੇ ਤੂੰ ਵੀ ਇਸ ਨਿਰਮੋਹੀ ਧਰਤੀ ਨੂੰ ਲਾਗਿਉਂ ਦੇਖਣਾ ਚਾਹੁੰਦੀ ਏਂ ਤਾਂ ਮੈਨੂੰ ਚਿੱਠੀ ਜ਼ਰੂਰ ਲਿਖਦੀ ਰਹੀਂ...ਮੈਂ ਰਾਜੇਸ਼ ਨੂੰ ਕਹਿ ਕੇ ਤੇਰੇ ਵਾਸਤੇ ਕੋਈ ਸੁਹਣਾ ਜਿਹਾ ਮੁੰਡਾ ਲੱਭਣ ਦੀ ਕੋਸ਼ਿਸ਼ ਕਰਾਂਗੀ, ਜੇ ਤੇਰੇ ਜ਼ਿਹਨ ਵਿਚ ਮਰਦ ਤੋਂ ਆਜ਼ਾਦੀ ਦੇ ਅਰਥ ਬਦਲ ਗਏ ਹੋਣ ਤਾਂ...।

ਖ਼ੈਰ! ਤੂੰ ਮੈਨੂੰ, ਤੈਨੂੰ ਨਾ ਮਿਲਣ ਲਈ ਮੁਆਫ਼ ਜ਼ਰੂਰ ਕਰ ਦੇਵੀਂ ਤੇ ਇਸ ਚਿੱਠੀ ਦਾ ਜਵਾਬ ਵੀ ਜ਼ਰੂਰ ਦੇਵੀਂ।

ਤੇਰੀ ਆਪਣੀ,

ਨਵ।

ਮੈਂ ਚਿੱਠੀ ਮੇਲ ਬੌਕਸ ਵਿਚ ਪਾ ਕੇ, ਮਨ ਦਾ ਬੋਝ ਕੁਝ ਹਲਕਾ ਮਹਿਸੂਸ ਕੀਤਾ ਏ। ਕਾਲਜ ਦੇ ਦਿਨਾਂ ਦੀਆਂ ਯਾਦਾਂ ਸੀਨੇ ਵਿਚ ਸੁਲਘਾ ਕੇ ਨੀਂਦ ਦੀ ਗੋਦ ਵਿਚ ਜਾ ਪਹੁੰਚੀ ਹਾਂ...।

ਅੱਜ ਸਵੇਰੇ ਮੌਰੀ ਐਵਨਿਊ ਤੋਂ ਲੰਘਦਿਆਂ, ਮੇਰੀ ਕਾਰ ਆਪਣੇ-ਆਪ ਇੰਨੀ ਹੌਲੀ ਹੋ ਗਈ ਏ ਕਿ ਮੈਂ ਪੁਲ਼ ਪਾਰ ਕਰ ਕੇ, ਕਾਰ ਇਕ ਪਾਸੇ ਪਾਰਕ ਕਰ ਕੇ, ਸੁੰਨੇ ਅਸਮਾਨ ਨੂੰ ਨਿਹਾਰ ਰਹੀ ਹਾਂ। ਪੰਛੀਆਂ ਦੀ ਕੋਈ ਡਾਰ ਤਾਂ ਕਿਤੇ ਨਜ਼ਰ ਨਹੀਂ ਆ ਰਹੀ...ਇਕ ਪੰਛੀ ਵਿਚਾਰਾ ਇਕੱਲਾ ਉੱਡਦਾ ਫਿਰਦਾ ਕਦੇ ਇੱਧਰ, ਕਦੇ ਉੱਧਰ ਜਾਂਦਾ ਦੇਖ ਕੇ, ਮੇਰੀ ਰੂਹ ਠਠੰਬਰ ਗਈ ਹੈ।

---

# ਬੰਦਾ ਸਭ ਕੁਝ ਕਰ ਲਏਗਾ

ਰੱਬ ਜੀ ਤੂੰ ਹੁਣ ਕੁਝ ਨਾ ਕਰ,
ਬੰਦਾ ਸਭ ਕੁਝ ਕਰ ਲਏਗਾ
ਜਾ ਕੇ ਬੈਠ ਤੂੰ ਆਪਣੇ ਘਰ,
ਬੰਦਾ ਸਭ ਕੁਝ ਕਰ ਲਏਗਾ।

ਖੀਰ ਸਮੁੰਦਰ ਦੇ
ਵਿਚ ਜਾ ਕੇ
ਸੁੰਨ ਸਮਾਧੀ ਲਾ
ਲੈ ਤੂੰ
ਜਿੱਥੇ ਮਰਜ਼ੀ
ਪਿਆ ਵਿਚਰ,



ਸੁਰਜੀਤ ਕੌਰ ਸੈਕਰਾਮੈਂਟੋ

ਬੰਦਾ ਸਭ ਕੁਝ ਕਰ ਲਏਗਾ।

ਬੇਈਮਾਨ ਦਿਲਾਂ ਦੇ ਕਾਲੇ
ਫਿਰਨ ਨਹਾਉਂਦੇ ਗੰਗਾ 'ਤੇ
ਮੂੰਹ 'ਚੋਂ ਕਰਦੇ ਹਰ ਹਰ ਹਰ,
ਬੰਦਾ ਸਭ ਕੁਝ ਕਰ ਲਏਗਾ।

ਮਾਂਵਾਂ, ਭੈਣਾਂ, ਧੀਆਂ, ਔਰਤਾਂ
ਹਰ ਥਾਂ ਲੁੱਟੀਆਂ ਜਾ ਰਹੀਆਂ
ਖੇਤੀ ਸਮਝ ਕੇ ਜਾਂਦੇ ਚਰ,
ਬੰਦਾ ਸਭ ਕੁਝ ਕਰ ਲਏਗਾ।

ਨਾਮ ਤੇਰੇ 'ਤੇ ਵੱਡੇ ਧਰਮੀ
ਜ਼ੁਲਮ ਕਮਾਈ ਜਾ ਰਹੇ ਨੇ
ਤੂੰ ਵੀ ਕਰ ਹੁਣ ਸਬਰ ਸ਼ੁਕਰ,
ਬੰਦਾ ਸਭ ਕੁਝ ਕਰ ਲਏਗਾ।

ਪ੍ਰਬੰਧਕ, ਪ੍ਰਚਾਰਕ, ਸ੍ਰੋਤੇ,
ਜਗਤ ਦਿਖਾਵਾ ਕਰ ਰਹੇ ਨੇ
ਨਹੀਂ ਕਿਸੇ ਨੂੰ ਤੇਰਾ ਡਰ,
ਬੰਦਾ ਸਭ ਕੁਝ ਕਰ ਲਏਗਾ।

ਪੈਸਾ ਪੈਸਾ ਪੈਸਾ ਪੈਸਾ
ਹਰ ਕੋਈ ਕੁਰਲਾ ਰਿਹਾ ਏ
ਜੰਗਲੀ ਹੋ ਗਏ ਸਾਰੇ ਨਰ,
ਬੰਦਾ ਸਭ ਕੁਝ ਕਰ ਲਏਗਾ।

ਭਵਸਾਗਰ ਵਿਚ ਡੁੱਬਣ ਤੋਂ
ਹੁਣ ਬੰਦਾ ਤੇਰਾ ਡਰਦਾ ਨਹੀਂ
ਭਵਸਾਗਰ ਪਿਆ ਆਪੇ ਤਰ,
ਬੰਦਾ ਸਭ ਕੁਝ ਕਰ ਲਏਗਾ।

ਧਰਮਰਾਜ ਜਮਦੂਤ ਵੀ ਸਾਰੇ
ਘੱਲਦੇ ਭਾਵੇਂ ਛੁੱਟੀ 'ਤੇ
ਹੋ ਜਾਣੀ ਏ ਮੰਜ਼ਿਲ ਸਰ,
ਬੰਦਾ ਸਭ ਕੁਝ ਕਰ ਲਏਗਾ।

ਆ 'ਸੁਰਜੀਤ' ਪੁਕਾਰੇ ਤੈਨੂੰ
ਆ ਧਰਤੀ 'ਤੇ ਬੈਠ ਜ਼ਰਾ
ਤੂੰ ਵੀ ਤੇ ਕੁਝ ਪੀੜਾਂ ਜਰ,
ਬੰਦਾ ਸਭ ਕੁਝ ਕਰ ਲਏਗਾ।

*********************

# ਕਬੀਰ ਦਾ ਮਾਣ-ਤਾਣ



ਉੱਘੇ ਅਦਾਕਾਰ ਕਬੀਰ ਬੇਦੀ ਨੂੰ ਉਸ ਦੀ ਬਿਹਤਰੀਨ ਅਦਾਕਾਰੀ ਲਈ ਵੀਨਸ (ਇਟਲੀ) ਵਿਚ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਐਵਾਰਡ ਦਿੱਤਾ ਗਿਆ। ਯਾਦ ਰਹੇ ਕਿ ਕਬੀਰ ਬੇਦੀ ਨੇ ਇਟਲੀ ਦੇ ਟੀ.ਵੀ. ਜਗਤ ਲਈ ਲੰਮਾ ਸਮਾਂ ਅਤੇ ਬਿਹਤਰੀਨ ਕੰਮ ਕੀਤਾ ਹੈ ਜਿਸ ਵਿਚ ਹਰ ਵੇਲੇ ਦੀ ਪਸੰਦੀਦਾ ਟੀ.ਵੀ. ਸੀਰੀਜ਼ 'ਸੰਦੋਕਨ' ਵੀ ਸ਼ਾਮਲ ਹੈ। ਕਬੀਰ ਬੇਦੀ ਦਾ ਇਸ ਬਾਰੇ ਕਹਿਣਾ ਹੈ, "ਮੈਂ ਕਈ ਸਾਲਾਂ ਤੋਂ ਇਟਲੀ ਦੇ ਲੋਕਾਂ ਦਾ ਭਾਰਤ 'ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਭਾਰਤ ਦੇ ਲੋਕ ਇਟਲੀ 'ਤੇ ਧਿਆਨ ਕੇਂਦਰਿਤ ਕਰਦੇ ਹਨ।" ਉਸ ਨੇ ਦੱਸਿਆ ਕਿ ਉਸ ਨੇ ਇਟਲੀ ਵਿਚ ਛੇ ਵੱਡੀਆਂ ਟੀ.ਵੀ. ਸੀਰੀਜ਼ ਵਿਚ ਕੰਮ ਕੀਤਾ ਹੈ ਅਤੇ ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਉਸ ਨੇ ਬਾਲੀਵੁੱਡ ਤੇ ਹਾਲੀਵੁੱਡ ਨਾਲੋਂ ਕਿਤੇ ਵੱਧ ਸਮਾਂ ਕੰਮ ਇਟਲੀ ਟੀ.ਵੀ. ਜਗਤ ਲਈ ਕੀਤਾ ਹੈ। ਉਸ ਮੁਤਾਬਿਕ ਉਸ ਨੇ ਬਾਲੀਵੁਡ ਵਿਚ ਰਹਿੰਦਿਆਂ ਮਹਿਸੂਸ ਕੀਤਾ ਕਿ ਜਦ ਤਕ ਉਸ ਨੂੰ ਨੱਚਣਾ ਤੇ ਗਾਣਾ ਚੰਗੀ ਤਰ੍ਹਾਂ ਨਹੀਂ ਆਉਂਦਾ ਤਦ ਤਕ ਉਹ ਬਾਲੀਵੁਡ ਵਿਚ ਪੈਰ ਨਹੀਂ ਜਮ੍ਹਾ ਸਕਦਾ ਤੇ ਉਸ ਵੇਲੇ ਇਟਲੀ ਨੇ ਉਸ ਦੀਆਂ ਖੂਬੀਆਂ ਨੂੰ ਪਛਾਣਿਆ ਤੇ ਉਥੋਂ ਦੇ ਸਭ ਤੋਂ ਪਸੰਦੀਦਾ ਸੀਰੀਜ਼ ਵਿਚ ਮੁੱਖ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ। **-ਆਮਨਾ ਕੌਰ**

# ਕਮਲ ਹਾਸਨ ਦਾ ਹੁਸਨ




ਅਦਾਕਾਰ ਕਮਲ ਹਾਸਨ ਨੇ ਆਖਿਆ ਕਿ ਉਸ ਕੋਲ ਕਿਸੇ ਦੀ ਕਾਮਯਾਬੀ 'ਤੇ ਈਰਖਾ ਕਰਨ ਦਾ ਸਮਾਂ ਨਹੀਂ ਹੈ ਕਿਉਂਕਿ ਉਸ ਨੂੰ ਅਤੇ ਤਾਮਿਲ ਅਦਾਕਾਰ ਰਜਨੀਕਾਂਤ ਨੂੰ ਇਸ ਗੱਲ ਦੀ ਸਮਝ ਚੜ੍ਹਦੀ ਉਮਰੇ ਹੀ ਆ ਗਈ ਸੀ। ਨਿਰਦੇਸ਼ਕ ਮਨੀ ਰਤਨਮ ਦੀ ਫਿਲਮ 'ਪੋਨੀਯਨ ਸੈਲਵਨ-1' ਦਾ ਟਰੇਲਰ ਰਿਲੀਜ਼ ਕਰਨ ਸਬੰਧੀ ਕਰਵਾਏ ਸਮਾਗਮ ਦੌਰਾਨ ਕਮਲ ਹਾਸਨ ਨੇ ਆਖਿਆ ਕਿ ਫਿਲਮੀ ਜਗਤ ਛੋਟਾ ਜਿਹਾ ਪਰਿਵਾਰ ਹੈ ਤੇ ਇਸ ਪਰਿਵਾਰ ਵਿਚ ਕਿਸੇ ਨਾਲ ਈਰਖਾ ਕਰਨ ਦਾ ਸਮਾਂ ਨਹੀਂ ਹੈ।

ਕਮਲ ਹਾਸਲ ਨੇ ਕਿਹਾ, "ਜਦੋਂ ਸਾਡੇ ਕੋਲ ਆਪਣੇ ਕੰਮ ਲਈ ਸਮਾਂ ਨਹੀਂ ਤਾਂ ਕਿਸੇ ਨਾਲ ਈਰਖਾ ਕਰਨ ਲਈ ਵੀ ਨਹੀਂ ਹੈ। ਅਸੀਂ ਕਈ ਵੱਡੀਆਂ ਸਫਲਤਾਵਾਂ ਤੇ ਅਸਫਲਤਾਵਾਂ ਦੇਖੀਆਂ ਹਨ। ਹਰ ਸਫਲਤਾ 'ਤੇ ਅਸੀਂ ਖੁਸ਼ੀ ਮਨਾਈ ਹੈ, ਕਿਉਂਕਿ ਕਿਸੇ ਇੱਕ ਦੀ ਸਫਲਤਾ ਸਾਰੇ ਫਿਲਮੀ ਜਗਤ ਦੀ ਸਫਲਤਾ ਹੈ ਤੇ ਇਸੇ ਤਰ੍ਹਾਂ ਕਿਸੇ ਇੱਕ ਦੀ ਅਸਫਲਤਾ ਵੀ ਸਾਰੇ ਸਿਨੇ ਜਗਤ ਦੀ ਅਸਫਲਤਾ ਹੈ।" ਸੰਗੀਤਕਾਰ ਏ.ਆਰ. ਰਹਿਮਾਨ ਨੂੰ ਵਧਾਈ ਦਿੰਦਿਆਂ ਕਮਲ ਹਾਸਨ ਨੇ ਕਿਹਾ ਕਿ ਇਸ ਫਿਲਮ ਦੇ ਗੀਤਾਂ ਨੂੰ ਜਿੰਨਾ ਪਿਆਰ ਮਿਲ ਰਿਹਾ ਹੈ, ਉਸ ਨਾਲ ਉਸ ਦੇ ਦਿਲ ਦੀ ਧੜਕਨ ਹੋਰ ਤੇਜ਼ ਹੋ ਰਹੀ ਹੈ। ਕਮਲ ਹਾਸਨ ਨੇ ਰਹਿਮਾਨ ਦੇ ਸੰਗੀਤ ਨੂੰ ਵਿਲੱਖਣ ਕਰਾਰ ਦਿੱਤਾ।

ਯਾਦ ਰਹੇ ਕਿ ਅੱਜ ਕੱਲ੍ਹ ਫਿਲਮੀ ਦੁਨੀਆ ਵਿਚ ਇਕ-ਦੂਜੇ ਦੀਆਂ ਲੱਤਾਂ ਖਿੱਚਣ ਦੀ ਕੁਹਜੀ ਰੀਤ ਚੱਲ ਪਈ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਭ ਕੁਝ ਕੇਂਦਰ ਵਿਚ ਮੋਦੀ ਸਰਕਾਰ ਬਣਨ ਤੋਂ ਬਾਅਦ ਹੋਇਆ ਹੈ। ਸੱਭਿਆਚਾਰ ਅਤੇ ਸੰਸਕਾਰਾਂ ਦੇ ਨਾਂ 'ਤੇ ਕੁਝ ਲੋਕ ਕੁਝ ਜ਼ਿਆਦਾ ਹੀ ਸਰਗਰਮੀ ਕਰ ਰਹੇ ਹਨ। ਉਹ ਇਸ ਸਬੰਧੀ ਉਘੀ ਅਦਾਕਾਰਾ ਕੰਗਨਾ ਰਣੌਤ ਅਤੇ ਫਿਲਮ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਦੀ ਮਿਸਾਲ ਦਿੰਦੇ ਹਨ ਜੋ ਆਏ ਦਿਨ ਉਲਟੇ-ਸਿੱਧੇ ਬਿਆਨ ਦਾਗਦੇ ਰਹਿੰਦੇ ਹਨ ਅਤੇ ਆਪਣੇ ਨਾਲਦਿਆਂ ਨੂੰ ਚਿੜਾਉਂਦੇ ਰਹਿੰਦੇ ਹਨ।

ਕਮਲ ਹਾਸਨ ਨੇ ਤਮਿਲ ਅਤੇ ਹਿੰਦੀ ਫਿਲਮਾਂ ਤੋਂ ਇਲਾਵਾ ਤੇਲਗੂ, ਮਲਿਆਲਮ, ਕੰਨੜ ਅਤੇ ਬੰਗਾਲੀ ਫਿਲਮਾਂ ਵਿਚ ਵੀ ਕੰਮ ਕੀਤਾ ਹੈ ਅਤੇ ਹਰ ਪਾਸੇ ਉਸ ਦੇ ਕੰਮ ਦੀ ਤਾਰੀਫ ਹੋਈ ਹੈ। ਜੂਨ ਮਹੀਨੇ ਆਈ ਉਸ ਦੀ ਤਮਿਲ ਫਿਲਮ 'ਵਿਕਰਮ' ਦੀ ਖੂਬ ਚਰਚਾ ਹੋਈ ਹੈ। ਇਸ ਫਿਲਮ ਨੇ ਕਮਾਈ ਵੀ ਵਾਹਵਾ ਕੀਤੀ ਹੈ। ਇਸ ਫਿਲਮ ਦਾ ਬਜਟ 150 ਕਰੋੜ ਰੁਪਏ ਦਾ ਹੈ ਅਤੇ ਇਸ ਨੇ 430 ਕਰੋੜ ਤੋਂ ਵੱਧ ਦੀ ਕਮਾਈ ਕੀਤੀ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾ ਉਸ ਨੇ ਖੁਦ ਨਿਭਾਈ ਹੈ ਅਤੇ ਨਿਰਮਾਤਾ ਵੀ ਉਹ ਆਪ ਹੀ ਹੈ। ਹੁਣ ਉਹ 'ਇੰਡੀਅਨ-2' ਫਿਲਮ ਬਣਾ ਰਿਹਾ ਹੈ ਜੋ 2023 ਵਿਚ ਰਿਲੀਜ਼ ਹੋਣੀ ਹੈ।

**-ਗੁਰਜੰਟ ਸਿੰਘ**



ਚੜ੍ਹਦੀ ਉਮਰੇ ਕਮਲ ਹਾਸਨ।

# ਰਣਬੀਰ ਕਪੂਰ ਅਤੇ ਆਲੀਆ ਭੱਟ 'ਬ੍ਰਹਮਾਸਤਰ' ਚੱਲਿਆ

ਫਿਲਮ 'ਬ੍ਰਹਮਾਸਤਰ ਭਾਗ ਇੱਕ: ਸ਼ਿਵਾ' ਕਮਾਈ ਪੱਖੋਂ ਸਫਲ ਰਹੀ ਹੈ। ਇਸ ਨੇ ਪਹਿਲੇ ਹਫਤੇ ਵਿਚ ਤਕਰੀਬਨ 250 ਕਰੋੜ ਰੁਪਏ ਕਮਾਈ ਕੀਤੀ ਹੈ। ਰਣਬੀਰ ਕਪੂਰ, ਆਲੀਆ ਭੱਟ ਅਤੇ ਅਮਿਤਾਭ ਬੱਚਨ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ 9 ਸਤੰਬਰ ਨੂੰ ਰਿਲੀਜ਼ ਹੋਈ ਸੀ। ਫਿਲਮ ਨੇ ਪਹਿਲੇ ਹੀ ਦਿਨ 75 ਕਰੋੜ ਅਤੇ ਦੂਸਰੇ ਦਿਨ 85 ਕਰੋੜ ਰੁਪਏ ਕਮਾ ਕੇ ਸਫਲਤਾ ਦੇ ਝੰਡੇ ਗੱਡ ਦਿੱਤੇ ਸਨ ਅਤੇ ਆਪਣੇ ਵਿਰੋਧੀਆਂ ਦੇ ਮੂੰਹ ਬੰਦ ਕਰਵਾ ਦਿੱਤੇ ਸਨ।

ਵਿਰੋਧੀਆਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਅਦਾਕਾਰਾ ਕੰਗਨਾ ਰਣੌਤ ਅਤੇ ਫਿਲਮਸਾਜ਼ ਵਿਵੇਕ ਅਗਨੀਹੋਤਰੀ ਸ਼ਾਮਿਲ ਹਨ, ਨੇ ਇਹ ਪ੍ਰਚਾਰ ਕਰਨ ਦਾ ਯਤਨ ਕੀਤਾ ਕਿ ਬਾਕਸਆਫਿਸ 'ਤੇ ਜਿਸ ਕਮਾਈ ਦੀ ਚਰਚਾ ਹੋ ਰਹੀ ਹੈ, ਉਹ ਜਾਅਲੀ ਹੈ। ਉਨ੍ਹਾਂ ਦਾ ਦਾਅਵਾ ਸੀ ਕਿ ਉਲਟਾ ਨੁਕਸਾਨ ਹੋ ਰਿਹਾ ਹੈ ਪਰ ਹੁਣ ਐਨ ਸਪਸ਼ਟ ਹੋ ਗਿਆ ਹੈ ਕਿ ਕਮਾਈ ਵਾਲੇ ਅੰਕੜੇ ਨਕਲੀ ਨਹੀਂ। ਚੇਤੇ ਰਹੇ ਕਿ ਫਿਲਮੀ




ਦੁਨੀਆ ਅੱਜ ਕੱਲ੍ਹ ਦੋ ਖੇਮਿਆਂ ਵਿਚ ਵੰਡੀ ਹੋਈ ਹੈ। ਹਿੰਦੂਤਵ ਪੱਖੀ ਕੰਗਨਾ ਰਣੌਤ ਅਤੇ ਵਿਵੇਕ ਅਗਨੀਹੋਤਰੀ ਵਰਗੇ ਲੋਕ ਕੁਝ ਮਸਲਿਆਂ 'ਤੇ ਬੇਵਜ੍ਹਾ ਬਿਆਨ ਦਾਗਦੇ ਰਹਿੰਦੇ ਹਨ। ਸਨਅਤ ਨਾਲ ਜੁੜੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਅਜਿਹੀਆਂ ਹਰਕਤਾਂ ਦਾ ਸਨਅਤ ਨੂੰ ਨੁਕਸਾਨ ਹੀ ਹੋਣਾ ਹੈ।

ਇਸ ਫਿਲਮ ਵਿਚ ਹਿੰਦੂ ਮਿਥਿਹਾਸ ਨੂੰ ਆਧਾਰ ਬਣਾਇਆ ਗਿਆ ਹੈ। ਹਿੰਦੂ ਮਿਥਿਹਾਸ ਨੂੰ ਵੱਡੇ ਪੱਧਰ 'ਤੇ ਪੇਸ਼ ਕਰਨ ਲਈ ਨਿਰਦੇਸ਼ਕ ਅਯਾਨ ਮੁਖਰਜੀ ਦੀ ਤਾਰੀਫ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਨਿਰਦੇਸ਼ਕ ਐੱਸ.ਐੱਸ. ਰਾਜਾਮੌਲੀ ਨੇ ਇਸ ਫਿਲਮ ਨੂੰ ਤਾਮਿਲ, ਤੇਲਗੂ, ਕੰਨੜ ਤੇ ਮੱਲਿਆਲਮ ਭਾਸ਼ਾਵਾਂ ਵਿਚ ਪੇਸ਼ ਹੈ। ਫਿਲਮ ਦਾ ਕੁੱਲ ਬਜਟ 410 ਕਰੋੜ ਰੁਪਏ ਦਾ ਹੈ। ਫਿਲਮ ਵਿਚ ਪ੍ਰਾਚੀਨ ਭਾਰਤ ਦੀ ਕਹਾਣੀ ਛੇੜੀ ਗਈ ਹੈ। ਇਸ ਕਹਾਣੀ ਨੂੰ ਬੰਬਈ ਵਿਚ ਰਹਿ ਰਹੇ ਸ਼ਿਵਾ ਅਤੇ ਇਸ਼ਾ ਚੈਟਰਜੀ ਦੀ ਜੋੜੀ ਤੱਕ ਲਿਆਂਦਾ ਗਿਆ ਹੈ। ਸ਼ਿਵਾ ਡੀ.ਜੇ. ਹੈ ਅਤੇ ਦੋਵੇਂ ਇਕ ਕਲੱਬ ਵਿਚ ਮਿਲਦੇ ਹਨ। ਇਸ ਤੋਂ ਬਾਅਦ ਕਹਾਣੀ ਪ੍ਰਾਚੀਨ ਅਤੇ ਆਧੁਨਿਕ ਭਾਰਤ ਨੂੰ ਜੋੜ ਕੇ ਵਧੀਆ ਢੰਗ ਨਾਲ ਬੁਣੀ ਗਈ ਹੈ। **-ਰੇਸ਼ਮ ਸਿੰਘ ਚਾਹਲ**

# ਇਕ ਲਾਹੌਰਨ ਅਦਾਕਾਰਾ

ਭਾਰਤੀ ਫਿਲਮ ਸਨਅਤ ਵਿਚ ਜ਼ੁਬੈਦਾ ਨਾਮ ਦੀਆਂ ਕਈ ਅਦਾਕਾਰਾਵਾਂ ਨੇ ਕੰਮ ਕੀਤਾ ਹੈ। ਇੱਕ ਅਦਾਕਾਰਾ ਭਾਰਤ ਦੀ ਪਹਿਲੀ ਬੋਲਦੀ ਹਿੰਦੀ ਫਿਲਮ 'ਆਲਮਆਰਾ' (1931) ਦੀ ਹੀਰੋਇਨ ਸੀ ਜ਼ੁਬੈਦਾ ਉਰਫ ਜ਼ੁਬੈਦਾ ਬੇਗਮ (ਧੀ ਅਦਾਕਾਰਾ ਫ਼ਾਤਿਮਾ ਬੇਗ਼ਮ) ਅਤੇ ਦੂਜੀ ਵੰਡ ਤੋਂ ਪਹਿਲਾਂ ਬਣੀਆਂ ਪੰਜਾਬੀ ਫਿਲਮਾਂ ਦੀ ਚਰਿੱਤਰ ਅਦਾਕਾਰਾ ਜ਼ੁਬੈਦਾ ਬੇਗ਼ਮ (ਲਾਹੌਰ) ਸੀ ਪਰ ਅੱਜ ਜਿਸ ਗੁਮਨਾਮ ਪੰਜਾਬਣ ਅਦਾਕਾਰਾ ਦਾ ਤਆਰੁਫ਼ ਕਰਵਾ ਰਿਹਾ ਹਾਂ, ਉਸ ਦਾ ਨਾਮ ਵੀ ਜ਼ੁਬੈਦਾ ਹੀ ਹੈ। ਖ਼ੂਬਸੂਰਤ ਅਦਾਕਾਰਾ ਜ਼ੁਬੈਦਾ ਦੀ ਪੈਦਾਇਸ਼ 1927 ਵਿਚ ਲਾਹੌਰ ਦੇ ਪੰਜਾਬੀ ਪਰਿਵਾਰ ਵਿਚ ਹੋਈ। ਜਦੋਂ ਜਵਾਨ ਹੋਈ ਤਾਂ ਉਸ ਨੂੰ ਫਿਲਮਾਂ ਵਿਚ ਦਿਲਚਸਪੀ ਹੋ ਗਈ। ਉਸ ਦੇ ਜਾਣਕਾਰ ਮਜ਼ਾਹੀਆ ਅਦਾਕਾਰ ਤੇ ਹਿਦਾਇਤਕਾਰ ਮਜਨੂੰ ਉਸ ਦੇ ਅਦਾਕਾਰਾਨਾ ਇਸ਼ਕ ਤੋਂ ਵਾਕਿਫ਼ ਸਨ।

1945 ਵਿਚ ਜਦੋਂ ਹਿੰਦੀ ਫਿਲਮ 'ਬਦਨਾਮੀ' (1946) ਸ਼ੁਰੂ ਹੋਈ ਤਾਂ ਉਸ ਨੂੰ ਨਵੇਂ ਚਿਹਰੇ ਵਜੋਂ ਪੇਸ਼ ਕੀਤਾ ਗਿਆ। ਫਿਲਮ 'ਚ ਉਸ ਨੇ ਛੋਟਾ ਜਿਹਾ ਪਾਰਟ ਅਦਾ ਕੀਤਾ, ਮਰਕਜ਼ੀ ਕਿਰਦਾਰ ਵਿਚ ਮਨੋਰਮਾ ਤੇ ਪ੍ਰਾਣ ਦੇ ਸਨ। ਇਹ ਫਿਲਮ 1947 ਵਿਚ ਪੈਲੇਸ ਸਿਨਮਾ, ਲਾਹੌਰ ਵਿਖੇ ਨੁਮਾਇਸ਼ ਹੋਈ।

ਹਿੰਦੀ ਫਿਲਮ 'ਪਰਾਏ ਬਸ ਮੇਂ' (1946) 'ਚ ਜ਼ੁਬੈਦਾ ਨੇ ਬਨਵਾਰੀ ਲਾਲ ਦਾ ਪਾਰਟ ਨਿਭਾ ਰਹੇ ਚਰਿੱਤਰ ਅਦਾਕਾਰ ਮਾਸਟਰ ਗੁਲਾਮ ਕਾਦਰ ਦੀ ਧੀ ਰੂਪਾ ਦਾ ਪਾਤਰ ਅਦਾ ਕੀਤਾ। ਇਹ ਫਿਲਮ 20 ਦਸੰਬਰ 1946 ਨੂੰ ਕਰਾਊਨ ਟਾਕੀਜ਼, ਲਾਹੌਰ ਵਿਚ ਪਰਦਾਪੇਸ਼ ਹੋਈ। ਹਿੰਦੀ ਫਿਲਮ 'ਏਕ ਰੋਜ਼' (1947) 'ਚ ਜ਼ੁਬੈਦਾ ਨੇ ਸਹਾਇਕ ਅਦਾਕਾਰਾ ਦਾ ਪਾਰਟ ਅਦਾ ਕੀਤਾ। ਫਿਲਮ ਮੁਕੰਮਲ ਹੋਣ ਜਾ ਰਹੀ ਸੀ ਕਿ ਪੰਜਾਬ ਦੀ ਵੰਡ ਹੋ ਗਈ। ਮਗਰੋਂ ਇਹ ਫਿਲਮ ਬੰਬਈ ਵਿਚ ਮੁਕੰਮਲ ਹੋਈ। ਫਿਲਮ 1947 ਵਿਚ ਬੰਬਈ ਅਤੇ ਫਰਵਰੀ 1949 ਵਿਚ ਕੈਸਰ ਸਿਨਮਾ, ਲਾਹੌਰ 'ਚ ਨੁਮਾਇਸ਼ ਹੋਈ। ਹਿੰਦੀ ਫਿਲਮ 'ਨੇਕ ਦਿਲ' ਵਿਚ ਜ਼ੁਬੈਦਾ ਨੇ ਸਹਾਇਕ ਅਦਾਕਾਰਾ ਦਾ ਪਾਰਟ ਅਦਾ ਕੀਤਾ। 1947 ਵਿਚ ਪੰਜਾਬ ਦੀ ਵੰਡ ਹੋ ਗਈ ਤੇ ਮੁਲਕ ਦੋ ਹਿੱਸਿਆਂ ਵਿਚ ਤਕਸੀਮ ਹੋ ਗਿਆ। ਜ਼ੁਬੈਦਾ ਨੇ ਲਾਹੌਰ ਰਹਿਣਾ ਪਸੰਦ ਕੀਤਾ।

ਵੰਡ ਤੋਂ ਬਾਅਦ ਪਾਕਿਸਤਾਨ ਦੀ ਪਹਿਲੀ ਉਰਦੂ ਫਿਲਮ 'ਤੇਰੀ ਯਾਦ' (1948) ਬਣੀ ਤਾਂ ਇਸ ਫਿਲਮ 'ਚ ਜ਼ੁਬੈਦਾ ਨੇ ਸਹਾਇਕ ਅਦਾਕਾਰਾ ਦਾ ਕਿਰਦਾਰ ਨਿਭਾਇਆ। ਇਹ ਫਿਲਮ 7 ਅਗਸਤ 1948 ਨੂੰ ਪ੍ਰਭਾਤ ਸਿਨਮਾ, ਲਾਹੌਰ ਵਿਚ ਰਿਲੀਜ਼ ਹੋਈ। ਜਦੋਂ ਫਿਲਮਸਾਜ਼ ਐੱਮ. ਐੱਸ. ਇਜਾਜ਼ ਆਪਣੀ ਹਿਦਾਇਤਕਾਰੀ 'ਚ ਪੰਜਾਬੀ ਫਿਲਮ 'ਨੱਥ' (1952) ਬਣਾਈ ਤਾਂ



ਫਿਲਮ 'ਆਲਮਆਰਾ' (1931) ਦੀ ਹੀਰੋਇਨ ਜ਼ੁਬੈਦਾ।

ਜ਼ੁਬੈਦਾ ਨੂੰ ਸਹਾਇਕ ਅਦਾਕਾਰਾ ਦਾ ਪਾਰਟ ਦਿੱਤਾ ਜਦੋਂ ਕਿ ਮੁੱਖ ਭੂਮਿਕਾ ਵਿਚ ਅਦਾਕਾਰਾ ਹਫ਼ੀਜ਼ ਜਹਾਂ ਤੇ ਹਸੀਬ (ਨਵਾਂ ਚਿਹਰਾ) ਸਨ। ਇਹ ਫਿਲਮ 24 ਅਕਤੂਬਰ 1952 ਨੂੰ ਕੈਸਰ ਸਿਨਮਾ, ਲਾਹੌਰ 'ਚ ਰਿਲੀਜ਼ ਹੋਈ। ਜਦੋਂ ਐੱਮ.ਐੱਮ. ਖ਼ਾਨ ਤੇ ਏ. ਐੱਮ ਖ਼ਾਨ ਨੇ ਇਕਬਾਲ ਹੁਸੈਨ ਦੀ ਹਿਦਾਇਤਕਾਰੀ ਵਿਚ ਕਰਾਚੀ ਵਿਚ ਉਰਦੂ ਫਿਲਮ 'ਕਾਰਨਾਮਾ' (1956) ਬਣਾਈ ਤਾਂ ਜ਼ੁਬੈਦਾ ਨੇ ਸਹਾਇਕ ਭੂਮਿਕਾ ਨਿਭਾਈ ਅਤੇ ਮਰਕਜ਼ੀ ਕਿਰਦਾਰ ਵਿਚ ਕਮਰ ਜਹਾਂ ਤੇ ਲੱਡਣ ਸਨ। ਇਹ ਫਿਲਮ 30 ਮਾਰਚ 1956 ਨੂੰ ਲਾਹੌਰ ਤੇ ਕਰਾਚੀ 'ਚ ਰਿਲੀਜ਼ ਹੋਈ ਤੇ ਨਾਕਾਮ ਰਹੀ।

ਜਦੋਂ ਫਿਲਮਸਾਜ਼ ਨਜ਼ੀਰ ਨੇ ਆਪਣੇ ਫਿਲਮਸਾਜ਼ ਅਦਾਰੇ ਅਨੀਸ ਪਿਕਚਰਜ਼, ਲਾਹੌਰ ਦੇ ਬੈਨਰ ਹੇਠ ਸ਼ਾਹਨੂਰ ਸਟੂਡੀਓ ਵਿਚ ਰਫ਼ੀਕ ਚੌਧਰੀ ਦੀ ਹਿਦਾਇਤਕਾਰੀ ਵਿਚ ਉਰਦੂ ਫਿਲਮ 'ਸਾਬਿਰਾ' (1956) ਬਣਾਈ ਤਾਂ ਜ਼ੁਬੈਦਾ ਇੱਕ ਵਾਰ ਫਿਰ ਸਹਾਇਕ ਅਦਾਕਾਰਾ ਵਜੋਂ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੀ ਸੀ। ਇਹ ਫਿਲਮ 15 ਜੁਲਾਈ 1956 ਨੂੰ ਨੁਮਾਇਸ਼ ਹੋਈ ਪਰ ਔਸਤ ਦਰਜੇ ਦੀ ਫਿਲਮ ਰਹੀ।

ਜ਼ੁਬੈਦਾ ਦੀ ਸਹਾਇਕ ਅਦਾਕਾਰਾ ਵਜੋਂ ਆਖਰੀ ਪੰਜਾਬੀ ਫਿਲਮ ਲਿਬਰਟੀ ਫਿਲਮਜ਼, ਲਾਹੌਰ ਦੀ ਐੱਮ. ਇਜਾਜ਼ ਨਿਰਦੇਸ਼ਿਤ 'ਬਿੱਲੋ ਜੀ' (1962) ਸੀ। ਇਸ 'ਚ 'ਬਿੱਲੋ ਜੀ' ਦਾ ਟਾਈਟਲ ਕਿਰਦਾਰ ਸਵਰਨ ਲਤਾ ਨੇ ਅਦਾ ਕੀਤਾ ਤੇ ਹੀਰੋ ਸਨ ਹਬੀਬ। ਬਾਕੀ ਅਦਾਕਾਰਾਂ 'ਚ ਨਜ਼ੀਰ, ਨਜ਼ਰ, ਠਾਕੁਰ, ਜੈਗਮ, ਅਨਵਰ ਸ਼ਾਹ, ਦੀਪਕ, ਨੀਲਮ, ਸ਼ੇਖ਼, ਅਨਵਰ ਬੇਗ਼ਮ ਨੁਮਾਇਆ ਸਨ। ਕਹਾਣੀ, ਮੰਜ਼ਰਨਾਮਾ ਤੇ ਮੁਕਾਲਮੇ ਜ਼ਹੀਰ ਅਹਿਮਦ ਨਕਸ਼, ਗੀਤ ਸਾਹਿਲ ਫ਼ਰਮਾਨੀ, ਇਸਮਾਇਲ ਮਤਵਾਲਾ, ਵਾਰਿਸ ਲੁਧਿਆਣਵੀ, ਪਰਵੇਜ਼ ਚਿਸ਼ਤੀ ਅਤੇ ਦਿਲਕਸ਼ ਤਰਜ਼ਾਂ ਆਸ਼ਿਕ ਹੁਸੈਨ ਨੇ ਤਿਆਰ ਕੀਤੀਆਂ ਸਨ। ਫਿਲਮ 13 ਜੁਲਾਈ 1962 ਨੂੰ ਰਿਲੀਜ਼ ਹੋਈ ਤੇ ਨਾਕਾਮ ਰਹੀ।

ਜ਼ੁਬੈਦਾ ਨੇ ਵੰਡ ਤੋਂ ਪਹਿਲਾਂ ਭਾਰਤੀ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਤਕਰੀਬਨ 4 ਹਿੰਦੀ ਫਿਲਮਾਂ ਅਤੇ ਵੰਡ ਤੋਂ ਬਾਅਦ ਲਾਹੌਰ (ਪਾਕਿਸਤਾਨ) 'ਚ ਵੀ 5 ਕੁ ਦੇ ਕਰੀਬ ਪੰਜਾਬੀ ਤੇ ਉਰਦੂ ਫਿਲਮਾਂ 'ਚ ਸਿਰਫ਼ ਸਹਾਇਕ ਅਦਾਕਾਰਾ ਵਜੋਂ ਕਿਰਦਾਰਨਿਗਾਰੀ ਕੀਤੀ। 1962 ਵਿਚ ਉਸ ਨੇ ਫਿਲਮਾਂ ਤੋਂ ਮੁਕੰਮਲ ਕਿਨਾਰਾਕਸ਼ੀ ਕਰ ਲਈ। ਇਸ ਤੋਂ ਬਾਅਦ ਉਹ ਕਿੱਥੇ ਗਈ, ਕੀਹਦੇ ਨਾਲ ਉਸ ਦਾ ਵਿਆਹ ਹੋਇਆ, ਕਦੋਂ ਫ਼ੌਤ ਹੋਈ? ਕਾਫ਼ੀ ਤਹਿਕੀਕ ਕਰਨ ਦੇ ਬਾਵਜੂਦ ਪਤਾ ਨਹੀਂ ਲੱਗ ਸਕਿਆ।

**-ਮਨਦੀਪ ਸਿੰਘ ਸਿੱਧੂ**

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com